# ਮੇਰੇ ਸੁਪਨਿਆਂ ਦਾ ਗੁਰਦਵਾਰਾ




ਮੂਲ ਲੇਖਕ

**ਸੁਰਿੰਦਰ ਸਿੰਘ ਕੰਧਾਰੀ**

ਅਨੁਵਾਦ ਕਰਤਾ

ਪ੍ਰੋ: ਹਰਦੇਵ ਸਿੰਘ ਵਿਰਕ

# ਮੇਰੇ ਸੁਪਨਿਆਂ ਦਾ ਗੁਰਦਵਾਰਾ

**ਅਨੁਵਾਦਕ ਦੀ ਕਲਮ ਤੋਂ :**

- ਬ੍ਰਹਿਮੰਡੀ ਕਿਰਣਾਂ ਦੀ ਕਹਾਣੀ
- ਸਾਡੇ ਵਿਗਿਆਨੀ
- ਵਿਗਿਆਨ ਦੇ ਕ੍ਰਿਸ਼ਮੇ
- ਗੁਰੂ ਗ੍ਰੰਥ ਸਾਹਿਬ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ (ਅੰਗ੍ਰੇਜ਼ੀ)
- ਗੁਰਬਾਣੀ ਦੀ ਸਰਲ ਵਿਆਖਿਆ
- ਪ੍ਰੋਫ਼ੈਸਰ ਪੂਰਨ ਸਿੰਘ : ਵਿਗਿਆਨੀ, ਕਵੀ ਅਤੇ ਚਿੰਤਕ
- ਸਿੱਖ ਕੌਮ ਦਾ ਦਰਦ ਅਤੇ ਸੰਤਾਪ
- ਅਮਰੀਕਾ ਕੈਨੇਡਾ ਦੀ ਯਾਤਰਾ
- ਯੂਰਪ ਦਾ ਸਫ਼ਰਨਾਮਾ
- ਮੇਰੀ ਵਿਸ਼ਵ ਯਾਤਰਾ
- ਸਿੱਖ ਧਰਮ ਅਤੇ ਵਿਗਿਆਨ
- ਮੇਰਾ ਜੀਵਨ ਸਫ਼ਰ
- ਇੱਕਵੀਂ ਸਦੀ ਦਾ ਜ਼ਫ਼ਰਨਾਮਾ

# ਮੇਰੇ ਸੁਪਨਿਆਂ ਦਾ ਗੁਰਦਵਾਰਾ

ਮੂਲ ਲੇਖਕ :
**ਸੁਰਿੰਦਰ ਸਿੰਘ ਕੰਧਾਰੀ**

ਅਨੁਵਾਦ ਕਰਤਾ :
**ਪ੍ਰੋ: ਹਰਦੇਵ ਸਿੰਘ ਵਿਰਕ**

2020

MERE SUPNIYAN DA GURDWARA
[The Temple of My Dreams]
by
SURENDER SINGH KANDHARI
Translation into Punjabi by
PROF. HARDEV SINGH VIRK

ø Author

First Edition 2020

Price: Rs 250-00
US$ 10-00

Distributors :
SINGH BROTHERS
S.C.O. 223-24, City Centre, Amritsar - 143 001
Phone : 0183-2543965, 2550739
Email : singhbrothers1@yahoo.co.in
Website : www.singhbrothers.com

Type, Title & Photos Setting :
MANNAT GRAPHICS
# 11, Behlolpur, Sector 122, Mohali
Mobile: 9915861422 Email: raijaswantsingh@gmail.com

Publisher :
SURENDER SINGH KANDHARI

Printers :
PRINTWELL
146, INDUSTRIAL FOCAL POINT, AMRITSAR.

# ਸਮਰਪਣ

ਮੈਂ ਇਹ ਪੁਸਤਕ ਪਿਆਰ ਸਹਿਤ

ਆਪਣੇ ਦਾਦਾ ਜੀ

**ਚੌਧਰੀ ਆਤਮਾ ਸਿੰਘ**

ਅਤੇ ਆਪਣੀ ਪਤਨੀ

**ਬੱਬਲਜ਼ ਕੰਧਾਰੀ**

ਨੂੰ ਭੇਟਾ ਕਰਦਾ ਹਾਂ,

ਜਿਨ੍ਹਾਂ ਨੇ ਮੇਰੇ ਜੀਵਨ ਨੂੰ ਪ੍ਰਫੁੱਲਤ ਕੀਤਾ ਹੈ!

# ਵਿਸ਼ਾ ਸੂਚੀ


ਮੁੱਢਲੇ ਸ਼ਬਦ *–ਅਨੁਵਾਦ ਕਰਤਾ* 9

ਭੂਮਿਕਾ *–ਸੁਰਿੰਦਰ ਸਿੰਘ ਕੰਧਾਰੀ* 12

ਮੁੱਖਬੰਦ (ੳ) *–ਨ੍ਹਾਇਨ ਮੁਬਾਰਕ–ਅਲ–ਨ੍ਹਾਇਨ* 16

ਮੁੱਖਬੰਦ (ਅ) *–ਸੀਉਂਗ ਹਵਾ ਸੂ* 18

1. ਇਕ ਪਰਾਏ ਦੇਸ਼ ਵਿੱਚ 21
2. ਜ਼ਿੰਮੇਵਾਰੀ ਚਾਰ ਅੱਖਰੀ ਸ਼ਬਦ ਹੈ 25
3. ਬੰਬਈ ਦੇ ਕਰੜੀ ਘਾਲ ਦੇ ਸਾਲ 28
4. ਮੇਰੇ ਬਾਪ ਦਾ ਪੁੱਤਰ ਜਿਸ ਨੂੰ ਉਦਮ ਦੀ ਵਿਰਾਸਤ ਮਿਲੀ 32
5. ਮੇਰੇ ਜੀਵਨ ਦੀ ਸਾਥਣ ਕੁੜੀ 37
6. ਵਿਜੇਵਾੜਾ ਨੂੰ ਅਲਵਿਦਾ 42
7. ਅਸੀਂ ਆਏ, ਅਸੀਂ ਤੱਕਿਆ, ਅਸੀਂ ਸਹਿਯੋਗੀ ਬਣੇ 47
8. ਮੇਰੇ ਜੀਵਨ ਦਾ ਸਭ ਤੋਂ ਮਹਾਨ ਸਫ਼ਰ 51
9. ਅਦੁੱਤੀ ਪਿਆਰ ਦੀ ਘਾਲਣਾ 56
10. ਇਕ ਦਾਸਤਾਨ ਨੂੰ ਮੇਰੀ ਸਲਾਮ 63
11. ਗੋਲਫ਼ (Golf) ਦੀ ਖੇਡ ਤੋਂ ਮੈਂ ਆਪਣੀ ਬਾਦਸ਼ਾਹਤ ਵਾਰਾਂ 68
12. ਕੰਮ ਜਾਂ ਖੇਡ, ਅਸੀਂ ਇਕ ਪ੍ਰੀਵਾਰ ਹਾਂ 72
13. ਕਨਫ਼ੂਸ਼ੀਅਸ ਦੇ ਦੇਸ਼ ਵਿੱਚ 79
14. ਬੀਤੇ ਸਮੇਂ ਦੀਆਂ ਯਾਦਾਂ 84

15. ਹਲੀਮੀ ਵਿੱਚ ਭਿੱਜੇ ਸਿਆਣਪ ਦੇ ਸ਼ਬਦ 88

16. ਟਾਇਰਾਂ ਅਤੇ ਬੈਟਰੀਆਂ ਦੀ ਗਾਥਾ 94

17. ਤੁਹਾਡਾ ਇਕ ਦੋਸਤ ਵੀ ਹੈ 99

18. ਮੇਰੀ ਵਿਸ਼ਵ ਯਾਤਰਾ ਅਤੇ ਭਾਸ਼ਣ 103

19. ਮੇਰੇ ਜੀਵਨ ਦੇ ਸੰਗੀ-ਸਾਥੀ 110

20. ਪਿਆਰ ਜਿਸ ਦੀ ਕੋਈ ਸੀਮਾ ਨਹੀਂ 119

ਅੰਤਿਕਾ (ੳ) : ਪੁੱਤਰ ਜਸਜੀਵ ਦਾ ਆਪਣੇ ਪਾਪਾ ਬਾਰੇ ਉਲੇਖ 127

ਅੰਤਿਕਾ (ਅ) : ਸੁਣੋ ਲੋਕ ਕੀ ਕਹਿੰਦੇ ਹਨ? 132

ਅੰਤਿਕਾ (ੲ) : ਕੰਧਾਰੀ ਪ੍ਰੀਵਾਰ ਦੀਆਂ ਦਾਨ-ਪਾਤਰ ਸੰਸਥਾਵਾਂ 151

ਅੰਤਿਕਾ (ਸ) : ਇਨਾਮਾਂ ਅਤੇ ਸਨਮਾਨਾਂ ਦੀ ਸੂਚੀ 152

# ਮੁੱਢਲੇ ਸ਼ਬਦ

ਸੁਰਿੰਦਰ ਸਿੰਘ ਕੰਧਾਰੀ ਨਾਲ ਮੇਰੀ ਪਹਿਲੀ ਮੁਲਾਕਾਤ ਦਿੱਲੀ ਦੇ ਮਾਤਾ ਸੁੰਦਰੀ ਕਾਲਜ ਵਿੱਚ 6 ਦਸੰਬਰ 2019 ਨੂੰ ਹੋਈ, ਜਦੋਂ ਉਹ ਕਾਲਜ ਵਿੱਚ ਹੋ ਰਹੀ ਇਕ ਅੰਤਰ-ਰਾਸ਼ਟਰੀ ਕਾਨਫ਼ਰੰਸ 'ਚ ਸ਼ਾਮਲ ਹੋਏ ਸਨ। ਏਅਰਪੋਰਟ ਜਾਣ ਤੋਂ ਪਹਿਲਾਂ ਉਹ ਆਪਦੀ ਪੁਸਤਕ : The Temple of My Dreams ' ਦੀ ਇਕ ਕਾਪੀ ਦੇ ਕੇ ਵਿਦਾ ਹੋ ਗਏ। ਫ਼ਰਵਰੀ ਵਿੱਚ ਮੈਨੂੰ ਦੁਬਈ ਕਿਸੇ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਦਾ ਸੱਦਾ ਮਿਲ ਗਿਆ। ਮੈਂ ਕੰਧਾਰੀ ਦੀ ਪੁਸਤਕ ਪੜ੍ਹ ਕੇ ਰੀਵੀਊ ਵੀ ਲਿਖ ਬੈਠਾ ਸਾਂ ਜਿਸ ਕਰਕੇ ਮੈਂ ਉਤਾਵਲਾ ਸਾਂ ਕਿ 'ਗੁਰੂ ਨਾਨਕ ਦਰਬਾਰ' ਗੁਰਦਵਾਰੇ ਦੇ ਦਰਸ਼ਨ ਕੀਤੇ ਜਾਣ। 26 ਫ਼ਰਵਰੀ (2020) ਨੂੰ ਮੈਂ ਦੁਬਈ ਦੇ ਏਅਰਪੋਰਟ 'ਤੇ ਜਾ ਉਤਰਿਆ। ਮੇਰੇ ਠਹਿਰਣ ਦਾ ਪ੍ਰਬੰਧ ਗੁਰਦਵਾਰੇ ਦੇ ਗੈਸਟ ਹਾਊਸ ਵਿੱਚ ਕੀਤਾ ਗਿਆ ਸੀ। ਅਗਲੇ ਦਿਨ ਗੁਰਦੁਵਾਰੇ ਵਿੱਚ ਸੁਰਿੰਦਰ ਕੰਧਾਰੀ ਅਤੇ ਉਸ ਦੀ ਧਰਮ ਪਤਨੀ, ਬੱਬਲਜ਼ ਕੰਧਾਰੀ, ਨਾਲ ਮੁਲਾਕਾਤ ਹੋ ਗਈ।

ਸੁਰਿੰਦਰ ਕੰਧਾਰੀ ਵਿਜੇਵਾੜਾ (ਆਂਧਰਾ ਪ੍ਰਦੇਸ਼) ਦਾ ਜੰਮਪਲ ਹੈ। ਉਸ ਦੀ ਮੁੱਢਲੀ ਵਿਦਿਆ ਵਿਜੇਵਾੜਾ, ਹਾਈ ਸਕੂਲ ਹੈਦਰਾਬਾਦ ਅਤੇ ਕਾਲਜ ਦੀ ਪੜ੍ਹਾਈ ਲੋਇਲਾ ਕਾਲਜ ਮਦਰਾਸ ਵਿਖੇ ਹੋਈ। ਸੁਰਿੰਦਰ ਆਪਣੇ ਕਾਲਜ ਦੀ ਹਾਕੀ ਟੀਮ ਦਾ ਕਪਤਾਨ ਸੀ ਅਤੇ ਸਟੂਡੈਂਟਸ ਕੌਂਸਿਲ ਦਾ ਪ੍ਰੈਜ਼ੀਡੈਂਟ। ਲੋਕ ਹੈਰਾਨ ਸਨ ਕਿ ਕਾਲਜ ਵਿੱਚ ਇਕਲੌਤਾ ਸਿੱਖ ਵਿਦਿਆਰਥੀ ਲੋਕਲ ਮੁੰਡਿਆਂ ਨੂੰ ਹਰਾ ਕੇ ਕਿਵੇਂ ਪ੍ਰਧਾਨ ਬਣ ਸਕਦਾ ਹੈ? ਇਹ ਸੁਰਿੰਦਰ ਦੀ ਲੀਡਰਸ਼ਿਪ ਕੁਆਲਟੀ ਦੀ ਪਹਿਲੀ ਝਲਕ ਸੀ। ਪਿਤਾ ਪੁਰਖੀ ਬਿਜ਼ਨੈਸ ਵਿੱਚ ਆਉਣ ਤੋਂ ਪਹਿਲਾਂ ਸੁਰਿੰਦਰ ਨੇ ਬੰਬਈ ਵਿੱਚ ਪ੍ਰਸਿੱਧ ਫ਼ਰਗੂਸਨ ਕੰਪਨੀ ਤੋਂ ਟ੍ਰੇਨਿੰਗ ਹਾਸਲ ਕੀਤੀ। ਫਿਰ ਉਸ ਨੇ ਹੈਦਰਾਬਾਦ ਵਿੱਚ ਟਾਇਰਾਂ ਦਾ ਕਾਰੋਬਾਰ ਸ਼ੁਰੂ ਕਰ ਲਿਆ। ਇੱਥੇ ਰਹਿੰਦਿਆਂ ਹੀ ਉਸ ਦੀ ਬੱਬਲਜ਼ ਨਾਲ ਸ਼ਾਦੀ ਹੋ ਗਈ।

1976 ਵਿੱਚ ਕੰਧਾਰੀ ਪ੍ਰੀਵਾਰ ਹੈਦਰਾਬਾਦ ਤੋਂ ਦੁਬਈ ਪਹੁੰਚ ਗਿਆ। ਦੁਬਈ ਉਸ ਸਮੇਂ ਹੁਣ ਦੀ ਤਰ੍ਹਾਂ ਬਿਜ਼ਨੈਸ 'ਹੱਬ' ਨਹੀਂ ਬਣਿਆ ਸੀ। ਸੁਰਿੰਦਰ ਨੇ 'ਅਲ ਦੋਬੋਈ' ਨਾਮ ਤੇ ਆਪਣੀ ਕੰਪਨੀ ਰਜਿਸਟਰ ਕਰਵਾ ਲਈ ਅਤੇ ਪੰਜ ਮੁਲਾਜ਼ਮਾਂ ਨਾਲ ਕੰਮ ਸ਼ੁਰੂ ਕਰ ਦਿੱਤਾ। ਹੁਣ ਉਸ ਦੀ ਕੰਪਨੀ ਵਿੱਚ 2000 ਮੁਲਾਜ਼ਮ ਹਨ ਅਤੇ ਅੱਧੀ ਦਰਜਨ ਦੇਸ਼ਾਂ ਵਿੱਚ 'ਅਲ ਦੋਬੋਈ' ਦੀਆਂ ਸ਼ਾਖ਼ਾਂ ਖੁੱਲ੍ਹ ਚੁੱਕੀਆਂ ਹਨ। ਉਹ ਟਾਇਰਾਂ ਦੇ ਨਾਲ

ਬੈਟਰੀਆਂ ਦਾ ਕਾਰੋਬਾਰ ਵੀ ਕਰਦਾ ਹੈ। ਬਿਜ਼ਨੈਸ ਵਿੱਚ ਸਖ਼ਤ ਮਿਹਨਤ ਅਤੇ ਈਮਾਨਦਾਰੀ ਦੇ ਬਲਬੋਤੇ ਸੁਰਿੰਦਰ ਦੁਬਈ ਵਿੱਚ ਇਕ ਜਾਣਿਆ-ਪਹਿਚਾਣਿਆ ਚਿਹਰਾ ਬਣ ਚੁੱਕਾ ਹੈ।

ਸੁਰਿੰਦਰ ਦੇ ਦਾਦਾ ਚੌਧਰੀ ਆਤਮਾ ਸਿੰਘ ਨੇ ਵਿਜੇਵਾੜਾ ਵਿੱਚ ਪਹਿਲਾ ਸਿੱਖ ਗੁਰਦਵਾਰਾ ਸਥਾਪਿਤ ਕੀਤਾ । ਉਹ ਧਾਰਮਿਕ ਬਿਰਤੀ ਵਾਲੇ ਗੁਰਸਿੱਖ ਅਤੇ ਦਾਨੀ ਪੁਰਸ਼ ਸਨ। ਵਿਜੇਵਾੜਾ ਰਹਿੰਦਿਆਂ ਗ਼ਰੀਬਾਂ ਦੀ ਮੱਦਦ ਕਰਨਾ ਉਨ੍ਹਾਂ ਦਾ ਧਰਮ ਬਣ ਚੁੱਕਾ ਸੀ। ਇਕ ਦਿਨ ਸੁਰਿੰਦਰ ਨੂੰ ਕਹਿਣ ਲੱਗੇ 'ਤੂੰ ਮੇਰੇ ਨਾਲ ਵਾਇਦਾ ਕਰ ਕਿ ਵੱਡਾ ਹੋ ਕੇ ਇਕ ਗੁਰਦਵਾਰਾ ਕਾਇਮ ਕਰੇਂਗਾ।' ਸੁਰਿੰਦਰ ਨੇ ਅਜੇ ਬਿਜ਼ਨੈਸ ਵਿੱਚ ਪੈਰ ਨਹੀਂ ਸਨ ਪਾਏ। ਉਸ ਨੇ ਬਿਨਾਂ ਸੋਚੇ ਸਮਝੇ ਆਪਣੇ ਦਾਦਾ ਜੀ ਦੀ ਰਾਏ ਮੰਨ ਕੇ ਹਾਮੀ ਭਰ ਦਿੱਤੀ।

ਇਸ ਪੁਸਤਕ ਵਿੱਚ ਸੁਰਿੰਦਰ ਕੰਧਾਰੀ ਦੇ ਜੱਦੋ-ਜਹਿਦ ਦੀ ਕਹਾਣੀ ਹੈ। ਗੁਰਦਵਾਰੇ ਦਾ ਸੁਪਨਾ ਸਾਕਾਰ ਕਰਨ ਲਈ ਉਸ ਨੇ 150 ਕਰੋੜ ਦੀ ਰਕਮ ਖ਼ਰਚ ਕੀਤੀ ਹੈ। ਏਨੀ ਵੱਡੀ ਰਕਮ ਦਾ ਪ੍ਰਬੰਧ ਕਰਨਾ, ਉਹ ਵੀ ਆਪਣੇ ਇਕੱਲੇ ਪ੍ਰੀਵਾਰ ਵਲੋਂ, ਤਾਂ ਇਕ ਅਚੰਭਾ ਜਾਪਦਾ ਹੈ। ਪ੍ਰੰਤੂ ਇਸ ਤੋਂ ਵੀ ਵੱਡਾ ਕਾਰਨਾਮਾ ਇਕ ਇਸਲਾਮੀ ਦੇਸ਼ ਵਿੱਚ ਸਿੱਖਾਂ ਦੇ ਗੁਰਦੁਆਰੇ ਲਈ ਜ਼ਮੀਨ ਦਾ ਪ੍ਰਬੰਧ ਕਰਨਾ ਸੀ। ਕਈ ਅੜਚਣਾਂ ਪਾਰ ਕਰਨ ਤੋਂ ਬਾਅਦ ਦੁਬਈ ਦੇ ਹਾਕਮ ਨੇ ਜ਼ਬੇਲ ਅਲੀ ਪਿੰਡ ਵਿੱਚ ਜ਼ਮੀਨ ਦਾ ਟੁਕੜਾ ਮੁਫ਼ਤ ਵਿੱਚ ਅਲਾਟ ਕਰ ਦਿੱਤਾ।

'ਮੇਰੇ ਸੁਪਨਿਆਂ ਦਾ ਗੁਰਦਵਾਰਾ' ਨਿਰੀਪੁਰੀ ਇਕ ਆਤਮ ਕਥਾ ਹੀ ਨਹੀਂ, ਇਹ 'ਗੁਰੂ ਨਾਨਕ ਦਰਬਾਰ' ਗੁਰਦਵਾਰੇ ਦੀ ਜਿਉਂਦੀ ਜਾਗਦੀ ਕਥਾ ਵਾਰਤਾ ਹੈ। ਇਹ ਗੁਰਦਵਾਰਾ ਆਪਣੀ ਸੁੰਦਰਤਾ, ਸਫ਼ਾਈ, ਕੁਸ਼ਲ ਪ੍ਰਬੰਧ ਅਤੇ ਸਦਭਾਵਨਾ ਦਾ ਪ੍ਰਤੀਕ ਬਣ ਕੇ ਵਿਸ਼ਵ ਭਰ ਵਿੱਚ ਉਭਰਿਆ ਹੈ। ਸੁਰਿੰਦਰ ਦੇ ਕਿਰਦਾਰ ਬਾਰੇ ਉਸ ਦੇ ਸੰਗੀ ਸਾਥੀਆਂ ਨੇ ਜੋ ਲਿਖਿਆ ਹੈ ਉਹ ਇਸ ਪੁਸਤਕ ਦਾ ਅਹਿਮ ਅਧਿਆਏ ਬਣ ਚੁੱਕਾ ਹੈ। ਪਰੰਤੂ ਯੂ.ਏ.ਈ. ਦੇ ਧਾਰਮਿਕ ਸਹਿਨਸ਼ੀਲਤਾ ਦੇ ਵਜ਼ੀਰੇ-ਆਜ਼ਮ ਦਾ ਮੁੱਖਬੰਦ ਵਿੱਚ ਲਿਖਿਆ ਸੁਨੇਹਾ ਬਹੁਤ ਹੀ ਪਾਏਦਾਰ ਜਾਪਦਾ ਹੈ: 'ਸੁਰਿੰਦਰ ਸਿੰਘ ਦੀ ਦੁਬਈ ਵਿੱਚ ਕਾਮਯਾਬੀ ਦੀ ਮੰਜ਼ਿਲ ਉਸ ਦਾ ਉੱਚਾ ਸੁੱਚਾ ਕਿਰਦਾਰ ਹੈ ਜੋ ਉਸ ਦੇ ਜੀਵਨ ਤੋਂ ਝਲਕਾਂ ਮਾਰਦਾ ਹੈ।'ਗੁਰੂ ਨਾਨਕ ਦਰਬਾਰ' ਗੁਰਦਵਾਰਾ ਉਸ ਦੇ ਵਿਅਕਤੀਗਤ ਚਰਿੱਤਰ ਦਾ ਪ੍ਰਤੀਕ ਬਣ ਕੇ ਉਭਰਿਆ ਹੈ ਜਿਸ ਵਿੱਚ ਧਰਮ, ਨਸਲ, ਜਾਤੀ ਦੇ ਵਿਤਕਰੇ ਤੋਂ ਬਗ਼ੈਰ ਹਰ ਪ੍ਰਾਣੀ ਸ਼ਾਂਤੀ, ਉਮੀਦ ਅਤੇ ਧਰਵਾਸ ਹਾਸਲ ਕਰ ਸਕਦਾ ਹੈ।'

ਪੁਸਤਕ ਦਾ ਆਖ਼ਰੀ ਅਧਿਆਏ ਜਾਂ 'ਪਿੱਛਲ ਸ਼ਬਦ' ਬੱਬਲਜ਼ ਕੰਧਾਰੀ ਵਲੋਂ ਲਿਖਿਆ ਗਿਆ ਹੈ। ਉਹ ਸੁਰਿੰਦਰ ਦੀ ਜੀਵਨ ਸਾਥਣ ਹੈ ਅਤੇ ਗੁਰਦਵਾਰਾ ਪ੍ਰੋਜੈਕਟ

ਵਿੱਚ ਉਸ ਦਾ ਵੱਡਾ ਯੋਗਦਾਨ ਹੈ। ਉਸ ਦੇ ਜੀਵਨ ਸੰਘਰਸ਼ ਵਿੱਚ ਬੱਬਲਜ਼ ਉਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਖਲੋਤੀ ਰਹੀ ਹੈ। ਪੁਸਤਕ ਦੀ ਅੰਤਿਕਾ (ਅ) 'ਸੁਣੋ ਲੋਕ ਕੀ ਕਹਿੰਦੇ ਹਨ' ਸਭ ਤੋਂ ਲੰਮਾ ਅਧਿਆਏ ਬਣ ਗਿਆ ਹੈ। ਇਸ ਵਿੱਚ ਸੁਰਿੰਦਰ ਦੇ ਪੁੱਤਰ, ਨੂੰਹ, ਭੈਣਾਂ, ਦੋਸਤਾਂ ਮਿੱਤਰਾਂ ਅਤੇ ਬਿਜ਼ਨੈਸ ਸਾਥੀਆਂ ਦੇ ਸੁਨੇਹੇ ਅਤੇ ਅਹਿਸਾਸ ਦਰਜ ਹਨ। ਲਗਭਗ ਸਾਰਿਆਂ ਨੇ ਉਸ ਦੀ ਇਮਾਨਦਾਰੀ, ਦਿਆਨਤਦਾਰੀ, ਸੇਵਾ-ਭਾਵਨਾ ਅਤੇ ਲਗਨ ਦੀ ਤਾਰੀਫ਼ ਕੀਤੀ ਹੈ।

ਅਨੁਵਾਦ ਕਰਤਾ ਦੇ ਤੌਰ 'ਤੇ ਮੈਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸੁਰਿੰਦਰ ਦਾ ਅੰਗਰੇਜ਼ੀ ਲਿਖਣ ਦਾ ਆਪਣਾ ਨਿਰੋਲ ਲਹਿਜਾ ਹੈ। ਉਸ ਦੀ ਸ਼ਬਦਾਵਲੀ ਕਠਿਨ ਹੈ ਅਤੇ ਅੰਗਰੇਜ਼ੀ ਮੁਹਾਵਰੇ ਵਾਲੀ ਹੈ ਜਿਸ ਦਾ ਪੰਜਾਬੀ ਵਿੱਚ ਅਨੁਵਾਦ ਕਰਨਾ ਜੋਖਮ ਭਰਿਆ ਕੰਮ ਬਣ ਜਾਂਦਾ ਹੈ। ਪੰਜਾਬ ਵਿੱਚ ਕਰੋਨਾ ਦੀ ਰੋਕਥਾਮ ਲਈ ਕਰਫ਼ੀਊ ਲੱਗਾ ਹੋਣ ਕਰਕੇ ਮੈਂ ਕਿਸੇ ਲਾਇਬ੍ਰੇਰੀ ਵਿੱਚ ਨਹੀਂ ਜਾ ਸਕਦਾ ਸੀ। ਪੰਜਾਬੀ ਦੀ ਡਿਕਸ਼ਨਰੀ ਪੂਰਾ ਕੰਮ ਨਹੀਂ ਸਾਰ ਰਹੀ ਸੀ। ਉਦਾਹਰਣ ਲਈ, ਗੋਲਫ਼ ਸੁਰਿੰਦਰ ਦੀ ਹਰਮਨ ਪਿਆਰੀ ਖੇਡ ਹੈ। ਇਸ ਦੀ ਸ਼ਬਦਾਵਲੀ ਪੰਜਾਬੀ ਬੋਲੀ ਵਿੱਚ ਉਪਲਬਧ ਨਹੀਂ ਜਿਸ ਕਰਕੇ ਮੈਂ ਬ੍ਰੀਗੇਡੀਅਰ ਸਰਬਜੀਤ ਸਿੰਘ ਢਿੱਲੋਂ, ਜੋ ਗੋਲਫ਼ ਦਾ ਚੰਗਾ ਖਿਡਾਰੀ ਹੈ, ਨੂੰ ਵੰਗਾਰਿਆ ਅਤੇ ਸਹਾਇਤਾ ਪ੍ਰਾਪਤ ਕੀਤੀ।

ਪੰਜਾਬੀ ਦੇ ਪਾਠਕਾਂ ਦੀ ਘਾਟ ਸਭ ਨੂੰ ਰੜਕਦੀ ਹੈ। ਸਾਨੂੰ ਉਮੀਦ ਹੈ ਕਿ ਇਹ ਪੁਸਤਕ ਕਰਫ਼ੀਊ ਹਟ ਜਾਣ ਤੋਂ ਬਾਅਦ ਛਪਣੀ ਸ਼ੁਰੂ ਹੋ ਜਾਵੇਗੀ। ਇਸ ਕੰਮ ਲਈ ਸਿੰਘ ਬ੍ਰਦਰਜ਼ ਦੇ ਗੁਰਸਾਗਰ ਸਿੰਘ ਹੋਰਾਂ ਭਰੋਸਾ ਦਿੱਤਾ ਹੈ। ਸੁਰਿੰਦਰ ਸਿੰਘ ਕੰਧਾਰੀ ਹਰ ਹੀਲੇ ਚਾਹੁੰਦੇ ਹਨ ਕਿ ਪੰਜਾਬੀ ਵਿੱਚ ਅਨੁਵਾਦਿਤ ਪੁਸਤਕ ਪੰਜਾਬੀ ਪਾਠਕਾਂ ਦੇ ਹੱਥਾਂ ਵਿੱਚ ਪਹੁੰਚੇ। ਇਸੇ ਉਮੀਦ ਨਾਲ ਹੀ ਕੰਧਾਰੀ ਜੀ ਨੇ ਇਹ ਕੰਮ ਮੈਨੂੰ ਸੌਂਪਿਆ, ਜਿਸ ਲਈ ਮੈਂ ਉਨ੍ਹਾਂ ਦਾ ਅਤਿ ਧੰਨਵਾਦੀ ਹਾਂ।

**ਹਰਦੇਵ ਸਿੰਘ ਵਿਰਕ (ਪ੍ਰੋ:)**
#360, ਸੈਕਟਰ 71, ਮੋਹਾਲੀ
ਈ-ਮੇਲ: hardevsingh.virk@gmail.com

# ਭੂਮਿਕਾ

ਮੇਰਾ ਵਿਚਾਰ ਹੈ ਕਿ ਲੋਕ ਆਪਣੇ ਬਾਰੇ ਕਿਤਾਬਾਂ ਇਸ ਲਈ ਲਿਖਦੇ ਹਨ ਕਿਉਂਕਿ ਉਨ੍ਹਾਂ ਕੋਲ ਕੁਝ ਕਹਿਣ ਨੂੰ ਹੁੰਦਾ ਹੈ। ਇਹ ਪੜ੍ਹਨ ਵਾਲੇ ਉਪਰ ਨਿਰਭਰ ਕਰਦਾ ਹੈ ਕਿ ਉਹ ਲਿਖਣ ਵਾਲੇ ਦੇ ਤਜਰਬੇ ਅਤੇ ਪ੍ਰਾਪਤੀਆਂ ਨੂੰ ਕਿਵੇਂ ਲੈਂਦਾ ਹੈ। ਲਿਖਾਰੀ ਲਈ ਆਪਣੇ ਬਾਰੇ ਲਿਖਣਾ ਵਿਖਾਵੇ ਭਰਿਆ ਕੰਮ ਹੋਣ ਕਰਕੇ ਕਾਫ਼ੀ ਮੁਸ਼ਕਿਲ ਹੋ ਜਾਂਦਾ ਹੈ। ਇਸ ਬਾਰੇ ਫ਼ੈਸਲੇ ਦੀ ਘੜੀ ਉਸ ਸਮੇਂ ਆ ਜਾਂਦੀ ਹੈ ਜਦੋਂ ਉਹ ਕਿਸੇ ਘਟਨਾ ਤੋਂ ਪ੍ਰੇਰਿਤ ਹੋ ਕੇ ਇਸ ਬਾਰੇ ਲਿਖਣ ਲਈ ਮਜਬੂਰ ਹੋ ਜਾਂਦਾ ਹੈ।

ਮੇਰੇ ਲਈ ਇਸ ਕੇਂਦਰੀ ਮੁੱਦੇ ਲਈ ਇਕ ਅਗੰਮੀ ਇਲਹਾਮ ਵਰਗੀ ਸੋਝੀ ਹੋਈ ਕਿ ਟਾਇਰ ਇੰਡਸਟਰੀ ਬਾਰੇ ਹਾਲੇ ਤੱਕ ਕੋਈ ਖੋਜ ਭਰਪੂਰ ਹਵਾਲਾ ਪੁਸਤਕ ਜਾਂ ਜੰਤਰੀ-ਨੁਮਾ ਡਾਇਰੀ ਨਹੀਂ ਮਿਲਦੀ। ਲਗਭਗ ਪੰਜਾਹ ਸਾਲਾਂ ਤੋਂ ਮੈਂ ਇਸ ਇੰਡਸਟਰੀ ਵਿੱਚ ਕੰਮ ਕਰ ਰਿਹਾ ਹਾਂ ਪ੍ਰੰਤੂ ਇਸ ਬਾਰੇ ਸੂਚੀ-ਬੱਧ ਤਰੀਕੇ ਨਾਲ ਕੁਝ ਵੀ ਪ੍ਰਾਪਤ ਨਹੀਂ ਹੋਇਆ। ਇਸ ਇੰਡਸਟਰੀ ਵਿੱਚ ਸਿੱਧੇ ਤੌਰ 'ਤੇ ਲੱਖਾਂ ਲੋਕ ਕੰਮ ਕਰ ਰਹੇ ਹਨ ਅਤੇ ਲੱਖਾਂ ਹੋਰ ਟਾਇਰਾਂ ਦੀ ਖ਼ਰੀਦੋ ਫ਼ਰੋਖ਼ਤ ਅਤੇ ਰਬੜ ਦੇ ਧੰਦੇ ਵਿੱਚ ਅਸਿੱਧੇ ਤੌਰ 'ਤੇ ਕੰਮ ਕਰਦੇ ਹਨ। ਭਾਵੇਂ ਸਾਇੰਸ ਅਤੇ ਟੈਕਨਾਲੋਜੀ ਦੀ ਵਰਤੋਂ ਕਰਕੇ ਇਸ ਇੰਡਸਟਰੀ ਨੇ ਬਹੁਤ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ ਪਰੰਤੂ ਇਸ ਦੀ ਉੱਨਤੀ ਦੇ ਇਤਿਹਾਸ ਬਾਰੇ ਜਾਣਕਾਰੀ ਘੱਟ ਹੈ ਜਿਸ ਕਰਕੇ ਬਹੁਤ ਕੁਝ ਲਿਖਣਾ ਬਣਦਾ ਹੈ।

ਟਾਇਰ ਕਾਲੇ ਅਤੇ ਗੋਲਾਕਾਰ ਹੁੰਦੇ ਹਨ, ਇਹ ਤਾਂ ਸਭ ਨੂੰ ਪਤਾ ਹੈ ਪ੍ਰੰਤੂ ਇਸ ਦੇ ਜੀਵਨ ਸਫ਼ਰ ਦੀਆਂ ਘਟਨਾਵਾਂ ਬਾਰੇ ਲਿਖਣ ਲਈ ਇਕ ਲਾਇਬਰੇਰੀ ਭਰ ਸਕਦੀ ਹੈ। ਮੁਸੀਬਤ ਉਦੋਂ ਆਉਂਦੀ ਹੈ ਜਦੋਂ ਸੜਕ ਉਪਰ ਟਾਇਰ ਫਟ ਜਾਵੇ ਅਤੇ ਗੱਡੀ ਰੁਕ ਜਾਵੇ । ਟਾਇਰ ਦੀ ਫ਼ੈਕਟਰੀ ਲਗਾਉਣ ਲਈ 50 ਕਰੋੜ ਅਮਰੀਕਨ ਡਾਲਰ ਚਾਹੀਦੇ ਹਨ। ਚੰਗੇ ਕਿਸਮ ਦੇ ਟਾਇਰ ਦੁਨੀਆਂ ਦੀ ਅਰਥ ਵਿਵਸਥਾ ਨੂੰ ਹੀ ਨਹੀਂ ਤੋਰਦੇ, ਇਹ ਸਾਨੂੰ ਗਤੀਸ਼ੀਲ ਕਰਨ ਵਿੱਚ ਵੀ ਸਹਾਈ ਹੁੰਦੇ ਹਨ।

ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਪੁਸਤਕ ਨਿਰਾ ਖ਼ੁਸ਼ਕ ਕਿਸਮ ਦੇ ਅੰਕੜੇ ਹੀ ਪੇਸ਼ ਨਹੀਂ ਕਰਦੀ ਬਲਕਿ ਇਹ ਸਾਡੇ ਕਈ ਪ੍ਰੀਵਾਰਾਂ ਦੇ ਰਿਸ਼ਤਿਆਂ ਦੀ ਗੱਲ ਵੀ ਕਰਦੀ ਹੈ। ਇਹ ਜ਼ਿੰਦਗੀ ਦੇ ਉਤਾਰ-ਚੜ੍ਹਾ ਦੀ ਕਹਾਣੀ ਵੀ ਪੇਸ਼ ਕਰਦੀ ਹੈ। ਗੁਰੂ ਨਾਨਕ ਦਰਬਾਰ ਗੁਰਦਵਾਰਾ ਦੁਬਈ ਵਿੱਚ ਕਾਇਮ ਕਰਨਾ ਮੇਰੇ ਜੀਵਨ ਦੀ ਇਕ ਅਹਿਮ ਘਟਨਾ ਹੈ ਜੋ ਇਕ ਕਿਲ੍ਹਾ ਫ਼ਤਹਿ ਕਰਨ ਦੇ ਤੁੱਲ ਹੈ। ਪੂਜਾ ਅਰਚਾ ਦਾ ਇਹ

ਅਸਥਾਨ ਮੈਨੂੰ ਸ਼ਾਂਤੀ ਅਤੇ ਸਹਿਜ ਪ੍ਰਦਾਨ ਕਰਦਾ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਇਸ ਦੀ ਦਿਸ਼ਾ ਧਾਰਮਿਕ ਪਵਿੱਤਰਤਾ ਅਤੇ ਭਾਈਚਾਰਕ ਸਬੰਧਾਂ ਵੱਲ ਰਹੇ ਅਤੇ ਇਸ ਤੋਂ ਅਜੇਹਾ ਸੰਦੇਸ਼ ਹੀ ਵਿਸ਼ਵ ਭਰ ਵਿੱਚ ਜਾਵੇ।

ਦੋ ਅਦੁੱਤੀ ਘਟਨਾਵਾਂ ਦਾ ਜ਼ਿਕਰ ਕਰਨਾ ਬਣਦਾ ਹੈ। ਪਹਿਲੀ ਘਟਨਾ 13 ਅਪ੍ਰੈਲ 2017 ਦੀ ਵਿਸਾਖੀ ਦੀ ਹੈ। ਉਸ ਦਿਨ ਗੁਰਦਵਾਰਾ ਸਾਹਿਬ ਦੇ ਲੰਗਰ ਹਾਲ ਵਿੱਚ 101 ਕੌਮਾਂ (ਦੇਸ਼ਾਂ) ਦੇ 600 ਨੁਮਾਇੰਦੇ ਕੰਨਟੀਨੈਂਟਲ ਬਰੇਕਫ਼ਾਸਟ ਵਿੱਚ ਸ਼ਾਮਲ ਹੋਏ। ਯੂ.ਏ.ਈ. ਦੇ ਡਿਪਲੋਮੈਟ ਵੀ ਆਏ ਅਤੇ ਉਨ੍ਹਾਂ ਨੇ ਆਪਣੇ ਦੇਸ਼ਾਂ ਤੋਂ ਬੰਦੇ ਭੇਜਣ ਵਿੱਚ ਵੀ ਯੋਗਦਾਨ ਪਾਇਆ। ਦੂਜੀ ਘਟਨਾ 18 ਮਾਰਚ 2018 ਦੀ ਹੈ ਜਿਸ ਦਿਨ ਇਕੋ ਦਿਨ ਹਜ਼ਾਰਾਂ ਬੂਟੇ ਵੰਡੇ ਗਏ। ਇਹ ਦੋਵੇਂ ਘਟਨਾਵਾਂ ਗਿਨੀਜ਼ ਵਰਲਡ ਰੀਕਾਰਡ ਬੁੱਕ ਵਿੱਚ ਸ਼ਾਮਲ ਹੋਈਆਂ ਹਨ ਜਿਸ ਨਾਲ ਗੁਰੂ ਨਾਨਕ ਦਰਬਾਰ ਗੁਰਦਵਾਰੇ ਦੀ ਮਹਿਮਾ ਵਿਸ਼ਵ ਭਰ ਵਿੱਚ ਫੈਲ ਗਈ ਹੈ। 2017 ਦੀਆਂ ਗਰਮੀਆਂ ਵਿੱਚ ਅਸੀਂ ਯੂ.ਐਨ.ਓ. ਦਾ ਅੰਤਰ-ਰਾਸ਼ਟਰੀ ਅਮਨ ਦਿਵਸ ਵੀ ਗੁਰਦਵਾਰੇ ਵਿੱਚ ਮਨਾਇਆ। ਅਮਨ ਦਾ ਪ੍ਰਤੀਕ 'ਘੁੱਗੀ' ਅਸਮਾਨ ਵਿੱਚ ਛੱਡਣ ਲਈ ਇਕ ਹਜ਼ਾਰ ਤੋਂ ਵੱਧ ਲੋਕ ਹਾਜ਼ਰ ਹੋਏ ਅਤੇ ਰਲ ਕੇ ਲੰਗਰ ਛਕਿਆ ਗਿਆ। ਮੇਰਾ ਵਿਚਾਰ ਹੈ ਕਿ ਇਸ ਐਕਟੀਵਿਟੀ ਦੇ ਜ਼ਰੀਏ ਗੁਰਦਵਾਰੇ ਦੀ ਭੂਮਿਕਾ ਬਾਰੇ ਸਦਭਾਵਨਾ ਦਾ ਸੁਨੇਹਾ ਭੇਜ ਸਕਦੇ ਹਾਂ ਜੋ ਸਾਡੀ 'ਸਭ ਦੇ ਭਲੇ' ਲਈ ਅਰਦਾਸ ਦਾ ਹਿੱਸਾ ਹੈ।

ਮੈਨੂੰ ਮਾਲੂਮ ਹੈ ਕਿ ਸਾਡੇ ਸਿੱਖ ਭਾਈਚਾਰੇ ਦੇ ਰੂੜੀਵਾਦੀ ਲੋਕ ਇਨ੍ਹਾਂ ਕਾਰਵਾਈਆਂ ਦੀ ਅਲੋਚਨਾ ਕਰਨਗੇ ਪ੍ਰੰਤੂ ਮੈਨੂੰ ਇਹ ਕਰਨਾ ਚੰਗਾ ਲੱਗਦਾ ਹੈ। ਜੇਕਰ ਸਾਡਾ ਰੱਬ ਦਾ ਘਰ (ਗੁਰਦਵਾਰਾ) ਸਾਡੇ ਮਾਰਗ ਨੂੰ ਠੀਕ ਸੇਧ ਦੇ ਕੇ ਰੁਸ਼ਨਾਉਂਦਾ ਹੈ ਤਾਂ ਕਿਉਂ ਨਾ ਅਸੀਂ ਅਮਨ ਦੇ ਸ਼ੁਭ ਸੰਦੇਸ਼ ਇੱਥੋਂ ਬਾਹਰ ਭੇਜੀਏ। ਇਹ ਜਜ਼ਬਾ ਮੇਰੇ ਜੀਵਨ ਨੂੰ ਸੇਧ ਦਿੰਦਾ ਹੈ ਅਤੇ ਮੈਂ ਹਰ ਓਪਰੇ ਬੰਦੇ ਨੂੰ ਆਪਣਾ ਭਰਾ ਸਮਝਦਾ ਹਾਂ।

ਜਦੋਂ ਮੈਂ ਆਪਣੇ ਸਕੂਲ ਅਤੇ ਕਾਲਜ ਦੇ ਦਿਨਾਂ ਵੱਲ ਪਿੱਛਲ ਝਾਤ ਮਾਰਦਾ ਹਾਂ ਤਾਂ ਮੈਨੂੰ ਚੰਗਾ ਲੱਗਦਾ ਹੈ। ਉਸ ਜ਼ਮਾਨੇ ਵਿੱਚ ਵੀ ਮੈਨੂੰ ਐਕਟੀਵਿਟੀ ਕਰਨ ਦਾ ਸ਼ੌਕ ਸੀ ਅਤੇ ਚੌਧਰ ਮੇਰੇ ਪਾਸ ਹੀ ਰਹਿੰਦੀ ਸੀ। ਮੈਂ ਸਮੱਸਿਆ ਦਾ ਹੱਲ ਢੂੰਢਣ ਵਿੱਚ ਮਾਹਰ ਸਾਂ ਅਤੇ ਸਭ ਦੇ ਸਾਂਝੇ ਹਿੱਤ ਵਿੱਚ ਕੰਮ ਕਰਨ ਦੀ ਤਮੰਨਾ ਹੁੰਦੀ ਸੀ। ਇਸ ਦਾ ਇਹ ਮਤਲਬ ਨਹੀਂ ਕਿ ਮੈਂ ਸ਼ੁਹਰਤ ਦਾ ਭੁੱਖਾ ਹਾਂ। ਬਲਕਿ ਮੇਰੇ ਸੁਭਾਅ ਦੀ ਇਕ ਖ਼ਾਸੀਅਤ ਹੈ ਕਿ ਲੋੜ ਪੈਣ 'ਤੇ ਮੈਂ ਪਿੱਛੇ ਰਹਿ ਕੇ ਵੀ ਜ਼ਿੰਦਗੀ ਦਾ ਅਨੰਦ ਮਾਣਦਾ ਹਾਂ।

ਇਸ ਪੁਸਤਕ ਨੂੰ ਸ਼ੁਰੂ ਕਰਨ ਵਿੱਚ ਮੇਰੇ ਤਿੰਨ ਸਾਲ ਲੱਗੇ। ਮੇਰੇ ਜੀਵਨ ਵਿੱਚ ਆਈਆਂ ਘਟਨਾਵਾਂ ਮੁਕੱਦਸ ਹੋਣ ਦੇ ਨਾਲ ਨਾਲ ਕੌੜੀਆਂ ਕਸੈਲੀਆਂ ਵੀ ਹਨ। ਮੇਰੇ ਸੱਤਰ ਸਾਲ ਦੇ ਜੀਵਨ ਅਰਸੇ ਦੌਰਾਨ ਭਾਂਤ ਭਾਂਤ ਦੇ ਲੋਕ ਮੇਰੇ ਸੰਪਰਕ ਵਿੱਚ

ਆਏ। ਕੁਦਰਤੀ ਤੌਰ 'ਤੇ 22 ਸਾਲ ਦੀ ਉਮਰ ਤੋਂ ਮੇਰੀ ਪਤਨੀ ਬੱਬਲਜ਼ ਮੇਰੇ ਅੰਗ ਸੰਗ ਰਹੀ ਹੈ। ਉਹ ਮੇਰੀ ਦੋਸਤ ਅਤੇ ਵਿਸ਼ਵਾਸਪਾਤਰ ਹੈ ਜਿਸ ਨੇ ਮੇਰੀ ਜੀਵਨ ਕਿਸ਼ਤੀ ਦੇ ਚੱਪੂ ਨੂੰ ਸੰਭਾਲਿਆ ਹੋਇਆ ਹੈ। ਨਵੇਂ ਦਿਸਹੱਦੇ ਲੱਭਣ ਲਈ ਕਿਨਾਰੇ ਨੂੰ ਅੱਖੋਂ ਪਰੋਖੇ ਕਰਨਾ ਪੈਂਦਾ ਹੈ। ਜਦੋਂ ਕਦੇ ਵੀ ਮੈਂ ਆਪਣੀ ਜੀਵਨ ਕਿਸ਼ਤੀ ਨੂੰ ਕੋਰਲ-ਰੀਫ਼ (coral reefs) ਵੱਲ ਲੈ ਜਾਂਦਾ ਹਾਂ, ਜਿੱਥੇ ਖ਼ਤਰਿਆਂ ਵਿੱਚ ਘਿਰਨਾ ਸੁਭਾਵਿਕ ਹੋ ਜਾਂਦਾ ਹੈ, ਤਾਂ ਬੱਬਲਜ਼ ਬਗ਼ੈਰ ਕਿਸੇ ਝਾੜ-ਝੰਬ ਦੇ ਪਿਆਰ ਨਾਲ ਕਿਸ਼ਤੀ ਨੂੰ ਸੁਰੱਖਿਅਤ ਦਿਸ਼ਾ ਵਿੱਚ ਲੈ ਜਾਂਦੀ ਹੈ। ਤੁਸੀਂ ਪੁੱਛੋਗੇ ਕਿ ਟਾਇਰਾਂ ਦਾ ਵਪਾਰੀ ਹੋਣ ਦੇ ਨਾਤੇ ਮੈਂ ਆਪਣੇ ਤਕੀਆ ਕਲਾਮ ਵਿੱਚ ਸੜਕ ਦਾ ਜ਼ਿਕਰ ਕਿਉਂ ਨਹੀਂ ਕੀਤਾ। ਪਾਣੀ ਅਤੇ ਕਿਸ਼ਤੀ ਦਾ ਸੰਜੋਗ ਵਧੇਰੇ ਕਾਵਿਮਈ ਜਾਪਦਾ ਹੈ। ਵੈਸੇ ਕਿਸ਼ਤੀ ਜਾਂ ਜਹਾਜ਼ ਨੂੰ ਪਾਣੀ ਵਿੱਚ ਸਥਾਈ ਰੱਖਣ ਅਤੇ ਡੁੱਬਣ ਤੋਂ ਬਚਾਉਣ ਲਈ ਟਾਇਰਾਂ ਨੂੰ ਲਾਈਫ਼ਬੂਆਏ (life-buoy) ਦੇ ਤੌਰ 'ਤੇ ਵਰਤਿਆ ਜਾਂਦਾ ਹੈ।

ਮੇਰੇ ਵਿਉਪਾਰ ਵਿੱਚ ਮੇਰੇ ਪੁੱਤਰ ਜਸਜੀਵ ਦਾ ਅਹਿਮ ਰੋਲ ਹੈ। ਉਹ ਮੇਰਾ ਪੁੱਤਰ ਹੋਣ ਤੋਂ ਇਲਾਵਾ ਇਕ ਚੰਗਾ ਦੋਸਤ ਵੀ ਹੈ। ਉਹ ਮੇਰੇ ਵਿਉਪਾਰ ਦੀਆਂ ਬਰੀਕੀਆਂ ਨੂੰ ਭਲੀਭਾਂਤ ਸਮਝਦਾ ਹੈ ਜਿਸ ਕਰਕੇ ਮੇਰੀ ਚਿੰਤਾ ਖ਼ਤਮ ਹੋ ਗਈ ਹੈ ਕਿ ਪਿਤਾ-ਪੁਰਖੀ ਧੰਦੇ ਨੂੰ ਹੁਣ ਅੱਗੇ ਕੌਣ ਤੋਰੇਗਾ। ਕੰਧਾਰੀ ਪ੍ਰੀਵਾਰ ਦੀ ਵਿਰਾਸਤ ਮੇਰੇ ਪੋਤਿਆਂ, ਸਹਿਜ, ਸੁਮੇਰ ਅਤੇ ਕਰਮ ਤੱਕ ਪਹੁੰਚਣ ਦੇ ਆਸਾਰ ਲੱਭ ਰਹੇ ਹਨ। ਮੈਂ ਆਪਣੀ ਪਿਆਰੀ ਨੂੰਹ ਅੰਜੂ ਦਾ ਵੀ ਮਸ਼ਕੂਰ ਹਾਂ, ਜਿਸ ਨੇ ਪ੍ਰੀਵਾਰ ਵਿੱਚ ਖ਼ੁਸ਼ੀ ਭਰਿਆ ਮਾਹੌਲ ਬਣਾਉਣ ਵਿੱਚ ਹਰ ਹੀਲਾ ਵਰਤਿਆ ਹੈ।

ਮੇਰੇ ਦੋਸਤਾਂ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਨੇ ਮੇਰੇ ਜੀਵਨ ਨੂੰ ਰੁਸ਼ਨਾਇਆ ਹੈ। ਉਹ ਸਾਰੇ ਫ਼ੋਨ ਰਾਹੀਂ ਮੇਰੇ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿੱਚੋਂ ਦੂਸਦੀ ਸਮੁੱਥਕੋਚਰਨ ਥਾਈਲੈਂਡ ਵਿੱਚ ਅਤੇ ਰਮਨਾ ਰਾਓ ਅਮਰੀਕਾ ਵਿੱਚ ਵੱਸਦਾ ਹੈ। ਕਾਲਜ ਦੇ ਦਿਨਾਂ ਦੇ ਮਿੱਤਰ ਸਿਰਾਜ ਹਸਨ, ਵੈਕੁੰਠ ਰਾਮਾਸੁਬਰਾਮਨੀਅਮ, ਪ੍ਰਸਾਦ ਸਿਰੀਨਿਵਾਸਨ ਅਤੇ ਲਖਸ਼ਮੀਨਰਾਇਣ ਮੇਰੇ ਲੰਗੋਟੀਆ ਯਾਰ ਸਨ। ਲੋਇਲਾ ਕਾਲਜ ਦੇ ਦੋਸਤਾਂ ਦਾ ਜ਼ਿਕਰ ਅੱਗੇ ਇਸ ਪੁਸਤਕ ਦੇ ਹੋਰ ਅਧਿਆਵਾਂ ਵਿੱਚ ਵੀ ਮਿਲੇਗਾ।

ਕਾਲਜ ਦੇ ਦੋਸਤਾਂ ਤੋਂ ਬਾਅਦ ਉਨ੍ਹਾਂ ਸੱਜਣਾਂ ਦਾ ਜ਼ਿਕਰ ਵੀ ਕਰਨਾ ਬਣਦਾ ਹੈ ਜਿਨ੍ਹਾਂ ਨੇ ਮੇਰੇ ਕਾਰੋਬਾਰ ਵਿੱਚ ਮੱਦਦ ਕੀਤੀ। ਵਿਉਪਾਰ ਤੋਂ ਉਪਰ ਉਠ ਕੇ ਮੇਰੇ ਜੀਵਨ ਦਾ ਹਿੱਸਾ ਬਣ ਕੇ ਉਹ ਪਿਆਰ ਅਤੇ ਸਤਿਕਾਰ ਦੇ ਪਾਤਰ ਬਣ ਚੁੱਕੇ ਹਨ। ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਤੋਂ ਐਸ. ਕੇ. ਹਾਨ ਅਤੇ ਸੀਊਂਗ ਹਵਾ ਸੂ ਮੇਰੇ ਸਤਿਕਾਰ ਦੇ ਪਾਤਰ ਹਨ। ਇਟਲੀ ਤੋਂ ਐਲਫ਼ਰੈਡੋ ਅਤੇ ਨੋਬਿਲੀ ਮੇਰੇ ਚੰਗੇ ਮਿੱਤਰ ਹਨ ਅਤੇ ਕਈ ਮਿਹਰਬਾਨੀਆਂ ਸਦਕਾ ਮੈਂ ਦੋਹਾਂ ਦਾ ਰਿਣੀ ਹਾਂ। ਵੀਆਨਾ ਤੋਂ ਸੂਸਨ

ਹਾਬੈਕ, ਯੂ.ਕੇ. ਤੋਂ ਹੈਗ ਬਾਂਡ, ਜਰਮਨੀ ਤੋਂ ਸੀਗਰੇਡ ਸ਼ਲੈਕਸ ਅਤੇ ਚੀਨ ਤੋਂ ਮੈਰੀ ਵਾਂਗ ਅਤੇ ਜੂ ਜੀਆ ਮੈਨੂੰ ਹੁਣ ਵਾਲੀ ਬੁਲੰਦੀ 'ਤੇ ਪਹੁੰਚਾਣ ਵਿੱਚ ਸਹਾਈ ਹੋਏ ਹਨ। ਜਪਾਨ ਦੇ ਸੁਨ ਊਕਾਏ ਨੂੰ ਮੈਂ ਕਿਵੇਂ ਭੁੱਲ ਸਕਦਾ ਹਾਂ ਜੋ ਮੇਰੀ ਕਾਮਯਾਬੀ ਵਿੱਚ ਇਕ ਥੰਮ੍ਹ ਬਣ ਕੇ ਆਏ ਹਨ।

ਮੇਰੇ ਵਿਉਪਾਰ ਦੇ ਉਸਤਾਦਾਂ ਦੀ ਤਿਕੜੀ ਵਿੱਚ ਸਭ ਤੋਂ ਉਪਰ ਆਰ.ਐਨ.ਆਰ. ਗਾਂਧੀ ਦਾ ਨਾਮ ਆਉਂਦਾ ਹੈ, ਉਸ ਤੋਂ ਬਾਅਦ ਗੁੰਥਰਵਰਨਰ ਮੇਰਾ ਮਾਰਗ-ਦਰਸ਼ਕ ਰਿਹਾ ਹੈ ਅਤੇ ਸੁਰੇਸ਼ ਸੱਭਰਵਾਲ ਇਕ ਸਿਰੜੀ ਕਮਾਂਡਰ ਵਾਂਗ ਮੇਰੀ ਅਗਵਾਈ ਕਰਦਾ ਰਿਹਾ ਹੈ। ਇਕ ਵਾਰ ਸੁਰੇਸ਼ ਨੇ ਵਿਉਪਾਰ ਦੇ ਕਿੱਤੇ ਦੀ ਬਹੁਤ ਕੀਮਤੀ ਸਲਾਹ ਦਿੱਤੀ ਅਤੇ ਕਿਹਾ ਕਿ ਵਿਉਪਾਰ ਵਿੱਚ ਟਿਕੇ ਰਹਿਣ ਲਈ ਉਸ ਕੰਮ ਨੂੰ ਹੱਥ ਪਾਉ ਜਿਸ ਦੀ ਤੁਹਾਨੂੰ ਸਮਝ ਹੋਵੇ ਅਤੇ ਚੰਗੀ ਮੁਹਾਰਤ ਹਾਸਲ ਕੀਤੀ ਹੋਵੇ। ਉਸ ਦੀ ਇਹ ਨਸੀਹਤ ਮੇਰੇ ਲਈ ਇਕ ਚਾਨਣ-ਮੁਨਾਰਾ ਸਿੱਧ ਹੋਈ।

ਇਸ ਤੋਂ ਬਾਅਦ ਮੈਂ ਆਪਣੀ ਕੰਪਨੀ ਦੇ ਸਟਾਫ਼ ਮੈਂਬਰਾਂ ਦਾ ਵੀ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਜੋ ਮੇਰੇ ਪ੍ਰੀਵਾਰ ਦਾ ਹਿੱਸਾ ਬਣ ਕੇ ਮੇਰੇ ਕਾਰੋਬਾਰ ਨੂੰ ਭਾਰਤ ਅਤੇ ਯੂ.ਏ.ਈ. ਵਿੱਚ ਚਲਾ ਰਹੇ ਹਨ। ਜੇਕਰ ਕਿਸੇ ਦਾ ਜ਼ਿਕਰ ਨਹੀਂ ਹੋਇਆ ਤਾਂ ਇਹ ਮੇਰੀ ਕੁਤਾਹੀ ਮੰਨੀ ਜਾ ਸਕਦੀ ਹੈ। ਪ੍ਰੰਤੂ ਇਹ ਕੁਤਾਹੀ ਜਾਣ-ਬੁੱਝ ਕੇ ਨਹੀਂ ਕੀਤੀ ਗਈ, ਅਣਭੋਲ ਹੀ ਹੋਈ ਹੋਵੇਗੀ।

**ਸੁਰਿੰਦਰ ਸਿੰਘ ਕੰਧਾਰੀ**

ਸਤੰਬਰ 2018 ਦੁਬਈ

ਮੁੱਖਬੰਦ (ੳ)

# ਇਕ ਰਿਸ਼ਤਾ ਜਿਸ ਦੀ ਮੈਂ ਕਦਰ ਕਰਦਾ ਹਾਂ

ਉਹ ਦੁਨੀਆਂ ਜਿਸ ਵਿੱਚ ਟਾਇਰ ਨਾ ਹੋਣ, ਮੇਰੇ ਕਿਆਸ ਤੋਂ ਬਾਹਰ ਹੈ। ਟਾਇਰਾਂ ਨੇ ਹੀ ਸਾਨੂੰ ਜੋੜਿਆ ਹੈ ਅਤੇ ਤਰੱਕੀ ਪ੍ਰਦਾਨ ਕੀਤੀ ਹੈ। ਟਾਇਰ ਸਾਡੀ ਸਭਿਅਤਾ ਦਾ ਇਕ ਜ਼ਰੂਰੀ ਅੰਗ ਹਨ ਜੋ ਸਾਨੂੰ ਊਰਜਾ ਬਚਾਉਣ ਵਿੱਚ ਸਹਾਈ ਹੁੰਦੇ ਹਨ ਅਤੇ ਥਕੇਵੇਂ ਤੋਂ ਦੂਰ ਰੱਖਦੇ ਹਨ। ਜਿਸ ਤਰ੍ਹਾਂ ਕੋਈ ਕਾਰੋਬਾਰ ਕਿਸੇ ਜਾਦੂ ਦੀ ਛੜੀ ਨਾਲ ਪੈਦਾ ਨਹੀਂ ਹੁੰਦਾ, ਇਸੇ ਤਰ੍ਹਾਂ ਹੀ ਟਾਇਰ ਆਪਣੇ ਆਪ ਪੈਦਾ ਨਹੀਂ ਹੋ ਜਾਂਦੇ।

ਯੂਨਾਈਟਡ ਅਰਬ ਏਮੀਰੇਟਸ (U.A.E.) ਦੇ ਸੰਸਥਾਪਕ ਮਰਹੂਮ ਸ਼ੇਖ਼ ਜ਼ਾਇਦ ਬਿਨ ਸੁਲਤਾਨ ਅਲ ਨ੍ਹਾਇਨ ਨੇ ਯੂ.ਏ.ਈ. ਦੀ ਤਰੱਕੀ ਲਈ ਇਕ ਤਜਵੀਜ਼ ਤਿਆਰ ਕੀਤੀ ਜਿਸ ਵਿੱਚ ਉਦਮੀ ਕਾਰੋਬਾਰੀਆਂ ਨੂੰ ਜੀ-ਆਇਆਂ ਕਹਿ ਕੇ ਬਾਹਰੋਂ ਬੁਲਾਇਆ ਗਿਆ। ਸੁਰਿੰਦਰ ਸਿੰਘ ਕੰਧਾਰੀ ਜੋ ਟਾਇਰਾਂ ਦੀ ਸਾਂਭ-ਸੰਭਾਲ ਦੇ ਪਹਿਲਾਂ ਹੀ ਮਾਹਰ ਸਨ ਇਸ ਮੌਕੇ ਦਾ ਜੋਸ਼ੋ ਖ਼ਰੋਸ਼ ਨਾਲ ਸਵਾਗਤ ਕਰਨਾ ਚਾਹੁੰਦੇ ਸਨ। ਉਸ ਦੀ ਜੀਵਨੀ ਦੀ ਪੁਸਤਕ ਵਿੱਚ ਉਸ ਦੇ ਕਾਰਨਾਮਿਆਂ ਦਾ ਜ਼ਿਕਰ ਮਿਲਦਾ ਹੈ ਜਿਸ ਤੋਂ ਸ਼ੇਖ਼ ਜ਼ਾਇਦ ਦੀ ਉਦਾਰਤਾ ਦੀ ਨੀਤੀ ਦੀ ਸਫਲਤਾ ਦੀ ਗਵਾਹੀ ਮਿਲ ਜਾਂਦੀ ਹੈ। ਸੁਰਿੰਦਰ ਨੇ ਸਾਡੇ ਦੇਸ਼ ਦੀ ਖ਼ੁਸ਼ਹਾਲੀ ਵਿੱਚ ਮੱਦਦ ਕੀਤੀ ਹੈ ਅਤੇ ਸ਼ੇਖ਼ ਜ਼ਾਇਦ ਦੀ ਸਿਆਣਪ ਦੀ ਗਵਾਹੀ ਭਰੀ ਹੈ।

ਸੁਰਿੰਦਰ ਸਿੰਘ ਨੇ ਟਾਇਰਾਂ ਦੇ ਕਾਰੋਬਾਰ ਨਾਲ ਹੋਰ ਕਿੱਤੇ ਵੀ ਸ਼ੁਰੂ ਕੀਤੇ ਹਨ ਜਿਸ ਕਰਕੇ ਸਾਡੇ ਦੇਸ਼ ਦੇ ਵਾਹਣ ਗਤੀਸ਼ੀਲ ਰਹਿੰਦੇ ਹਨ। ਯੂ.ਏ.ਈ. ਦਾ ਕਾਰੋਬਾਰ ਉਸਦੀ ਕਾਮਯਾਬੀ ਦੀ ਪਹਿਲੀ ਮੰਜ਼ਿਲ ਹੈ। 'ਅਲ ਦੋਬੋਈ' ਗਰੁੱਪ ਦਾ ਕਾਰੋਬਾਰ ਹੁਣ ਅੰਤਰ-ਰਾਸ਼ਟਰੀ ਪੱਧਰ 'ਤੇ ਪਹੁੰਚ ਗਿਆ ਹੈ ਜਿਸ ਕਰਕੇ ਉਸ ਦੀ ਕਾਮਯਾਬੀ ਦੀ ਦੂਜੀ ਮੰਜ਼ਿਲ 'ਤੇ ਉਸ ਨੇ ਆਪ ਵੀ ਸਰਮਾਇਆ ਕਮਾਇਆ ਹੈ ਅਤੇ ਸਾਡੇ ਦੇਸ਼ ਦੀ ਸ਼ੁਹਰਤ ਵਿਸ਼ਵ ਭਰ ਵਿੱਚ ਕਾਇਮ ਕੀਤੀ ਹੈ। ਸੁਰਿੰਦਰ ਦੀ ਵਿਸ਼ਵ-ਵਿਆਪੀ ਦ੍ਰਿਸ਼ਟੀ ਨੇ ਸਾਡੇ ਦੇਸ਼ ਦੇ ਹੁਕਮਰਾਨਾਂ ਦੀ ਨੀਤੀ ਉਪਰ ਫੁੱਲ ਚੜ੍ਹਾਏ ਹਨ ਜਿਨ੍ਹਾਂ ਵਿੱਚ ਯੂ.ਏ.ਈ. ਦਾ ਪ੍ਰਧਾਨ, ਦੁਬਈ ਦਾ ਹੁਕਮਰਾਨ (ਸ਼ੇਖ਼ ਮੁਹੰਮਦ ਬਿਨ ਰਸ਼ੀਦ-ਅਲ-ਮਕਤੂਮ) ਅਤੇ ਅਬੂ ਧਾਬੀ ਦਾ ਸ਼ਹਿਜ਼ਾਦਾ ਅਤੇ ਫ਼ੌਜਾਂ ਦਾ ਕਮਾਂਡਰ ਵੀ ਸ਼ਾਮਲ ਹਨ।

ਯੂ.ਏ.ਈ. ਦੇ ਹੁਕਮਰਾਨਾਂ ਅਤੇ ਸੁਰਿੰਦਰ ਦੀ ਵਿਸ਼ਵ-ਦ੍ਰਿਸ਼ਟੀ ਵਪਾਰਕ ਮਸਲਿਆਂ ਤੋਂ ਬਹੁਤ ਅੱਗੇ ਨਿਕਲ ਚੁੱਕੀ ਹੈ। ਸੁਰਿੰਦਰ ਸਿੰਘ ਦੀ ਕਾਮਯਾਬੀ ਦੀ ਤੀਜੀ ਮੰਜ਼ਿਲ

ਉਸ ਦਾ ਉੱਚਾ ਸੁੱਚਾ ਕਿਰਦਾਰ ਹੈ ਜੋ ਉਸ ਦੇ ਆਪਣੇ ਜੀਵਨ ਤੋਂ ਝਲਕਾਂ ਮਾਰਦਾ ਹੈ। 'ਗੁਰੂ ਨਾਨਕ ਦਰਬਾਰ' ਗੁਰਦਵਾਰਾ ਸੁਰਿੰਦਰ ਦੇ ਵਿਅਕਤੀਗਤ ਚਰਿੱਤਰ ਦਾ ਪ੍ਰਤੀਕ ਬਣ ਕੇ ਉਭਰਿਆ ਹੈ ਜਿਸ ਵਿੱਚ ਧਰਮ, ਨਸਲ, ਜਾਤੀ ਦੇ ਵਿਤਕਰੇ ਤੋਂ ਬਗ਼ੈਰ ਹਰ ਪ੍ਰਾਣੀ ਸ਼ਾਂਤੀ, ਉਮੀਦ ਅਤੇ ਧਰਵਾਸ ਹਾਸਲ ਕਰ ਸਕਦਾ ਹੈ। 'ਗੁਰੂ ਨਾਨਕ ਦਰਬਾਰ' ਗੁਰਦਵਾਰਾ ਦੁਬਈ ਦੇ ਹੁਕਮਰਾਨ ਦੀ ਫ਼ਰਾਖ਼ਦਿਲੀ ਦਾ ਮੂੰਹ ਬੋਲਦਾ ਸਬੂਤ ਹੈ ਜਿਸ ਨੇ ਇਸ ਨੇਕ ਕੰਮ ਲਈ ਮੁਫ਼ਤ ਜ਼ਮੀਨ ਮੁਹੱਈਆ ਕਰਾਈ ਹੈ। ਇਹ ਸੁਰਿੰਦਰ ਦੀ ਨਿਸ਼ਕਾਮ ਸੇਵਾ ਦਾ ਵੀ ਪ੍ਰਤੀਕ ਹੈ ਜਿਸ ਨੇ ਆਪਣੀ ਕਮਾਈ ਵਿੱਚੋਂ ਇਸ ਗੁਰਦਵਾਰੇ ਦੀ ਇਮਾਰਤ ਤਿਆਰ ਕਰਵਾਈ ਹੈ। ਇਹ ਗੋਲਡਨ ਟੈਂਪਲ ਤੋਂ ਬਾਅਦ ਸਿੱਖਾਂ ਲਈ ਇਕ ਅਜੂਬਾ ਬਣ ਕੇ ਤਿਆਰ ਹੋਇਆ ਹੈ।

ਮੈਂ ਇਸ ਮਨੁੱਖ (ਸੁਰਿੰਦਰ ਸਿੰਘ) ਦੀ ਦੋਸਤੀ ਤੋਂ ਕਾਇਲ ਹਾਂ ਜਿਸ ਦੇ ਜੀਵਨ ਵਿੱਚ ਆਹਲਾ ਦਰਜੇ ਦੀਆਂ ਕਈ ਮੰਜ਼ਿਲਾਂ ਹਨ। ਇਨ੍ਹਾਂ ਕਾਮਯਾਬੀ ਦੀਆਂ ਮੰਜ਼ਿਲਾਂ ਵਿੱਚ ਮੇਰੇ ਲਈ ਸਭ ਤੋਂ ਉਤਮ ਉਸ ਦੇ ਕਿਰਦਾਰ ਦੀ ਮੰਜ਼ਿਲ ਹੈ ਜਿਸ ਤੋਂ ਧਾਰਮਿਕ ਸਹਿਨਸ਼ੀਲਤਾ ਦੇ ਦੀਦਾਰ ਹੁੰਦੇ ਹਨ। ਉਸ ਦੇ ਜੀਵਨ ਤੋਂ ਸਾਨੂੰ ਸਭ ਨੂੰ ਹੌਂਸਲਾ-ਅਫ਼ਜ਼ਾਈ ਮਿਲਦੀ ਹੈ ਅਤੇ ਉਸ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ।

**ਨ੍ਹਾਇਨ ਮੁਬਾਰਕ-ਅਲ-ਨ੍ਹਾਇਨ**<br>
ਧਾਰਮਿਕ ਸਹਿਨਸ਼ੀਲਤਾ ਦਾ ਵਜ਼ੀਰ-ਏ-ਆਜ਼ਮ<br>
(ਯੂ. ਏ. ਈ.)

ਮੁੱਖਬੰਦ (ਅ)

# ਟਾਇਰ ਇੰਡਸਟਰੀ ਦੇ ਲੀਡਰ, ਗਾਈਡ ਅਤੇ ਮਿੱਤਰ ਦਾ ਸੁਨੇਹਾ

ਮੈਂ ਸੁਰਿੰਦਰ ਸਿੰਘ ਕੰਧਾਰੀ ਨੂੰ ਉਸਦੀ ਜੀਵਨੀ ਛਪਣ ਉਪਰੰਤ ਤਹਿ ਦਿਲੋਂ ਵਧਾਈ ਭੇਜਦਾ ਹਾਂ। ਮੈਂ ਬਹੁਤ ਖ਼ੁਸ਼ ਅਤੇ ਮਾਨ ਮਹਿਸੂਸ ਕਰਦਾ ਹਾਂ ਕਿ ਆਪਣੇ ਕਈ ਸਾਲ ਦੇ ਦੋਸਤ ਦੀ ਜੀਵਨੀ ਪੁਸਤਕ ਦਾ ਮੁੱਖਬੰਦ ਲਿਖ ਰਿਹਾ ਹਾਂ।

1977 ਵਿੱਚ ਜਦੋਂ ਮੈਂ ਸੁਰਿੰਦਰ ਨੂੰ ਪਹਿਲੀ ਵਾਰ ਮਿਲਿਆ ਸੀ ਤਾਂ ਹੈਨਕੁੱਕ ਟਾਇਰ ਕੰਪਨੀ ਵਿੱਚ ਇਕ ਨੌਜਵਾਨ ਕਾਰਿੰਦਾ ਸੀ ਜੋ ਮਿਡਲ ਈਸਟ ਦੇਸ਼ਾਂ ਵਿੱਚ ਵਿਕਰੀ ਲਈ ਜ਼ਿੰਮੇਵਾਰ ਸੀ। ਉਸ ਸਮੇਂ ਸੁਰਿੰਦਰ ਹਾਲੀਂ ਭਾਰਤ ਤੋਂ ਦੁਬਈ ਪਹੁੰਚ ਕੇ ਇਕ ਛੋਟੀ ਟਾਇਰ ਕੰਪਨੀ ‘ਅਲ ਦੋਬੋਈ’ ਚਾਲੂ ਕਰ ਬੈਠਾ ਸੀ। ਉਸ ਸਮੇਂ ਤੋਂ ਲੈ ਕੇ ਹੁਣ 40 ਸਾਲ ਹੋ ਗਏ ਹਨ ਪਰੰਤੂ ਸਾਡੀ ਦੋਸਤੀ ਬਰਕਰਾਰ ਹੈ ਚਾਹੇ ਅਸੀਂ ਦੁਬਈ, ਯੂ.ਕੇ., ਅਮਰੀਕਾ ਅਤੇ ਜਰਮਨੀ ਕਿਤੇ ਵੀ ਹੋਈਏ।

ਸੁਰਿੰਦਰ ਇਕ ਕਾਮਯਾਬ ਵਪਾਰੀ ਦਾ ਪੁੱਤਰ ਹੈ ਜੋ ਬਚਪਨ ਤੋਂ ਹੀ ਰਬੜ ਅਤੇ ਕਾਰਬਨ ਬਲੈਕ ਦੀ ਵਾਸ਼ਨਾ ਸੁੰਘਦਾ ਹੋਇਆ ਜਵਾਨ ਹੋਇਆ ਹੈ। ਉਸ ਦੀ ਭਾਸ਼ਾ, ਦੇਸ਼ ਅਤੇ ਪਹਿਰਾਵਾ ਮੇਰੇ ਨਾਲੋਂ ਪੂਰੀ ਤਰ੍ਹਾਂ ਭਿੰਨ ਹੈ। ਪਰੰਤੂ ਇਸ ਦੇ ਬਾਵਜੂਦ ਸਾਰੀ ਉਮਰ ਟਾਇਰਾਂ ਦੇ ਕਾਰੋਬਾਰ ਵਿੱਚ ਜਨੂਨੀ ਪੱਧਰ ’ਤੇ ਕੰਮ ਕਰਦੇ ਹੋਏ ਅਸੀਂ ਮਿੱਤਰਤਾ ਤੋਂ ਅੱਗੇ ਲੰਘ ਕੇ ਹੁਣ ਸਾਂਝੇ ਪ੍ਰੀਵਾਰ ਦਾ ਹਿੱਸਾ ਬਣ ਗਏ ਹਾਂ।

ਇਕ ਵਾਰ ਜਦੋਂ ਮੈਂ ਦੁਬਈ ਕਿਸੇ ਬਿਜ਼ਨੈਸ ਕਾਨਫ਼ਰੰਸ ਵਿੱਚ ਸ਼ਾਮਲ ਹੋਇਆ ਤਾਂ ਅਚਨਚੇਤ ਬੀਮਾਰ ਹੋ ਗਿਆ। ਮੈਂ ਇਸ ਬਾਰੇ ਕਿਸੇ ਨੂੰ ਪਰੇਸ਼ਾਨ ਨਹੀਂ ਕਰਨਾ ਚਾਹੁੰਦਾ ਸਾਂ ਪ੍ਰੰਤੂ ਜਦੋਂ ਸੁਰਿੰਦਰ ਨੂੰ ਪਤਾ ਲੱਗਾ ਤਾਂ ਉਹ ਮੈਨੂੰ ਚੈਕਅੱਪ ਲਈ ਹਸਪਤਾਲ ਲੈ ਗਿਆ। ਡਾਕਟਰ ਨੇ ਪਤਾ ਲਗਾਇਆ ਕਿ ਮੈਨੂੰ ਨਮੋਨੀਆ ਹੋ ਗਿਆ ਹੈ, ਜਿਸ ਕਰਕੇ ਹਸਪਤਾਲ ਵਿੱਚ ਦਾਖ਼ਲ ਹੋਣਾ ਜ਼ਰੂਰੀ ਹੋਵੇਗਾ ਤਾਂ ਕਿ ਸਹੀ ਇਲਾਜ ਹੋ ਸਕੇ। ਸਾਰੀ ਰਾਤ ਸੁਰਿੰਦਰ ਹਸਪਤਾਲ ਵਿੱਚ ਮੇਰੀ ਤਾਮੀਰਦਾਰੀ ਕਰਦਾ ਰਿਹਾ। ਸੁਰਿੰਦਰ ਦਾ ਨੇਕ ਕਿਰਦਾਰ ਇਕ ਅਜੇਹਾ ਲੱਛਣ ਹੈ ਜਿਸ ਕਰਕੇ ਮੈਂ ਹਮੇਸ਼ਾਂ ਉਸ ਦਾ ਅਹਿਸਾਨਮੰਦ ਰਹਾਂਗਾ। ਜੀਵਨ ਦੇ ਹੋਰ ਕਈ ਔਕੜ ਵਾਲੇ ਸਮੇਂ ਉਹ ਮੇਰੇ ਅੰਗ-ਸੰਗ ਰਿਹਾ ਹੈ।

ਮੈਂ ਕਈ ਸਾਲਾਂ ਤੋਂ ਸੁਰਿੰਦਰ ਦੇ ਕਾਰੋਬਾਰ ਨਾਲ ਜੁੜਿਆ ਰਿਹਾ ਹਾਂ। ਮੈਨੂੰ ਹੈਰਾਨੀ ਹੋ ਰਹੀ ਹੈ ਕਿ ਉਸ ਨੇ ਟਾਇਰਾਂ ਦੇ ਕਾਰੋਬਾਰ ਨਾਲ ਬੈਟਰੀਆਂ ਅਤੇ ਸਪੇਅਰ

ਪਾਰਟਸ ਦਾ ਕੰਮ ਵੀ ਸ਼ੁਰੂ ਕਰ ਲਿਆ ਹੈ। ਹੁਣ ਉਹ ਦੁਬਈ ਦੇ ਮੰਨੇ ਪ੍ਰਮੰਨੇ ਕਾਰੋਬਾਰੀਆਂ ਵਿੱਚ ਗਿਣਿਆ ਜਾਂਦਾ ਹੈ ਅਤੇ ਉਸਦੇ ਵਪਾਰ ਦਾ ਘੇਰਾ ਦੁਬਈ ਤੋਂ ਬਾਹਰ ਯੂਰਪ ਅਤੇ ਅਫ਼ਰੀਕਾ ਤੱਕ ਪਸਰ ਗਿਆ ਹੈ।

ਸੁਰਿੰਦਰ ਦੀ ਹਲੀਮੀ ਬੇਮਿਸਾਲ ਹੈ ਜਿਸ ਕਰਕੇ ਉਹ ਇਕ ਚੰਗਾ ਸਰੋਤਾ ਹੈ। ਮੇਰੀਆਂ ਕਈ ਸਾਲਾਂ ਤੋਂ ਉਸ ਨਾਲ ਵਿਉਪਾਰ ਦੇ ਸੰਬੰਧ ਵਿੱਚ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਹਨ। ਉਸ ਨੇ ਕਦੀ ਵੀ ਨਾਂਹ-ਨੁੱਕਰ ਨਹੀਂ ਕੀਤੀ। ਉਸਦਾ ਘੜਿਆ ਘੜਾਇਆ ਤਕੀਆ ਕਲਾਮ 'ਚਲੋ ਰਲਮਿਲ ਕੇ ਹੱਲ ਲੱਭੀਏ' ਮੈਨੂੰ ਜਚਦਾ ਹੈ। ਜਦੋਂ ਅਸੀਂ ਦੋਵੇਂ ਸਿਰ ਜੋੜ ਕੇ ਬੈਠਦੇ ਹਾਂ ਤਾਂ ਸੁਰਿੰਦਰ ਕੋਈ ਹੱਲ ਲੱਭ ਲੈਂਦਾ ਹੈ ਜਿਸ ਨਾਲ ਸਮੱਸਿਆ ਸੁਲਝ ਜਾਂਦੀ ਹੈ।

ਜਿਸ ਤਰ੍ਹਾਂ ਤੁਸੀਂ ਜਾਣਦੇ ਹੀ ਹੋ ਸੁਰਿੰਦਰ ਨੇ ਸਾਰੀਆਂ ਮੁਸ਼ਕਲਾਂ ਅਤੇ ਮੁਸੀਬਤਾਂ ਨੂੰ ਪਾਰ ਕਰ ਕੇ ਸਿੱਖ ਸੰਗਤ ਲਈ ਦੁਬਈ ਵਿੱਚ ਇਕ ਸ਼ਾਨਦਾਰ ਗੁਰਦਵਾਰਾ ਤਿਆਰ ਕਰ ਦਿੱਤਾ ਹੈ। ਜਿਹੜੇ ਉਸ ਨੂੰ ਨੇੜਿਉਂ ਜਾਣਦੇ ਹਨ, ਉਹ ਸਮਝ ਸਕਦੇ ਹਨ ਕਿ ਇਹ ਗੁਰਦਵਾਰਾ ਕਿਸੇ ਅਮੀਰ ਦੇ ਵਿਖਾਵੇ ਲਈ ਪੂਰਾ ਕੀਤਾ ਪ੍ਰੋਜੈਕਟ ਨਹੀਂ ਹੈ। ਬਲਕਿ ਇਹ ਸੁਰਿੰਦਰ ਅਤੇ ਉਸ ਦੀ ਪਤਨੀ ਲਈ ਪ੍ਰਾਰਥਨਾ ਭਰਿਆ ਆਗਾਜ਼ ਸੀ ਜੋ ਆਪਣੀ ਕੌਮ ਅਤੇ ਉਸਦੀ ਚੜ੍ਹਦੀ ਕਲਾ ਨੂੰ ਸਮਰਪਿਤ ਕੀਤਾ ਗਿਆ ਹੈ। ਜਦੋਂ ਸੱਤ ਅੱਠ ਸਾਲ ਪਹਿਲਾਂ ਮੈਂ ਇਸ ਗੁਰਦਵਾਰੇ ਨੂੰ ਵੇਖਣ ਗਿਆ ਸਾਂ ਤਾਂ ਮੇਰੇ ਮਨ ਤਨ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਰਹੀ ਸੀ। ਮੈਂ ਇਸ ਦੇ ਆਕਾਰ ਤੋਂ ਦੰਗ ਰਹਿ ਗਿਆ ਪ੍ਰੰਤੂ ਮੇਰੀ ਹੈਰਾਨੀ ਇਸ ਦੇ ਸਤਿਕਾਰ ਭਰੇ ਮਾਹੌਲ ਅਤੇ ਬਰਾਬਰਤਾ ਦੇ ਧਾਰਮਿਕ ਪ੍ਰਤੀਕ ਕਰਕੇ ਵਧੇਰੇ ਹੋਈ ਹੈ। ਦਰਅਸਲ, ਇਹ ਇਸ ਖ਼ੁਸ਼ਨਸੀਬ ਜੋੜੀ ਦਾ ਪ੍ਰਤੀਬਿੰਬ ਬਣ ਕੇ ਉਭਰਿਆ ਹੈ।

ਮੈਨੂੰ ਯਕੀਨ ਹੈ ਕਿ ਸੁਰਿੰਦਰ ਦੀ ਜੀਵਨ ਕਹਾਣੀ ਹੋਰਾਂ ਲਈ ਪ੍ਰੇਰਨਾ ਸਰੋਤ ਸਿੱਧ ਹੋਵੇਗੀ। ਮੈਂ ਸ਼ੁਭਕਾਮਨਾ ਕਰਦਾ ਹਾਂ ਕਿ ਸੁਰਿੰਦਰ ਲੰਮੀ ਸਿਹਤਮੰਦ ਜ਼ਿੰਦਗੀ ਭੋਗਦਾ ਹੋਇਆ ਟਾਇਰ ਇੰਡਸਟਰੀ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾਉਂਦਾ ਰਹੇ।

**ਸੀਉਂਗ ਹਵਾ ਸੂ** (Seung Hwa Suh)
ਹੈਨਕਾਕ ਟਾਇਰ ਕੰਪਨੀ ਐਡਵਾਈਜ਼ਰ

1

# ਇਕ ਪਰਾਏ ਦੇਸ਼ ਵਿੱਚ

1976 ਵਿੱਚ ਯੂ.ਏ.ਈ. ਪਹੁੰਚਣ ਉਪਰੰਤ ਸਭ ਤੋਂ ਪਹਿਲਾਂ ਮੇਰੇ ਕੋਲੋਂ ਕਿਸੇ ਸੱਜਣ ਨੇ ਟਾਇਰ ਦੀ ਪੁੱਛਗਿੱਛ ਨਹੀਂ ਕੀਤੀ ਬਲਕਿ ਫਰਿੱਜ਼ ਬਾਰੇ ਪੁੱਛਿਆ। ਮੈਂ ਡੇਰਾ ਦੇ ਮੁਰਸ਼ਿਦ ਬਾਜ਼ਾਰ ਵਿੱਚੋਂ ਲੰਘ ਰਿਹਾ ਸਾਂ ਕਿ ਇਕ ਏਮੀਰੇਤੀ ਵਸ਼ਿੰਦੇ ਨੇ ਅਵਾਜ਼ ਮਾਰ ਕੇ ਪੁੱਛਿਆ 'ਕੀ ਤੂੰ ਫਰਿੱਜ਼ ਲੈ ਕੇ ਆਇਆ ਹੈਂ?'

ਉਹਨਾਂ ਦਿਨਾਂ ਵਿੱਚ ਇਸ ਦੇਸ਼ ਵਿੱਚ ਬਹੁਤੇ ਸਿੱਖ ਮਿਸਤਰੀ, ਮਕੈਨਿਕ ਅਤੇ ਬਿਜਲੀ ਦਾ ਕੰਮ ਕਰਨ ਵਾਲੇ ਕਾਮੇ ਹੀ ਸਮਝੇ ਜਾਂਦੇ ਸਨ, ਜੋ ਇੱਥੋਂ ਦੀ ਨਵੀਂ ਉਭਰ ਰਹੀ ਇੰਡਸਟਰੀ ਵਿੱਚ ਮੁਰੰਮਤ ਅਤੇ ਮਸ਼ੀਨਾਂ ਦੀ ਸੁਧਾਈ ਦਾ ਕੰਮ ਕਰਦੇ ਸਨ। ਮੈਂ ਆਪਣੀ ਵੱਖਰੀ ਪਹਿਚਾਣ ਬਣਾਉਣੀ ਚਾਹੁੰਦਾ ਸਾਂ ਤਾਂ ਕਿ ਮੈਨੂੰ ਇਕ ਵਪਾਰੀ ਅਤੇ ਕਾਰੋਬਾਰੀ ਬੰਦਾ ਸਮਝਿਆ ਜਾਵੇ। ਮੈਂ ਆਪਣੇ ਦੇਸ਼ ਦੇ ਕਾਮਿਆਂ ਤੋਂ ਵੱਖਰੀ ਪਹਿਚਾਣ ਖ਼ਾਤਰ ਸਫ਼ਾਰੀ ਸੂਟ ਪਹਿਨਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਕੁਝ ਰਾਹਤ ਮਿਲੀ, ਪਰੰਤੂ ਪੂਰੀ ਤਰ੍ਹਾਂ ਅਜੇ ਛੁਟਕਾਰਾ ਨਹੀਂ ਮਿਲਿਆ ਸੀ।

ਦੂਜਾ ਵਾਕਿਆ ਇਕ ਟਾਇਰਾਂ ਦੇ ਵਿਉਪਾਰੀ ਦਾ ਵੱਢੀ ਦੇਣ ਦਾ ਹੈ। ਉਸ ਨੇ ਪੇਸ਼ਕਸ਼ ਕੀਤੀ ਕਿ ਜੇ ਮੈਂ ਟਾਇਰਾਂ ਦੀ ਸਪਲਾਈ ਮੁਕੱਰਰ ਕੀਮਤ ਤੋਂ ਕਾਫ਼ੀ ਘੱਟ ਰੇਟਾਂ ਉਪਰ ਕਰਾਂ ਤਾਂ ਜੋ ਰਿਆਇਤ ਦੀ ਰਕਮ ਹੋਵੇਗੀ ਉਹ ਅਸੀਂ ਆਪਸ ਵਿੱਚ ਵੰਡ ਲਵਾਂਗੇ। ਮੈਨੂੰ ਦੱਸਣਾ ਪਿਆ ਕਿ ਮੈਂ ਟਾਇਰਾਂ ਅਤੇ ਬੈਟਰੀਆਂ ਦੀ ਕੰਪਨੀ ਦਾ ਖ਼ੁਦ ਮਾਲਕ ਹਾਂ, ਸੇਲਜ਼ਮੈਨ ਨਹੀਂ, ਜਿਸ ਕਰਕੇ ਮੁਨਾਫ਼ੇ ਦੀ ਸਾਰੀ ਰਕਮ ਮੇਰੇ ਖਾਤੇ ਵਿੱਚ ਜਾਵੇਗੀ। ਇਹ ਗੱਲ ਮੇਰੇ ਜ਼ਿਹਨ ਵਿੱਚ ਬੈਠ ਗਈ ਅਤੇ ਜਦੋਂ ਮੇਰਾ ਟਾਇਰਾਂ ਦਾ ਕਾਰੋਬਾਰ ਚੰਗਾ ਚੱਲ ਨਿਕਲਿਆ ਤਾਂ ਆਪਣੇ ਸੇਲਜ਼ਮੈਨਾਂ ਨੂੰ ਇਸ ਕਿਸਮ ਦੀ ਠੱਗੀ ਤੋਂ ਬਚਣ ਲਈ ਤਾੜਨਾ ਕਰ ਦਿੱਤੀ।

ਇਸ ਕਿਸਮ ਦੀਆਂ ਘਟਨਾਵਾਂ ਨਵੀਂ ਜਗ੍ਹਾ ਕਾਰੋਬਾਰ ਸ਼ੁਰੂ ਕਰਨ ਵੇਲੇ ਦੀਆਂ ਯਾਦਾਂ ਦਾ ਹਿੱਸਾ ਬਣ ਜਾਂਦੀਆਂ ਹਨ। ਉਸ ਮੁੱਢਲੇ ਸਮੇਂ ਇਕ ਚੰਗੇ ਖੋਜੀ ਵਾਂਗ ਮੈਂ ਦੁਬਈ ਦੇ ਬਾਜ਼ਾਰਾਂ ਵਿੱਚ ਘੁੰਮਦਾ ਰਹਿੰਦਾ ਸੀ ਅਤੇ ਹਰ ਜਣੇ ਖਣੇ ਨਾਲ ਗੱਲਬਾਤ ਕਰ ਕੇ ਦੁਬਈ ਦੀ ਨਬਜ਼ ਪਹਿਚਾਣ ਰਿਹਾ ਸੀ। ਇਹ ਫ਼ੈਸਲਾ ਮੇਰੇ ਲਈ ਲਾਹੇਵੰਦ ਸਿੱਧ ਹੋਇਆ। ਮੈਂ ਮੀਲਾਂ ਬੱਧੀ ਸਫ਼ਰ ਕਰ ਕੇ ਸੂਚਨਾ ਦਾ ਜੋ ਭੰਡਾਰ ਇਕੱਠਾ ਕੀਤਾ,

ਉਹ ਮੇਰੇ ਲਈ 'ਥਿੰਕ ਟੈਂਕ' (Think Tank) ਬਣ ਗਿਆ। ਇੰਨੀ ਪਰੈਕਟੀਕਲ ਜਾਣਕਾਰੀ ਕਿਸੇ ਮੈਨੇਜਮੈਂਟ ਦੇ ਕੋਰਸ ਤੋਂ ਨਹੀਂ ਮਿਲ ਸਕਦੀ। ਇਕੱਲੇ ਸਿਰਦਾਰ ਲਈ ਸਾਰਾ ਦਿਨ ਘੁੰਮਣਾ ਕੋਈ ਸੌਖਾ ਕੰਮ ਨਹੀਂ ਸੀ। ਭੀੜ ਭੜੱਕੇ ਵਿੱਚ ਘੁੰਮਦਿਆਂ ਅਤੇ ਚਾਹ ਕਾਫ਼ੀ ਦੇ ਦਰਜਨਾਂ ਕੱਪ ਪੀ ਕੇ ਮੈਂ ਟਾਇਰਾਂ ਦੇ ਕਾਰੋਬਾਰ ਸੰਬੰਧੀ ਲੋੜੀਂਦੀ ਜਾਣਕਾਰੀ ਹਾਸਲ ਕਰ ਲਈ।

ਜਦੋਂ ਮੈਨੂੰ ਵਿਸ਼ਵਾਸ ਹੋ ਗਿਆ ਕਿ ਟਾਇਰਾਂ ਦੇ ਕਾਰੋਬਾਰ ਬਾਰੇ ਮੇਰੀ ਤਿਆਰੀ ਮੁਕੰਮਲ ਹੋ ਗਈ ਹੈ ਤਾਂ ਮੈਂ ਕੰਪਨੀ ਦੀ ਰਜਿਸਟ੍ਰੇਸ਼ਨ ਲਈ ਦਰਖ਼ਾਸਤ ਦੇ ਦਿੱਤੀ। ਇਸ ਕੰਮ ਲਈ ਕੰਪਨੀ ਦਾ ਨਾਮ ਨਗਰਪਾਲਿਕਾ ਤੋਂ ਮਨਜ਼ੂਰ ਕਰਵਾਣਾ ਪੈਂਦਾ ਹੈ, ਜਿਸ ਲਈ ਦਸ ਨਾਮ ਪੇਸ਼ ਕੀਤੇ ਜਾਂਦੇ ਹਨ ਅਤੇ ਇਕ ਦੀ ਮਨਜ਼ੂਰੀ ਮਿਲ ਜਾਂਦੀ ਹੈ। ਮੈਂ ਦਸ ਦਿਨ ਨਗਰਪਾਲਿਕਾ ਦੇ ਦਫ਼ਤਰ ਦੇ ਚੱਕਰ ਕੱਟਦਾ ਰਿਹਾ। ਜਦੋਂ ਹਾਰ ਹੰਭ ਕੇ ਮੈਂ ਸ਼ਿਕਾਇਤ ਕਰਨ ਜਾ ਰਿਹਾ ਸਾਂ ਤਾਂ ਡਿਊਟੀ 'ਤੇ ਹਾਜ਼ਰ ਅਫ਼ਸਰ ਨੇ ਮੈਨੂੰ ਕੋਲ ਬੁਲਾ ਕੇ ਕਿਹਾ: 'ਅਰੇ ਬਾਬਾ ਮੈਂ ਤੇਰੀ ਕੰਪਨੀ ਲਈ ਇਕ ਨਾਮ ਚੁਣ ਰੱਖਿਆ ਹੈ, ਇਹ ਤੈਨੂੰ ਪਸੰਦ ਆਵੇਗਾ। ਮੇਰੇ ਪਾਸ ਆ ਕੇ ਲੈ ਲੈ।'

ਉਸ ਨੇ ਮੇਰੀ ਕੰਪਨੀ ਲਈ 'ਅਲ ਦੋਬੋਈ' ਨਾਮ ਪੇਸ਼ ਕੀਤਾ। ਇਹ ਮੇਰੀ ਲਿਸਟ ਵਿੱਚ ਦਿੱਤੇ ਨਾਵਾਂ ਵਿੱਚੋਂ ਨਹੀਂ ਸੀ ਅਤੇ ਬੋਲਣ ਵਿੱਚ ਔਖਾ ਸੀ। ਮੇਰੀ ਪਰੇਸ਼ਾਨੀ ਨੂੰ ਭਾਂਪ ਕੇ ਉਸ ਨੇ ਆਪਣੇ ਕੋਲ ਬੈਠਣ ਲਈ ਕਿਹਾ ਅਤੇ ਸਮਝਾਇਆ ਕਿ ਇਹ ਨਾਮ ਤੇਰੇ ਲਈ ਮੁਤਬਰਕ (ਭਾਗਾਂ ਭਰਿਆ) ਸਿੱਧ ਹੋਵੇਗਾ। ਉਸ ਨੇ ਦੱਸਿਆ ਕਿ ਇਸ ਨਾਮ ਦਾ ਮਤਲਬ 'ਦੁਬਈ ਦਾ ਬੰਦਾ' ਹੈ। ਇਹ ਨਾਮ ਤਾਂ ਮਿਲਿਆ ਹੈ ਕਿ ਮੈਂ ਤੈਨੂੰ ਚੰਗਾ ਬੰਦਾ ਸਮਝਦਾ ਹਾਂ। ਹੁਣ ਤੂੰ ਜਾਹ ਅਤੇ ਆਪਣੀ ਕੰਪਨੀ ਸ਼ੁਰੂ ਕਰ। ਅੱਜ ਮੈਂ ਪਿੱਛੇ ਤੱਕਦਾ ਹਾਂ ਤਾਂ ਉਸ ਅਫ਼ਸਰ ਦੀ ਭਵਿੱਖਬਾਣੀ ਦੇ ਸੱਚੇ ਹੋਣ ਦੀ ਗਵਾਹੀ ਭਰਦਾ ਹਾਂ। ਵਾਕਿਆ ਹੀ ਇਹ ਨਾਮ ਮੇਰੇ ਲਈ ਭਾਗਾਂ ਵਾਲਾ ਸਿੱਧ ਹੋਇਆ ਹੈ।

ਇਸ ਨਾਮ ਦੀ ਇਕ ਹੋਰ ਖ਼ਾਸੀਅਤ ਵੀ ਹੈ ਕਿ ਇਹ ਸਭ ਨੂੰ ਮਨਭਾਉਂਦਾ ਹੈ। ਲੋਕ ਮੈਨੂੰ ਪੁੱਛਦੇ ਹਨ ਕਿ ਇਹ ਕਿਵੇਂ ਅਲਾਟ ਹੋ ਗਿਆ। ਇਹ ਨਾਮ ਸਿਰਫ਼ ਸਰਕਾਰੀ ਅਦਾਰਿਆਂ ਲਈ ਰਾਖਵਾਂ ਹੈ ਅਤੇ ਪ੍ਰਾਈਵੇਟ ਕੰਪਨੀਆਂ ਨੂੰ ਨਹੀਂ ਮਿਲ ਸਕਦਾ। ਅੱਜ 'ਅਲ ਦੋਬੋਈ' ਵਿਸ਼ਵ ਭਰ ਵਿੱਚ ਟਾਇਰਾਂ ਅਤੇ ਬੈਟਰੀਆਂ ਦੀ ਇੰਡਸਟਰੀ ਦਾ ਚਮਕਦਾ ਸਿਤਾਰਾ ਹੈ। ਸਰਕਾਰੀ ਦਫ਼ਤਰ ਵਿਚ ਬੈਠਾ ਅਫ਼ਸਰ ਮੇਰੇ ਲਈ ਇਕ ਅਸੀਸ ਬਣ ਕੇ ਆਇਆ। ਅੱਜ ਮੈਂ ਵਾਕਿਆ ਹੀ 'ਦੁਬਈ ਦਾ ਬੰਦਾ' ਹੋਣ ਦਾ ਫ਼ਖ਼ਰ ਮਹਿਸੂਸ ਕਰਦਾ ਹਾਂ।

ਮੈਂ ਸੋਚਿਆ ਆਪਣੀ ਨਵੀਂ ਕੰਪਨੀ ਨੂੰ ਪੱਕੇ ਪੈਰੀਂ ਸਥਾਪਿਤ ਕਰਨ ਲਈ ਕਿਸੇ ਬੂਸਟਰ (Booster) ਦੀ ਜ਼ਰੂਰਤ ਹੈ ਜੋ ਮੇਰੇ ਕਾਰੋਬਾਰ ਨੂੰ ਅਗਲੀ ਮੰਜ਼ਿਲ ਵੱਲ ਲੈ ਜਾਵੇ। ਯੂ. ਏ. ਈ. ਵਿੱਚ ਜੋ ਕੰਪਨੀ ਦਾ ਵਿਗਿਆਪਨ (ਇਸ਼ਤਿਹਾਰ) ਚੱਲ ਰਿਹਾ ਸੀ

ਉਸ ਨੇ ਕਮਾਲ ਕਰ ਦਿੱਤਾ। ਇਹੋ ਵਿਗਿਆਪਨ 1980 ਵਿੱਚ ਬਜਾਜ ਚੇਤਕ ਸਕੂਟਰ ਲਈ ਵੀ ਦਿੱਤਾ ਜਾਂਦਾ ਸੀ। ਇਸ ਦੀ ਇਬਾਰਤ ਸੀ '15 ਸਾਲ ਭਾਰਤ ਵਿੱਚ ਅਤੇ 15 ਮਿੰਟ ਦੁਬਈ ਵਿੱਚ'। ਇਸ ਵਿਗਿਆਪਨ ਦਾ ਮਤਲਬ ਸੀ ਕਿ ਭਾਰਤ ਵਿੱਚ ਬਜਾਜ ਸਕੂਟਰ ਲੈਣ ਲਈ 15 ਸਾਲ ਲੱਗ ਜਾਂਦੇ ਹਨ ਜਦ ਕਿ ਦੁਬਈ ਵਿੱਚ ਇਹ ਕੰਮ 15 ਮਿੰਟ ਵਿੱਚ ਹੋ ਜਾਵੇਗਾ।

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਕੋਈ ਸਕੀਮ ਮੈਨੂੰ ਕਿਉਂ ਸਤਾ ਰਹੀ ਹੈ। ਅਚਨਚੇਤ ਇਕ ਇਲਹਾਮ ਦੀ ਤਰ੍ਹਾਂ ਇਹ ਮੇਰੇ ਜ਼ਿਹਨ ਵਿੱਚ ਆਈ। ਸਕੀਮ ਇਹ ਸੀ ਕਿ ਜੋ ਸਕੂਟਰ ਬਜਾਜ ਕੰਪਨੀ ਦੁਬਈ ਐਕਸਪੋਰਟ ਕਰ ਕੇ ਭੇਜ ਰਹੀ ਹੈ, ਉਹੋ ਹੀ ਖ਼ਰੀਦ ਕੇ ਵਾਪਸ ਭਾਰਤ ਨੂੰ ਭੇਜ ਦਿੱਤੇ ਜਾਣ। ਇਸ ਕਾਰੋਬਾਰ ਵਿੱਚ ਕੋਈ ਨਿਯਮਾਂ ਦੀ ਉਲੰਘਣਾ ਨਹੀਂ ਹੋਵੇਗੀ ਅਤੇ ਆਪਣੇ ਦੇਸ਼ ਨੂੰ ਘਾਟਾ ਨਹੀਂ ਪਵੇਗਾ। ਇਸ ਕਾਰੋਬਾਰ ਦੀ ਘੁੰਡੀ ਇਹ ਸੀ ਕਿ ਦੁਬਈ ਵਿੱਚ ਕੋਈ ਕਸਟਮ ਡਿਊਟੀ ਨਹੀਂ ਲੱਗਦੀ। ਲਾਗਤ ਮੁੱਲ 'ਤੇ ਸਕੂਟਰ ਖ਼ਰੀਦ ਕੇ ਉਸੇ ਜਹਾਜ਼ ਵਿੱਚ ਭਾਰਤ ਭੇਜ ਦਿੱਤੇ ਜਾਣ। ਭੇਜਣ ਦਾ ਖ਼ਰਚਾ ਖ਼ਰੀਦਾਰ ਦੇ ਸਿਰੋਂ ਕੱਢਿਆ ਜਾ ਸਕਦਾ ਹੈ। ਉਸ ਦੇ ਦੋ ਤਿੰਨ ਫ਼ਾਇਦੇ ਹੋਏ : ਖ਼ਰੀਦਾਰ ਨੂੰ ਸਕੂਟਰ ਤੁਰੰਤ ਮਿਲ ਗਿਆ, ਭਾਰਤ ਨੂੰ ਵਿਦੇਸ਼ੀ ਮੁਦਰਾ ਮਿਲ ਗਈ ਅਤੇ ਖ਼ਰਚੇ ਕੱਢ ਕੇ ਵੀ ਮੇਰੀ ਕੰਪਨੀ ਨੂੰ ਮੁਨਾਫ਼ਾ ਮਿਲਣਾ ਸ਼ੁਰੂ ਹੋ ਗਿਆ। ਇਸ ਕਾਰੋਬਾਰ ਦੀ ਏਨੀ ਮੰਗ ਵੱਧ ਗਈ ਕਿ ਖ਼ਰੀਦਾਰਾਂ ਦੀ ਲੰਮੀ ਕਤਾਰ ਲੱਗ ਗਈ ਅਤੇ ਸਾਡੇ ਲਈ ਆਰਡਰ ਭੁਗਤਾਣੇ ਮੁਸ਼ਕਲ ਹੋ ਗਏ।

ਬਿਜ਼ਨੈਸ ਵਿੱਚ ਮੌਲਿਕ ਖ਼ਿਆਲ ਅਤੇ ਉਸ ਉਤੇ ਅਮਲ ਕਰਨਾ ਜ਼ਰੂਰੀ ਹੈ। ਮੈਂ ਆਪਣੀ ਕੰਪਨੀ ਦੇ ਕਾਰਿੰਦਿਆਂ ਨੂੰ ਖੁੱਲ੍ਹ ਦੇ ਰੱਖੀ ਹੈ ਕਿ ਉਹ ਨਵੀਂ ਸੋਚ ਲੈ ਕੇ ਮੇਰੇ ਪਾਸ ਆਉਣ। ਜੇਕਰ ਪਰਖਣ ਦੀ ਲੋੜ ਪਵੇਗੀ ਤਾਂ ਮੈਂ ਪਿੱਛੇ ਨਹੀਂ ਹਟਾਂਗਾ। ਨਵੇਂ ਖ਼ਿਆਲ ਨੂੰ ਟੈਸਟ ਕਰਨ ਵਿੱਚ ਕੋਈ ਹਰਜ ਨਹੀਂ। ਇਕ ਚੇਤਾਵਨੀ ਦੇਣੀ ਬਣਦੀ ਹੈ ਕਿ ਬਿਜ਼ਨੈਸ ਵਿੱਚ ਈਮਾਨਦਾਰੀ ਦਾ ਪੱਲਾ ਫੜ ਕੇ ਚੱਲਣ ਦੇ ਬਹੁਤ ਫ਼ਾਇਦੇ ਹਨ। ਮਾਇਕ ਲਾਭ ਲਈ ਹੇਰਾ-ਫੇਰੀਆਂ ਕਰਨੀਆਂ ਮੇਰੇ ਵੱਸ ਦਾ ਰੋਗ ਨਹੀਂ। ਮੈਂ ਨਹੀਂ ਚਾਹੁੰਦਾ ਕਿ ਮੈਂ ਆਪਣੀ ਜ਼ਮੀਰ ਦੇ ਖ਼ਿਲਾਫ਼ ਜਾ ਕੇ ਲੁੱਟ ਖਸੁੱਟ ਕਰਾਂ, ਟੈਕਸ ਬਚਾਉਣਾ ਮੇਰੀ ਫ਼ਿਤਰਤ ਦਾ ਹਿੱਸਾ ਨਹੀਂ ਅਤੇ ਮੇਰੇ ਕਾਰੋਬਾਰ ਦਾ ਹਿਸਾਬ-ਕਿਤਾਬ ਕਿਸੇ ਸ਼ੱਕ-ਸ਼ੁਬਾ ਦੇ ਘੇਰੇ ਵਿੱਚ ਨਹੀਂ ਆਉਂਦਾ।

ਬਹੁਤ ਲੋਕਾਂ ਦੀ ਸਮਝ ਤੋਂ ਬਾਹਰ ਹੈ ਕਿ ਟਾਇਰ ਬਣਾਉਣ ਵਿੱਚ ਕਿੰਨੀ ਖੋਜ ਤੇ ਟੈਕਨਾਲੋਜੀ ਦੀ ਵਰਤੋਂ ਹੁੰਦੀ ਹੈ। ਜਿਸ ਤਰ੍ਹਾਂ ਹਵਾਈ ਜਹਾਜ਼ ਵਿੱਚ ਕੋਈ ਨੁਕਸ ਬਰਦਾਸ਼ਤ ਨਹੀਂ ਕੀਤਾ ਜਾਂਦਾ, ਉਸੇ ਤਰ੍ਹਾਂ ਟਾਇਰ ਵੀ ਘਟੀਆ ਨਹੀਂ ਹੋ ਸਕਦਾ। ਕੋਈ ਏਨਾ ਬੇਫ਼ਕੂਫ਼ ਨਹੀਂ ਹੋਵੇਗਾ ਜੋ 50 ਕਰੋੜ ਡਾਲਰ ਦੀ ਟਾਇਰ ਫ਼ੈਕਟਰੀ ਲਗਾ ਕੇ

ਘਟੀਆ ਟਾਇਰ ਤਿਆਰ ਕਰੇ। ਇਹ ਹੋ ਸਕਦਾ ਹੈ ਕੁਝ ਟਾਇਰ ਚੰਗੇ ਹੋਣ ਅਤੇ ਕੁਝ ਹੋਰ ਉਸ ਤੋਂ ਵੀ ਚੰਗੇ। ਸਾਰੀ ਦੁਨੀਆਂ ਟਾਇਰਾਂ ਦੀ ਸਵਾਰੀ ਕਰਦੀ ਹੈ। ਇਸ ਕਾਰੋਬਾਰ ਵਿੱਚ ਬਹੁਤ ਮੁਕਾਬਲਾ ਹੋਣ ਲੱਗਾ ਹੈ ਜਿਸ ਕਰਕੇ ਨਵੀਆਂ ਕਾਢਾਂ ਦੀ ਜ਼ਰੂਰਤ ਪੈਂਦੀ ਹੈ ਅਤੇ ਆਪਣੇ ਮੁਨਾਫ਼ੇ ਦਾ ਵੀ ਖ਼ਿਆਲ ਰੱਖਣਾ ਪੈਂਦਾ ਹੈ।

ਜਦੋਂ ਮੈਂ ਲੋਕਾਂ ਨੂੰ ਦੱਸਦਾਂ ਹਾਂ ਕਿ ਟਾਇਰ ਬਣਾਉਣ ਲਈ ਨਵੀਂ ਟੈਕਨਾਲੋਜੀ ਅਤੇ ਨਵੇਂ ਪਦਾਰਥਾਂ ਦੀ ਖੋਜ ਕਰਨੀ ਪੈਂਦੀ ਹੈ ਤਾਂ ਉਹ ਮੇਰੇ ਮੂੰਹ ਵੱਲ ਹੈਰਾਨੀ ਭਰੇ ਲਹਿਜੇ ਨਾਲ ਵੇਖਣ ਲੱਗਦੇ ਹਨ ਜਿਵੇਂ ਮੈਂ ਕੋਈ ਅਤਿਕਥਨੀ ਕਰ ਰਿਹਾ ਹੋਵਾਂ। ਇਕ ਪਲ ਲਈ ਸੋਚੋ ਕਿ ਜੇ ਦੁਨੀਆਂ ਵਿੱਚ ਟਾਇਰ ਨਾ ਹੋਵਣ ਤਾਂ ਅਸੀਂ ਕਿੱਥੇ ਹੋਈਏ? ਅਤੇ ਸਾਈਕਲ, ਕਾਰਾਂ, ਜਹਾਜ਼, ਬੱਸਾਂ ਅਤੇ ਟਰੈਕਟਰ ਗ਼ਾਇਬ ਹੋ ਜਾਣ। ਇਹ ਟਾਇਰ ਦਾ ਜਾਦੂ ਹੀ ਹੈ ਕਿ ਦੁਨੀਆਂ ਏਨੀ ਤਰੱਕੀ ਕਰ ਚੁੱਕੀ ਹੈ। ਵਰਤੋਂ ਤੋਂ ਬਾਅਦ ਵੀ ਟਾਇਰ ਸਾਡੇ ਜੀਵਨ ਵਿੱਚ ਕਈ ਕੰਮ ਸਵਾਰਦਾ ਹੈ ਜਿਵੇਂ ਲਾਈਫ਼ ਬੈਲਟ, ਬੂਆਏ, ਬੱਚਿਆਂ ਦੀ ਪੀਂਘ ਅਤੇ ਫ਼ੌਜੀਆਂ ਦੀ ਸਿਖਲਾਈ ਵਾਸਤੇ।

ਵਰਤੋਂ ਬਾਅਦ ਟਾਇਰਾਂ ਨੂੰ ਖਦੇੜਣ (Recycle) ਦੀ ਬਹੁਤ ਵੱਡੀ ਇੰਡਸਟਰੀ ਹੈ। ਹਿਸਾਬ ਲਗਾ ਕੇ ਵੇਖੋ ਦੁਨੀਆਂ ਦੀ ਆਬਾਦੀ 700 ਕਰੋੜ ਹੋ ਚੁੱਕੀ ਹੈ ਅਤੇ ਸੜਕਾਂ ਉਪਰ ਦੌੜਦੇ ਵਾਹਨਾਂ ਦੀ ਗਿਣਤੀ 110 ਕਰੋੜ ਹੈ। ਹਰ ਸਾਲ 170 ਕਰੋੜ ਨਵੇਂ ਟਾਇਰ ਬਣਾਏ ਜਾਂਦੇ ਹਨ ਅਤੇ 100 ਕਰੋੜ ਟਾਇਰ ਕੰਡਮ ਹੋ ਜਾਂਦੇ ਹਨ। ਕੰਡਮ ਟਾਇਰਾਂ ਨੂੰ ਖਦੇੜਨਾ ਇਕ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ ਅਤੇ ਟਾਇਰ ਬਣਾਉਣ ਨਾਲੋਂ ਇਸ ਕਾਰੋਬਾਰ ਵਿੱਚ ਬਹੁਤ ਵਧੇਰੇ ਮੁਨਾਫ਼ਾ ਹੋ ਰਿਹਾ ਹੈ।

ਪਬਲਿਕ ਨੂੰ ਟਾਇਰਾਂ ਦੀ ਬੇਸਿਕ ਜਾਣਕਾਰੀ ਹੋਣੀ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਦਾ ਜੀਵਨ ਟਾਇਰਾਂ ਦੀ ਕੁਆਲਟੀ ’ਤੇ ਨਿਰਭਰ ਕਰਦਾ ਹੈ। ਮੈਂ ਜਾਅਲੀ ਟਾਇਰ ਬਣਾਉਣ ਵਾਲਿਆਂ ਦਾ ਵੱਡਾ ਦੁਸ਼ਮਣ ਹਾਂ ਜੋ ਮੁਨਾਫ਼ੇ ਖ਼ਾਤਰ ਲੋਕਾਂ ਦੇ ਜੀਵਨ ਨਾਲ ਖਿਲਵਾੜ ਕਰਦੇ ਹਨ। ਅਸੀਂ ਦਿਨ ਰਾਤ ਇਨ੍ਹਾਂ ਠੱਗਾਂ ਨਾਲ ਲੜਦੇ ਹਾਂ ਜੋ ਰਬੜ ਮਾਫ਼ੀਆ ਦੇ ਰੂਪ ਵਿੱਚ ਬਹੁਤ ਬਲਵਾਨ ਹਨ। ਭਲਾ ਆਪਣੇ ਮਨ ਨਾਲ ਸੋਚੋ ਕਿ ਅੱਧੀ ਕੀਮਤ ’ਤੇ ਜੋ ਟਾਇਰ ਵੇਚ ਰਿਹਾ ਹੈ, ਉਹ ਤੁਹਾਡੇ ਜੀਵਨ ਨੂੰ ਦਾਅ ’ਤੇ ਲਗਾ ਰਿਹਾ ਹੈ। ਤੁਸੀਂ ਆਪਣੇ ਆਪ ਨਾਲ ਭਲਾ ਕਰੋਗੇ ਜੇਕਰ ਇਸ ਸੌਦੇ ਤੋਂ ਬਚ ਕੇ ਅੱਗੇ ਨਿਕਲ ਜਾਵੋ।

— 0 —

2

# ਜ਼ਿੰਮੇਵਾਰੀ ਚਾਰ ਅੱਖਰੀ ਸ਼ਬਦ ਹੈ

ਮੈਂ ਆਪਣੇ ਕਾਲਜ ਦੇ ਦਿਨਾਂ ਨੂੰ ਪਿਆਰ ਕਰਦਾ ਸਾਂ। ਇਹ ਮੇਰੇ ਲਈ ਇਸ ਤਰ੍ਹਾਂ ਸਨ ਜਿਵੇਂ ਇਕ ਬੱਤਖ ਲਈ ਪਾਣੀ ਵਿੱਚ ਤਰਨਾ। ਅੱਜ ਪੰਜਾਹ ਸਾਲਾਂ ਉਪਰੰਤ ਵੀ ਆਪਣੇ ਕਾਲਜ ਦੀਆਂ ਯਾਦਾਂ ਮੇਰੇ ਮਨ ਮਸਤਕ ਉਪਰ ਉਕਰੀਆਂ ਪਈਆਂ ਹਨ। ਮੈਂ ਆਪਣੇ ਜਮਾਤੀਆਂ, ਅਧਿਆਪਕਾਂ ਅਤੇ ਕਾਲਜ ਦੇ ਪ੍ਰਬੰਧਕਾਂ ਵਿੱਚ ਦੋ ਮਸੀਹੀ ਭਰਾਵਾਂ ਨੂੰ ਯਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ।

ਮੈਂ ਲੋਇਲਾ ਕਾਲਜ ਵਿਦਿਆਰਥੀ ਯੂਨੀਅਨ ਦਾ ਸਭ ਤੋਂ ਛੋਟੀ ਉਮਰ ਦਾ ਪ੍ਰਧਾਨ ਬਣਿਆ ਸਾਂ। ਇਸ ਮੁਕਾਬਲੇ ਵਿੱਚ ਮੈਂ ਚੌਦਾਂ ਵੋਟਾਂ ਦੇ ਫ਼ਰਕ ਨਾਲ ਆਪਣੇ ਪ੍ਰਤੀਦਵੰਦੀ ਮਿਸਟਰ ਜੋਸ਼ੀ ਨੂੰ ਹਰਾਇਆ ਸੀ। ਜੋਸ਼ੀ ਨੇ ਆਪਣੀ ਹਾਰ ਨਾ ਚਾਹੁੰਦੇ ਹੋਏ ਵੀ ਸਵੀਕਾਰ ਕਰ ਲਈ ਸੀ। ਜਨਰਲ ਸੈਕਟਰੀ ਦੀ ਚੋਣ ਲਈ ਕਰਿਸਤੀ ਚੇਰੀਅਨ ਨੇ ਬਾਜ਼ੀ ਮਾਰ ਲਈ ਜੋ ਬਾਅਦ ਵਿੱਚ ਇਕ ਮਸ਼ਹੂਰ ਬੈਂਕਰ ਬਣ ਗਿਆ। ਮੇਰੀ ਜਿੱਤ ਦਾ ਰਾਜ਼ ਨਵੇਂ ਵਿਦਿਆਰਥੀਆਂ ਦੀਆਂ ਵੋਟਾਂ ਦਾ ਮੇਰੇ ਹੱਕ ਵਿੱਚ ਭੁਗਤਣਾ ਸੀ। ਉਹ ਹੈਰਾਨ ਰਹਿ ਗਏ ਕਿ ਇਕ ਸਿਰਦਾਰ ਉਨ੍ਹਾਂ ਨੂੰ ਤਾਮਿਲ ਭਾਸ਼ਾ ਵਿੱਚ ਵੋਟ ਪਾਉਣ ਦੀ ਅਪੀਲ ਕਰ ਰਿਹਾ ਸੀ। ਮੇਰੇ ਲਈ ਇਹ ਭਾਸ਼ਣ ਜਿੱਤ ਦਾ ਝੰਡਾ ਗੱਡ ਗਿਆ।

ਮੇਰੇ ਲਈ ਇਹ ਦੂਜਾ ਸਬਕ ਸੀ ਕਿ ਲੋਕਾਂ ਦੀ ਸਦਭਾਵਨਾ ਕਿਵੇਂ ਜਿੱਤੀ ਜਾ ਸਕਦੀ ਹੈ। ਮੇਰੇ ਪਹਿਲੇ ਤਾਮਿਲ ਬੋਲ ਨੇ ਮੇਰੇ ਹੱਕ ਵਿੱਚ ਪਾਜ਼ਿਟਿਵ ਧੜਕਣ ਪੈਦਾ ਕਰ ਦਿੱਤੀ ਸੀ। ਮੇਰੀ ਤਕਰੀਰ ਮੇਰੇ ਸਰੋਤਿਆਂ ਦੀ ਭਾਸ਼ਾ ਵਿੱਚ ਹੋਣ ਕਰਕੇ ਜਾਦੂਮਈ ਅਸਰ ਹੋਇਆ। ਉਸ ਤੋਂ ਬਾਅਦ ਮੈਂ ਇਸ ਫ਼ਾਰਮੂਲੇ ਉਪਰ ਚੱਲਦਾ ਰਿਹਾ ਹਾਂ ਕਿ ਇੰਜੀਨੀਅਰਾਂ ਦੀ ਮੀਟਿੰਗ ਵਿੱਚ ਉਹਨਾਂ ਦੀ ਤਕਨੀਕੀ ਭਾਸ਼ਾ ਵਿੱਚ ਗੱਲ ਕਰਾਂ, ਮਾਰਕੀਟਿੰਗ ਅਤੇ ਸੇਲਜ਼ ਲਈ ਹੋਰ ਭਾਸ਼ਾ ਵਰਤਾਂ ਅਤੇ ਵਰਕਸ਼ਾਪ ਦੇ ਕਾਮਿਆਂ ਲਈ ਉਨ੍ਹਾਂ ਦੇ ਕੰਮ ਦੀ ਭਾਸ਼ਾ ਵਰਤਾਂ। ਮੇਰੇ ਤਜਰਬੇ ਵਿੱਚ ਆਇਆ ਹੈ ਕਿ ਇਸ ਫ਼ਾਰਮੂਲੇ ਨੇ ਕਈ ਚਮਤਕਾਰ ਕੀਤੇ ਹਨ ਅਤੇ ਮੇਰੇ ਬਿਜ਼ਨੈਸ ਵਿੱਚ ਸਹਾਈ ਹੋਇਆ ਹੈ।

ਹੋਸਟਲ ਵਿੱਚ ਅਸੀਂ ਦੋ ਹੀ ਸਿੱਖ ਵਿਦਿਆਰਥੀ ਸਾਂ, ਮੈਂ ਅਤੇ ਹਰਪਾਲ ਸਿੰਘ ਜੋ ਬਾਅਦ ਵਿੱਚ ਫ਼ੌਜ ਵਿੱਚ ਭਰਤੀ ਹੋ ਗਿਆ। ਮੈਂ ਵਿਦਿਆਰਥੀ ਯੂਨੀਅਨ ਨੂੰ ਕਿਸੇ ਮੁਕਾਮ ’ਤੇ ਪਹੁੰਚਾਣਾ ਚਾਹੁੰਦਾ ਸਾਂ ਜਿਸ ਕਰਕੇ ਆਪਣਾ ਪੂਰਾ ਸਮਾਂ ਇਸ ਦੇ ਨਮਿਤ

ਕਰ ਦਿੱਤਾ। ਮੈਂ ਆਪਣੇ ਸੈਕਟਰੀ ਕਰਿਸਤੀ ਚੇਰੀਅਨ ਅਤੇ ਇਕ ਹੋਰ ਵਿਦਿਆਰਥੀ ਬਿਕਰਮ ਵੋਹਰਾ ਦੀ ਮੱਦਦ ਨਾਲ ਇਕ ਕਲੱਬ ਬਣਾ ਕੇ ਕੰਮ ਕਰ ਰਿਹਾ ਸਾਂ। ਕਾਲਜ ਵਿੱਚ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚ ਸਟੈਲਾ ਮੈਰਿਸ ਕਾਲਜ ਦੀਆਂ ਕੁੜੀਆਂ ਅਤੇ ਪਰੈਜ਼ੀਡੈਂਸੀ ਕਾਲਜ ਦੇ ਵਿਦਿਆਰਥੀ ਸ਼ਾਮਲ ਹੋਇਆ ਕਰਦੇ ਸਨ। ਭਾਵੇਂ ਅੱਜ ਕੱਲ ਮੁੰਡੇ ਕੁੜੀਆਂ ਦਾ ਮਿਲਣਾ ਆਮ ਜਹੀ ਗੱਲ ਹੈ ਪਰੰਤੂ ਪੰਜਾਹ ਸਾਲ ਪਹਿਲਾਂ ਇਹ ਇਕ ਹਊਆ ਸੀ ਕਿਉਂਕਿ ਲੋਇਲਾ ਕਾਲਜ ਵਿੱਚ ਸਹਿ-ਸਿਖਿਆ ਦੀ ਮਨਾਹੀ ਸੀ। ਮੈਨੂੰ ਕਾਲਜ ਦੇ ਪ੍ਰਿੰਸੀਪਲ ਫ਼ਾਦਰ ਫ਼ਰਾਂਸਿਸ ਗਿਆਨ ਪ੍ਰਕਾਸਮ ਦੀ ਪੂਰੀ ਮੱਦਦ ਹਾਸਲ ਸੀ ਕਿਉਕਿ ਉਹ ਮੁੰਡੇ ਕੁੜੀਆਂ ਦੇ ਮਿਲਾਪ ਨੂੰ ਦੋਹਾਂ ਲਈ ਸਿਹਤਮੰਦ ਪ੍ਰਕ੍ਰਿਆ ਸਮਝਦਾ ਸੀ।

ਪ੍ਰਿੰਸੀਪਲ ਮੇਰੇ ਉਪਰ ਦਿਆਲੂ ਸੀ ਜਿਸ ਕਰਕੇ ਯੂਨੀਅਨ ਦਾ ਬਜਟ ਖ਼ਰਚ ਕਰਨ ਦੀ ਖੁੱਲ੍ਹ ਮੈਨੂੰ ਮਿਲ ਗਈ। ਕਾਲਜ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਸੀ। ਇਸ ਖੁੱਲ੍ਹ ਮਿਲਣ ਨਾਲ ਅਸੀਂ ਕਾਲਜ ਵਿੱਚ ਆਏ ਮਹਿਮਾਨਾਂ ਲਈ ਚਾਹ ਪਾਣੀ ਅਤੇ ਖਾਣੇ ਦਾ ਪ੍ਰਬੰਧ ਵੀ ਕਰ ਸਕਦੇ ਸਾਂ। ਇਕ ਵਾਰ ਤਾਂ ਅਸੀਂ ਕਾਲਜ ਦੇ ਹੋਸਟਲ ਵਿੱਚ ਅੱਧੀ ਰਾਤ ਤੱਕ ਮਹਿਫ਼ਲ ਸਜਾਈ ਜਿਸ ਵਿੱਚ ਪੈਕਡ ਫ਼ੂਡ ਦੀ ਖੁੱਲ੍ਹੀ ਵਰਤੋਂ ਕੀਤੀ ਗਈ। ਦਰਅਸਲ, ਇਸ ਪ੍ਰਾਹੁਣਾਚਾਰੀ ਨੇ ਸਦਭਾਵਨਾ ਦਾ ਮਾਹੌਲ ਸਿਰਜਿਆ। ਸਾਡੇ ਕਾਲਜ ਦੀਆਂ ਟੀਮਾਂ ਡੀਬੇਟਾਂ ਅਤੇ ਭਾਸ਼ਣ ਮੁਕਾਬਲਿਆਂ ਵਿੱਚ ਜਿੱਤਾਂ ਪ੍ਰਾਪਤ ਕਰਨ ਲੱਗੀਆਂ । ਕਈ ਚੰਗੇ ਬੁਲਾਰੇ ਪੈਦਾ ਹੋ ਗਏ ਜਿਨ੍ਹਾਂ ਵਿੱਚ ਮੇਰਾ ਨਾਮ ਵੀ ਸ਼ਾਮਲ ਸੀ।

ਕਾਲਜ ਦੇ ਦਿਨਾਂ ਵਿੱਚ ਮੈਂ ਹਾਕੀ ਦਾ ਖਿਡਾਰੀ ਅਤੇ ਐਨ.ਸੀ.ਸੀ. ਦਾ ਕੈਡਟ ਐਡਜੂਟੈਂਟ ਸਾਂ। ਯੂਨੀਅਨ ਦਾ ਪ੍ਰਧਾਨ ਹੋਣ ਕਰਕੇ ਕਾਲਜ ਵਿੱਚ ਆਉਣ ਵਾਲੇ ਪਤਵੰਤੇ ਸੱਜਣਾਂ ਨਾਲ ਮੇਲ-ਮਿਲਾਪ ਹੋ ਜਾਂਦਾ ਸੀ। ਮੈਨੂੰ ਜੀਸਵੀ (Jesuit) ਪੋਪ, ਫ਼ਾਦਰ ਪੈਡਰੋ ਅਰੂਪੇ ਅਤੇ ਵੈਸਟ ਇੰਡੀਜ਼ ਦੇ ਮਸ਼ਹੂਰ ਕ੍ਰਿਕਟ ਕਪਤਾਨ ਗਾਰਫ਼ੀਲਡ ਸੋਬਰਜ਼ ਨੂੰ ਕਾਲਜ ਵਿੱਚ ਜੀ-ਆਇਆਂ ਕਹਿਣ ਦਾ ਮੌਕਾ ਮਿਲਿਆ। ਸਭ ਤੋਂ ਹੈਰਾਨੀ ਦੀ ਗੱਲ ਇਹ ਹੋਈ ਕਿ ਤਾਮਿਲ ਨਾਡੂ ਦਾ ਮੁੱਖ ਮੰਤਰੀ ਆਪਣੇ ਜਨਮ ਦਿਨ ਦੇ ਫ਼ੰਕਸ਼ਨ ਨੂੰ ਮਨਾਉਣ ਖ਼ਾਤਰ ਲੋਇਲਾ ਕਾਲਜ ਦੇ ਬੈਂਡ ਦੀ ਮੰਗ ਕਰਨ ਲੱਗਾ। ਮੈਂ ਇਸ ਸੱਦੇ ਨੂੰ ਪ੍ਰਵਾਨ ਕਰ ਲਿਆ ਅਤੇ ਹਾਂ ਕਰ ਦਿੱਤੀ। ਪ੍ਰਿੰਸੀਪਲ ਨੇ ਮੈਨੂੰ ਬੁਲਾ ਕੇ ਝਾੜ ਪਾਈ ਅਤੇ ਕਿਹਾ ਕਿ ਲੋਇਲਾ ਕਾਲਜ ਕਿਸੇ ਸਿਆਸੀ ਜਥੇਬੰਦੀ ਦਾ ਕਾਲਜ ਨਹੀਂ ਹੈ। ਫ਼ੰਕਸ਼ਨ ਤੋਂ ਬਾਅਦ ਮੁੱਖ ਮੰਤਰੀ ਨੇ ਕਾਲਜ ਪ੍ਰਿੰਸੀਪਲ ਨੂੰ ਧੰਨਵਾਦ ਕਰਨ ਖ਼ਾਤਰ ਪ੍ਰਸ਼ੰਸਾ ਭਰਿਆ ਪੱਤਰ ਲਿਖਿਆ। ਪ੍ਰਿੰਸੀਪਲ ਨੇ ਮੈਨੂੰ ਦਫ਼ਤਰ ਵਿੱਚ ਬੁਲਾ ਕੇ ਸ਼ਾਬਾਸ਼ ਦਿੱਤੀ ਅਤੇ ਕੈਡਬਰੀ ਚੌਕਲੇਟ ਪੇਸ਼ ਕੀਤਾ।

ਸਾਡੇ ਕਾਲਜ ਦੀ ਬੀ. ਕਾਮ. ਕਲਾਸ ਵਿੱਚ ਸ਼ੁਹਰਤ ਵਾਲੇ ਪ੍ਰੀਵਾਰਾਂ ਦੇ ਬੱਚੇ ਵੀ ਪੜ੍ਹਦੇ ਸਨ। ਪ੍ਰਸਿੱਧ ਟੈਨਿਸ ਸਟਾਰ ਮਹੇਸ਼ ਭੂਪਤੀ ਦਾ ਪਿਤਾ ਜੀ, ਜੇ. ਕੇ. ਭੂਪਤੀ ਮੇਰਾ ਜਮਾਤੀ ਸੀ। ਉਹ ਕਾਲਜ ਦੇ ਦਿਨਾਂ ਵਿੱਚ ਖ਼ੁਦ ਵੀ ਟੈਨਿਸ ਦਾ ਮਸ਼ਹੂਰ ਖਿਡਾਰੀ ਸੀ। ਅਸੀਂ ਦੋਵੇਂ ਪ੍ਰੀ-ਯੂਨੀਵਰਸਿਟੀ ਕਲਾਸ ਵਿੱਚ ਆਂਧਰਾ ਦੇ ਲੋਇਲਾ ਕਾਲਜ ਵਿਜੇਵਾੜਾ ਵਿੱਚ ਮਿਲੇ ਸਾਂ। ਇਸ ਕਾਲਜ ਦੇ ਪ੍ਰਿੰਸੀਪਲ ਫ਼ਾਦਰ ਫ਼ਰਾਂਸਿਸ ਨੇ ਹੀ ਸਾਨੂੰ ਦੋਹਾਂ ਨੂੰ ਮਦਰਾਸ ਦੇ ਲੋਇਲਾ ਕਾਲਜ ਵਿੱਚ ਦਾਖ਼ਲ ਹੋਣ ਲਈ ਪ੍ਰੇਰਿਆ ਸੀ। ਪ੍ਰਿੰਸੀਪਲ ਸਾਨੂੰ ਆਪਣੇ ਬੱਚਿਆਂ ਵਾਂਗ ਸਮਝਦਾ ਸੀ। ਉਸ ਨੇ ਮੈਨੂੰ ਚੰਗੇ ਆਗੂ ਦੀਆਂ ਵਿਸ਼ੇਸ਼ਤਾਈਆਂ ਤੋਂ ਜਾਣੂ ਕਰਵਾਇਆ ਅਤੇ ਕਾਮਯਾਬੀ ਹਾਸਲ ਕਰਨ ਲਈ ਜੱਦੋ-ਜਹਿਦ ਕਰਨ ਲਈ ਪ੍ਰੇਰਿਆ।

ਕਾਲਜ ਦੇ ਹੋਰ ਦੋਸਤਾਂ ਵਿੱਚ ਐਸ. ਪ੍ਰਸਾਦ, ਬੀ.ਕੇ. ਕ੍ਰਿਸ਼ਨਰਾਜ ਅਤੇ ਬੀ.ਵੀ. ਰਮਨਾ ਰਾਉ ਗਿਣਿਆ ਜਾ ਸਕਦਾ ਹੈ ਜੋ ਮੇਰਾ ਸਕੂਲ ਵੇਲੇ ਦਾ ਦੋਸਤ ਸੀ। ਹੈਦਰਾਬਾਦ ਪਬਲਿਕ ਸਕੂਲ ਦੇ ਦੋ ਦੋਸਤ, ਰਿਸ਼ਾਦ ਸਈਅਦ ਅਤੇ ਹਾਜੀ ਗਨੀ, ਪਾਕਿਸਤਾਨ ਚਲੇ ਗਏ ਅਤੇ ਮੈਂ ਹਮੇਸ਼ਾਂ ਉਨ੍ਹਾਂ ਦੀ ਗ਼ੈਰ ਹਾਜ਼ਰੀ ਮਹਿਸੂਸ ਕਰਦਾ ਰਿਹਾ ਹਾਂ। ਰਿਸ਼ਾਦ ਦੁਬਈ ਵਿੱਚ ਮਿਲ ਪਿਆ ਹੈ ਪਰੰਤੂ ਹਾਜੀ ਗਨੀ ਸ਼ਾਇਦ ਅਮਰੀਕਾ ਜਾ ਵਸਿਆ ਹੈ। ਹੈਦਰਾਬਾਦ ਪਬਲਿਕ ਸਕੂਲ ਭਾਰਤ ਦਾ ਪ੍ਰਸਿੱਧ ਸਕੂਲ ਸੀ ਜਿਸ ਵਿੱਚ ਚੰਗੀ ਵਿਦਿਆ ਦੇ ਨਾਲ ਖੇਡਾਂ ਦੀ ਵੀ ਵਧੀਆ ਸਹੂਲਤ ਸੀ। ਮੈਂ ਸਕੂਲ ਦੀ ਹਾਕੀ ਟੀਮ ਦਾ ਖਿਡਾਰੀ ਸਾਂ ਅਤੇ ਅਥਲੈਟਿਕਸ ਵਿੱਚ ਵੀ ਮੋਹਰੀ ਸਾਂ। ਮੈਂ ਸਕੂਲ ਦਾ ਸੀਨੀਅਰ ਪ੍ਰਫ਼ੈਕਟ ਵੀ ਰਿਹਾ, ਜੋ ਬਹੁਤ ਮਾਣ ਵਾਲੀ ਗੱਲ ਸੀ।

ਚੌਥੀ ਜਮਾਤ ਤੱਕ ਮੈਂ ਵਿਜੇਵਾੜਾ ਦੇ ਸੇਂਟ ਮੇਰੀ ਸਕੂਲ ਵਿੱਚ ਪੜ੍ਹਿਆ। ਜਦੋਂ ਮੈਂ ਨੌਂ ਸਾਲ ਦਾ ਹੋ ਗਿਆ ਤਾਂ ਮੇਰੇ ਪਿਤਾ ਜੀ ਨੇ ਮੈਨੂੰ ਹੈਦਰਾਬਾਦ ਦੇ ਪਬਲਿਕ ਸਕੂਲ ਵਿੱਚ ਭੇਜ ਦਿੱਤਾ ਤਾਂ ਕਿ ਮੇਰੀ ਸਕੂਲੀ ਪੜ੍ਹਾਈ ਚੰਗੇ ਸਕੂਲ ਵਿੱਚ ਹੋ ਸਕੇ। ਵਿਜੇਵਾੜਾ ਛੋਟਾ ਸ਼ਹਿਰ ਹੋਣ ਕਰਕੇ ਲੜਕਿਆਂ ਲਈ ਚੰਗੇ ਸਕੂਲ ਦੀ ਘਾਟ ਸੀ। ਮੇਰੇ ਪਿਤਾ ਜੀ ਦਾ ਇਹ ਚੰਗਾ ਫ਼ੈਸਲਾ ਸੀ।

— 0 —

3

# ਬੰਬਈ ਦੇ ਕਰੜੀ ਘਾਲ ਦੇ ਸਾਲ

ਮੈਂ ਤੁਹਾਡੇ ਨਾਲ ਟਾਇਰ ਉਤਪਾਦਨ ਦੀ ਚਮਕ ਦਮਕ ਵਾਲੀ ਦੁਨੀਆਂ ਬਾਰੇ ਆਪਣਾ ਤਜਰਬਾ ਸਾਂਝਾ ਕਰਨ ਜਾ ਰਿਹਾ ਹਾਂ। ਮੇਰਾ ਖ਼ਿਆਲ ਹੈ ਕਿ ਤੁਸੀਂ ਮੰਤਰ ਮੁਗਧ ਹੋ ਕੇ ਇਹ ਵਾਰਤਾ ਸੁਣੋ ਕਿਉਂਕਿ ਟਾਇਰ ਸਾਡੀ ਸਭ ਦੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹਨ। ਮੈਂ ਤਾਂ ਆਪਣੇ ਸਾਹ ਵੀ ਟਾਇਰ ਦੀ ਦੁਨੀਆਂ ਵਿੱਚ ਲੈਂਦਾ ਹਾਂ।

ਕਾਲਜ ਦੇ ਦਿਨਾਂ ਵਿੱਚ ਮੈਂ ਹਮੇਸ਼ਾਂ ਮੈਨੇਜਮੈਂਟ ਦੇ ਕੋਰਸ ਲੈਣ ਬਾਰੇ ਸੋਚਦਾ ਸਾਂ। ਇਹ ਇੱਛਾ ਪੂਰੀ ਕਰਨ ਲਈ ਮੈਂ ਯੂ. ਕੇ. ਦੀ ਲੀਡਜ਼ ਯੂਨੀਵਰਸਿਟੀ ਵਿੱਚ ਅਰਜ਼ੀ ਭੇਜ ਦਿੱਤੀ ਅਤੇ ਮੇਰਾ ਦਾਖ਼ਲਾ ਵੀ ਹੋ ਗਿਆ। ਮਿਸਟਰ ਆਰ.ਐਨ.ਆਰ. ਗਾਂਧੀ ਮੇਰੇ ਪਿਤਾ ਜੀ ਦੇ ਨਿੱਘੇ ਦੋਸਤ ਸਨ ਅਤੇ ਪਿਤਾ ਜੀ ਬਿਜ਼ਨੈਸ ਤੋਂ ਇਲਾਵਾ ਹਰ ਘਰੇਲੂ ਕੰਮਕਾਜ ਵਿੱਚ ਵੀ ਉਸ ਦੀ ਸਲਾਹ ਲਿਆ ਕਰਦੇ ਸਨ। ਜਦੋਂ ਮੇਰੇ ਯੂ.ਕੇ. ਦੇ ਦਾਖ਼ਲੇ ਬਾਰੇ ਗਾਂਧੀ ਜੀ ਨੂੰ ਦੱਸਿਆ ਗਿਆ ਤਾਂ ਉਸ ਨੇ ਪਿਤਾ ਜੀ ਨੂੰ ਮਸ਼ਵਰਾ ਦਿੱਤਾ ਕਿ ਮੈਨੂੰ ਭਾਰਤ ਵਿੱਚ ਰਹਿ ਕੇ ਚਾਰਟਰਡ ਅਕਾਊਂਟੈਂਟ ਦਾ ਕੋਰਸ ਕਰ ਲੈਣਾ ਚਾਹੀਦਾ ਹੈ। ਗਾਂਧੀ ਦੀ ਰਾਏ ਮੰਨ ਕੇ ਮੈਂ ਆਪਣੀ ਤਿਆਰੀ ਰੋਕ ਲਈ।

ਮੈਂ ਅਜੇ ਵੀ ਮੈਨੇਜਮੈਂਟ ਦੇ ਕੋਰਸ ਲਈ ਇਰਾਦਾ ਪੱਕਾ ਕਰੀ ਬੈਠਾ ਸਾਂ ਜਿਸ ਕਰਕੇ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ (IIM) ਅਹਿਮਦਾਬਾਦ ਵਿੱਚ ਦਾਖ਼ਲੇ ਲਈ ਅਰਜ਼ੀ ਭੇਜ ਦਿੱਤੀ ਜੋ ਅਜੇ ਖੁਲ੍ਹਿਆ ਹੀ ਸੀ। ਉਸ ਜ਼ਮਾਨੇ ਵਿੱਚ ਅਜੇ ਮੈਨੇਜਮੈਂਟ ਦੀ ਪੜ੍ਹਾਈ ਇੰਨੀ ਹਰਮਨ ਪਿਆਰੀ ਨਹੀਂ ਸੀ ਹੋਈ। ਆਈ.ਆਈ.ਐਮ. ਅਹਿਮਦਾਬਾਦ ਦੇ ਡੀਨ ਡਾਕਟਰ ਅਨੰਦ ਸਾਡੇ ਕਾਲਜ ਵਿੱਚ ਇੰਟਰਵੀਊ ਲੈਣ ਆਏ ਅਤੇ ਮੇਰੀ ਦਾਖ਼ਲੇ ਲਈ ਚੋਣ ਹੋ ਗਈ, ਉਹ ਵੀ ਬਗ਼ੈਰ ਕਿਸੇ ਤਰੱਦਦ ਦੇ। ਮੈਂ ਬਹੁਤ ਖ਼ੁਸ਼ ਸਾਂ ਕਿ ਆਪਣੇ ਦੇਸ਼ ਵਿੱਚ ਰਹਿ ਕੇ ਸੁਫ਼ਨਾ ਪੂਰਾ ਕਰ ਲਵਾਂਗਾ, ਜਿਸ ਤਰ੍ਹਾਂ ਮਿਸਟਰ ਗਾਂਧੀ ਵੀ ਚਾਹੁੰਦੇ ਸਨ।

ਮੇਰੇ ਪਿਤਾ ਜੀ ਮਿਸਟਰ ਗਾਂਧੀ ਦੀ ਸਲਾਹ ਮੰਨ ਕੇ ਮੈਨੂੰ ਆਪਣੇ ਦੋਸਤ ਤਰਲੋਚਨ ਸਿੰਘ ਸਾਹਨੀ ਦੀ ਸ਼ਾਗਿਰਦੀ ਹੇਠ ਭੇਜ ਦਿੱਤਾ। ਬਿਨਾਂ ਕਿਸੇ ਹੀਲ ਹੁੱਜਤ ਦੇ ਮੈਂ ਏ.ਐਫ਼. ਫ਼ਰਗੂਸਨ ਐਂਡ ਕੋ ਚਾਰਟਰਡ ਅਕਾਊਂਟੈਂਟ ਦੇ ਬੰਬਈ ਵਾਲੇ ਦਫ਼ਤਰ ਵਿੱਚ ਹਾਜ਼ਰ ਹੋ ਗਿਆ। ਮੇਰਾ ਮੈਨੇਜਮੈਂਟ ਦਾ ਸੁਫ਼ਨਾ ਤਾਂ ਜਾਂਦਾ ਰਿਹਾ ਅਤੇ ਇਸ ਦੀ ਬਜਾਏ

ਅਕਾਊਂਟੈਂਸੀ ਵਿੱਚ ਅੱਪੜ ਗਿਆ। ਭਾਵੇਂ ਉਸ ਸਮੇਂ ਤਾਂ ਮੈਨੂੰ ਖਿੱਝ ਆ ਰਹੀ ਸੀ ਪਰੰਤੂ ਫ਼ਰਗੂਸਨ ਕੰਪਨੀ ਤੋਂ ਲਈ ਸਿੱਖਿਆ ਮੇਰੇ ਜੀਵਨ ਅਤੇ ਬਿਜ਼ਨੈਸ ਲਈ ਬਹੁਤ ਲਾਹੇਵੰਦ ਸਾਬਤ ਹੋਈ ਹੈ। ਉਥੇ ਬਤੀਤ ਕੀਤਾ ਸਮਾਂ ਅਤੇ ਸਿੱਖੇ ਸਬਕ ਮੈਨੂੰ ਇਕ ਵਿਕਸਿਤ ਇਨਸਾਨ ਬਣਾਉਣ ਵਿੱਚ ਸਹਾਈ ਹੋਏ। ਇਸ ਸਮੇਂ ਦੌਰਾਨ ਪ੍ਰਾਪਤ ਕੀਤਾ ਪ੍ਰੈਕਟੀਕਲ ਤਜਰਬਾ ਮੈਨੂੰ ਤਰਾਸ਼ਣ ਲਈ ਬਹੁਮੁੱਲਾ ਸਾਬਤ ਹੋਇਆ।

ਫ਼ਰਗੂਸਨ ਕੰਪਨੀ ਵਿੱਚ ਕੰਮ ਸਿੱਖਦਿਆਂ ਮੈਨੂੰ ਬਿਜ਼ਨੈਸ ਜਗਤ ਦੇ ਮਹਾਂਰਥੀਆਂ ਨਾਲ ਮਿਲ ਬੈਠ ਕੇ ਕੰਮ ਕਰਨ ਦਾ ਮੌਕਾ ਮਿਲਿਆ। ਬਿਜ਼ਨੈਸ ਦੀਆਂ ਘੁਣਤਰਾਂ ਅਤੇ ਉਨ੍ਹਾਂ ਦੀ ਕਾਮਯਾਬੀ ਦੇ ਰਾਜ਼ ਸਮਝਣ ਵਿੱਚ ਸਹਾਇਤਾ ਮਿਲੀ। ਇਸ ਤਰ੍ਹਾਂ ਦਾ ਤਜਰਬਾ ਕਿਸੇ ਇੰਸਟੀਚਿਊਟ ਵਿੱਚੋਂ ਜਾਂ ਕੋਈ ਕਿਤਾਬ ਪੜ੍ਹ ਕੇ ਹਾਸਲ ਨਹੀਂ ਹੋ ਸਕਦਾ ਜੋ ਬਿਜ਼ਨੈਸ ਜਗਤ ਦੀਆਂ ਬਾਰੀਕੀਆਂ ਸਮਝਣ ਲਈ ਜ਼ਰੂਰੀ ਹੁੰਦਾ ਹੈ। ਟਾਟਾ ਅਤੇ ਮਹਿੰਦਰਾ ਜੇਹੀਆਂ ਵੱਡੀਆਂ ਕੰਪਨੀਆਂ ਦੇ ਔਡਿਟ ਕਰਨ ਸਮੇਂ ਮੇਰੇ ਦੇਖਣ-ਪ੍ਰੇਖਣ ਵਿੱਚ ਅਜੇਹੇ ਨੁਕਤੇ ਆਏ ਜੋ ਮੇਰੇ ਲਈ ਆਪਣੇ ਬਿਜ਼ਨੈਸ ਦੇ ਕੰਮ ਆਉਣ ਵਾਲੇ ਸਨ। ਔਡਿਟ ਦੇ ਕੰਮ ਲਈ ਮੈਨੂੰ ਪੂਨੇ ਅਤੇ ਕੋਚੀ ਦੀ ਯਾਤਰਾ ਕਰਨੀ ਪੈਂਦੀ ਸੀ ਜੋ ਇਕ ਮਨਭਾਉਂਦਾ ਤਜਰਬਾ ਸੀ। ਇਸ ਤਰ੍ਹਾਂ ਮੈਨੂੰ ਨਵੀਆਂ ਥਾਵਾਂ ਵੇਖਣ ਅਤੇ ਕਾਮਯਾਬ ਕਾਰੋਬਾਰੀਆਂ ਨਾਲ ਮੇਲ-ਮਿਲਾਪ ਦਾ ਮੌਕਾ ਮਿਲਦਾ। ਮੈਂ ਇਸ ਸ਼ੁਰੂਆਤੀ ਦੌਰ ਦੇ ਹਾਸਲ ਹੋਏ ਤਜਰਬੇ ਤੋਂ ਬਲਿਹਾਰ ਜਾਂਦਾ ਹਾਂ ਜਿਸ ਨੇ ਮੈਨੂੰ ਇਕ ਕਾਮਯਾਬ ਬਿਜ਼ਨੈਸਮੈਨ ਬਣਨ ਵਿੱਚ ਮੱਦਦ ਕੀਤੀ ਹੈ।

ਸਾਡੀ 'ਏ' ਡਵੀਜ਼ਨ ਦਾ ਮੈਨੇਜਰ ਮਿਸਟਰ ਧੋਤੀਵਾਲਾ ਬਹੁਤ ਹੀ ਬਦਮਿਜ਼ਾਜ ਕਿਸਮ ਦਾ ਬੰਦਾ ਸੀ। ਲੋਕ ਉਸ ਤੋਂ ਪਾਸਾ ਵੱਟ ਕੇ ਲੰਘ ਜਾਂਦੇ ਸਨ ਕਿਉਂਕਿ ਉਸ ਦਾ ਮੂਡ ਕਦੇ ਵੀ ਠੀਕ ਨਹੀਂ ਸੀ ਹੁੰਦਾ। ਉਹ ਦਫ਼ਤਰ ਵਿੱਚ ਇਕ ਹਊਆ ਸਮਝਿਆ ਜਾਂਦਾ ਸੀ ਜਿਸ ਕਰਕੇ ਸਭ ਸਖ਼ਤ ਮਿਹਨਤ ਕਰਦੇ ਸਨ ਅਤੇ ਦਿੱਤੇ ਹੋਏ ਕੰਮ ਫੁਰਤੀ ਨਾਲ ਖ਼ਤਮ ਕਰਨਾ ਚਾਹੁੰਦੇ ਸਨ। ਮੈਂ ਵੀ ਉਸ ਤੋਂ ਅੱਖ ਬਚਾ ਕੇ ਲੰਘ ਜਾਂਦਾ ਸਾਂ। ਪਰੰਤੂ ਪਤਾ ਨਹੀਂ ਮੇਰੇ ਲਈ ਉਸ ਦੇ ਮਨ ਵਿੱਚ ਕੁਝ ਮਿਹਰ ਸੀ ਜਿਸ ਕਰਕੇ ਚੰਗੀਆਂ ਕੰਪਨੀਆਂ ਦੇ ਔਡਿਟ ਦਾ ਕੰਮ ਮੈਨੂੰ ਸੌਂਪਿਆ ਜਾਂਦਾ ਸੀ।

ਇਕ ਵਾਕਿਆ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਬੰਬੇ ਦੇ ਮਸ਼ਹੂਰ ਵਿਲਸਨ ਕਾਲਜ ਵਿੱਚ ਮੈਨੂੰ ਮੌਕੇ 'ਤੇ ਕੈਸ਼ (ਨਕਦੀ) ਚੈਕ ਕਰਨ ਲਈ ਭੇਜਿਆ ਗਿਆ। ਕੈਸ਼ੀਅਰ ਇਕ ਬਜ਼ੁਰਗ ਬੰਦਾ ਸੀ ਜਿਸ ਤੋਂ ਮੈਂ ਸਾਰੀ ਨਕਦੀ ਅਤੇ ਕੈਸ਼ ਰਜਿਸਟਰ ਲੈ ਕੇ ਚੈਕ ਕਰਨੇ ਸ਼ੁਰੂ ਕਰ ਦਿੱਤੇ। ਮੈਂ ਉਸ ਬਜ਼ੁਰਗ ਨਾਲ ਨਰਮੀ ਨਾਲ ਪੇਸ਼ ਆਇਆ ਪਰੰਤੂ ਉਸ ਨੂੰ ਅਹਿਸਾਸ ਹੋ ਗਿਆ ਕਿ ਮੈਂ ਚੈਕਿੰਗ ਦੇ ਕੰਮ ਵਿੱਚ ਕੋਈ ਲਿਹਾਜ਼ ਨਹੀਂ ਕਰਨ ਵਾਲਾ। ਜਦੋਂ ਚੈਕਿੰਗ ਪੂਰੀ ਹੋਈ ਤਾਂ ਉਸ ਵੱਲ ਦੋ ਰੁਪਏ ਵਾਧੂ ਨਿਕਲੇ ਜਿਸ ਬਾਰੇ ਮੈਂ ਦਫ਼ਤਰ

ਨੂੰ ਰੀਪੋਰਟ ਪੇਸ਼ ਕਰ ਦਿੱਤੀ। ਬਾਅਦ ਵਿੱਚ ਪਤਾ ਲੱਗਿਆ ਕਿ ਕੈਸ਼ੀਅਰ ਕਾਲਜ ਦੇ ਹਿਸਾਬ-ਕਿਤਾਬ ਵਿੱਚ ਪਹਿਲਾਂ ਵੀ ਗੜਬੜ ਕਰਦਾ ਰਿਹਾ ਹੈ ਜਿਸ ਕਰਕੇ ਮੇਰੀ ਰੀਪੋਰਟ ਨੂੰ ਆਧਾਰ ਬਣਾ ਕੇ ਉਸ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ।

ਮੈਂ ਉਸਦੀ ਨੌਕਰੀ ਚਲੀ ਜਾਣ 'ਤੇ ਆਪਣੇ ਆਪ ਨੂੰ ਕਸੂਰਵਾਰ ਨਹੀਂ ਮੰਨਦਾ ਸੀ ਕਿਉਂਕਿ ਮੈਂ ਆਪਣਾ ਫ਼ਰਜ਼ ਇਮਾਨਦਾਰੀ ਨਾਲ ਪੂਰਾ ਕੀਤਾ ਸੀ। ਹਮਦਰਦੀ ਬਹੁਤ ਚੰਗੀ ਹੈ ਜੇਕਰ ਦੂਜਾ ਬੰਦਾ ਇਸ ਦਾ ਹੱਕਦਾਰ ਹੋਵੇ। ਪਰੰਤੂ ਜੇਕਰ ਤੁਸੀਂ ਫ਼ੰਡਾਂ ਦੀ ਦੁਰਵਰਤੋਂ ਕਰਦੇ ਫੜੇ ਗਏ ਤਾਂ ਤੁਹਾਡੀ ਉਮਰ ਅਤੇ ਹੋਰ ਢੁੱਚਰਾਂ ਕਿਸੇ ਕੰਮ ਨਹੀਂ ਆ ਸਕਦੀਆਂ। ਧੋਖਾਧੜੀ ਨੂੰ ਹੋਰ ਕਿਸੇ ਰੂਪ ਵਿੱਚ ਨਹੀਂ ਵੇਖਿਆ ਜਾ ਸਕਦਾ। ਇਸ ਪਹੁੰਚ ਨੇ ਮੇਰੇ ਜੀਵਨ ਨੂੰ ਚੰਗੀ ਸੇਧ ਦਿੱਤੀ ਹੈ। ਜੇਕਰ ਤੁਸੀਂ ਆਪਣੀ ਪਦਵੀ ਦਾ ਨਜ਼ਾਇਜ ਫ਼ਾਇਦਾ ਉਠਾਉਂਦੇ ਹੋਏ ਪਕੜੇ ਗਏ ਤਾਂ ਤੁਹਾਨੂੰ ਇਸ ਦਾ ਖ਼ਮਿਆਜ਼ਾ ਹਰ ਹਾਲਤ ਵਿੱਚ ਭੁਗਤਣਾ ਪਵੇਗਾ ਕਿਉਂਕਿ ਮੁਆਫ਼ੀ ਮੰਗਣ ਨਾਲ ਖਹਿੜਾ ਨਹੀਂ ਛੁੱਟ ਸਕਦਾ।

ਵਿਲਸਨ ਕਾਲਜ ਦੀ ਘਟਨਾ ਤੋਂ ਮੈਨੂੰ ਇਕ ਹੋਰ ਸਬਕ ਵੀ ਮਿਲਿਆ । ਜੇਕਰ ਚੈਕਿੰਗ ਤੋਂ ਬਾਅਦ ਕੈਸ਼ ਦੀ ਕਮੀ ਨਿਕਲੇ ਤਾਂ ਇਹ ਕਿਸੇ ਗ਼ਲਤੀ ਦਾ ਨਤੀਜਾ ਹੋ ਸਕਦਾ ਹੈ ਪਰੰਤੂ ਜੇਕਰ ਕੈਸ਼ ਦੀ ਰਾਸ਼ੀ ਰਜਿਸਟਰ ਦੀ ਐਂਟਰੀ ਤੋਂ ਵਾਧੂ ਨਿਕਲੇ ਤਾਂ ਇਸ ਨੂੰ ਹੇਰਾਫੇਰੀ ਮੰਨਣਾ ਪਵੇਗਾ। ਭਾਵੇਂ ਇਹ ਦੋ ਰੁਪਏ ਦੀ ਹੇਰਾਫੇਰੀ ਦਾ ਮਸਲਾ ਸੀ ਪਰੰਤੂ ਇਸ ਤੋਂ ਕੈਸ਼ੀਅਰ ਦੇ ਚਰਿੱਤਰ ਦਾ ਪਤਾ ਲੱਗ ਗਿਆ ਅਤੇ ਭਵਿੱਖ ਵਿੱਚ ਕਾਲਜ ਕਿਸੇ ਵੱਡੇ ਘਪਲੇ ਤੋਂ, ਬੱਚ ਗਿਆ। ਜੇਕਰ ਮੈਂ ਉਸ ਦੀ ਵੱਡੀ ਉਮਰ ਅਤੇ ਤਰਲੇ ਮਿੰਨਤ ਤੋਂ ਪਸੀਜ਼ ਜਾਂਦਾ ਤਾਂ ਮੈਂ ਆਪਣੀ ਡਿਊਟੀ ਵਿੱਚ ਕੁਤਾਹੀ ਕਰ ਰਿਹਾ ਹੁੰਦਾ ਅਤੇ ਇਕ ਚੋਰ ਦੀ ਹੌਂਸਲਾ-ਅਫ਼ਜ਼ਾਈ ਕਰਨ ਦਾ ਭਾਗੀ ਬਣਦਾ।

ਜੇਕਰ ਤੁਸੀਂ ਜੁਰਮ ਕਰਦੇ ਹੋ ਤਾਂ ਇਸ ਦੀ ਸਜ਼ਾ ਭੁਗਤਣ ਲਈ ਤਿਆਰ ਰਹੋ। ਮੇਰੇ ਪੰਜਾਹ ਸਾਲ ਦੇ ਬਿਜ਼ਨੈਸ ਤਜਰਬੇ ਵਿੱਚ ਇਸ ਕਥਨ ਦੀ ਪੁਸ਼ਟੀ ਹੋਈ ਹੈ। ਜੇਕਰ ਮੇਰੇ ਕਿਸੇ ਕਾਰਿੰਦੇ ਨੂੰ ਮੱਦਦ ਦੀ ਲੋੜ ਪੈਂਦੀ ਹੈ ਤਾਂ ਝੱਟ ਹਾਜ਼ਰ ਹੋ ਜਾਂਦਾ ਹਾਂ। ਪਰੰਤੂ ਜੇਕਰ ਤੁਸੀਂ ਘਟੀਆ ਕੰਮ ਕਰਦੇ ਹੋ ਅਤੇ ਆਪਣੇ ਸਾਥੀਆਂ ਤੇ ਕੰਪਨੀ ਨੂੰ ਧੋਖਾ ਦੇਣ ਵਿੱਚ ਹੀ ਲੱਗੇ ਰਹਿੰਦੇ ਹੋ ਤਾਂ ਇਕ ਦਿਨ ਰੰਗੇ ਹੱਥੀਂ ਫੜੇ ਜਾਣ 'ਤੇ ਕੋਈ ਵੀ ਤੁਹਾਡੇ ਉਪਰ ਮਿਹਰ ਨਹੀਂ ਕਰੇਗਾ। ਜੇਕਰ ਐਸੇ ਕਾਰਿੰਦੇ ਦੀਆਂ ਭੁੱਲਾਂ ਬਖ਼ਸ਼ਣ ਲੱਗ ਪਏ ਤਾਂ ਤੁਹਾਡਾ ਬਿਜ਼ਨੈਸ ਤਾਸ਼ ਦੇ ਪੱਤਿਆਂ ਵਾਂਗ ਢਹਿ ਢੇਰੀ ਹੋ ਜਾਵੇਗਾ।

ਅਕਾਊਂਟਿੰਗ ਕੰਪਨੀ ਦੀ ਸ਼ਾਗਿਰਦੀ ਕਰ ਰਹੇ ਕਲਰਕਾਂ ਵਾਂਗ ਸਾਡੀ ਖ਼ੂਬ ਭੁਗਤ ਸਵਾਰੀ ਜਾਂਦੀ ਸੀ ਅਤੇ ਖੋਤੇ ਵਾਂਗ ਕੁੱਟ ਕੇ ਕੰਮ ਲਿਆ ਜਾਂਦਾ ਸੀ। ਅਸੀਂ ਆਪਣੀ ਕੰਪਨੀ ਦੇ ਮੈਨੇਜਰਾਂ ਦੇ ਰਹਿਮੋ-ਕਰਮ ਉਪਰ ਜੀਅ ਰਹੇ ਸਾਂ ਜੋ ਸਾਥੋਂ ਸੋਲ੍ਹਾਂ

ਸੋਲ੍ਹਾਂ ਘੰਟੇ ਕੰਮ ਲੈਂਦੇ ਸਨ। ਕੰਮ ਤੋਂ ਥੱਕੇ ਟੁੱਟੇ ਮੁੜਦੇ ਸਾਂ ਅਤੇ ਬਿਸਤਰ ਉਪਰ ਲੰਮਲੇਟ ਹੋ ਜਾਂਦੇ ਸਾਂ। ਬੰਬੇ ਦੀਆਂ ਰੰਗ-ਰਲੀਆਂ ਸਾਡੇ ਲਈ ਕੋਈ ਮਾਅਨਾ ਨਹੀਂ ਰੱਖਦੀਆਂ ਸਨ ਅਤੇ ਅਸੀਂ ਕਿਸੇ ਦਿਲ ਪ੍ਰਚਾਵੇ ਵਿੱਚ ਸ਼ਾਮਲ ਨਹੀਂ ਹੁੰਦੇ ਸਾਂ। ਮੈਂ ਇਸ ਕਰੜੀ ਤਪੱਸਿਆ ਤੋਂ ਦੁਖੀ ਨਹੀਂ ਸਾਂ ਬਲਕਿ ਕੰਮ ਦੇ ਦਬਾਅ ਨੇ ਮੇਰੇ ਅੰਦਰ ਊਰਜਾ ਪੈਦਾ ਕਰ ਦਿੱਤੀ। ਘੰਟਿਆਂ ਬੱਧੀ ਸਫ਼ਰ ਦੇ ਬਾਅਦ ਮੈਂ ਥੋੜਾ ਨੀਂਦ ਦਾ ਝੌਂਕਾ ਲਾ ਕੇ ਕੰਮ ਲਈ ਤਾਜ਼ੋ ਤਰ ਮਹਿਸੂਸ ਕਰਦਾ ਹਾਂ। ਮੇਰੀ ਇਹ ਤਰਕੀਬ ਬਾਕੀ ਕਾਰੋਬਾਰੀਆਂ ਉਪਰ ਭਾਰੀ ਪੈਂਦੀ ਹੈ ਜੋ ਥਕੇਵੇਂ ਅਤੇ ਨੀਂਦ ਦੇ ਹੰਭੇ ਹੁੰਦੇ ਹਨ।

ਮੈਂ ਕੰਮ ਸਿੱਖਣ ਦਾ ਚਾਹਵਾਨ ਸਾਂ ਜਿਸ ਕਰਕੇ ਸਖ਼ਤ ਮਿਹਨਤ ਕਰਨੀ ਪਈ। ਮੈਂ ਹੋਰਨਾਂ ਨੂੰ ਵੀ ਇਹ ਮਸ਼ਵਰਾ ਦਿੰਦਾ ਹਾਂ ਕਿ ਮਿਹਨਤ ਕਰਕੇ ਆਪਣਾ ਸਟੈਮਿਨਾ ਵਧਾਉ ਅਤੇ ਆਪਣੀ ਮੰਜ਼ਿਲ 'ਤੇ ਪਹੁੰਚਣ ਦੇ ਮੌਕੇ ਪੈਦਾ ਕਰੋ। ਅੱਜ ਉਸ ਮਿਹਨਤ ਨੂੰ ਯਾਦ ਕਰ ਕੇ ਮੇਰੇ ਮਨ ਵਿੱਚ ਰੋਸ ਦੀ ਜਗ੍ਹਾ ਸ਼ੁਕਰਾਨੇ ਦੀ ਭਾਵਨਾ ਪੈਦਾ ਹੁੰਦੀ ਹੈ। ਹੋਰਨਾਂ ਵਾਂਗ ਮੈਂ ਅਵਾਰਾਗਰਦੀ ਵਿੱਚ ਨਹੀਂ ਪਿਆ ਭਾਵੇਂ ਮੇਰੇ ਬੂਹੇ ਉਤੇ ਖ਼ਾਹਸ਼ਾਂ ਦਸਤਕ ਦੇਂਦੀਆਂ ਰਹੀਆਂ। ਮੈਂ ਆਪਣੇ ਮਨ ਨੂੰ ਤਸੱਲੀ ਦੇਣੀ, ਸੁਰਿੰਦਰ ਸਿੰਘ ਹੁਣ ਸਮਾਂ ਜ਼ਾਇਆ ਨਾ ਕਰ, ਤੇਰੇ ਲਈ ਮੌਜ ਮਸਤੀ ਲਈ ਸਾਰੀ ਉਮਰ ਪਈ ਹੈ।

ਇਕ ਹੋਰ ਚੰਗਿਆਈ ਜੋ ਮੇਰੇ ਹੱਕ ਵਿੱਚ ਭੁਗਤੀ, ਮੇਰੀ ਸਫ਼ਰ ਕਰਨ ਦੀ ਪ੍ਰਬਲ ਇੱਛਾ ਸ਼ਕਤੀ ਸੀ। ਬਾਕੀ ਸਾਥੀ ਸਫ਼ਰ ਤੋਂ ਕਤਰਾਉਂਦੇ ਸਨ ਜਿਸ ਕਰਕੇ ਕੰਪਨੀ ਦਾ ਧੋਤੀਵਾਲਾ ਮੈਨੇਜਰ ਔਡਿਟ ਦੇ ਕੰਮ ਲਈ ਮੇਰੀ ਚੋਣ ਕਰਦਾ ਕਿਉਂਕਿ ਉਹ ਜਾਣਦਾ ਸੀ ਕਿ ਮੈਂ ਚੰਗੇ ਨਤੀਜੇ ਪੇਸ਼ ਕਰਾਂਗਾ। ਉਨ੍ਹਾਂ ਦਿਨਾਂ ਵਿੱਚ ਮੈਨੂੰ 60 ਰੁਪਏ ਮਹੀਨਾ ਵਜ਼ੀਫ਼ਾ ਮਿਲਦਾ ਸੀ ਜੋ ਗੁਜ਼ਾਰੇ ਲਈ ਕਾਫ਼ੀ ਸੀ। ਮੈਂ ਹਰ ਮਹੀਨੇ ਇਕ ਨਵੀਂ ਕਮੀਜ਼ ਖ਼ਰੀਦ ਲੈਂਦਾ ਸਾਂ। ਜਵਾਨੀ ਦੇ ਅਣਜਾਣਪੁਣੇ ਦੇ ਦਿਨਾਂ ਵਿੱਚ ਮੈਂ ਹਰ ਉਮਰ ਦੇ ਕਈ ਨਵੇਂ ਦੋਸਤ ਬਣਾਏ ਅਤੇ ਉਨ੍ਹਾਂ ਦੇ ਚੰਗੇ ਮਾੜੇ ਅਨੁਭਵਾਂ ਤੋਂ ਜਾਣੂ ਹੋਇਆ। ਉਨ੍ਹਾਂ ਦੇ ਮਾੜੇ ਅਨੁਭਵ ਤੋਂ ਸਿੱਖਿਆ ਲੈ ਕੇ ਆਪਣੇ ਭਵਿੱਖ ਦੀ ਚੰਗੀ ਸੰਭਾਵਨਾ ਦਾ ਤਕਾਜ਼ਾ ਲਗਾਇਆ।

ਮੇਰੇ ਪਿਤਾ ਜੀ ਉਡੀਕ ਰਹੇ ਸਨ ਕਿ ਮੈਂ ਫ਼ਰਗੂਸਨ ਕੰਪਨੀ ਤੋਂ ਟ੍ਰੇਨਿੰਗ ਲੈ ਕੇ ਵਾਪਸ ਪਰਤਾਂ ਅਤੇ ਉਨ੍ਹਾਂ ਦੇ ਬਿਜ਼ਨੈਸ ਵਿੱਚ ਭਾਗੀਦਾਰ ਬਣਾਂ। ਉਹ ਆਪਣਾ ਬਿਜ਼ਨੈਸ ਵਧਾ ਰਹੇ ਸਨ। ਵਿਜੇਵਾੜਾ ਤੋਂ ਬਾਹਰ ਗੁੰਨਟੂਰ, ਹੈਦਰਾਬਾਦ ਅਤੇ ਮਦਰਾਸ ਵਿੱਚ ਵੀ ਬਰਾਂਚਾਂ ਖੋਲ੍ਹ ਰੱਖੀਆਂ ਸਨ। ਦੱਖਣੀ ਭਾਰਤ ਵਿੱਚ ਕੰਧਾਰੀ ਪ੍ਰੀਵਾਰ ਦਾ ਟਾਇਰ ਇੰਡਸਟਰੀ ਵਿੱਚ ਨਾਮ ਚਮਕਣ ਲੱਗਾ ਸੀ। ਪਿਤਾ ਜੀ ਇਸ ਖਿੱਤੇ ਵਿੱਚ ਆਪਣੀ ਪੈੜ ਪਾ ਰਹੇ ਸਨ।

— 0 —

4

# ਮੇਰੇ ਬਾਪ ਦਾ ਪੁੱਤਰ ਜਿਸ ਨੂੰ ਉਦਮ ਦੀ ਵਿਰਾਸਤ ਮਿਲੀ

19 ਜਨਵਰੀ 1969 ਮੇਰੀ ਜ਼ਿੰਦਗੀ ਦਾ ਇਕ ਮਹਾਨ ਦਿਨ ਹੋ ਨਿਬੜਿਆ । ਮੈਂ ਹੁਣ ਬਾਲ਼ਗ ਹੋ ਚੁੱਕਾ ਸਾਂ ਅਤੇ ਆਪਣੇ ਬਾਪ ਦਾ ਪੁੱਤਰ ਬਣ ਗਿਆ ਸਾਂ। ਮੇਰਾ ਆਪਣੇ ਬਾਪ ਦੇ ਕਾਰੋਬਾਰ ਵਿੱਚ ਇਹ ਪਹਿਲਾ ਦਿਨ ਸੀ ਅਤੇ ਬ਼ਗੈਰ ਬੋਲਿਆਂ ਮੈਨੂੰ ਦੱਸਿਆ ਗਿਆ ਕਿ ਇਸ ਦੇ ਆਦਰਸ਼ ਉਪਰ ਖਰਾ ਉਤਰਨਾ ਹੈ। ਮੈਨੂੰ ਹੈਦਰਾਬਾਦ ਵਿੱਚ ਖੋਹਲੀ ਬ੍ਰਾਂਚ ਦਾ ਕੰਮ ਸੌਂਪਿਆ ਗਿਆ। ਦੱਖਣੀ ਭਾਰਤ ਵਿੱਚ ਹਰਬੰਸ ਸਿੰਘ ਕੰਧਾਰੀ ਟਾਇਰ ਕਿੰਗ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਮੈਂ ਫ਼ਖ਼ਰ ਮਹਿਸੂਸ ਕਰਦਾ ਸਾਂ ਕਿ ਮੇਰਾ ਜਨਮ 'ਮੂੰਹ ਵਿੱਚ ਚਾਂਦੀ ਦੇ ਚਮਚੇ' ਨਾਲ ਹੋਇਆ ਅਤੇ ਮੈਨੂੰ ਟਾਇਰਾਂ ਦੇ ਬਿਜ਼ਨੈਸ ਵਿੱਚ ਸ਼ਾਮਲ ਹੋਣ ਲਈ ਕੋਈ ਤਰੱਦਦ ਨਹੀਂ ਕਰਨੀ ਪਈ।

ਮੇਰੀ ਬਿਜ਼ਨੈਸ ਟ੍ਰੇਨਿੰਗ ਆਪਣੇ ਬਾਪ ਦੀ ਦੇਖ-ਰੇਖ ਵਿੱਚ ਸਕੂਲ ਦੇ ਸਮੇਂ ਹੀ ਸ਼ੁਰੂ ਹੋ ਗਈ। ਹੈਦਰਾਬਾਦ ਤੋਂ ਹਾਈ ਸਕੂਲ ਦੀ ਪੜ੍ਹਾਈ ਖ਼ਤਮ ਕਰ ਕੇ ਮੈਂ ਵਿਜੇਵਾੜਾ ਪਰਤ ਆਇਆ। ਕਾਲਜ ਦਾਖ਼ਲ ਹੋਣ ਤੱਕ ਤਿੰਨ ਮਹੀਨੇ ਛੁੱਟੀਆਂ ਸਨ। ਮੇਰੇ ਪਿਤਾ ਜੀ ਨੇ ਮੈਨੂੰ ਆਂਧਰਾ ਦੇ ਤੱਟੀ ਸ਼ਹਿਰਾਂ ਵਿੱਚ ਸੈਂਕੀ ਰਿਮ ਵੇਚਣ ਲਈ ਆਟੋਪਾਰਟਸ ਡੀਲਰ ਕੋਲ ਭੇਜਿਆ। ਮੇਰਾ ਪਿਤਾ ਹਰਬੰਸ ਸਿੰਘ ਜੀ ਆਟੋ ਟਰੇਡ ਵਿੱਚ ਅੱਗੇ ਹੀ ਮਸ਼ਹੂਰ ਸਨ, ਜਦੋਂ ਜਾਣ-ਪਹਿਚਾਣ ਲਈ ਪਿਤਾ ਜੀ ਦਾ ਹਵਾਲਾ ਦੇਂਦਾ ਤਾਂ ਮੈਨੂੰ ਸਭ ਵਲੋਂ ਜੀ ਆਇਆਂ ਆਖਿਆ ਜਾਂਦਾ। ਇਸ ਪਹਿਲੇ ਦੌਰੇ ਵਿੱਚ 250 ਰਿਮ ਵੇਚ ਕੇ ਮੁੜਿਆ ਤਾਂ ਪਿਤਾ ਜੀ ਨੇ ਦੂਸਰੇ ਟਰਿੱਪ ਲਈ ਆਂਧਰਾ ਦੇ ਰਾਇਲਸੀਮਾ ਇਲਾਕੇ ਵੱਲ ਭੇਜਿਆ। ਇਸ ਤਜਰਬੇ ਤੋਂ ਬਾਅਦ ਮੇਰਾ ਆਟੋ ਪਾਰਟਸ ਤੋਂ ਸ਼ੁਰੂ ਹੋ ਕੇ ਟਾਇਰਾਂ ਦੇ ਬਿਜ਼ਨੈਸ ਲਈ ਯਾਤਰਾ ਸ਼ੁਰੂ ਹੋ ਗਈ। ਇਹ 1962 ਦਾ ਸਾਲ ਸੀ ਜਦੋਂ ਮੈਂ ਹੈਦਰਾਬਾਦ ਪਬਲਿਕ ਸਕੂਲ ਤੋਂ ਪੜ੍ਹਾਈ ਕਰ ਕੇ ਮੁੜਿਆ ਹੀ ਸੀ ।

ਟਾਇਰਾਂ ਦਾ ਬਿਜ਼ਨੈਸ ਕੋਈ ਰਾਕਟ ਵਿਗਿਆਨ ਤਾਂ ਨਹੀਂ ਸੀ। ਵੇਚਣ ਅਤੇ ਖ਼ਰੀਦਣ ਵਾਲਿਆਂ ਦੀ ਮੰਡੀ ਸੀ। ਮੇਰੇ ਪਿਤਾ ਜੀ ਦਿੱਲੀ ਦੀ ਇਕ ਫ਼ਰਮ 'ਬੈਰਮ ਟਾਇਰਜ਼' ਤੋਂ ਟਾਇਰ ਖ਼ਰੀਦ ਕੇ ਵਿਜੇਵਾੜਾ ਵਿੱਚ ਵੇਚਿਆ ਕਰਦੇ ਸਨ। ਭਾਰਤ ਵਿੱਚ ਸਿਰਫ਼ ਦੋ ਕੰਪਨੀਆਂ, ਡੱਨਲਪ ਅਤੇ ਫ਼ਾਇਰਸਟੋਨ, ਹੀ ਟਾਇਰ ਬਣਾਉਂਦੀਆਂ ਸਨ। ਬਾਅਦ ਵਿੱਚ ਕਈ ਹੋਰ ਕੰਪਨੀਆਂ ਨੇ ਟਾਇਰਾਂ ਦਾ ਕੰਮ ਸ਼ੁਰੂ ਕਰ ਦਿੱਤਾ।

ਜਿਵੇਂ ਕਿ ਗੁੱਡਈਅਰ, ਸੀਅਟ, ਮੋਦੀ, ਐਮ.ਆਰ.ਐਫ., ਜੇ.ਜੇ. ਅਤੇ ਅਪੋਲੋ। ਅਪੋਲੋ ਨੇ ਪਰੀਮੀਅਰ ਟਾਇਰ ਕੰਪਨੀ ਖ਼ਰੀਦ ਕੇ ਆਪਣੇ ਪੈਰ ਭਾਰਤ ਤੋਂ ਬਾਹਰ ਵੀ ਪਸਾਰਨੇ ਸ਼ੁਰੂ ਕਰ ਦਿੱਤੇ।

ਟਾਇਰ ਇੰਡਸਟਰੀ ਵਿੱਚ ਬਹੁਤ ਪੜ੍ਹੇ-ਲਿਖੇ ਆਉਣ ਤੋਂ ਕਤਰਾਉਂਦੇ ਸਨ। ਬਹੁਤੇ ਲੋਕ ਡਾਕਟਰ ਅਤੇ ਇੰਜੀਨੀਅਰ ਬਨਣਾ ਚਾਹੁੰਦੇ ਸਨ ਜਾਂ ਮੈਨੇਜਮੈਂਟ ਦਾ ਕੋਰਸ। ਮੈਂ ਆਪਣੇ ਲਈ ਹਟਵਾਂ ਰਾਹ ਚੁਣਿਆ ਅਤੇ ਆਪਣੇ ਪਿਤਾ ਪੁਰਖੀ ਕਾਰੋਬਾਰ ਵੱਲ ਕਿਸ਼ਤੀ ਠੇਲ ਦਿੱਤੀ। ਮੈਂ ਚਾਹੁੰਦਾ ਸੀ ਆਪਣੇ ਪ੍ਰੀਵਾਰ ਦੇ ਕਾਰੋਬਾਰ ਵਿੱਚ ਚੰਗੇ ਪੜ੍ਹੇ-ਲਿਖੇ ਬੰਦੇ ਭਰਤੀ ਕਰਾਂ ਅਤੇ ਟਾਇਰ ਇੰਡਸਟਰੀ ਨੂੰ ਨਵੀਆਂ ਲੀਹਾਂ 'ਤੇ ਤੋਰਾਂ। ਮੈਂ ਦਿਲ ਦੀ ਬਜਾਏ ਆਪਣੇ ਮਨ ਦੇ ਵਿਚਾਰਾਂ ਨੂੰ ਪਹਿਲ ਦਿੱਤੀ ਅਤੇ ਨਵੀਆਂ ਪਿਰਤਾਂ ਪਾਉਣ ਦੀ ਠਾਣ ਲਈ। ਲੋਕੀਂ ਬਿਜ਼ਨੈਸ ਵਿੱਚ ਬਣੇ ਬਣਾਏ ਮਾਡਲ ਵਰਤ ਰਹੇ ਸਨ ਪਰੰਤੂ ਮੈਂ ਟਾਇਰਾਂ ਦੇ ਬਿਜ਼ਨੈਸ ਵਿੱਚ ਨਵੀਂ ਰੂਹ ਫੂਕਣਾ ਚਾਹੁੰਦਾ ਸਾਂ। ਅਜੇ ਤੱਕ ਇਹ ਵਿਉਪਾਰ ਨਿੱਜੀ ਰਿਸ਼ਤਿਆਂ ਉਪਰ ਟਿਕਿਆ ਹੋਇਆ ਸੀ। ਮੈਂ ਇਸ ਨੂੰ ਧੌਣ ਤੋਂ ਪਕੜ ਕੇ ਵੀਹਵੀਂ ਸਦੀ ਦੇ ਪਿਛਲੇ ਅੱਧ ਦੇ ਹਾਣ ਦਾ ਬਣਾਉਣਾ ਚਾਹੁੰਦਾ ਸੀ। ਮੇਰੇ ਤਜਰਬੇ ਤੋਂ ਸਾਡੀ ਕੰਪਨੀ ਦੇ ਪੁਰਾਣੇ ਕਾਰਿੰਦੇ ਵੀ ਖਿੱਝ ਰਹੇ ਸਨ ਕਿ ਇਹ ਕਿਸ ਪਾਸੇ ਤੁਰ ਪਿਆ ਹੈ। ਉਹ ਮੇਰੀ ਸਕੀਮ ਦੀ ਕਦਰ ਕਰਨ ਦੇ ਸਮਰੱਥ ਨਹੀਂ ਸਨ। ਜਦੋਂ ਕਾਮਯਾਬੀ ਮਿਲਣ ਲੱਗੀ ਤਾਂ ਉਹ ਵੀ ਮੇਰੇ ਪ੍ਰਸ਼ੰਸਕ ਬਣ ਗਏ।

ਪ੍ਰਮਾਤਮਾ ਮੇਰੇ ਨਾਲ ਸੀ, ਉਸ ਦਾ ਹੱਥ ਮੇਰੀ ਕੰਡ 'ਤੇ ਸੀ। ਮੈਂ ਹਮੇਸ਼ਾਂ ਮਹਿਸੂਸ ਕਰਦਾ ਸਾਂ ਕਿ ਕੋਈ ਮਹਾਨ ਸ਼ਕਤੀ ਮੈਨੂੰ ਕਾਮਯਾਬ ਹੋਣ ਲਈ ਬਲ ਪ੍ਰਦਾਨ ਕਰਦੀ ਰਹੀ ਹੈ। ਇਸ ਕਾਮਯਾਬੀ ਦਾ ਰਾਜ਼ ਮਾਇਕ ਲੋੜਾਂ ਦੀ ਪੂਰਤੀ ਹੀ ਨਹੀਂ ਬਲਕਿ ਇੰਡਸਟਰੀ ਨੂੰ ਉਸ ਬੁਲੰਦੀ 'ਤੇ ਲਿਜਾਣਾ ਹੈ ਜਿੱਥੇ ਕਦੇ ਕਿਆਸ ਵੀ ਨਹੀਂ ਕੀਤਾ ਗਿਆ ਸੀ।

ਭਾਵੇਂ ਮੈਂ ਉਮਰ ਵਿੱਚ ਸਭ ਤੋਂ ਛੋਟਾ ਟਾਇਰਾਂ ਦਾ ਵਪਾਰੀ ਸਾਂ ਪਰੰਤੂ ਮੇਰੇ ਤੋਂ ਵੱਡੀ ਉਮਰ ਦੇ ਵਪਾਰੀ ਮੇਰੀ ਸਹਾਇਤਾ ਕਰਦੇ ਸਨ। ਉਹ ਮੈਨੂੰ ਆਪਣੇ ਹਾਣ ਦਾ ਸਮਝ ਕੇ ਪਿਆਰ ਕਰਦੇ ਸਨ। ਮੇਰੇ ਦਾਦਾ ਜੀ ਨੇ ਸਿੱਖਿਆ ਦੇ ਰੱਖੀ ਸੀ ਕਿ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨਾ ਬਣਦਾ ਹੈ। ਜੇਕਰ ਅਦਬ ਅਤੇ ਸਤਿਕਾਰ ਨਾਲ ਸਭ ਦਾ ਕੰਮ ਸਰ ਜਾਂਦਾ ਹੈ ਤਾਂ ਇਸ ਰਾਹ ਉਪਰ ਚੱਲਣ ਵਿੱਚ ਕੀ ਹਰਜ ਹੈ। ਹੌਲੀ ਹੌਲੀ ਇਹ ਤੁਹਾਡਾ ਸੁਭਾਅ ਹੀ ਬਣ ਜਾਂਦਾ ਹੈ। ਚੰਗਾ ਸਲੀਕਾ ਅਤੇ ਨਜ਼ਾਕਤ ਨਾਲ ਪੇਸ਼ ਆਉਣਾ ਕੋਈ ਕੀਮਤ ਨਹੀਂ ਮੰਗਦਾ ਪਰੰਤੂ ਇਸ ਦੇ ਪ੍ਰਣਾਮ ਵੱਡ ਅਕਾਰੀ ਹੁੰਦੇ ਹਨ। ਪਿਤਾ ਜੀ ਵੀ ਤਾੜਨਾ ਕਰਦੇ ਸਨ ਕਿ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰੋ ਅਤੇ ਉਨ੍ਹਾਂ ਤੋਂ ਸਿੱਖਿਆ ਪ੍ਰਾਪਤ ਕਰੋ।

ਮੈਂ ਆਪਣੇ ਪਿਤਾ ਜੀ ਦੀ ਨਸਹੀਤ ਮੰਨ ਕੇ ਚੱਲਦਾ ਰਿਹਾ ਅਤੇ ਕਦੇ ਵੀ ਉਹਨਾਂ ਦੀਆਂ ਕਦਰਾਂ-ਕੀਮਤਾਂ 'ਤੇ ਕਿੰਤੂ ਪ੍ਰੰਤੂ ਨਹੀਂ ਕੀਤਾ। ਇਸ ਸਿੱਖਿਆ ਉਪਰ ਚੱਲਣ ਦਾ ਇਹ ਸਿੱਟਾ ਨਿਕਲਿਆ ਕਿ ਇੰਡਸਟਰੀ ਦੇ ਟਾਇਰ ਵਿਉਪਾਰੀ ਮੈਨੂੰ ਆਪਣਾ ਪਿਛਲੱਗ ਸਮਝਣ ਲੱਗ ਪਏ ਅਤੇ ਬਿਜ਼ਨੈਸ ਦੀਆਂ ਬਾਰੀਕੀਆਂ ਬਾਰੇ ਮੈਨੂੰ ਸਿੱਖਿਆ ਦੇਣ ਲਈ ਰਾਜ਼ੀ ਹੋ ਗਏ। ਮੇਰੀ ਹੈਰਾਨੀ ਹੋਈ ਜਦੋਂ ਉਹਨਾਂ ਨੇ ਮੈਨੂੰ ਆਪਣੀ ਅਸੋਸੀਏਸ਼ਨ (ਸੰਸਥਾ) ਦਾ ਪ੍ਰਧਾਨ ਸਵੀਕਾਰ ਕਰ ਲਿਆ। ਇਕ ਨਵੇਂ ਸਿਖਾਂਦਰੂ ਨੂੰ ਸਰਬ ਸੰਮਤੀ ਨਾਲ ਆਪਣੀ ਸੰਸਥਾ ਦਾ ਪ੍ਰਧਾਨ ਥਾਪ ਦੇਣਾ ਸਿੱਧ ਕਰਦਾ ਹੈ ਕਿ ਮੈਂ ਆਪਣੇ ਰਸਤੇ 'ਤੇ ਠੀਕ ਚੱਲ ਰਿਹਾ ਸਾਂ।

ਮੇਰੀ ਦਲੀਲ ਦਾ ਆਧਾਰ ਹੈ ਕਿ ਸੀਨੀਅਰ ਲੋਕਾਂ ਨੇ ਆਪਣੇ ਜੀਵਨ ਵਿੱਚ ਕਈ ਤਜਰਬੇ ਗ੍ਰਹਿਣ ਕੀਤੇ ਹੁੰਦੇ ਹਨ ਜਿਸ ਤੋਂ ਸਿੱਖਿਆ ਲਈ ਜਾ ਸਕਦੀ ਹੈ। ਮੈਂ ਇਸ ਤੱਥ ਨੂੰ ਇਕ ਸਮੀਕਰਣ ਸਮਝ ਕੇ ਅਮਲ ਕਰਦਾ ਰਿਹਾ। ਮੇਰੇ ਸੁਭਾਅ ਦਾ ਇਕ ਹੋਰ ਵਿਸ਼ੇਸ਼ ਗੁਣ ਹੈ ਸੁਣਨ ਦੀ ਆਦਤ। ਮੈਂ ਹਮੇਸ਼ਾਂ ਆਪਣੇ ਅੰਦਰ ਦੀ ਆਵਾਜ਼ ਸੁਣਦਾ ਹਾਂ ਅਤੇ ਇਸ ਉਪਰ ਵਿਚਾਰ ਕਰਦਾ ਹਾਂ। ਦੂਸਰਿਆਂ ਦੀਆਂ ਆਵਾਜ਼ਾਂ ਸੁਣ ਕੇ ਉਸ ਵਿੱਚੋਂ ਆਪਣੀ ਬੁੱਧੀ ਅਨੁਸਾਰ ਲੋੜ ਦੀਆਂ ਗੱਲਾਂ ਸਾਂਭ ਲੈਂਦਾ ਹਾਂ। ਮੇਰਾ ਪੱਕਾ ਵਿਸ਼ਵਾਸ ਹੈ ਕਿ ਮਨੁੱਖ ਜਾਤੀ ਦੇ ਬਹੁਤੇ ਲੋਕ ਆਪਣੇ ਆਸ਼ੇ ਵਿੱਚ ਇਸ ਕਰਕੇ ਕਾਮਯਾਬ ਨਹੀਂ ਹੁੰਦੇ ਕਿਉਂਕਿ ਉਹ ਸਬਰ ਨਾਲ ਸੁਣਨ ਦੀ ਆਦਤ ਨਹੀਂ ਰੱਖਦੇ। ਪਿੱਛੋਂ ਅਫ਼ਸੋਸ ਕਰਦੇ ਹਨ ਅਤੇ ਝੂਰਦੇ ਹੋਏ ਕਹਿੰਦੇ ਹਨ, 'ਜੇਕਰ ਮੈਂ ਠੀਕ ਤਰ੍ਹਾਂ ਸੁਣਿਆ ਹੁੰਦਾ'।

ਮੈਂ ਸੁਣਨ ਦੀ ਆਦਤ ਦਾ ਐਸਾ ਸ਼ੌਕੀਨ ਹੋ ਗਿਆ ਕਿ ਮੀਟਿੰਗਾਂ ਵਿੱਚ, ਚਾਹੇ ਵੱਡੇ ਗੁਰੱਪਾਂ ਦੀਆਂ ਹੋਣ ਜਾਂ ਛੋਟੇ ਪੱਧਰ ਦੀਆਂ, ਇਸ ਅਸੂਲ ਦੀ ਪਾਲਣਾ ਕਰਦਾ ਰਿਹਾ। ਮੈਂ ਸ਼ੁਕਰਗੁਜ਼ਾਰ ਹਾਂ ਕਿ ਸੁਣਨ ਦੀ ਆਦਤ ਨੇ ਮੈਨੂੰ ਜੀਵਨ ਦੇ ਹਰ ਖੇਤਰ ਵਿੱਚ ਸਫਲਤਾ ਪ੍ਰਦਾਨ ਕੀਤੀ ਹੈ, ਚਾਹੇ ਉਹ ਬਿਜ਼ਨੈਸ ਹੋਵੇ ਜਾਂ ਆਪਣੇ ਪ੍ਰੀਵਾਰ ਦੇ ਮਸਲੇ । ਆਪਣੀ ਵਰਕਸ਼ਾਪ ਦੇ ਕਾਮਿਆਂ ਦੀ ਰਾਏ ਨੂੰ ਧਿਆਨ ਨਾਲ ਸੁਣਦਾ ਹਾਂ ਅਤੇ ਉਹਨਾਂ ਦੇ ਨੁਕਤਾ ਨਿਗਾਹ ਦੀ ਕਦਰ ਕਰਦਾ ਹਾਂ। ਕਦੇ ਕਦਾਈਂ ਹੋਰਨਾਂ ਨੂੰ ਆਪਣੇ ਕਾਮਿਆਂ ਨਾਲ ਬੇਸਬਰੀ ਅਤੇ ਗੁਸਤਾਖ਼ੀ ਨਾਲ ਪੇਸ਼ ਆਉਂਦਿਆਂ ਵੇਖ ਕੇ ਮੇਰੀ ਰਾਏ ਹੁੰਦੀ ਹੈ ਕਿ ਇਨ੍ਹਾਂ ਨਾਲ ਰਾਬਤਾ ਕਾਇਮ ਕਰੋ ਅਤੇ ਚੰਗੇ ਲੀਡਰ ਵਾਲੇ ਗੁਣ ਪੈਦਾ ਕਰੋ।

ਮੈਂ ਹਰ ਸਮੇਂ ਆਪਣੇ ਟਾਇਰਾਂ ਦੇ ਬਿਜ਼ਨੈਸ ਨੂੰ ਸੁਧਾਰਨ ਲਈ ਸਕੀਮਾਂ ਘੜਦਾ ਰਹਿੰਦਾ ਹਾਂ। ਦੋ ਬੰਦੇ ਜੋ ਮੈਨੂੰ ਵਿਸ਼ੇਸ਼ ਤੌਰ 'ਤੇ ਕਾਮਯਾਬ ਟਾਇਰ ਕਾਰੋਬਾਰੀ ਦੇ ਤੌਰ 'ਤੇ ਯਾਦ ਆ ਰਹੇ ਹਨ, ਉਨ੍ਹਾਂ ਵਿੱਚ ਘਨਸ਼ਾਮਦਾਸ ਅਤੇ ਦੂਸਰਾ 'ਬੜੇ ਮੀਆਂ' ਕਹਿਲਾਉਂਦਾ ਸੀ ਜੋ ਇਕ ਪਾਏਦਾਰ ਵਿਉਪਾਰੀ ਸੀ। ਇਹ ਦੋਵੇਂ ਮੇਰੀਆਂ ਮੁਸ਼ਕਲਾਂ ਦਾ ਹੱਲ ਲੱਭਣ

ਵਿੱਚ ਸਹਾਈ ਹੁੰਦੇ ਸਨ। ਇਨ੍ਹਾਂ ਦੇ ਕੀਮਤੀ ਸੁਝਾਵਾਂ ਦੀ ਬਦੌਲਤ ਹੈਦਰਾਬਾਦ ਵਿੱਚ ਟਾਇਰਾਂ ਦਾ ਬਿਜ਼ਨੈਸ ਕਰਦਿਆਂ ਬਤੀਤ ਹੋਏ ਮੇਰੇ ਛੇ ਸਾਲ ਤਸੱਲੀਬਖ਼ਸ਼ ਅਤੇ ਦਿਲ-ਪ੍ਰਚਾਵਾ ਬਣ ਕੇ ਗੁਜ਼ਰੇ।

ਦਫ਼ਤਰ ਵਿੱਚ ਬੈਠਿਆਂ ਮੇਰੇ ਸਿਰ ਵਿੱਚ ਖ਼ਿਆਲਾਂ ਦਾ ਝੁਰਮਟ ਪਿਆ ਰਹਿੰਦਾ ਸੀ। ਮੈਂ ਟਿਕ ਕੇ ਬੈਠਣ ਵਾਲਾ ਬੰਦਾ ਨਾ ਹੋਣ ਕਰਕੇ ਬੇਸਬਰੀ ਨਾਲ ਨਵੇਂ ਕੰਮ ਦੀ ਉਡੀਕ ਵਿੱਚ ਰਹਿੰਦਾ ਸੀ। ਪਹਿਲੀ ਪਰਸਪਰ ਵਿਰੋਧੀ ਗੱਲ ਜੋ ਮੇਰੀ ਨਿਗਾਹ ਵਿੱਚ ਆਈ, ਉਹ ਇਹ ਸੀ ਕਿ ਮਾਰਕੀਟ ਵਿੱਚ ਟਾਇਰ ਮਿੱਥੀ ਗਈ ਕੀਮਤ ਤੋਂ ਦੁੱਗਣੇ ਰੇਟ ਉਪਰ ਵੇਚੇ ਜਾ ਰਹੇ ਸਨ ਅਤੇ ਵੇਚਣ ਵਾਲਿਆਂ ਨੇ ਮੁਨਾਫ਼ੇ ਖ਼ਾਤਰ ਲੁੱਟ ਮਚਾ ਰੱਖੀ ਸੀ। ਮੈਂ ਆਪਣੇ ਆਪ ਨੂੰ ਇਸ ਗੁੱਟ ਵਿੱਚ ਸ਼ਾਮਲ ਹੋਣ ਤੋਂ ਵਰਜਿਆ। ਮੈਨੂੰ ਪਤਾ ਸੀ ਕਿ ਇਹ ਬਹੁਤੀ ਦੇਰ ਤੱਕ ਨਹੀਂ ਰਹੇਗੀ। ਇਕ ਸਮਝਦਾਰ ਵਿਉਪਾਰੀ ਦੀ ਤਰ੍ਹਾਂ ਮੈਂ ਸੋਚਣਾ ਸ਼ੁਰੂ ਕਰ ਦਿੱਤਾ। ਆਪਣੀ ਕੁਰਸੀ 'ਤੇ ਬੈਠ ਕੇ ਝੂਟੇ ਲੈਂਦਿਆਂ ਮੈਂ ਵੀ ਗਾਹਕਾਂ ਦੀ ਭੀੜ ਇਕੱਠੀ ਕਰ ਸਕਦਾ ਸੀ ਪਰੰਤੂ ਮੈਂ ਅਜੇਹਾ ਨਹੀਂ ਕੀਤਾ।

ਮੇਰਾ ਖ਼ਿਆਲ ਤੁਹਾਨੂੰ ਜ਼ਰੂਰ ਸਨਕੀ ਲੱਗੇਗਾ। ਮੈਨੂੰ ਪਤਾ ਸੀ ਕਿ ਸਰਕਾਰੀ ਅਫ਼ਸਰ ਅਤੇ ਹੋਰ ਪਤਵੰਤੇ ਸੱਜਣ ਦੋ ਪਹੀਆ ਸਕੂਟਰ ਦੀ ਵਰਤੋਂ ਕਰਦੇ ਹਨ। ਮੈਂ ਸਭ ਨੂੰ ਖੁੱਲ੍ਹਾ ਸੱਦਾ ਭੇਜ ਕੇ ਮਿੱਥੀ ਹੋਈ ਕੀਮਤ 'ਤੇ ਹਰ ਅਫ਼ਸਰ ਨੂੰ ਦੋ ਦੋ ਟਾਇਰ ਵੇਚਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ 'ਕੰਧਾਰੀ ਬਰਦਰਜ਼' ਦੀ ਧੂਮ ਸਾਰੇ ਹੈਦਰਾਬਾਦ ਵਿੱਚ ਪੈ ਗਈ। ਸਰਕਾਰੀ ਅਤੇ ਪੁਲਿਸ ਅਫ਼ਸਰ ਸਾਡੇ ਖ਼ੈਰ-ਖ਼ਵਾਹ ਬਣ ਗਏ। ਇਸ ਪ੍ਰਕ੍ਰਿਆ ਨਾਲ ਸਾਡੇ ਟਾਇਰ ਧੜਾ ਧੜ ਵਿਕ ਗਏ ਅਤੇ ਸਾਡੀ ਲੋਕ-ਸੰਪਰਕ ਮੁਹਿੰਮ ਵੀ ਕਾਮਯਾਬ ਹੋਈ। ਇਹ ਪਹਿਲਾ ਸਬਕ ਸੀ ਜਿਸ ਤੋਂ ਲੋਕਾਂ ਦੇ ਦਿਲ ਜਿੱਤਣ ਨਾਲ ਬਿਜ਼ਨੈਸ ਦੀ ਤਰੱਕੀ ਦਾ ਰਾਜ਼ ਖੁੱਲ੍ਹਿਆ। ਜੋ ਪ੍ਰਾਪਤੀ ਇਸ ਤਰੀਕੇ ਹੋਈ, ਉਹ ਕਿਸੇ ਵੀ ਹੋਰ ਵਿਗਿਆਪਨ ਦੇ ਜ਼ਰੀਏ ਨਹੀਂ ਸੀ ਹੋ ਸਕਦੀ।

ਸਾਡੇ ਵਿਉਪਾਰ ਵਿੱਚ ਇਕ ਉਛਾਲ ਆ ਗਿਆ ਜਿਸ ਤੋਂ ਸ਼ਹਿਰ ਦੇ ਸਥਾਪਿਤ ਵਿਉਪਾਰੀ ਵੀ ਡਰਨ ਲੱਗੇ। ਉਹ ਮੈਨੂੰ ਫੋਨ ਕਰ ਕੇ ਇਸ ਕੰਮ ਤੋਂ ਰੋਕਣ ਲਈ ਕਹਿ ਰਹੇ ਸਨ। ਮੈਂ ਪਿਆਰ ਨਾਲ ਗੱਲ ਸੁਣਨੀ ਪਰੰਤੂ ਆਪਣੀ ਨੀਤੀ ਨੂੰ ਜਾਰੀ ਰੱਖਿਆ ਜਿਸ ਕਰਕੇ ਮਾਰਕੀਟ ਵਿੱਚ ਸਾਡੀ ਜਕੜ ਹੋਰ ਵੀ ਮਜ਼ਬੂਤ ਹੋ ਗਈ।

ਇਹ ਕਹਾਵਤ ਠੀਕ ਹੈ ਕਿ ਆਪਣੀ ਪਹਿਚਾਣ ਬਣਾਉਣ ਲਈ ਤੁਹਾਨੂੰ ਵੱਗ ਤੋਂ ਬਾਹਰ ਹੋ ਕੇ ਚੱਲਣਾ ਪਵੇਗਾ। ਕਿਉਂਕਿ ਮੈਂ ਮਾਰਕੀਟ ਵਿੱਚ ਅਲੱਗ ਥਲੱਗ ਹੋ ਗਿਆ ਸਾਂ ਜਿਸ ਦੀ ਮੈਂ ਕੋਈ ਪ੍ਰਵਾਹ ਨਾ ਕੀਤੀ, ਬਲਕਿ ਇਸ ਤੋਂ ਇਕ ਕਦਮ ਹੋਰ ਅੱਗੇ ਦੀ ਸੋਚੀ। ਮੈਂ ਆਪਣੀ ਟੀਮ ਤਿਆਰ ਕਰ ਕੇ ਇਕ ਮੁਹਿੰਮ ਛੇੜੀ ਜਿਸ ਤਹਿਤ ਕਾਰਾਂ ਦੇ ਪਿਛਲੇ ਬੰਪਰ 'ਤੇ 'ਕੰਧਾਰੀ ਬਰਦਰਜ਼' ਦੇ ਸਟਿੱਕਰਜ਼ ਲਾਉਣੇ ਸ਼ੁਰੂ ਕਰ

ਦਿੱਤੇ। ਇਹ ਇਨਕਲਾਬੀ ਕਦਮ ਲੋਕਾਂ ਨੂੰ ਪਸੰਦ ਆਇਆ ਜੋ ਹੁਣ ਕਾਰ ਇੰਡਸਟਰੀ ਦਾ ਮਾਪਦੰਡ ਬਣ ਚੁੱਕਾ ਹੈ। ਸਾਰੇ ਹੈਦਰਾਬਾਦ ਸ਼ਹਿਰ ਵਿੱਚ ਸਾਡੀ ਮਸ਼ਹੂਰੀ ਹੋ ਗਈ। ਇੱਥੋਂ ਤੱਕ ਕਿ ਜੋ ਸਾਡੇ ਗਾਹਕ ਵੀ ਨਹੀਂ ਸਨ, ਉਹ ਵੀ ਸਟਿੱਕਰਜ਼ ਲਗਵਾਉਣ ਖ਼ਾਤਰ ਤਰਲੋਮੱਛੀ ਹੋ ਰਹੇ ਸਨ।

ਆਪਣੇ ਵਾਹਣ ਦੇ ਪਿੱਛੇ ਸਟਿੱਕਰ ਲਗਾ ਕੇ ਆਪਣੀ ਪਹਿਚਾਣ ਕਰਵਾਉਣੀ ਆਪਣੀ ਪਦਵੀ ਤੇ ਅਮੀਰੀ ਦੀ ਨਿਸ਼ਾਨੀ ਬਣ ਗਿਆ ਹੈ। ਹੁਣ ਤਾਂ ਕਾਰ ਦੀ ਮੁਰੰਮਤ ਕਰਨ ਜਾਂ ਕਾਰ ਧੋਣ ਵਾਲਾ ਵੀ ਆਪਣਾ ਸਟਿੱਕਰ ਜੜ ਦਿੰਦਾ ਹੈ। ਮੈਨੂੰ ਫ਼ਖ਼ਰ ਹੈ ਕਿ ਇਸ ਨਵੀਂ ਕਾਢ ਦਾ ਮੈਂ ਰਚੇਤਾ ਹਾਂ ਜੋ 1969 ਵਿਚ ਮੇਰੇ ਦਿਮਾਗ਼ ਦੀ ਉਪਜ ਸੀ। ਵੀਹ ਸਾਲ ਦੀ ਉਮਰ ਵਿੱਚ ਅਜੇਹੀਆਂ ਵਿਉਪਾਰਕ ਭੁੱਲ-ਭੁਲੱਈਆਂ ਵਿੱਚੋਂ ਬਾਹਰ ਨਿਕਲਣ ਦੀ ਪ੍ਰਕ੍ਰਿਆ ਮੈਂ ਆਪਣੇ ਕਾਲਜ ਦੇ ਦਿਨਾਂ ਵਿੱਚ ਹੀ ਸਿੱਖ ਲਈ ਸੀ ਜਦੋਂ ਯੂਨੀਅਨ ਦਾ ਪ੍ਰਧਾਨ ਬਣ ਕੇ ਚੰਗੇ ਫ਼ੈਸਲੇ ਲੈਣ ਦਾ ਮੈਂ ਆਦੀ ਹੋ ਗਿਆ ਸਾਂ।

— 0 —

5

# ਮੇਰੇ ਜੀਵਨ ਦੀ ਸਾਥਣ ਕੁੜੀ

ਮੇਰਾ ਕੁਆਰਾਪਨ ਬਹੁਤਾ ਰੰਗੀਲਾ ਨਹੀਂ ਸੀ। ਮੈਂ ਟਾਇਰ ਇੰਡਸਟਰੀ ਵਿੱਚ ਸੇਲਜ਼ਮੈਨ, ਮੈਨੇਜਰ ਅਤੇ ਮਾਹਰ ਹੋਣ ਕਰਕੇ ਦਿਨ ਰਾਤ ਰੁੱਝਾ ਰਹਿੰਦਾ ਸਾਂ ਅਤੇ ਨਾਈਟ-ਲਾਈਫ਼ ਮੇਰੇ ਲਈ ਨਹੀਂ ਬਣੀ ਸੀ। ਮੈਨੂੰ ਗ਼ਲਤ ਨਾ ਸਮਝ ਲੈਣਾ। ਮੈਂ ਹੋਰਨਾਂ ਵਾਂਗ ਚੰਗਾ ਸਾਥ ਵੀ ਮਾਣ ਸਕਦਾ ਸੀ ਪਰੰਤੂ ਕੰਮ ਦੀ ਲਗਨ ਅਤੇ ਰੁਝੇਵੇਂ ਕਰਕੇ ਰੋਮਾਂਟਿਕ ਹੋਣਾ ਮੇਰੇ ਟਾਈਮ ਟੇਬਲ ਵਿੱਚ ਸ਼ਾਮਲ ਨਹੀਂ ਸੀ।

ਅਜੇ ਮੈਨੂੰ ਬਿਜ਼ਨੈਸ ਵਿੱਚ ਪਏ ਨੂੰ ਮਸਾਂ ਇਕ ਸਾਲ ਹੀ ਹੋਇਆ ਹੋਵੇਗਾ ਜਦੋਂ ਪਿਤਾ ਜੀ ਨੇ ਮੇਰੀ ਸ਼ਾਦੀ ਦੀ ਗੱਲ ਛੇੜੀ। ਉਹਨਾਂ ਮਹਿਸੂਸ ਕੀਤਾ ਕਿ ਮੈਂ ਬਿਜ਼ਨੈਸ ਦੀ ਨਬਜ਼ ਪਹਿਚਾਣ ਲਈ ਹੈ ਅਤੇ 22 ਸਾਲ ਦੀ ਉਮਰ ਸ਼ਾਦੀ ਲਈ ਢੁਕਵੀਂ ਹੈ ਜਿਸ ਨਾਲ ਮੈਂ ਆਪਣੇ ਕਾਰੋਬਾਰ ਵਿੱਚ ਪੂਰੀ ਤਰ੍ਹਾਂ ਜੁੱਟ ਜਾਵਾਂਗਾ। ਦਫ਼ਤਰ ਨੂੰ ਜਾਂਦਿਆਂ ਰਸਤੇ ਵਿੱਚ ਪਿਉ ਪੁੱਤਰ ਵਿਚਕਾਰ ਆਮ ਦਿਨਾਂ ਵਾਂਗ ਗੱਲਬਾਤ ਹੋ ਰਹੀ ਸੀ ਕਿ ਪਿਤਾ ਜੀ ਨੇ ਕਿਹਾ, "ਕੀ ਮੈਂ ਤੈਨੂੰ ਤੇਰੇ ਲਈ ਕੁੜੀ ਲੱਭੀ ਹੋਣ ਬਾਰੇ ਦੱਸਿਆ ਹੈ ਜੋ ਤੇਰੇ ਲਈ ਬਿਲਕੁਲ ਢੁਕਵਾਂ ਰਿਸ਼ਤਾ ਹੋਵੇਗਾ ਅਤੇ ਮੈਂ ਆਪਣਾ ਬਚਨ ਦੇ ਦਿੱਤਾ ਹੈ।"

ਮੈਂ ਚੌਕੰਨਾ ਹੋ ਕੇ ਪੁੱਛਿਆ, "ਘੱਟ ਤੋਂ ਘੱਟ ਮੈਂ ਕੁੜੀ ਨੂੰ ਪਹਿਲਾਂ ਵੇਖਿਆ ਹੁੰਦਾ ਤਾਂ ਚੰਗਾ ਸੀ। ਕੀ ਪਤਾ ਮੈਂ ਉਸ ਨੂੰ ਪਸੰਦ ਕਰਾਂ ਕਿ ਨਾ? ਇਹ ਮੇਰੀ ਜੀਵਨ ਸਾਥਣ ਦਾ ਸਵਾਲ ਸੀ, ਇਹ ਫ਼ੈਸਲਾ ਤੁਸੀਂ ਕਿਵੇਂ ਲੈ ਲਿਆ?" ਇਹ ਇਕ ਨਰਮ ਜਿਹਾ ਰੋਸ ਸੀ ਕਿਉਂਕਿ ਉਨ੍ਹੀਂ ਦਿਨੀਂ ਆਪਣੇ ਬਾਪ ਨਾਲ ਸਵਾਲ-ਜਵਾਬ ਕਰਨ ਦਾ ਰਿਵਾਜ ਨਹੀਂ ਸੀ। ਮੈਂ ਪਿਤਾ ਜੀ ਨੂੰ ਨਾਂਹ ਕਰਨ ਦਾ ਆਦੀ ਨਹੀਂ ਸਾਂ। ਬਚਪਨ ਵਿੱਚ ਹੀ ਇਹ ਸਬਕ ਸਿਖਾਇਆ ਜਾਂਦਾ ਸੀ ਕਿ ਮਾਪੇ ਆਪਣੀ ਉਲਾਦ ਦੀ ਬਿਹਤਰੀ ਬਾਰੇ ਹੀ ਸੋਚਦੇ ਹਨ। ਮੇਰੇ ਮਨ ਵਿਚ ਉਤਸੁਕਤਾ ਪੈਦਾ ਹੋ ਰਹੀ ਸੀ ਕਿ ਮੇਰੀ ਜੀਵਨ ਸਾਥਣ ਬਣਨ ਜਾ ਰਹੀ ਲੜਕੀ ਕੈਸੀ ਹੋਵੇਗੀ। ਕੀ ਉਸ ਨੇ ਮੇਰੀ ਫੋਟੋ ਵੇਖੀ ਹੈ ਅਤੇ ਪਸੰਦ ਕੀਤਾ ਹੈ? ਜਿਸ ਨੂੰ ਕਦੇ ਵੇਖਿਆ ਤੱਕ ਨਾ ਹੋਵੇ, ਉਸ ਨਾਲ ਸਾਰੀ ਉਮਰ ਬਤੀਤ ਕਰਨੀ ਇਕ ਦਿਲਚਸਪ ਬੁਝਾਰਤ ਬਣ ਜਾਂਦੀ ਹੈ।

6 ਮਈ 1970 ਇਕ ਆਮ ਦਿਨ ਸੀ ਜੋ ਮੇਰੀ ਜ਼ਿੰਦਗੀ ਦਾ ਇਕ ਅਹਿਮ ਦਿਨ ਬਣਨ ਜਾ ਰਿਹਾ ਸੀ। ਮੇਰੀ ਘਰਵਾਲੀ ਬਣਨ ਜਾ ਰਹੀ 'ਬੱਬਲਜ਼' ਆਪਣੇ ਮਾਪਿਆਂ

ਨਾਲ ਬੰਬੇ ਤੋਂ ਮੰਗਣੀ ਦੀ ਰਸਮ ਲਈ ਹੈਦਰਾਬਾਦ ਆਈ। ਅਸੀਂ ਪਹਿਲਾਂ ਕਦੇ ਮਿਲੇ ਨਹੀਂ ਸਾਂ ਅਤੇ ਨਾ ਹੀ ਕਦੇ ਫੋਨ 'ਤੇ ਗੱਲ ਕੀਤੀ ਸੀ। ਸਾਡੀ ਮੰਗਣੀ ਰਿਟਜ਼ ਹੋਟਲ ਵਿੱਚ ਹੋਣ ਜਾ ਰਹੀ ਸੀ ਜੋ ਉਸ ਵਕਤ ਹੈਦਰਾਬਾਦ ਦਾ ਸਭ ਤੋਂ ਮਸ਼ਹੂਰ ਹੋਟਲ ਸੀ। ਮੇਰੀ ਜ਼ਿੰਮੇਵਾਰੀ ਸੀ ਕਿ ਮੰਗਣੀ ਦਾ ਪ੍ਰਬੰਧ ਰਿਟਜ਼ ਹੋਟਲ ਵਿੱਚ ਅਤੇ ਬਾਅਦ ਵਿੱਚ ਰਾਤ ਦਾ ਡਿਨਰ 200 ਮਹਿਮਾਨਾਂ ਲਈ ਸਕੰਦਰਾਬਾਦ ਕਲੱਬ ਵਿੱਚ ਕਰਨ ਦਾ ਇੰਤਜ਼ਾਮ ਕਰਾਂ।

ਸਾਡੇ ਦੇਸ਼ ਦੀ ਰਵਾਇਤ ਹੈ ਅਤੇ ਖ਼ਾਸ ਕਰਕੇ ਪੰਜਾਬੀ ਘਰਾਂ ਵਿੱਚ ਇਹ ਖ਼ਾਸ ਤੌਰ 'ਤੇ ਪ੍ਰਚਲਤ ਹੈ ਕਿ ਖ਼ੁਸ਼ੀ ਦੇ ਮੌਕਿਆਂ ਉਪਰ ਤਮਾਸ਼ਾ ਜ਼ਰੂਰ ਹੋਵੇ, ਚਾਹੇ ਉਹ ਸੀਟਾਂ ਦੀ ਤਰਤੀਬ ਜਾਂ ਫਿਰ ਨਵੇਂ ਵਿਆਹੇ ਜੋੜੇ ਨੂੰ ਪਰੇਸ਼ਾਨ ਕਰਨ ਲਈ ਰਚਿਆ ਗਿਆ ਹੋਵੇ। ਜੋੜੇ ਦੀ ਆਉ-ਭਗਤ ਲਈ ਕਈ ਰਸਮੀ ਖੇਡਾਂ ਖੇਡੀਆਂ ਜਾਂਦੀਆਂ ਹਨ ਤਾਂ ਕਿ ਮਹਿਮਾਨਾਂ ਦਾ ਦਿਲ-ਪ੍ਰਚਾਵਾ ਹੁੰਦਾ ਰਹੇ। ਇਸ ਮੌਕੇ ਲਈ ਹਰ ਘਰ ਵਿੱਚ ਇਕ ਖੱਪੀ ਕਿਸਮ ਦਾ 'ਅੰਕਲ' ਹੁੰਦਾ ਹੈ ਜੋ ਮੌਕੇ ਦੀਆਂ ਕਾਰਵਾਈਆਂ ਦਾ ਕਰਤਾ-ਧਰਤਾ ਬਣ ਕੇ ਸਭ ਦਾ ਦਿਲ-ਪ੍ਰਚਾਵਾ ਕਰਦਾ ਹੈ।

ਸਾਡੇ ਪ੍ਰੀਵਾਰ ਦਾ ਦੋਸਤ, ਜਗਮੋਹਨ ਕੋਹਲੀ, ਜੋ 'ਬੱਬਲਜ਼' ਦੇ ਚੱਢਾ ਪ੍ਰੀਵਾਰ ਦੇ ਬਹੁਤ ਨੇੜੇ ਸੀ, ਮੇਰੇ ਵਿਚੋਲੇ ਦਾ ਕੰਮ ਕਰ ਰਿਹਾ ਸੀ। ਉਸ ਨੇ ਮੈਨੂੰ ਵਧਾਈ ਦਿੱਤੀ ਅਤੇ ਚਾਹ ਦੇ ਕੱਪ ਉਪਰ ਮਿਲਣ ਲਈ ਕਿਹਾ ਤਾਂ ਕਿ ਮੰਗਣੀ ਦੇ ਇੰਤਜ਼ਾਮ ਬਾਰੇ ਵਿਚਾਰ ਕੀਤੀ ਜਾ ਸਕੇ। ਜਗਮੋਹਨ ਦੋਹਾਂ ਪ੍ਰੀਵਾਰਾਂ ਵਿੱਚ ਪੁਲ ਦਾ ਕੰਮ ਕਰਦਾ ਰਿਹਾ ਸੀ ਜਿਸ ਕਰਕੇ ਮੈਂ ਹਾਂ ਕਰ ਦਿੱਤੀ। ਮੇਰੀ ਤਮੰਨਾ ਸੀ ਕਿ ਉਹ 'ਬੱਬਲਜ਼' ਬਾਰੇ ਵੀ ਕੋਈ ਜਾਣਕਾਰੀ ਸਾਂਝੀ ਕਰੇਗਾ ਜਿਸ ਲਈ ਮੈਂ ਬਹੁਤ ਉਤਾਵਲਾ ਹੋ ਰਿਹਾ ਸਾਂ।

ਸ਼ਾਮ ਹੋਣ ਤੋਂ ਪਹਿਲਾਂ ਮੈਂ ਕਵਾਲਟੀ ਰੈਸਟੋਰੈਂਟ ਪਹੁੰਚ ਗਿਆ ਜੋ ਹੈਦਰਾਬਾਦ ਦੀ ਆਬਿਦ ਰੋਡ ਉਪਰ ਵਾਕਿਆ ਹੈ। ਕੋਹਲੀ ਸਾਹਿਬ ਇਕ ਸੁੰਦਰ ਮੁਟਿਆਰ ਨਾਲ ਬੈਠੇ ਹੋਏ ਸਨ। ਉਹ ਖ਼ੁਸ਼ ਤਬੀਅਤ ਬੰਦਾ ਬਣ ਕੇ ਮੇਰੇ ਪੇਸ਼ ਆਇਆ ਅਤੇ ਬੀਅਰ ਦੀ ਸੁਲ੍ਹਾ ਮਾਰੀ। ਅਸੀਂ ਚਾਹ ਪੀਣ ਦਾ ਫ਼ੈਸਲਾ ਲਿਆ ਅਤੇ ਆਰਡਰ ਕਰ ਦਿੱਤਾ। ਮੁਸਕ੍ਰਾਹਟ ਸਾਂਝੀ ਕਰ ਕੇ ਬਗ਼ੈਰ ਕੁਝ ਬੋਲਿਆਂ ਨਾਲ ਜਾ ਬੈਠਾ। ਕੋਹਲੀ ਸਾਹਿਬ ਨੇ ਅੱਖ ਦੇ ਇਸ਼ਾਰੇ ਨਾਲ ਮੁਸਕੜੀ ਲੈਂਦਿਆਂ ਕਿਹਾ, "ਨੌਜਵਾਨ ਇਸ ਮੁਟਿਆਰ ਨਾਲ ਤੇਰੀ ਅੱਜ ਮੰਗਣੀ ਹੋਣ ਜਾ ਰਹੀ ਹੈ।" ਮੈਨੂੰ ਡਰ ਲੱਗ ਰਿਹਾ ਸੀ ਕਿ ਸਾਡੇ ਇਸ ਤਰ੍ਹਾਂ ਲੁਕ-ਛਿਪ ਕੇ ਮਿਲਣ ਨਾਲ ਦੋਹਾਂ ਦੇ ਪ੍ਰੀਵਾਰ ਕਿਤੇ ਬੁਰਾ ਨਾ ਮਨਾਉਣ ਜਿਸ ਕਰਕੇ ਮੈਂ ਕਾਹਲੀ ਨਾਲ ਉੱਥੋਂ ਚਾਲੇ ਪਾ ਦਿੱਤੇ। ਇਸ ਮਿਲਣੀ ਤੋਂ ਬਾਅਦ ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ ਅਤੇ ਮੂੰਹ ਸੁੱਕਣ ਲੱਗਾ। ਜੇ ਪੁੱਛੋ ਤਾਂ ਮੈਂ ਇਸ ਦੇ ਹਜ਼ਾਰ ਬਹਾਨੇ ਪੇਸ਼ ਕਰ ਸਕਦਾ ਹਾਂ।

ਮੰਗਣੀ ਦੀ ਰਸਮ ਠੀਕ ਤਰ੍ਹਾਂ ਨਿਭ ਗਈ। ਰਸਮੋ-ਰਿਵਾਜ ਪੂਰੇ ਕਰਦਿਆਂ ਇਹ ਪਾਰਟੀ ਦੇਰ ਰਾਤ ਤੱਕ ਚੱਲਦੀ ਰਹੀ। ਬੱਬਲਜ਼ ਦੀ ਚਮਕ ਦਮਕ ਵੇਖਣ ਵਾਲੀ ਸੀ ਅਤੇ ਮੈਂ ਉਸ ਨੂੰ ਵੇਖਣ ਬਗ਼ੈਰ ਨਹੀਂ ਸਾਂ ਰਹਿ ਸਕਦਾ। ਬਥੇਰਾ ਰੋਕਣ 'ਤੇ ਵੀ ਮੇਰੀ ਨਿਗਾਹ ਉਸ ਉਪਰ ਜਾ ਟਿਕਦੀ ਅਤੇ ਮੈਂ ਸੋਚਿਆ ਕਿ ਇਹ ਤਾਂ ਮੇਰੇ ਲਈ ਲਾਟਰੀ ਜਿੱਤਣ ਵਾਂਗ ਹੋਇਆ ਹੈ। ਭਾਵੇਂ ਰਾਤ ਨੂੰ ਚੰਗੀ ਤਰ੍ਹਾਂ ਮੈਂ ਸੌਂ ਨਹੀਂ ਸਕਿਆ ਸਾਂ ਪਰੰਤੂ ਮਨ ਹੀ ਮਨ ਵਿੱਚ ਇਸ ਮੰਗਣੀ ਤੋਂ ਬਾਅਦ ਮੈਂ ਸੱਤਵੇਂ ਆਸਮਾਨ ਉਪਰ ਪਹੁੰਚ ਗਿਆ ਮਹਿਸੂਸ ਕਰਦਾ ਸਾਂ।

ਅਗਲੇ ਦਿਨ ਮੰਗਣੀ ਅਤੇ ਡਿਨਰ ਤੋਂ ਬਾਅਦ ਸਾਡੀ ਇਕ ਹੋਰ ਮੀਟਿੰਗ ਹੋਈ ਜਿਸ ਵਿੱਚ ਸਾਨੂੰ ਪੂਰੀ ਖੁੱਲ੍ਹ ਨਾਲ ਮਿਲਣ ਦਾ ਮੌਕਾ ਮਿਲਿਆ। ਅਸੀਂ ਦੋਵੇਂ ਇਕ ਮੂਵੀ 'ਦੋ ਔਰਤਾਂ' ਵੇਖਣ ਗਏ। ਬੱਬਲਜ਼ ਨੇ ਕਿਹਾ ਕਿ ਉਹ ਕੋਕ (ਕੋਕਾ ਕੋਲਾ) ਅਤੇ ਪੋਪਕਾਰਨ ਤੋਂ ਬਗ਼ੈਰ ਮੂਵੀ ਨਹੀਂ ਵੇਖਦੀ ਜਿਸ ਕਰਕੇ ਮੈਂ ਇਹ ਦੋਵੇਂ ਚੀਜ਼ਾਂ ਖ਼ਰੀਦ ਲਿਆਇਆ ਅਤੇ ਮੂਵੀ ਦਾ ਅਨੰਦ ਮਾਣਿਆ। ਇਸ ਤਰ੍ਹਾਂ ਸਾਡੇ ਜੀਵਨ ਦੇ ਰੋਮਾਂਟਿਕ ਸਫ਼ਰ ਦਾ ਅਰੰਭ ਹੋਇਆ। ਪਹਿਲਾਂ ਅਸੀਂ ਮੁਸਕਰਾਏ, ਫਿਰ ਜ਼ੋਰ ਦੀ ਠਹਾਕਾ ਮਾਰ ਕੇ ਹੱਸੇ। ਇਹ ਸਾਡੇ ਦੋਹਾਂ ਲਈ ਬਹੁਤ ਵਧੀਆ ਸ਼ੁਰੂਆਤ ਸੀ।

ਤੁਸੀਂ ਮੰਨਿਆ ਨਹੀਂ ਜਦੋਂ ਮੈਂ ਕਿਹਾ ਸੀ ਕਿ ਮੈਂ ਵੀ ਰੋਮਾਂਟਿਕ ਹਾਂ। ਇਸ ਦਾ ਸਬੂਤ ਚਾਹੀਦਾ ਹੈ ਤਾਂ ਸੁਣੋ, "ਮੈਂ ਹਰ ਐਤਵਾਰ ਬੱਬਲਜ਼ ਨੂੰ ਫੁੱਲਾਂ ਦਾ ਗੁਲਦਸਤਾ ਭੇਜਦਾ ਰਿਹਾ ਅਤੇ ਫ਼ੋਨ ਤਾਂ ਹਰ ਰੋਜ਼ ਹੀ ਕਰਦਾ ਸਾਂ ਜਿੰਨਾ ਚਿਰ ਸਾਡੀ ਸ਼ਾਦੀ ਨਹੀਂ ਹੋ ਗਈ।" ਜਿਸ ਦਿਨ ਦੀ ਬੇਸਬਰੀ ਨਾਲ ਇੰਤਜ਼ਾਰ ਹੋ ਰਹੀ ਸੀ ਉਹ 30 ਮਈ 1971 ਦਾ ਦਿਨ ਸੀ। ਸਾਡੇ ਵਿਆਹ ਦੀ ਤਰੀਕ ਮਲਕਾ ਐਲਜ਼ਬੈਥ ਦੀ ਤਾਜਪੋਸ਼ੀ ਦੀ ਬਰਸੀ ਤੋਂ ਕੁਝ ਦਿਨ ਅਤੇ ਮਾਊਂਟ ਐਵਰੈਸਟ ਚੜ੍ਹਨ ਵਾਲੇ ਬਹਾਦਰਾਂ, ਸਰ ਐਡਮੰਡ ਹਿਲੇਰੀ ਅਤੇ ਤੈਨਜਿੰਗ ਨੋਰਗੇ, ਦੀ ਬਰਸੀ ਤੋਂ ਇਕ ਦਿਨ ਪਿਛੋਂ ਮਿੱਥੀ ਗਈ ਸੀ। ਸਾਡੀ ਸ਼ਾਦੀ ਬੜੀ ਧੂਮਧਾਮ ਨਾਲ ਮਨਾਈ ਗਈ। ਮੇਰੀ ਬਰਾਤ ਵਿੱਚ 200 ਬਰਾਤੀ ਸ਼ਾਮਲ ਹੋਏ ਸਨ ਜੋ ਗੱਡੀ ਰਾਹੀਂ ਹੈਦਰਾਬਾਦ ਤੋਂ ਬੰਬੇ ਪਹੁੰਚੇ । ਰਸਤੇ ਵਿੱਚ ਮੌਜ ਮਸਤੀ ਲਈ ਅਸੀਂ ਤਾਸ਼ ਖੇਡੀ, ਸ਼ਰਾਬ ਪੀਤੀ ਅਤੇ ਖਾਂਦੇ ਪੀਂਦੇ ਰਾਤ ਗੁਜ਼ਾਰੀ। ਕਈ ਦਿਨ ਵਿਆਹ ਦੀਆਂ ਰਸਮਾਂ ਚੱਲਦੀਆਂ ਰਹੀਆਂ।

ਬੰਬਈ ਵਿੱਚ ਚੱਢਾ ਪ੍ਰੀਵਾਰ ਨੇ ਬਰਾਤ ਦੇ ਠਹਿਰਨ ਦਾ ਪ੍ਰਬੰਧ ਸੀ.ਸੀ.ਆਈ. ਕਲੱਬ ਵਿੱਚ ਕੀਤਾ ਹੋਇਆ ਸੀ। ਇਸ ਕਲੱਬ ਨੂੰ ਬਾਲੀਵੁੱਡ ਦੇ ਫ਼ਿਲਮੀ ਸੈਟ ਤੋਂ ਵੀ ਵਧੀਆ ਸਜਾਇਆ ਗਿਆ ਸੀ। ਰੱਬ ਦੀ ਐਸੀ ਮਰਜ਼ੀ ਹੋਈ, ਬੰਬਈ ਵਿੱਚ ਬੱਦਲਾਂ ਦਾ ਘੇਰਾ ਪੈ ਗਿਆ ਅਤੇ ਮੁਹਲੇਧਾਰ ਬਾਰਿਸ਼ ਸ਼ੁਰੂ ਹੋ ਗਈ। ਪਹਿਲਾਂ ਤਾਂ ਬੂੰਦਾ-ਬਾਂਦੀ ਸ਼ੁਰੂ ਹੋਈ ਜੋ ਹੌਲੀ ਹੌਲੀ ਛਹਿਬਰ ਬਣ ਕੇ ਸਾਰੇ ਇੰਤਜ਼ਾਮ ਨੂੰ ਤਬਾਹ ਕਰ ਗਈ।

ਬਾਹਰਲੇ ਮੈਦਾਨ ਤੋਂ ਸਾਰਾ ਇੰਤਜ਼ਾਮ ਅੰਦਰਲੇ ਹਾਲ ਵਿੱਚ ਕਰਨਾ ਪਿਆ। ਸਾਰੀ ਬਰਾਤ ਮੀਂਹ ਦੇ ਪਾਣੀ ਨਾਲ ਗੜੁੱਚ ਹੋ ਗਈ। ਸਾਰੀਆਂ ਔਰਤਾਂ ਮੇਰੇ ਕੋਲੋਂ ਰੇਸ਼ਮੀ ਸਾੜੀਆਂ ਅਤੇ ਪੰਜਾਬੀ ਸੂਟਾਂ ਦੇ ਨੁਕਸਾਨ ਦੀ ਭਰਪਾਈ ਮੰਗ ਰਹੀਆਂ ਸਨ ਭਾਵੇਂ ਮਖ਼ੌਲ ਦੇ ਤੌਰ ਉਪਰ ਹੀ ਸਹੀ। ਉਹਨਾਂ ਦੇ ਕੰਘੀ-ਪੱਟੀ ਕਰ ਕੇ ਸਵਾਰੇ ਵਾਲ ਵੀ ਬਿਖਰ ਗਏ ਸਨ। ਰੱਬ ਦੇ ਰੰਗ ਨਿਆਰੇ ਹੁੰਦੇ ਹਨ ਅਤੇ ਇਸ ਤਰ੍ਹਾਂ ਭਿੱਜਣਾ ਅਸੀਂ ਉਸ ਦੀ ਰਹਿਮਤ ਦਾ ਹਿੱਸਾ ਹੀ ਸਮਝਿਆ।

ਅਜੇ ਜੈਮਾਲਾ ਦੀ ਰਸਮ ਚੱਲ ਹੀ ਰਹੀ ਸੀ ਕਿ ਸੀਅਟ ਟਾਇਰਜ਼ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ 'ਡਾਕਟਰ ਐਂਜਲੋਂ ਟੀਆਲਡੋ' ਨੇ ਮੌਕੇ ਉਪਰ ਪਹੁੰਚ ਕੇ ਸਾਨੂੰ ਹੈਰਾਨ ਕਰ ਦਿੱਤਾ। ਉਹ ਬੱਬਲਜ਼ ਨੂੰ ਕੁਝ ਕਹਿਣ ਲਈ ਅੱਗੇ ਵਧਿਆ ਅਤੇ ਹੌਲੀ ਜਹੀ ਕਿਹਾ, "ਭਿੱਜਿਆ ਹੋਇਆ ਲਾੜਾ ਇਕ ਚੰਗਾ ਸ਼ਗਨ ਮੰਨਿਆ ਜਾਂਦਾ ਹੈ"। ਉਸਦਾ ਇਕ ਹੋਰ ਸੰਕੇਤ ਸੀ ਕਿ ਵਿਆਹ ਤੋਂ ਬਾਅਦ 'ਹਨੀਮੂਨ' ਉਪਰ ਜਾਣ ਲਈ ਕੰਪਨੀ ਵਲੋਂ ਸਫ਼ਰ ਅਤੇ ਠਹਿਰਨ ਦਾ ਸਾਰਾ ਖ਼ਰਚਾ ਮੁਹੱਈਆ ਕਰਵਾਇਆ ਜਾਵੇਗਾ।

ਸਾਡੀ ਬਿਜ਼ਨੈਸ ਦੀ ਜ਼ਿੰਦਗੀ ਅਤੇ ਸਮਾਜਿਕ ਭਾਈਚਾਰੇ ਦੀ ਜ਼ਿੰਦਗੀ ਆਪਸ ਵਿੱਚ ਘੁਲ-ਮਿਲ ਗਈਆਂ ਸਨ। ਸਾਡੇ ਬਿਜ਼ਨੈਸ ਦੇ ਸਪਲਾਇਰ ਅਤੇ ਗਾਹਕ ਇਕ ਪ੍ਰੀਵਾਰ ਵਾਂਗ ਸਾਡੇ ਪ੍ਰੀਵਾਰ ਦਾ ਹਿੱਸਾ ਬਣ ਗਏ ਸਨ। ਅਸੀਂ ਸਭ ਨੂੰ ਇਸ ਸ਼ਾਦੀ ਵਿੱਚ ਸ਼ਾਮਲ ਹੋਣ ਦਾ ਸੱਦਾ ਭੇਜਿਆ। ਮੇਰੇ ਅਤੇ ਬੱਬਲਜ਼ ਦੇ ਕਾਲਜ ਦੇ ਦੋਸਤ ਵੀ ਸੱਦੇ ਗਏ ਸਨ। ਸ਼ਾਦੀ ਤੋਂ ਬਾਅਦ ਪਹਿਲੀ ਰੀਸੈਪਸ਼ਨ ਬੰਬੇ ਦੇ ਤਾਜ ਹੋਟਲ ਅਤੇ ਦੂਜੀ ਹੈਦਰਾਬਾਦ ਜਾ ਕੇ ਕੀਤੀ ਗਈ। ਹੈਦਰਾਬਾਦ ਵਾਲੀ ਰੀਸੈਪਸ਼ਨ ਵਿੱਚ ਇਕ ਹਜ਼ਾਰ ਮਹਿਮਾਨ ਸ਼ਾਮਲ ਹੋਏ ਸਨ ਅਤੇ ਰਾਗ ਦੇ ਮਾਹਿਰਾਂ ਨੇ ਚੰਗਾ ਰੰਗ ਬੰਨ੍ਹਿਆ ਸੀ।

ਮੇਰੀ ਅਤੇ ਬੱਬਲਜ਼ ਦੀ ਜ਼ਿੰਦਗੀ ਦਾ ਪਿਛੋਕੜ ਅਲਹਿਦਾ ਸੀ, ਉਹ ਬੰਬੇ ਵਿੱਚ ਪੈਦਾ ਹੋਈ ਅਤੇ ਉਥੇ ਹੀ ਪੜ੍ਹੀ ਲਿਖੀ। ਮੈਂ ਬੋਰਡਿੰਗ ਸਕੂਲ ਅਤੇ ਕਾਲਜ ਦਾ ਪੜ੍ਹਿਆ ਹੋਇਆ ਸਾਂ ਜਿਸ ਕਰਕੇ ਸ਼ੁਰੂ ਦੇ ਦਿਨਾਂ ਵਿੱਚ ਆਪਸੀ ਸਮੀਕਰਣ ਵਿੱਚ ਕੁਝ ਮੁਸ਼ਕਲਾਂ ਆਈਆਂ। ਜਲਦੀ ਹੀ ਅਸੀਂ ਇਕ ਦੂਜੇ ਦੇ ਨੁਕਤਾ-ਨਿਗਾਹ ਦੀ ਕਦਰ ਕਰਨ ਲੱਗੇ। ਦਰਅਸਲ, ਸਾਡੀ ਸ਼ਾਦੀ ਪਹਿਲਾਂ ਹੋਈ ਅਤੇ ਪਿਆਰ ਬਾਅਦ ਵਿੱਚ ਪੈ ਗਿਆ। ਪ੍ਰਮਾਤਮਾ ਦੀ ਬਖ਼ਸ਼ਿਸ਼ ਸਦਕਾ ਸਾਡੀ ਸ਼ਾਦੀ ਦੀ ਅੱਧੀ ਸਦੀ ਪੂਰੀ ਹੋ ਗਈ ਹੈ ਅਤੇ ਮਜ਼ਬੂਤੀ ਨਾਲ ਅੱਗੇ ਵੱਧ ਰਹੀ ਹੈ। ਸ਼ਾਦੀ ਦੀ ਕਾਮਯਾਬੀ ਲਈ ਪਤੀ ਪਤਨੀ ਵਿਚਕਾਰ ਸਦਭਾਵਨਾ ਹੋਣੀ ਜ਼ਰੂਰੀ ਹੈ। ਅਸੀਂ ਦੋਵੇਂ ਇਕ ਦੂਜੇ ਦੇ 'ਮੂਡ' ਨੂੰ ਸਮਝਦੇ ਹਾਂ ਅਤੇ ਜਦੋਂ ਲੋੜ ਪਵੇ ਤਾਂ ਐਡਜੱਸਟਮੈਂਟ ਵੀ ਕਰ ਲੈਂਦੇ ਹਾਂ। ਦੂਜੇ ਦੇ ਔਗਣ ਚਿਤਾਰਣ ਦੀ ਬਜਾਏ ਗੁਣਾਂ ਦੀ ਸਾਂਝ ਹੋਣੀ ਚਾਹੀਦੀ ਹੈ। ਆਪਸੀ ਪਿਆਰ ਅਤੇ ਹਾਸਾ ਦਵਾਈ ਦਾ ਕੰਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਕ ਸ਼ਬਦ ਹੈ : 'ਘਰਿ ਸੁਖਿ ਵਸਿਆ ਬਾਹਰਿ

ਸੁਖੁ ਪਾਇਆ’ ਜਿਸ ਦਾ ਅਰਥ ਹੈ ਕਿ ਘਰ ਵਿੱਚ ਅਮਨ ਸ਼ਾਂਤੀ ਦਾ ਹੋਣਾ ਵਿਸ਼ਵ ਭਰ ਵਿੱਚ ਅਮਨ ਕਾਇਮ ਕਰ ਸਕਦਾ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਅਮਨ ਦੀ ਲਹਿਰ ਅੰਦਰੋਂ ਬਾਹਰ ਵੱਲ ਵੱਧ ਰਹੀ ਹੋਵੇ।

ਅਕਤੂਬਰ 1972 ਵਿੱਚ ਸਾਡਾ ਪਹਿਲਾ ਪੁੱਤਰ ਜਸਜੀਵ ਜਨਮਿਆ ਅਤੇ ਉਸ ਦਿਨ ਤੋਂ ਮੈਂ ਵਧੇਰੇ ਜ਼ਿੰਮੇਵਾਰ ਬਣ ਗਿਆ। ਮੇਰੀ ਉਮਰ ਦੇ ਹਾਣੀ ਤਾਂ ਅਜੇ ਛੜਿਆਂ ਵਾਂਗ ਵਿਚਰ ਰਹੇ ਸਨ ਅਤੇ ਪਾਰਟੀਆਂ ਦਾ ਅਨੰਦ ਮਾਣਦੇ ਸਨ। ਜਨਮ ਤੋਂ ਪਹਿਲਾਂ ਅਸਾਂ ਕੋਈ ਲਿੰਗ ਨਿਰਧਾਰਣ ਟੈਸਟ ਨਹੀਂ ਕਰਵਾਇਆ ਸੀ ਅਤੇ ਬੱਚਾ ਪ੍ਰਮਾਤਮਾ ਦਾ ਤੋਹਫ਼ਾ ਸਮਝਿਆ। ਮੇਰੀ ਤਮੰਨਾ ਸੀ ਜੇਕਰ ਲੜਕਾ ਪੈਦਾ ਹੋਇਆ ਤਾਂ ਉਸ ਨੂੰ ਹੈਦਰਾਬਾਦ ਪਬਲਿਕ ਸਕੂਲ ਵਿੱਚ ਦਾਖ਼ਲ ਕਰਾਵਾਂਗਾ। ਸਾਡੇ ਦੂਜੇ ਪੁੱਤਰ ਹਰਜੀਵ ਦਾ ਜਨਮ ਅਪ੍ਰੈਲ 1975 ਵਿੱਚ ਹੈਦਰਾਬਾਦ ਹੀ ਹੋਇਆ। ਉਸ ਸਮੇਂ ਮੈਂ ਆਂਧਰਾ ਪ੍ਰਦੇਸ਼ ਆਟੋਮੋਬਾਈਲ ਅਸੋਸੀਏਸ਼ਨ ਦਾ ਪ੍ਰਧਾਨ ਸਾਂ ਅਤੇ ਬੱਬਲਜ਼ ਨੂੰ ਹਸਪਤਾਲ ਵਿੱਚ ਛੱਡ ਕੇ ਸ਼ਾਮ ਨੂੰ ਬੰਗਲੋਰ ਲਈ ਰਵਾਨਾ ਹੋ ਗਿਆ। ਕਈਆਂ ਨੇ ਬੁਰਾ ਮਨਾਇਆ, ਪ੍ਰੰਤੂ ਬੱਬਲਜ਼ ਸਮਝਦਾਰ ਸੀ। ਮੇਰੀ ਮਾਂ ਅਤੇ ਸੱਸ ਦੋਨਾਂ ਨੇ ਉਸ ਦਾ ਜਣੇਪਾ ਕਟਵਾ ਦਿੱਤਾ। ਹੁਣਾ ਸਾਡਾ ਪ੍ਰੀਵਾਰ ਮੁਕੰਮਲ ਹੋ ਚੁੱਕਾ ਸੀ।

— 0 —

6

# ਵਿਜੇਵਾੜਾ ਨੂੰ ਅਲਵਿਦਾ

ਮੁੱਢਲੇ ਅਧਿਆਏ ਵਿੱਚ ਮੈਂ 'ਅਲ ਦੋਬੋਈ' ਕੰਪਨੀ ਦੇ ਨਾਮ ਬਾਰੇ ਵੇਰਵਾ ਦੇ ਦਿੱਤਾ ਹੈ। ਇਹ ਨਾਮ ਅਦੁੱਤੀ ਸੀ ਅਤੇ ਸਾਡੇ ਲਈ ਇਕ ਵਰਦਾਨ ਸਾਬਤ ਹੋਇਆ ਹੈ। 1976 ਵਿੱਚ ਜਦੋਂ ਦੁਬਈ ਦੀ ਸ਼ੇਖ਼ ਜ਼ਾਇਦ ਸੜਕ ਉਪਰ ਰੇਤ ਉਡਿਆ ਕਰਦੀ ਸੀ, ਅਸੀਂ ਟਾਇਰਾਂ ਦਾ ਕਾਰੋਬਾਰ ਸ਼ੁਰੂ ਕੀਤਾ। ਮੇਰੇ ਪਾਸ ਉਸ ਸਮੇਂ ਪੰਜ ਮੁਲਾਜ਼ਮ ਸਨ। ਮੇਰੇ ਮਤਹਿਤ ਦੋ ਅਸਿਸਟੈਂਟ, ਇਕ ਸੇਲਜ਼ਮੈਨ, ਇਕ ਡਰਾਈਵਰ ਅਤੇ ਇਕ ਹੈਲਪਰ ਸੀ। ਅਸੀਂ ਸਾਰਾ ਕੰਮ ਰਲ-ਮਿਲ ਕੇ ਆਪ ਹੀ ਕਰ ਲੈਂਦੇ ਸਾਂ। ਸਾਡੇ ਪਾਸ ਪ੍ਰਬਲ ਖ਼ਾਹਸ਼, ਕੰਮ ਦਾ ਤਜਰਬਾ ਅਤੇ ਕਾਮਯਾਬ ਹੋਣ ਦੀ ਤਮੰਨਾ ਸੀ। ਜਿਉਂ ਜਿਉਂ ਕਾਰੋਬਾਰ ਵੱਧਦਾ ਗਿਆ, ਸਾਡੇ ਛੇ-ਮੈਂਬਰੀ ਪ੍ਰੀਵਾਰ ਵਿੱਚ ਵੀ ਵਾਧਾ ਹੁੰਦਾ ਗਿਆ। ਅੱਜ ਜਦੋਂ ਮੈਂ ਇਹ ਕਹਾਣੀ ਲਿਖ ਰਿਹਾ ਹਾਂ ਤਾਂ ਸਾਡੇ ਕਾਰੋਬਾਰੀ ਪ੍ਰੀਵਾਰ ਵਿੱਚ 2000 ਮੁਲਾਜ਼ਮ ਕੰਮ ਕਰ ਰਹੇ ਹਨ। ਕਾਰੋਬਾਰੀ ਕੜੀ ਵਿੱਚ ਹਰ ਮੈਂਬਰ ਅਹਿਮੀਅਤ ਰੱਖਦਾ ਹੈ। ਜੇਕਰ ਦਫ਼ਤਰ ਦਾ ਹੈਲਪਰ ਚਾਹ ਦਾ ਚੰਗਾ ਪਿਆਲਾ ਪੇਸ਼ ਨਹੀਂ ਕਰਦਾ ਤਾਂ ਤੁਹਾਡੇ ਕੰਮ ਕਰਨ ਦੀ ਸੁਯੋਗਤਾ ਵੀ ਘੱਟ ਜਾਵੇਗੀ। 'ਅਲ ਦੋਬੋਈ' ਗਰੁੱਪ ਦਾ ਹਰ ਮੈਂਬਰ ਕੰਪਨੀ ਦੀ ਕਾਮਯਾਬੀ ਅਤੇ ਵਾਧੇ ਲਈ ਹਿੱਸਾ ਪਾਉਂਦਾ ਹੈ। ਮੈਂ ਇਸ ਕਹਾਵਤ ਵਿੱਚ ਯਕੀਨ ਰੱਖਦਾ ਹਾਂ ਕਿ ਚੇਨ ਦੀ ਤਾਕਤ ਉਸ ਦੀ ਕਮਜ਼ੋਰ ਕੜੀ ਤੋਂ ਵੱਧ ਨਹੀਂ ਹੋ ਸਕਦੀ।

ਮੈਨੂੰ ਇਕ ਵਾਕਿਆ ਯਾਦ ਆ ਗਿਆ ਹੈ ਜਦੋਂ ਭਾਰਤ ਤੋਂ ਇਕ ਵਿਉਪਾਰੀ ਮੇਰੇ ਘਰ ਖਾਣੇ ਉਪਰ ਮਹਿਮਾਨ ਸੀ। ਉਹ ਸ਼ੇਖ਼ੀ ਮਾਰ ਕੇ ਦੱਸ ਰਿਹਾ ਸੀ ਕਿ ਉਹ 2500 ਪ੍ਰੀਵਾਰਾਂ ਨੂੰ ਪਾਲਦਾ ਹੈ। ਦਰਅਸਲ, ਇਹ ਉਸਦੀ ਕੰਪਨੀ ਦੇ ਕਾਮਿਆਂ ਦੀ ਨਫ਼ਰੀ ਸੀ। ਮੈਂ ਉਸ ਨੂੰ ਟੋਕ ਕੇ ਕਿਹਾ ਕਿ ਉਹ ਦੁਬਈ ਦੀਆਂ ਸੈਰਾਂ ਉਹਨਾਂ 2500 ਕਾਮਿਆਂ ਦੇ ਸਿਰ ਉਪਰ ਹੀ ਕਰ ਰਿਹਾ ਹੈ। ਭਾਵੇਂ ਇਹ ਸੋਭਦਾ ਨਹੀਂ ਸੀ ਪ੍ਰੰਤੂ ਮੈਂ ਉਸ ਦੀ ਔਕਾਤ ਤੋਂ ਜਾਣੂ ਕਰਵਾਉਣਾ ਚਾਹੁੰਦਾ ਸਾਂ। ਜਦੋਂ ਉਹ ਫਿਰ ਵੀ ਨਾ ਸਮਝਿਆ ਤਾਂ ਮੈਂ ਗ਼ੁੱਸੇ ਵਿੱਚ ਉਸ ਨੂੰ ਖਰੀਆਂ ਖਰੀਆਂ ਸੁਣਾ ਦਿੱਤੀਆਂ। ਮੈਂ ਦੱਸਿਆ ਕਿ ਇਹ 2500 ਕਾਮੇ ਤੇਰੀ ਐਸ਼ੋ-ਇਸ਼ਰਤ ਦੀ ਜ਼ਿੰਦਗੀ ਲਈ ਕੰਮ ਕਰਦੇ ਹਨ ਅਤੇ ਤੈਨੂੰ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਤੁਹਾਡੇ ਕੋਲ ਕਈ ਵਿਚਾਰ ਹੋ ਸਕਦੇ ਹਨ ਪ੍ਰੰਤੂ ਉਨ੍ਹਾਂ

ਨੂੰ ਸਿਰੇ ਚਾੜ੍ਹਨ ਲਈ ਚੰਗੇ ਕਾਮੇ ਹੀ ਕੰਮ ਆਉਂਦੇ ਹਨ। ਸੋ ਆਪਣੀ ਕੰਪਨੀ ਦੇ ਮੁਲਾਜ਼ਮਾਂ ਅਤੇ ਕਾਮਿਆਂ ਨੂੰ ਆਪਣੇ ਪ੍ਰੀਵਾਰ ਦਾ ਹਿੱਸਾ ਹੀ ਸਮਝਣਾ ਚਾਹੀਦਾ ਹੈ।

ਸਾਡੀ ਕੰਪਨੀ ਦਾ ਬਹੁਤ ਵਿਸਥਾਰ ਹੋਇਆ ਹੈ ਅਤੇ ਪ੍ਰਮਾਤਮਾ ਦੀ ਕ੍ਰਿਪਾ ਨਾਲ ਦਸ ਦੇਸ਼ਾਂ ਵਿੱਚ ਕੰਪਨੀ ਦੀ ਪੈੜ ਪਈ ਹੈ। ਟਾਇਰਾਂ ਦੀ ਦੁਨੀਆਂ ਵਿੱਚ 'ਅਲ ਦੋਬੋਈ' ਸਾਰੇ ਵਿਸ਼ਵ ਭਰ ਵਿੱਚ ਆਪਣੀ ਇਮਾਨਦਾਰੀ, ਨੇਕ ਨੀਤੀ ਅਤੇ ਸਦਾਚਾਰੀ ਕਦਰਾਂ-ਕੀਮਤਾਂ ਕਰਕੇ ਜਾਣਿਆ ਜਾਂਦਾ ਹੈ।

ਮੈਂ ਹਮੇਸ਼ਾਂ ਕਿਹਾ ਕਰਦਾ ਹਾਂ ਕਿ ਜੇ ਤੁਸੀਂ ਕਾਰੋਬਾਰ ਵਿੱਚ ਵਾਧੇ ਵੱਲ ਨਹੀਂ ਜਾ ਰਹੇ ਤਾਂ ਘਾਟੇ ਦੇ ਆਸਾਰ ਜ਼ਰੂਰ ਪੈਦਾ ਹੋ ਜਾਣਗੇ ਅਤੇ ਕੰਪਨੀ ਡੁੱਬਣੀ ਸ਼ੁਰੂ ਹੋ ਜਾਵੇਗੀ। ਜੇਕਰ ਤੁਹਾਡੇ ਟੀਚੇ ਠੀਕ ਹੋਣ ਅਤੇ ਤੁਸੀਂ ਉਹਨਾਂ ਵੱਲ ਇਮਾਨਦਾਰੀ ਨਾਲ ਅੱਗੇ ਵੱਧਦੇ ਰਹੋ ਤਾਂ ਕਾਮਯਾਬੀ ਤੁਹਾਡੇ ਕਦਮ ਚੁੰਮੇਗੀ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਮੁਤਾਬਕ ਸਾਨੂੰ ਜਾਇਜ਼ ਤਰੀਕੇ ਨਾਲ ਹੀ ਧਨ ਕਮਾਉਣਾ ਚਾਹੀਦਾ ਹੈ। ਸਹੀ ਤਰੀਕੇ ਨਾਲ ਧਨ ਕਮਾਉਣ ਦੇ ਕਈ ਮੌਕੇ ਅਤੇ ਰਾਹ ਉਪਲਬਧ ਹੁੰਦੇ ਹਨ ਪ੍ਰੰਤੂ ਫਿਰ ਵੀ ਸਾਡੇ ਵਿੱਚੋਂ ਬਹੁਤ ਸਾਰੇ ਨਜਾਇਜ਼ ਤੌਰ 'ਤੇ ਧਨ ਕਮਾਉਣ ਲਈ ਸ਼ਾਰਟ-ਕੱਟ ਵਰਤਦੇ ਹਨ ਜਿਸ ਨਾਲ ਬਣੀ ਬਣਾਈ ਸ਼ੁਹਰਤ ਮਿੱਟੀ ਵਿੱਚ ਮਿਲ ਜਾਂਦੀ ਹੈ।

ਅਖ਼ੀਰ ਉਪਰ ਗ਼ਲਤ ਤਰੀਕੇ ਨਾਲ ਕਮਾਇਆ ਹੋਇਆ ਧਨ ਬਰਬਾਦ ਹੋ ਜਾਂਦਾ ਹੈ। ਧਨ ਸੁਖੀ ਅਤੇ ਖ਼ੁਸ਼ਹਾਲ ਜੀਵਨ ਲਈ ਚਾਹੀਦਾ ਹੈ, ਇਸ ਬਾਰੇ ਕੋਈ ਦੋ ਰਾਵਾਂ ਨਹੀਂ। ਜੇਕਰ ਤੁਹਾਡਾ ਧਨ ਹੇਰਾਫੇਰੀ ਦੀ ਕਮਾਈ ਨਾਲ ਜੋੜਿਆ ਗਿਆ ਹੈ ਤਾਂ ਇਸ ਦਾ ਕੀ ਫ਼ਾਇਦਾ। ਮਰਨ ਤੋਂ ਬਾਅਦ ਧਨ ਕੋਈ ਨਾਲ ਤਾਂ ਨਹੀਂ ਲੈ ਕੇ ਜਾ ਸਕਦਾ। ਲੋਕ ਉਸ ਬੰਦੇ ਦੀ ਇਜ਼ਤ ਕਰਦੇ ਹਨ ਜੋ ਇਮਾਨਦਾਰ ਹੋਵੇ ਅਤੇ ਸਮਾਜ ਵਿੱਚ ਉੱਚਾ ਸਿਰ ਚੁੱਕ ਕੇ ਵਿਚਰ ਰਿਹਾ ਹੋਵੇ। ਸ਼ੁਹਰਤ ਕਮਾਉਣ ਲਈ ਸੱਚੇ ਮਾਰਗ ਉਪਰ ਚੱਲੋ ਅਤੇ ਭਟਕਣ ਤੋਂ ਬਚੋ।

ਸਾਡੇ ਕਾਰੋਬਾਰ ਦਾ ਪਹਿਲਾ ਪਸਾਰ ਨਾਈਜੀਰੀਆ ਵਿੱਚ ਹੋਇਆ। ਮੇਰਾ ਸਾਲਾ (ਬੱਬਲਜ਼ ਦਾ ਛੋਟਾ ਭਰਾ) ਅਰਸ਼ੀ ਅਜੇ ਗਰੈਜੂਏਟ ਹੋ ਕੇ ਆਪਣੇ ਬਿਜ਼ਨੈਸ ਲਈ ਟਿਕਾਣਾ ਲੱਭ ਰਿਹਾ ਸੀ। ਅਸੀਂ ਦੋਵੇਂ ਜਣੇ ਲਾਗੋਸ ਪਹੁੰਚ ਗਏ ਅਤੇ ਫਿਰ ਤੁਰ ਕੇ ਵੇਖਿਆ ਕਿ ਨਾਈਜੀਰੀਆ ਸਾਡੇ ਸਾਂਝੇ ਕਾਰੋਬਾਰ ਲਈ ਠੀਕ ਜਗ੍ਹਾ ਹੈ। 1981 ਦੇ ਅਰਸੇ ਦੌਰਾਨ ਇਸ ਦੇਸ਼ ਵਿੱਚ ਤੇਲ ਦੀ ਕਮਾਈ ਨਾਲ ਚੋਖਾ ਸਰਮਾਇਆ ਆਉਣਾ ਸ਼ੁਰੂ ਹੋ ਗਿਆ ਸੀ ਅਤੇ ਦੇਸ਼ ਤਰੱਕੀ ਦੇ ਰਸਤੇ ਤੁਰ ਪਿਆ ਸੀ। ਅਸੀਂ ਆਪਣੇ ਟਾਇਰ ਅਤੇ ਬੈਟਰੀ ਦੇ ਬਿਜ਼ਨੈਸ ਨੂੰ ਹੀ ਸਥਾਪਿਤ ਕਰਨਾ ਚਾਹੁੰਦੇ ਸੀ। ਹੁਣ ਸਾਡੇ ਪਾਸ ਕੰਪਨੀ ਦੀਆਂ 15 ਬਰਾਂਚਾਂ ਨਾਈਜੀਰੀਆ ਅਤੇ 5 'ਘਨਾ' ਵਿੱਚ ਚੰਗਾ ਕਾਰੋਬਾਰ ਕਰ ਰਹੀਆਂ ਹਨ। ਕੁਝ ਸਾਲ ਪਹਿਲਾਂ ਤੱਕ ਇੱਥੇ ਸੁਰੱਖਿਆ ਦੀ ਮਾੜੀ ਹਾਲਤ ਸੀ। ਖ਼ੁਸ਼ਹਾਲੀ

ਆਉਣ ਨਾਲ ਗ਼ਰੀਬੀ ਰੇਖਾ ਤੋਂ ਹੇਠਲੇ ਪ੍ਰੀਵਾਰਾਂ ਦੀ ਹਾਲਤ ਸੁਧਰ ਗਈ ਹੈ। ਹੁਣ ਇਹ ਦੋਵੇਂ ਦੇਸ਼ ਰਹਿਣ ਦੇ ਲਾਇਕ ਹੋ ਗਏ ਹਨ।

ਦੁਬਈ ਵਿੱਚ ਕੰਪਨੀ ਖੋਲ੍ਹਣ ਤੋਂ ਤਿੰਨ ਸਾਲ ਬਾਅਦ ਅਸੀਂ ਇਕ ਬ੍ਰਾਂਚ ਸ਼ਾਰਜਾਹ ਖੋਲ੍ਹ ਦਿੱਤੀ ਅਤੇ ਤਿੰਨ ਹੋਰ ਸਾਲ ਬਾਅਦ ਕੰਪਨੀ ਨੂੰ ਆਬੂਧਾਬੀ ਲੈ ਗਏ। ਯੂ.ਏ.ਈ. ਵਿੱਚ ਸਥਾਪਿਤ ਹੋਣ ਤੋਂ ਬਾਅਦ 1981 ਵਿੱਚ ਨਾਈਜੀਰੀਆ ਲਈ ਰਾਹ ਪੱਧਰਾ ਕਰ ਲਿਆ, 2000 ਵਿੱਚ ਯੂ.ਕੇ. ਅਤੇ 2001 ਵਿੱਚ ਕੈਨੇਡੀਅਨ ਬ੍ਰਾਂਚ ਵੀ ਚਾਲੂ ਕਰ ਦਿੱਤੀ। ਜਦੋਂ ਕੰਪਨੀ ਦਾ ਨਾਮ ਹੋ ਗਿਆ ਤਾਂ ਅਸੀਂ ਦੁਬਈ ਵਿੱਚ ਟਾਇਰਾਂ ਦੀ ਰੀਟਰੈਡਿੰਗ ਦਾ ਪਲਾਂਟ 1995 ਵਿੱਚ ਸ਼ੁਰੂ ਕਰ ਲਿਆ। 1998 ਵਿੱਚ ਐਕਸਾਈਡ ਕੰਪਨੀ ਨਾਲ ਸਾਂਝੇ ਤੌਰ 'ਤੇ ਬੈਟਰੀਆਂ ਬਣਾਉਣ ਦਾ ਕਾਰੋਬਾਰ ਅਰੰਭ ਕਰ ਲਿਆ। ਇਸ ਤੋਂ ਬਾਅਦ ਸਾਡੀ ਕੰਪਨੀ 2002 ਵਿੱਚ ਹਾਈ-ਟੈਕ ਹੋ ਕੇ ਸਾਊਦੀ ਅਰਬ, 2005 ਵਿੱਚ ਦੱਖਣੀ ਅਫ਼ਰੀਕਾ, 2006 ਵਿੱਚ ਚੀਨ ਅਤੇ 2011 ਵਿੱਚ ਅਸਟ੍ਰੇਲੀਆ ਪਹੁੰਚ ਗਈ। 2011 ਵਿੱਚ 'ਰਾਸ-ਐਲ-ਖੈਮਾਹ' (ਯੂ.ਏ.ਈ.) ਇਕ ਨਵੀਂ ਕੰਪਨੀ 'ਐਟਰਨਿਟੀ ਟੈਕਨਾਲੋਜੀਜ਼' ਦਾ ਉਦਘਾਟਨ ਹੋ ਗਿਆ ਹੈ ਅਤੇ ਅਸੀਂ ਤੇਜ਼ ਰਫ਼ਤਾਰ ਨਾਲ ਅੱਗੇ ਵੱਧਦੇ ਜਾ ਰਹੇ ਹਾਂ।

ਹੁਣ ਦੁਬਈ ਲਈ ਕੁਝ ਸ਼ਬਦ ਕਹਿਣੇ ਜ਼ਰੂਰੀ ਹਨ। ਸਿਰਫ਼ ਸ਼ੁਕਰੀਆ ਕਹਿਣ ਨਾਲ ਕੰਮ ਨਹੀਂ ਸਰਦਾ। ਜਿਸ ਦੇਸ਼ ਨੇ ਤੁਹਾਨੂੰ ਏਨੀ ਸ਼ੁਹਰਤ ਦਿੱਤੀ ਹੋਵੇ, ਉਸ ਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਹੈ। ਮੇਰੇ ਲਈ ਤਾਂ ਬੇਸ਼ੁਮਾਰ ਕੀਮਤੀ ਸਾਮਾਨ ਵਾਂਗ ਹੈ ਜਿਸ ਉਪਰ ਲਿਖਿਆ ਹੁੰਦਾ ਹੈ : "ਸੰਭਲ ਕੇ ਹੈਂਡਲ ਕਰੋ, ਇਹ ਕੀਮਤੀ ਸਾਮਾਨ ਹੈ।" ਦੁਨੀਆਂ ਵਿੱਚ ਬਹੁਤ ਘੱਟ ਅਜੇਹੇ ਦੇਸ਼ ਹਨ ਜੋ ਆਪਣੀ ਵਿਰਾਸਤ ਨੂੰ ਸਾਂਭਦੇ ਹੋਏ ਭਵਿੱਖ ਦੇ ਟੈਕਨਾਲੋਜੀ ਦੇ ਯੁੱਗ ਵਿੱਚ ਪ੍ਰਵੇਸ਼ ਕਰਦੇ ਹੋਣ ਜਿਵੇਂ ਦੁਬਈ ਵਿੱਚ ਹੋਇਆ ਹੈ। ਇੱਥੇ ਅਮਰੀਕਾ ਵਾਂਗ ਵੱਖ ਵੱਖ ਦੇਸ਼ਾਂ ਦੀਆਂ ਤਹਿਜ਼ੀਬਾਂ ਆਪਸ ਵਿੱਚ ਮਿਲ-ਜੁਲ ਕੇ ਰਹਿੰਦੀਆਂ ਹਨ ਜਿਸ ਨੂੰ ਨਵੇਂ ਯੁੱਗ ਦੀ ਭਾਸ਼ਾ ਵਿੱਚ 'ਮੈਲਟਿੰਗ ਪਾਟ' (Melting Pot) ਕਿਹਾ ਜਾਂਦਾ ਹੈ। ਭਾਵੇਂ ਇਹ ਮੁਹਾਵਰਾ ਪੁਰਾਣਾ ਲੱਗੇ, ਪ੍ਰੰਤੂ ਕਿਹਾ ਜਾ ਸਕਦਾ ਹੈ ਕਿ ਇਕ ਨਵੇਂ ਯਾਤਰੀ ਲਈ ਦੁਬਈ ਇਸ ਤਰ੍ਹਾਂ ਜਾਪੇਗਾ ਜਿਵੇਂ ਉਹ ਆਧੁਨਿਕ ਯੁੱਗ ਵਿੱਚ 'ਅਲਫ਼ ਲੈਲਾ' ਦੇ ਕਿੱਸੇ ਵਾਲੀ ਧਰਤੀ 'ਤੇ ਪਹੁੰਚ ਗਿਆ ਹੋਵੇ।

ਦੁਬਈ ਹੈਰਾਨੀ ਭਰਿਆ ਸ਼ਹਿਰ ਹੈ ਜਿੱਥੇ ਗਗਨ-ਚੁੰਬੀ ਇਮਾਰਤਾਂ, ਬੁਰਜ ਖ਼ਲੀਫ਼ਾ ਵਰਗੀਆਂ, ਅਸਮਾਨ ਵਿੱਚ ਮੋਰੀ ਕਰਦੀਆਂ ਲੱਭ ਰਹੀਆਂ ਹਨ। ਸ਼ਹਿਰ ਦੇ ਬਾਹਰ ਰੇਤ ਦੇ ਟਿੱਬੇ ਹਰੇ ਘਾਹ ਦੀਆਂ ਕਿਆਰੀਆਂ ਨਾਲ ਲਹਿਰਾਉਂਦੇ ਨਜ਼ਰੀਂ ਪੈਂਦੇ ਹਨ। ਸੜਕਾਂ ਕਿਨਾਰੇ ਹਰੀਆਂ ਭਰੀਆਂ ਵੇਲਾਂ ਤੇ ਬੂਟੇ ਮਨ ਨੂੰ ਮੋਹ ਲੈਂਦੇ ਹਨ। ਇੱਥੋਂ ਦੀਆਂ ਬੀਚਾਂ ਚਿੱਟੇ ਸਮੁੰਦਰੀ ਰੇਤ ਨਾਲ ਲੱਥਪੱਥ ਅਰਬ ਖਾੜੀ ਦੇ ਨੀਲੇ ਪਾਣੀਆਂ ਨੂੰ ਕਲਾਵੇ ਵਿੱਚ

ਲੈਂਦੀਆਂ ਹਨ। ਇਸ ਸ਼ਹਿਰ ਵਿੱਚ ਵਿਉਪਾਰ, ਤਜਾਰਤ ਅਤੇ ਸੰਚਾਰ ਲਈ ਹਰ ਸਹੂਲਤ ਹੈ। ਬਾਜ਼ਾਰਾਂ ਵਿੱਚ ਹਰ ਤਰ੍ਹਾਂ ਦੇ ਸਾਜ਼ੋ-ਸਾਮਾਨ ਨਾਲ ਖਚਾ ਖੱਚ ਭਰੀਆਂ ਮਾਲਾਂ ਹਨ ਅਤੇ ਠਹਿਰਨ ਲਈ ਆਲੀਸ਼ਾਨ ਹੋਟਲ ਹਨ ਜੋ ਹੋਰ ਕਿਸੇ ਦੇਸ਼ ਨਾਲੋਂ ਸੁੱਖ ਆਰਾਮ ਲਈ ਘੱਟ ਨਹੀਂ। ਦੁਬਈ ਕੇਵਲ ਮਿਡਲ ਈਸਟ ਦੇ ਵਿਉਪਾਰ ਅਤੇ ਇੰਡਸਟਰੀ ਦੀ ਰਾਜਧਾਨੀ ਹੀ ਨਹੀਂ, ਬਲਕਿ ਇਹ ਵਿਦਿਆ ਦਾ ਕੇਂਦਰ, ਸ਼ਾਪਿੰਗ ਦਾ ਅੱਡਾ ਅਤੇ ਵਿਹਲ ਦੇ ਪਲ ਬਤੀਤ ਕਰਨ ਦੀ ਜਗ੍ਹਾ ਵੀ ਬਣਨ ਜਾ ਰਿਹਾ ਹੈ।

ਹਰ ਸਾਲ 2 ਦਸੰਬਰ ਨੂੰ ਯੂ.ਏ.ਈ. ਆਪਣੀ ਬਰਸੀ ਮਨਾਉਂਦਾ ਹੈ ਜਦੋਂ ਦੁਨੀਆਂ ਭਰ ਤੋਂ ਸੈਲਾਨੀ ਇਥੇ ਪਹੁੰਚਦੇ ਹਨ। 2020 ਵਿੱਚ ਦੁਨੀਆਂ ਦੀ ਸਭ ਤੋਂ ਵੱਡੀ ਨੁਮਾਇਸ਼ 'ਵਰਲਡ ਐਕਸਪੋ' (World Expo) ਪਹਿਲੀ ਵਾਰ ਇਸ ਖੇਤਰ ਵਿੱਚ ਹੋਣ ਜਾ ਰਹੀ ਹੈ। ਅੰਤਰ-ਰਾਸ਼ਟਰੀ ਨੁਮਾਇਸ਼ ਦੀ ਤਜਵੀਜ਼ ਦੁਬਈ ਦੇ ਹੁਕਮਰਾਨ ਸ਼ੇਖ਼ ਮੁਹੰਮਦ ਬਿਨ ਰਾਸ਼ੀਦ ਅਲ ਮਕਤੂਮ ਨੇ ਪੇਸ਼ ਕੀਤੀ ਸੀ ਜੋ ਪ੍ਰਵਾਨ ਚੜ੍ਹ ਗਈ। ਇਸ ਨੁਮਾਇਸ਼ ਦਾ ਵਿਸ਼ਾ-ਵਸਤੂ ਬਹੁਤ ਸੋਚ-ਵਿਚਾਰ ਤੋਂ ਬਾਅਦ ਚੁਣਿਆ ਗਿਆ ਹੈ, "ਭਵਿੱਖ ਦਾ ਸੁਪਨਾ ਸਾਕਾਰ ਕਰਨ ਲਈ ਮਨਾਂ ਨੂੰ ਜੋੜਨਾ"।

ਉਲੰਪਿਕ ਖੇਡਾਂ ਤੋਂ ਬਾਅਦ ਖੇਡ ਦੁਨੀਆਂ ਦੀ ਸਭ ਤੋਂ ਮਸ਼ਹੂਰ ਘਟਨਾ ਫ਼ੀਫ਼ਾ ਵਰਲਡ ਕੱਪ (FIFA World Cup) ਮੰਨੀ ਜਾਂਦੀ ਹੈ ਜਿਸ ਲਈ ਦੁਬਈ ਕੋਸ਼ਿਸ਼ ਕਰ ਰਿਹਾ ਹੈ। ਜੋ ਜਜ਼ਬਾ ਐਮੀਰਾਤ (ਯੂ.ਏ.ਈ.) ਨੂੰ ਬਿਆਨ ਕਰਨ ਲਈ ਢੁਕਦਾ ਹੈ, ਉਹ 'ਉਤਮਤਾ' ਰਾਹੀਂ ਦਰਸਾਇਆ ਜਾ ਸਕਦਾ ਹੈ। ਇਸ ਦੀ ਨੁਮਾਇਸ਼ ਸਭ ਜਗ੍ਹਾ ਵੇਖਣ ਨੂੰ ਮਿਲਦੀ ਹੈ। ਇਹ ਉਤਮਤਾ ਇੱਥੋਂ ਦੀ ਆਰਕੀਟੈਕਚਰ, ਸੜਕਾਂ, ਪੁਲਾਂ, ਮੈਟਰੋ ਅਤੇ ਪਬਲਿਕ ਲਈ ਬਣੀਆਂ ਸਹੂਲਤਾਂ ਦੀ ਸਾਂਭ-ਸੰਭਾਲ ਵਿੱਚ ਵੇਖੀ ਜਾ ਸਕਦੀ ਹੈ।

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਉਪਰ ਪਹੁੰਚਣ 'ਤੇ ਸਾਨੂੰ ਆਤਮ ਚਿੰਤਨ ਦੀ ਲੋੜ ਹੈ ਕਿ ਇਸ ਦੇਸ਼ ਦੀ ਪ੍ਰਗਤੀ ਲਈ ਪ੍ਰਵਾਸੀ ਲੋਕਾਂ ਦਾ ਕੀ ਯੋਗਦਾਨ ਰਿਹਾ ਹੈ। ਯੂ.ਏ.ਈ. ਵਿੱਚ 200 ਕੌਮਾਂ ਦੇ ਪ੍ਰਵਾਸੀ ਵਾਸ਼ਿੰਦੇ ਹਨ ਜੋ ਆਬਾਦੀ ਦਾ 72 ਪ੍ਰਤੀਸ਼ਤ ਹਿੱਸਾ ਹਨ। ਕੀ ਉਹਨਾਂ ਦਾ ਚੇਤਨ ਮਨ ਇੱਥੋਂ ਦੀ ਜ਼ਿੰਦਗੀ ਬਾਰੇ ਕੋਈ ਵਿਚਾਰ ਨਹੀਂ ਕਰਦਾ?

ਪਹਿਲੀ ਵਾਰ ਦੁਬਈ ਘੁੰਮਣ ਆਇਆ ਦਰਸ਼ਕ ਜਦੋਂ ਕਿਸੇ ਭੀੜਵਾਲੇ ਬਾਜ਼ਾਰ ਵਿੱਚੋਂ ਗੁਜ਼ਰਦਾ ਹੈ ਤਾਂ ਉਸ ਨੂੰ ਭੀੜ ਵਿੱਚ ਹਰ ਦੇਸ਼ ਦੇ ਲੋਕ ਲੱਭ ਪੈਣਗੇ ਜਿਨ੍ਹਾਂ ਵਿੱਚ ਭਾਰਤੀ, ਪਾਕਿਸਤਾਨੀ, ਫਿਲਪੀਨੋ, ਬੰਗਲਾਦੇਸ਼ੀ, ਅਰਬੀ ਅਤੇ ਯੂਰੋਪੀਅਨ ਨਸਲਾਂ ਦੇ ਲੋਕ ਸ਼ਾਮਲ ਹੁੰਦੇ ਹਨ। ਇੱਥੇ 200 ਦੇਸ਼ਾਂ ਦੇ ਕਾਮੇ ਅਤੇ ਕਾਰੋਬਾਰੀ ਲੋਕ ਰਹਿੰਦੇ ਹਨ ਜਿਸ ਕਰਕੇ ਇਹ ਸ਼ਹਿਰ ਹਰ ਪੱਖੋਂ ਵਿਸ਼ਵ ਦਾ ਸਰਬ-ਸਾਂਝਾ

(cosmopolitan) ਕੇਂਦਰ ਕਹਿਲਾਉਣ ਦਾ ਹੱਕਦਾਰ ਹੈ। ਖੇਡ ਪ੍ਰੇਮੀਆਂ ਲਈ ਇੱਥੇ ਹਰ ਕਿਸਮ ਦੀ ਸਹੂਲਤ ਹੈ। ਇਸ ਬਾਰੇ ਅੱਗੇ ਜਾ ਕੇ ਪੂਰਾ ਵੇਰਵਾ ਮਿਲ ਜਾਵੇਗਾ।

ਬਹੁਤ ਸਾਰੇ ਲੋਕ ਜੋ ਇੱਥੇ ਕਾਮੇ ਬਣ ਕੇ ਆਉਂਦੇ ਹਨ ਅਤੇ ਇੱਥੋਂ ਦੇ ਸ਼ਹਿਰੀ ਨਹੀਂ ਬਣਦੇ, ਉਹ ਆਪਣੀਆਂ ਕੌਮੀ ਬਸਤੀਆਂ ਵਿੱਚ ਰਹਿਣਾ ਪਸੰਦ ਕਰਦੇ ਹਨ ਜਿੱਥੇ ਉਹ ਆਪਣੇ ਦੇਸ਼ ਦੀ ਰਹਿਣੀ-ਬਹਿਣੀ ਅਤੇ ਖਾਣ-ਪੀਣ ਦੀਆਂ ਆਦਤਾਂ ਬਰਕਰਾਰ ਰੱਖ ਸਕਣ। ਉਹ ਇਸ ਦੇਸ਼ ਦੀ ਤਹਿਜ਼ੀਬ ਨੂੰ ਨਿਕਾਰ ਦਿੰਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਦੇਸ਼ ਇਸਲਾਮ ਦਾ ਧਾਰਨੀ ਹੈ ਅਤੇ ਇੱਥੋਂ ਦੇ ਕਾਇਦੇ ਕਾਨੂੰਨ ਦੀ ਪਾਲਣਾ ਕਰਨੀ ਜ਼ਰੂਰੀ ਹੈ ਜਿਸ ਦੀ ਉਲੰਘਣਾ ਦਾ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ। ਇੱਥੇ ਇਸਲਾਮ ਕਿਸੇ ਉਪਰ ਠੋਸਿਆ ਨਹੀਂ ਜਾਂਦਾ ਅਤੇ ਧਾਰਮਿਕ ਆਜ਼ਾਦੀ ਦੀ ਪੂਰੀ ਖੁੱਲ੍ਹ ਹੈ।

ਪ੍ਰਵਾਸੀ ਲੋਕ ਅਸਥਾਈ ਤੌਰ ’ਤੇ ਆਉਂਦੇ ਹਨ ਜਿਸ ਕਰਕੇ ਅਰਬੀ ਸਿੱਖਣ ਤੋਂ ਗੁਰੇਜ਼ ਕਰਦੇ ਹਨ। ਦਰਅਸਲ, ਬਹੁਤੇ ਕਾਮੇ ਟੁੱਟੀ ਫੁੱਟੀ ਅੰਗਰੇਜ਼ੀ ਨਾਲ ਕੰਮ ਚਲਾ ਲੈਂਦੇ ਹਨ ਜਾਂ ਆਪਣੇ ਦੇਸ਼ ਦੀ ਭਾਸ਼ਾ ਹੀ ਬੋਲਦੇ ਹਨ। ਪ੍ਰਵਾਸੀਆਂ ਦੀ ਦੂਜੀ ਪੀੜ੍ਹੀ ਜੋ ਇੱਥੋਂ ਦੇ ਸਕੂਲਾਂ ਵਿੱਚ ਵਿੱਦਿਆ ਗ੍ਰਹਿਣ ਕਰ ਰਹੀ ਹੈ, ਆਪਦੀ ਵੱਖਰੀ ਨੁਹਾਰ ਬਣਾ ਲਵੇਗੀ। ਉਹ ਇਸ ਦੇਸ਼ ਦੀ ਕਲਚਰ ਨੂੰ ਅਪਣਾ ਲੈਣਗੇ ਜੋ ਉਨ੍ਹਾਂ ਦੇ ਲਈ ਲਾਹੇਵੰਦ ਹੋਵੇਗੀ।

ਵਿਸ਼ੇਸ਼ ਅਧਿਕਾਰ ਪ੍ਰਾਪਤ ਵਿਅਕਤੀਆਂ ਵਿੱਚ ਸ਼ਾਮਲ ਹੋਣ ਸਦਕਾ ਸਾਡੀ ਕੋਸ਼ਿਸ਼ ਰਹੇਗੀ ਕਿ ਚੰਗੇ ਸ਼ਹਿਰੀਆਂ ਵਾਂਗ ਅਸੀਂ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈਏ। ਇਹ ਤਾਂ ਹੀ ਸੰਭਵ ਹੋਵੇਗਾ ਜੇਕਰ ਕੱਲ੍ਹ ਦੇ ਉਜਲੇ ਭਵਿੱਖ ਲਈ ਅਸੀਂ ਜ਼ਿੰਮੇਵਾਰੀ ਦਾ ਸਫ਼ਰ ਅੱਜ ਹੀ ਸ਼ੁਰੂ ਕਰ ਦੇਈਏ।

— 0 —

7

# ਅਸੀਂ ਆਏ, ਅਸੀਂ ਤੱਕਿਆ, ਅਸੀਂ ਸਹਿਯੋਗੀ ਬਣੇ

ਅਸੀਂ ਉਨ੍ਹਾਂ ਮੋਢੀਆਂ ਵਿੱਚੋਂ ਹਾਂ ਜੋ ਉਸ ਸਮੇਂ ਦੁਬਈ ਆਏ ਜਦੋਂ ਇੱਥੇ ਰੇਤ ਦੇ ਟਿੱਬੇ ਹੋਇਆ ਕਰਦੇ ਸਨ ਅਤੇ ਇਹ ਸ਼ਹਿਰ ਅਜੇ ਰਾਤ ਦੀ ਫ਼ਿਜ਼ਾ ਵਿੱਚ ਡਾਇਮੰਡ ਵਾਂਗ ਨਹੀਂ ਚਮਕਿਆ ਸੀ। ਉਸ ਸਮੇਂ ਵੀ ਸਾਨੂੰ ਮਹਿਸੂਸ ਹੋ ਰਿਹਾ ਸੀ ਕਿ ਇਹ ਸਾਡੇ ਸੁਪਨਿਆਂ ਦਾ ਸ਼ਹਿਰ ਬਣਨ ਜਾ ਰਿਹਾ ਹੈ ਅਤੇ ਸਾਹਸੀ ਬੰਦਿਆਂ ਲਈ ਅੱਗੇ ਵਧਣ ਦੇ ਮੌਕੇ ਮਿਲਣਗੇ। 10 ਮਈ 1976 ਨੂੰ ਅਸੀਂ ਪ੍ਰੀਵਾਰ ਸਮੇਤ ਦੁਬਈ ਪਹੁੰਚ ਗਏ। ਮੇਰੇ ਨਾਲ ਬੱਬਲਜ਼ ਅਤੇ ਦੋ ਪੁੱਤਰ, ਜਸਜੀਵ ਸਾਢੇ ਤਿੰਨ ਸਾਲ ਦਾ ਅਤੇ ਹਰਜੀਵ ਇਕ ਸਾਲ ਦਾ, ਨਾਲ ਆਏ।

ਮੈਂ ਠਹਿਰਣ ਲਈ ਡੇਰਾ ਏਰੀਏ ਵਿੱਚ ਇਕ ਫ਼ਲੈਟ ਕਿਰਾਏ ’ਤੇ ਲੈ ਲਿਆ ਜੋ ਸਭ ਤੋਂ ਹੇਠਲੀ ਮੰਜ਼ਿਲ ’ਤੇ ਸੀ। ਇਸ ਵਿੱਚ ਛੋਟੇ ਛੋਟੇ ਤਿੰਨ ਕਮਰੇ ਸਨ। ਹੈਦਰਾਬਾਦ ਵਿੱਚ ਅਸੀਂ ਇਕ ਨਿਵੇਕਲੇ ਬੰਗਲੇ (Villa) ਵਿੱਚ ਰਹਿਣ ਦੇ ਆਦੀ ਸਾਂ ਜਿਸ ਵਿੱਚ ਇਕ ਬਾਗ਼ ਅਤੇ ਪਿਛਲੇ ਪਾਸੇ ਕਿਚਨ ਗਾਰਡਨ ਅਤੇ ਬੱਚਿਆਂ ਦੇ ਖੇਡਣ ਲਈ ਗਰਾਊਂਡ ਸੀ। ਹੈਦਰਾਬਾਦ ਦੇ ਸੁੱਖ ਆਰਾਮ ਛੱਡ ਕੇ ਅਸੀਂ ਦੁਬਈ ਵਿੱਚ ਮੁੱਢੋਂ ਜੀਵਨ ਸ਼ੁਰੂ ਕਰਨ ਜਾ ਰਹੇ ਸਾਂ। ਭਾਵੇਂ ਇਹ ਭੀੜਾ ਜਾਪਦਾ ਸੀ ਪ੍ਰੰਤੂ ਅਸੀਂ ਝੂਰਨ ਵਿੱਚ ਸਮਾਂ ਬਰਬਾਦ ਨਹੀਂ ਕਰਦੇ ਸਾਂ। ਘਰ ਵਿੱਚ ਕੋਈ ਹੈਲਪਰ ਵੀ ਨਹੀਂ ਸੀ ਕਿਉਂਕਿ ਉਹਨਾਂ ਦਿਨਾਂ ਵਿੱਚ ਨੌਕਰ ਲਿਆਉਣ ਲਈ ਵੀਜ਼ਾ ਮਿਲਣਾ ਸੌਖਾ ਨਹੀਂ ਸੀ। ਸਤੰਬਰ 1976 ਵਿੱਚ ਸਾਨੂੰ ਨੌਕਰ ਦੀ ਸਹੂਲਤ ਮਿਲ ਗਈ। ਛੋਟੇ ਘਰ ਦਾ ਇਕ ਫ਼ਾਇਦਾ ਵੀ ਹੋਇਆ, ਸਭ ਜੀਅ ਇਕ ਦੂਜੇ ਦੀ ਮੱਦਦ ਕਰਨ ਲੱਗੇ ਅਤੇ ਆਪਸੀ ਨੇੜਤਾ ਵੱਧ ਗਈ। ਹਰਜੀਵ ਸ਼ਰਾਰਤੀ ਹੋ ਰਿਹਾ ਸੀ ਅਤੇ ਮਹਿੰਗੀ ਕਰਾਕਰੀ ਤੋੜਨ ਲੱਗ ਪਿਆ ਸੀ ਜੋ ਇਕ ਸਮੱਸਿਆ ਬਣ ਗਈ। ਉਸ ਸਮੇਂ ਦੁਬਈ ਵਿੱਚ ਬਹੁਤ ਰੈਸਤੋਰਾਂ ਵੀ ਨਹੀਂ ਸਨ ਜਿੱਥੇ ਪ੍ਰੀਵਾਰ ਨਾਲ ਡਿਨਰ ਉਪਰ ਜਾਇਆ ਜਾ ਸਕੇ।

ਮੈਂ ਸਾਰਾ ਦਿਨ ਦਫ਼ਤਰ ਵਿੱਚ ਕੰਮ ਕਰ ਕੇ ਘਰ ਮੁੜਦਾ ਸਾਂ ਅਤੇ ਘਰ ਦੇ ਕੰਮ ਵਿੱਚ ਬੱਬਲਜ਼ ਦੀ ਮੱਦਦ ਵੀ ਕਰਦਾ ਸਾਂ। ਮੈਨੂੰ ਰਸੋਈ ਦੇ ਕੰਮ ਦਾ ਕੋਈ ਤਜਰਬਾ ਨਹੀਂ ਸੀ। ਜਦੋਂ ਇਕ ਦਿਨ ਬੱਬਲਜ਼ ਬੀਮਾਰ ਹੋ ਗਈ ਤਾਂ ਬਰਿਆਨੀ ਤਿਆਰ ਕਰਨ ਲਈ ਮੈਂ ਰਸੋਈ ਵਿੱਚ ਜਾ ਵੜਿਆ। ਮੈਂ ਦੱਸਣਾ ਚਾਹੁੰਦਾ ਸਾਂ ਕਿ ਮੈਂ ਇਕ ਮੱਦਦਗਾਰ

ਪਤੀ ਹਾਂ। ਬਰਿਆਨੀ ਨੂੰ ਲਾਲ ਰੰਗ ਦੇਣ ਲਈ ਮੈਂ ਇਕ ਮਸਾਲੇ ਦੀ ਲਾਲ ਸ਼ੀਸ਼ੀ ਵੇਖ ਕੇ ਚੌਲਾਂ ਵਿੱਚ ਉਲੱਦ ਦਿੱਤੀ। ਬਰਿਆਨੀ ਲਾਲ ਦੀ ਜਗ੍ਹਾ ਬੈਂਗਣੀ ਰੰਗ ਦੀ ਬਣ ਗਈ ਅਤੇ ਖਾਣ ਲੱਗਿਆਂ ਅਸੀਂ ਖ਼ੂਬ ਹੱਸੇ। ਬੱਬਲਜ਼ ਨੇ ਮੈਨੂੰ ਖਾਣਾ ਬਣਾਉਣ ਤੋਂ ਵਰਜ ਦਿੱਤਾ ਪ੍ਰੰਤੂ ਪਲੇਟਾਂ ਧੋਣ ਦਾ ਕੰਮ ਮੈਂ ਬਾਖ਼ੂਬੀ ਨਿਭਾ ਰਿਹਾ ਸਾਂ ਉਹ ਵੀ ਤੋੜਨ ਤੋਂ ਬਗ਼ੈਰ। ਜਦੋਂ ਅਸੀਂ ਕੁਝ ਚਿਰ ਲਈ ਬੱਚਿਆਂ ਨੂੰ ਦਾਖ਼ਲ ਕਰਨ ਲੰਡਨ ਗਏ ਤਾਂ ਉੱਥੇ ਜੋ ਫ਼ਲੈਟ ਲਿਆ ਉਸ ਵਿੱਚ ਮੇਰੀ ਤਰੱਕੀ ਹੋ ਗਈ ਅਤੇ ਮੈਂ ਚਾਹ ਤਿਆਰ ਕਰਨ ਵਿੱਚ ਮਾਹਰ ਹੋ ਗਿਆ। ਇਉਂ ਸਮਝੋ ਕਿ ਬੱਬਲਜ਼ ਮੇਰੇ ਲਈ ਚਾਹ ਦਾ ਕੱਪ ਸੀ ਅਤੇ ਮੈਂ ਉਸਦਾ ਚਹੇਤਾ ਕੱਪ।

ਉਸ ਸਮੇਂ ਦੁਬਈ ਵਿੱਚ ਸਾਡੇ ਬਹੁਤ ਘੱਟ ਮਿੱਤਰ ਸਨ ਅਤੇ ਵੀਕ-ਐਂਡ ’ਤੇ ਕਈ ਪ੍ਰੀਵਾਰ ਘਰਾਂ ਤੋਂ ਭੋਜਨ ਤਿਆਰ ਕਰ ਕੇ ਰਲ-ਮਿਲ ਕੇ ਖਾ ਲੈਂਦੇ ਸਨ। ਇਕ ਵਾਰ ਕਿਸੇ ਸੱਜਣ ਨੇ 8.30 ਵਜੇ ਸਾਨੂੰ ਰਾਤ ਦੇ ਖਾਣੇ ’ਤੇ ਬੁਲਾਇਆ। ਅਸੀਂ ਮਿੱਥੇ ਸਮੇਂ ’ਤੇ ਉਸ ਦੇ ਘਰ ਪਹੁੰਚ ਕੇ ਦਸਤਕ ਦਿੱਤੀ। ਘਰ ਦੀ ਨੌਕਰਾਣੀ ਨੇ ਦਰਵਾਜ਼ਾ ਖੋਲ੍ਹਿਆ ਅਤੇ ਕਿਹਾ, “ਅਜੇ ਸਾਹਿਬ ਤਾਂ ਦਫ਼ਤਰ ਵਿੱਚੋਂ ਨਹੀਂ ਆਏ ਅਤੇ ਘਰ ਦੀ ਮਾਲਕਣ ਗੁਸਲਖ਼ਾਨੇ ਵਿੱਚ ਇਸ਼ਨਾਨ ਕਰ ਰਹੀ ਹੈ। ਚੰਗਾ ਹੋਵੇਗਾ ਕਿ ਤੁਸੀਂ 9.30 ਵਜੇ ਆਵੋ ਜਾਂ ਡਰਾਇੰਗ ਰੂਮ ਵਿੱਚ ਇੰਤਜ਼ਾਰ ਕਰੋ।” ਅਸੀਂ ਸਮੇਂ ਦੇ ਪਾਬੰਦ ਰਹਿਣ ਵਾਲੇ ਹਾਂ ਅਤੇ ਸਾਨੂੰ ਇਹ ਵਰਤਾਰਾ ਅਜੀਬ ਲੱਗਿਆ। ਸਾਡੇ ਚਾਲ੍ਹੀ ਸਾਲਾਂ ਦੇ ਤਜਰਬੇ ਤੋਂ ਬਾਅਦ ਇਹ ਤੱਥ ਭਲੀ ਭਾਂਤ ਸਾਹਮਣੇ ਆਇਆ ਹੈ ਕਿ ਪ੍ਰਵਾਸੀ ਭਾਰਤੀ ਸਮੇਂ ਦੀ ਪਾਬੰਧੀ ਤੋਂ ਲਾਪ੍ਰਵਾਹ ਹਨ ਅਤੇ ਇਸ ਦੀ ਕਦਰ ਨਹੀਂ ਕਰਦੇ। ਕਈ ਪ੍ਰਵਾਸੀ ਤਾਂ ਅਜੇਹੇ ਵੀ ਹਨ ਜੋ ਅੱਠ ਵਜੇ ਦੇ ਡਿਨਰ ਲਈ ਗਿਆਰਾਂ ਵਜੇ ਆ ਪਹੁੰਚਦੇ ਹਨ। ਪਹਿਲਾਂ ਆਉਣਾ ਵੀ ਇਕ ਬਦਸ਼ਗਨ ਸਮਝਿਆ ਜਾਂਦਾ ਹੈ ਅਤੇ ਲੋਕੀਂ ਲੇਟ ਆਉਣ ਨੂੰ ਤਰਜੀਹ ਦਿੰਦੇ ਹਨ।

ਵੀਰਵਾਰ ਰਾਤ ਵੀਕ-ਐਂਡ ਹੋਣ ਕਰਕੇ ਅਸੀਂ ਸ਼ਾਰਜਾਹ ਦੇ ਹੋਲੀਡੇ-ਇਨ ਹੋਟਲ ਵਿੱਚ ਨਾਚ ਗਾਣੇ ਲਈ ਡਿਸਕੋਥੈਕ ਦਾ ਅਨੰਦ ਮਾਣਦੇ ਸਾਂ। ਨਾਈਟ ਕਲੱਬ ਜਾਣ ਵਾਲੇ ਕਈ ਹੋਰ ਵੀ ਸਾਡੇ ਦੋਸਤ ਬਣ ਗਏ। ਕਈ ਵੀਕ-ਐਂਡ ‘ਕਸੀਨੋ’ ਵਿੱਚ ਜੂਆ ਖੇਡਦੇ ਜੋ ਹੁਣ ਬੰਦ ਹੋ ਚੁੱਕੀ ਹੈ। ਕਈ ਵਾਰ ਪਿਕਨਿਕ ਲਈ ‘ਡਿੱਬਾ’ ਦੇ ਬੀਚ ਉਪਰ ਬਰਿਆਨੀ ਖਾਣ ਚਲੇ ਜਾਂਦੇ ਅਤੇ ਦੁਪਹਿਰ ਕੱਟ ਕੇ ਘਰ ਪਰਤ ਆਉਂਦੇ। ਹੁਣ ਤਾਂ ਉਹ ਜ਼ਮਾਨਾ ਹੀ ਬਦਲ ਗਿਆ ਹੈ।

1980 ਅਤੇ 1990 ਦੇ ਦਹਾਕਿਆਂ ਵਿੱਚ ਘਰਾਂ ਦੀਆਂ ਪਾਰਟੀਆਂ ਦਾ ਰਿਵਾਜ ਸ਼ੁਰੂ ਹੋ ਗਿਆ ਕਿਉਂਕਿ ਲੋਕਾਂ ਪਾਸ ਵੱਡੇ ਘਰ ਅਤੇ ਵਧੇਰੀ ਮਾਇਆ ਹੋ ਗਈ ਸੀ। ਜੀਵਨ ਅਜੇ ਕਾਹਲ ਭਰਿਆ ਅਤੇ ਭੱਜ-ਨੱਸ ਵਾਲਾ ਨਹੀਂ ਸੀ। ਬਿਜ਼ਨੈਸ ਵਿੱਚ

ਲੋਕਾਂ ਦੀ ਗਿਣਤੀ ਘੱਟ ਸੀ ਅਤੇ ਬਹੁਤੇ ਪ੍ਰਵਾਸੀ ਉਸਾਰੀ ਦੇ ਕੰਮਾਂ ਵਿੱਚ ਕਾਮੇ ਬਣ ਕੇ ਆਉਂਦੇ ਸਨ। ਹਰ ਕਾਰੋਬਾਰੀ ਇਕ ਦੂਜੇ ਨੂੰ ਜਾਣਦਾ ਸੀ।

ਚੰਗੇ ਭਾਗਾਂ ਨੂੰ ਯੂ.ਏ.ਈ. ਵਿੱਚ ਤੇਲ ਦੇ ਸਰਮਾਇਆ ਨੇ ਆਰਥਿਕ ਤਰੱਕੀ ਲਈ ਰਾਹ ਖੋਲ੍ਹ ਦਿੱਤਾ। ਬਿਲਡਿੰਗਾਂ ਦੀ ਉਸਾਰੀ ਦਾ ਕੰਮ ਇੰਨਾ ਤੇਜ਼ ਹੋ ਗਿਆ ਕਿ ਦੁਨੀਆਂ ਭਰ ਦੀਆਂ ਅੱਧੀਆਂ ਕਰੇਨਾਂ ਯੂ.ਏ.ਈ. ਵਿੱਚ ਕੰਮ ਕਰ ਰਹੀਆਂ ਸਨ। ਜ਼ਬੇਲ ਅਲੀ ਬੰਦਰਗਾਹ ਬਣਨੀ ਸ਼ੁਰੂ ਹੋ ਗਈ ਅਤੇ ਕਾਰੋਬਾਰ ਵਿੱਚ ਕਿਰਿਆਸ਼ੀਲਤਾ ਵੱਧ ਗਈ। ਹਰ ਕੋਈ ਆਪਣੇ ਕਾਰੋਬਾਰ ਦੇ ਵਾਧੇ ਬਾਰੇ ਸੋਚ ਰਿਹਾ ਸੀ। ਅਸੀਂ ਪੂਰਬ ਤੋਂ ਟਾਇਰ ਖ਼ਰੀਦ ਕੇ ਮੱਧ-ਪੂਰਬੀ ਦੇਸ਼ਾਂ ਵਿੱਚ ਵੇਚ ਰਹੇ ਸਾਂ ਅਤੇ ਬਾਅਦ ਵਿੱਚ ਯੂਰਪ ਤੱਕ ਪਹੁੰਚ ਗਏ। ਦੁਬਈ ਟਰਾਂਜਿਟ ਕਾਰਗੋ ਦੀ ਤਜਾਰਤੀ ਹੱਬ (Hub) ਬਣ ਗਿਆ ਸੀ। ਇਕ ਪਾਸੇ ਪੂਰਬ ਅਤੇ ਦੂਸਰੇ ਪਾਸੇ ਪੱਛਮ ਜਾਂ ਇਹ ਕਹਿ ਲਵੋ ਕਿ ਦੁਬਈ ਪੂਰਬ ਤੇ ਪੱਛਮ ਦੇ ਮਿਲਾਪ ਦਾ ਕੇਂਦਰ ਬਿੰਦੂ ਬਣ ਗਿਆ ਸੀ।

ਜਦੋਂ ਕੰਪਨੀ ਦੇ ਵਿਉਪਾਰ ਵਿੱਚ ਵਾਧਾ ਹੋ ਰਿਹਾ ਸੀ ਮੇਰੇ ਦੋਸਤ ਅਤੇ ਬਿਜ਼ਨੈਸ ਸਾਥੀ 'ਗੁੰਥਰ ਵਰਨਰ' ਨੇ ਰਾਏ ਦਿੱਤੀ ਕਿ ਕੰਪਨੀ ਦੀ ਇਕ ਬ੍ਰਾਂਚ ਅਮਰੀਕਾ ਦੇ 'ਬਾਲਟੀਮੋਰ' ਸ਼ਹਿਰ ਵਿੱਚ ਖੋਲ੍ਹੀਏ ਜਿੱਥੇ ਡੱਨਲਪ-ਇੰਡੀਆ ਦੇ ਬਣੇ ਟਾਇਰ 'ਯੈਂਕੀ' ਬ੍ਰਾਂਡ ਹੇਠ ਵੇਚੀਏ। ਅਸੀਂ 1985 ਵਿੱਚ ਆਪਣੀ ਦੁਕਾਨ ਖੋਲ੍ਹੀ ਅਤੇ ਪੰਜ ਸਾਲ ਚੰਗਾ ਵਿਉਪਾਰ ਕਰਨ ਤੋਂ ਬਾਅਦ 1990 ਵਿੱਚ ਬੰਦ ਕਰ ਦਿੱਤੀ। ਦੂਰ ਬੈਠ ਕੇ ਬਿਜ਼ਨੈਸ ਕਰਨ ਦਾ ਤਜਰਬਾ ਠੀਕ ਨਹੀਂ ਸਿੱਧ ਹੋਇਆ। ਇਨ੍ਹਾਂ ਪੰਜ ਸਾਲਾਂ ਵਿੱਚ ਦੋ ਐਸੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਸਾਡਾ ਮਨ ਖੱਟਾ ਕਰ ਦਿੱਤਾ ਅਤੇ ਅਸੀਂ ਬਿਜ਼ਨੈਸ ਠੱਪ ਕਰਨ ਲਈ ਤਿਆਰ ਹੋ ਗਏ।

ਇਕ ਵਾਰ ਅੱਧੀ ਰਾਤ ਤੋਂ ਬਾਅਦ 2 ਵਜੇ ਮੇਰੀ ਸੈਕਟਰੀ ਦਾ ਫ਼ੋਨ ਬਾਲਟੀਮੋਰ ਤੋਂ ਆਇਆ। ਪਤਾ ਨਹੀਂ ਉਸ ਨੂੰ ਸਮੇਂ ਦਾ ਅੰਤਰ ਪਤਾ ਨਹੀਂ ਸੀ ਜਾਂ ਉਸ ਨੇ ਜਾਣ-ਬੁੱਝ ਕੇ ਇਹ ਕਾਰਾ ਕੀਤਾ, ਮੈਂ ਪੁੱਛਣਾ ਠੀਕ ਨਹੀਂ ਸਮਝਿਆ। ਉਹ ਕਹਿਣ ਲੱਗੀ ਕਿ ਉਹ ਇਕ ਬੱਚੇ ਦੀ ਮਾਂ ਬਣਨਾ ਲੋਚਦੀ ਹੈ ਜਿਸ ਕਰਕੇ ਉਸ ਦੀ ਸਿਹਤ ਬੀਮਾ ਪਾਲਸੀ ਅੱਪਗ੍ਰੇਡ ਕੀਤੀ ਜਾਵੇ। ਮੈਨੂੰ ਬੜੀ ਖਿੱਝ ਆਈ ਕਿ ਅਜੇ ਉਹ ਗਰਭਵਤੀ ਵੀ ਨਹੀਂ ਹੋਈ, ਹੁੰਦੀ ਹੈ ਕਿ ਨਹੀਂ, ਪ੍ਰੰਤੂ ਆਪਣੇ ਨਿੱਜੀ ਸਵਾਰਥ ਲਈ ਮੇਰੀ ਸਿਰਦਰਦੀ ਦਾ ਕਾਰਨ ਬਣ ਰਹੀ ਹੈ।

ਦੂਜਾ ਵਾਕਿਆ ਇਸ ਤੋਂ ਵੀ ਘਟੀਆ ਸਿੱਧ ਹੋਇਆ। ਮੈਂ ਇਕ ਟਰੱਕ ਮਾਲਕ ਨੂੰ ਕੰਪਨੀ ਦਾ ਟਾਇਰ ਵੇਚਿਆ ਜੋ ਉਸ ਨੂੰ ਠੀਕ ਨਾ ਲੱਗਿਆ ਅਤੇ ਮੈਂ ਬਿਨਾਂ ਕਿਸੇ ਹੀਲ ਹੁੱਜਤ ਦੇ ਆਪਣਾ ਨਫ਼ਾ-ਨੁਕਸਾਨ ਵਿਚਾਰੇ ਬਿਨਾਂ ਇਕ ਮਿਹਰਵਾਨ ਦੋਸਤ ਵਾਂਗ ਇਸ ਟਾਇਰ ਨੂੰ ਬਦਲ ਦਿੱਤਾ। ਸਾਡੇ ਦੇਸ਼ ਵਿੱਚ ਇਸ ਤਰ੍ਹਾਂ ਦੇ ਲਿਹਾਜ਼ ਪੁੱਗ

ਜਾਂਦੇ ਹਨ ਕਿਉਂਕਿ ਸਾਡੇ ਸੁਭਾਅ ਦਾ ਇਹ ਇਕ ਕੁਦਰਤੀ ਖ਼ਾਸਾ ਹੈ। ਟਰੱਕ ਮਾਲਕ ਦੀ ਘਰਵਾਲੀ ਨੇ ਇਸ ਨੂੰ ਕੰਪਨੀ ਦੀ ਹੇਰਾਫੇਰੀ ਸਮਝ ਕੇ ਕਚਹਿਰੀ ਵਿੱਚ ਦਾਅਵਾ ਠੋਕ ਦਿੱਤਾ ਕਿ ਟਾਇਰ ਦੀ ਕੁਆਲਟੀ ਤਸੱਲੀਬਖ਼ਸ਼ ਨਹੀਂ ਸੀ ਜਿਸ ਕਰਕੇ ਇਸ ਨੂੰ ਬਦਲਿਆ ਗਿਆ। ਕੰਪਨੀ ਦੀ ਬਦਨਾਮੀ ਤੋਂ ਬਚਣ ਲਈ ਕਚਹਿਰੀ ਤੋਂ ਬਾਹਰ ਇਕ ਵੱਡੀ ਰਕਮ ਦੇ ਕੇ ਟਰੱਕ ਮਾਲਕ ਨਾਲ ਸਮਝੌਤਾ ਕਰ ਲਿਆ।

ਬਾਲਟੀਮੋਰ ਦੀ ਦੁਕਾਨ ਬੰਦ ਕਰ ਕੇ ਮੈਂ ਸੁੱਖ ਦਾ ਸਾਹ ਲਿਆ। ਕੰਪਨੀ ਦੇ ਕਈ ਲਹਿਣੇਦਾਰ ਸਾਡੀ ਰਕਮ ਵੀ ਦੱਬ ਗਏ। ਮੇਰਾ ਖੋਇਆ ਹੋਇਆ ਅਮਨ ਵਾਪਸ ਆ ਗਿਆ। ਜਦੋਂ ਅਮਰੀਕਾ ਦਾ ਫ਼ੋਨ ਨੰਬਰ ਵੇਖਦਾ, ਮੇਰੇ ਦਿਲ ਨੂੰ ਡੋਬੂ ਪੈਣ ਲੱਗਦੇ, ਇਸ ਤਰ੍ਹਾਂ ਦੀ ਦਹਿਸ਼ਤ ਹਾਵੀ ਹੋ ਰਹੀ ਸੀ। ਉਸ ਦਿਨ ਤੋਂ ਬਾਅਦ ਮੈਂ ਅਮਰੀਕਾ ਵਿੱਚ ਬਿਜ਼ਨੈਸ ਕਰਨ ਬਾਰੇ ਕਦੇ ਸੋਚਿਆ ਹੀ ਨਹੀਂ। ਮੈਂ ਨਹੀਂ ਕਹਿੰਦਾ ਕਿ ਸਾਰੇ ਅਮਰੀਕਨ ਮਾੜੇ ਹਨ, ਪ੍ਰੰਤੂ ਮੇਰਾ ਤਜਰਬਾ ਦੱਸਦਾ ਹੈ ਕਿ ਉਥੇ ਕਾਰੋਬਾਰ ਕਰਨ ਲਈ ਅਮਰੀਕਾ ਦੇ ਸਿਸਟਮ ਨੂੰ ਅਤੇ ਲੋਕਾਂ ਦੇ ਵਤੀਰੇ ਨੂੰ ਪਹਿਲਾਂ ਸਮਝਣਾ ਜ਼ਰੂਰੀ ਹੈ। ਅਮਰੀਕਾ ਸੰਭਾਵਨਾਵਾਂ ਦਾ ਦੇਸ਼ ਹੈ ਅਤੇ ਉਥੇ ਰਹਿ ਕੇ ਬਿਜ਼ਨੈਸ ਕਰਨਾ ਲਾਹੇਵੰਦ ਹੈ, ਕਿਸੇ ਨੂੰ ਮੁਖ਼ਤਾਰੀ ਦੇ ਕੇ ਅਤੇ ਆਪ ਬਾਹਰ ਰਹਿ ਕੇ ਕੰਮ ਨਹੀਂ ਸਰਦਾ।

— 0 —

8

# ਮੇਰੇ ਜੀਵਨ ਦਾ ਸਭ ਤੋਂ ਮਹਾਨ ਸਫ਼ਰ

ਜੇਕਰ ਤੁਸੀਂ ਕਦੇ ਦੁਬਈ ਦੀ ਯਾਤਰਾ ’ਤੇ ਆਉ ਅਤੇ ‘ਗੁਰੂ ਨਾਨਕ ਦਰਬਾਰ’ ਗੁਰਦਵਾਰਾ ਵੇਖਣ ਦਾ ਮੌਕਾ ਮਿਲ ਜਾਵੇ ਤਾਂ ਹਰ ਹਾਲਤ ਵਿੱਚ ਇੱਥੇ ਪਧਾਰੋ। ਇਸ ਦੇ ਦਰਵਾਜ਼ੇ ਹਰ ਸਮੇਂ ਅਤੇ ਹਰ ਇਕ ਪ੍ਰਾਣੀ ਲਈ ਖੁੱਲ੍ਹੇ ਰਹਿੰਦੇ ਹਨ ਚਾਹੇ ਉਹ ਕਿਸੇ ਵੀ ਧਰਮ ਜਾਂ ਫ਼ਿਰਕੇ ਦਾ ਹੋਵੇ। ਇਸ ਅੰਦਰ ਸ਼ਾਂਤੀ ਦਾ ਵਾਸਾ ਹੈ ਅਤੇ ਇਸ ਪੂਜਾ ਅਸਥਾਨ ਦੀ ਖ਼ੂਬੀ ਸਭ ਲਈ ਸਾਂਝੀਵਾਲਤਾ ਦਾ ਉਪਦੇਸ਼ ਹੈ। ਗੁਰਦਵਾਰਾ ਸਭ ਚੰਗੇ ਕੰਮਾਂ ਲਈ ਚਾਨਣ ਮੁਨਾਰਾ ਬਣ ਕੇ ਉਭਰਿਆ ਹੈ ਜੋ ਇਸ ਦੇ ਲੰਗਰ ਦੀ ਪ੍ਰਥਾ, ਭਾਈਚਾਰੇ ਦੇ ਮਾਹੌਲ ਅਤੇ ਅਮਨ ਸ਼ਾਂਤੀ ਦੇ ਸੁਨੇਹੇ ਤੋਂ ਪ੍ਰਤੱਖ ਹੋ ਜਾਂਦਾ ਹੈ। ਤੁਸੀਂ ਜਦੋਂ ਜੀਅ ਚਾਹੇ ਆ ਸਕਦੇ ਹੋ, ਜਿੰਨਾ ਚਿਰ ਜੀਅ ਕਰੇ ਅੰਦਰ ਟਿਕੇ ਰਹਿ ਸਕਦੇ ਹੋ ਅਤੇ ਵੇਖ ਸਕਦੇ ਹੋ ਕਿ ਬਾਕੀ ਧਰਮਾਂ ਦੇ ਪੈਰੋਕਾਰ ਵੀ ਇੱਥੇ ਹਾਜ਼ਰ ਹੁੰਦੇ ਹਨ। ਜ਼ਰੂਰੀ ਨਹੀਂ ਕਿ ਉਹ ਸਾਡੀ ਅਰਦਾਸ ਅਤੇ ਹੋਰ ਮਰਿਆਦਾ ਵਿੱਚ ਸ਼ਾਮਲ ਹੋਣ, ਪਰੰਤੂ ਉਹ ਅੰਤਰ-ਧਿਆਨ ਹੋ ਕੇ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਦੇ ਕੰਮਾਂ ਤੋਂ ਨਿਜ਼ਾਤ ਹਾਸਲ ਕਰਨ ਆਉਂਦੇ ਹਨ। ਇਥੇ ਦਾ ਮਾਹੌਲ ਸ਼ਾਂਤੀ ਪ੍ਰਦਾਨ ਕਰਦਾ ਹੈ ਜੋ ਤੁਹਾਡੇ ਗ਼ਮਾਂ ਨੂੰ ਦੂਰ ਕਰਦਾ ਹੈ।

ਇਹ ਗੁਰਦਵਾਰਾ ‘ਮੇਰੇ ਸੁਪਨਿਆਂ ਦਾ ਗੁਰਦਵਾਰਾ’ ਹੈ, ਜੋ ਇਸ ਕਿਤਾਬ ਦਾ ਟਾਈਟਲ ਵੀ ਰੱਖਿਆ ਗਿਆ ਹੈ। ਇਹ ਮੇਰੇ ਸਿਰ ਦੇ ਤਾਜ ਦਾ ਉਹ ਹੀਰਾ ਹੈ ਜੋ ਮੈਨੂੰ ਪ੍ਰਮਾਤਮਾ ਦੀ ਮਹਿਮਾ ਦਾ ਪ੍ਰਤੀਕ ਬਣ ਕੇ ਮਨੁੱਖ ਜਾਤੀ ਦੇ ਭਲੇ ਲਈ ਪ੍ਰੇਰਦਾ ਹੈ ਤਾਂ ਕਿ ਮਾਇਆਵੀ ਜਗਤ ਦੇ ਪ੍ਰਭਾਵ ਹੇਠ ਮੈਂ ਭੁੱਲਣ ਦੀ ਕੁਤਾਹੀ ਨਾ ਕਰ ਬੈਠਾਂ। ਮੇਰੇ ਅਤੇ ਮੇਰੇ ਪ੍ਰੀਵਾਰ ਲਈ ਗੁਰਦਵਾਰਾ ਗਹਿਰ-ਗੰਭੀਰ ਵਿਸ਼ਾ ਬਣ ਗਿਆ ਹੈ ਤਾਂ ਕਿ ਸਾਡੇ ਪੈਰ ਧਰਤੀ ਉਪਰ ਟਿਕੇ ਰਹਿਣ ਅਰਥਾਤ ਅਸੀਂ ਹਲੀਮੀ ਵਿੱਚ ਰਹੀਏ ਅਤੇ ਯਾਦ ਰੱਖੀਏ ਕਿ ਅਸੀਂ ਇਕ ਵੱਡੇ ਕਾਫ਼ਲੇ ਦਾ ਹਿੱਸਾ ਹਾਂ ਜੋ ਇੱਥੋਂ ਅੱਗੇ ਤੁਰ ਜਾਵੇਗਾ।

ਜਦੋਂ ਮੈਂ ਅਜੇ ਅੱਠ ਸਾਲਾਂ ਦਾ ਬੱਚਾ ਹੀ ਸਾਂ ਤਾਂ ਮੇਰੇ ਦਾਦਾ ਜੀ ਨੇ ਮੰਗ ਕੀਤੀ ਕਿ ਮੈਂ ਵੱਡਾ ਹੋ ਕੇ ਇਕ ਗੁਰਦਵਾਰਾ ਸਥਾਪਿਤ ਕਰਾਂ। ਇਹ ਖ਼ਿਆਲ ਮੇਰੇ ਮਨ ਵਿੱਚ ਟਿਕਿਆ ਰਿਹਾ ਭਾਵੇਂ ਉਸ ਸਮੇਂ ਤਾਂ ਮੈਂ ਹਾਸੇ ਵਿੱਚ ਟਾਲ ਦਿੱਤਾ ਸੀ। ਬਾਕੀ ਬੱਚਿਆਂ ਦੇ ਦਾਦਾ-ਦਾਦੀ ਪ੍ਰੇਰਦੇ ਹਨ ਕਿ ਤੂੰ ਡਾਕਟਰ ਜਾਂ ਇੰਜੀਨੀਅਰ ਬਣ ਜਾਂ ਕੋਈ ਹੋਰ

ਸਰਕਾਰੀ ਅਫ਼ਸਰ, ਪਰ ਮੇਰੇ ਲਈ ਇਹ ਇਕ ਵੱਖਰੀ ਕਿਸਮ ਦੀ ਮੰਗ ਪੇਸ਼ ਕੀਤੀ ਗਈ। ਇਹ ਝੂਠ ਹੋਵੇਗਾ ਜੇ ਮੈਂ ਇਹ ਕਹਾਂ ਕਿ ਮੈਂ ਇਸ ਮੰਗ ਪ੍ਰਤੀ ਬੜੀ ਲਗਨ ਨਾਲ ਕੰਮ ਕਰ ਰਿਹਾ ਸਾਂ। ਕਾਲਜ ਦੇ ਦਿਨਾਂ ਤੋਂ ਬਾਅਦ ਮੈਂ ਟਾਇਰ ਇੰਡਸਟਰੀ ਵਿੱਚ ਆਪਣੇ ਪਿਤਾ ਜੀ ਦਾ ਹੱਥ ਵਟਾਉਣ ਲੱਗ ਪਿਆ, ਫਿਰ ਸ਼ਾਦੀ ਹੋ ਗਈ, ਬੱਚੇ ਹੋ ਗਏ ਅਤੇ ਅਸੀਂ ਦੁਬਈ ਵਿੱਚ ਪ੍ਰਭੂ ਦੀ ਕ੍ਰਿਪਾ ਨਾਲ ਸੁਖੀ ਵੱਸਣ ਲੱਗੇ।

ਸੰਘਰਸ਼ਮਈ ਜੀਵਨ ਦੀਆਂ ਮੰਜ਼ਿਲਾਂ ਪਾਰ ਕਰ ਕੇ, ਖ਼ੁਸ਼ਹਾਲੀ ਦੇ ਮਾਹੌਲ ਵਿੱਚ ਵਿਚਰਦਿਆਂ, ਇਕ ਦਿਨ ਮੇਰੇ ਦਾਦਾ ਜੀ ਦੀ ਪੇਸ਼ੀਨਗੋਈ ਮੇਰੇ ਦਿਲ ਵਿੱਚ ਇਕ ਇਲਹਾਮ ਬਣ ਕੇ ਉਤਰੀ। ਫਿਰ ਇਹ ਮੇਰਾ ਜੀਵਨ ਮਨੋਰਥ ਹੀ ਬਣ ਗਿਆ। ਮੈਂ ਬੱਬਲਜ਼ ਨਾਲ ਸਲਾਹ ਮਸ਼ਵਰਾ ਕੀਤਾ। ਉਸ ਨੇ ਮੈਨੂੰ ਆਪਣਾ ਸਾਥ ਅਤੇ ਹੱਲਾਸ਼ੇਰੀ ਦਿੱਤੀ। ਅਸੀਂ ਇਕ ਆਲੀਸ਼ਾਨ ਗੁਰਦਵਾਰਾ ਬਣਾਉਣ ਦੀ ਠਾਣ ਲਈ ਜੋ ਸਾਡਾ ਆਪਣੇ ਧਰਮ ਪ੍ਰਤੀ ਸਨੇਹ ਅਤੇ ਸ਼ੁਕਰਾਨਾ ਪ੍ਰਗਟ ਕਰਨ ਦਾ ਪ੍ਰਤੀਕ ਹੋਵੇਗਾ।

ਗੁਰਦਵਾਰਾ ਤਿਆਰ ਕਰਨ ਪਿੱਛੇ ਇਕ ਹੋਰ ਤੱਥ ਵੀ ਭਾਰੂ ਹੋ ਗਿਆ ਸੀ। ਦੁਬਈ ਵਿੱਚ ਸਿੱਖਾਂ ਦੀ ਆਬਾਦੀ ਅਤੇ ਆਮਦ ਬੜੀ ਤੇਜ਼ੀ ਨਾਲ ਵੱਧ ਰਹੀ ਸੀ। ਜਦੋਂ ਸਿੱਖਾਂ ਦੀ ਗਿਣਤੀ ਘੱਟ ਸੀ ਤਾਂ ਉਹ ਵੀਕ-ਐਂਡ 'ਤੇ ਕਿਸੇ ਦੇ ਘਰ ਜਾਂ ਵੇਅਰ ਹਾਊਸ ਵਿੱਚ ਸੰਗਤੀ ਰੂਪ ਵਿੱਚ ਇਕੱਠੇ ਹੋ ਜਾਂਦੇ ਸਨ। ਬਰ-ਦੁਬਈ ਦਾ ਗੁਰਦਵਾਰਾ (ਸਿੰਧੀ ਮੰਦਰ) ਬਹੁਤ ਛੋਟੇ ਆਕਾਰ ਦਾ ਸੀ। ਇਹੋ ਸਮੱਸਿਆ ਘਰਾਂ ਦੀ ਸੀ। ਸੰਗਤ ਵੱਧ ਰਹੀ ਸੀ ਜਿਸ ਕਰਕੇ ਘਰ ਦੀ ਸਵਾਣੀ ਲਈ ਚਾਰ ਸੌ ਰੋਟੀਆਂ ਪਕਾਉਣੀਆਂ ਜੋਖਮ ਭਰਿਆ ਕੰਮ ਬਣ ਜਾਂਦਾ ਸੀ। ਫਿਰ ਅਸੀਂ ਘਰਾਂ ਤੋਂ ਰੋਟੀਆਂ ਬਣਾ ਕੇ ਲੰਗਰ ਵਿੱਚ ਲੈ ਆਉਂਦੇ ਅਤੇ ਸਬਜ਼ੀ ਤੇ ਦਾਲ ਦੀ ਤਿਆਰੀ ਘਰ ਵਾਲਿਆਂ ਉਪਰ ਛੱਡ ਦਿੰਦੇ। ਇਹ ਸਾਰੀਆਂ ਮੁਸ਼ਕਲਾਂ ਧਿਆਨ ਵਿੱਚ ਰੱਖਦਿਆਂ ਹੋਇਆਂ ਗੁਰਦਵਾਰੇ ਦੀ ਤਿਆਰੀ ਲਈ ਮੇਰੀ ਉਮੰਗ ਜ਼ੋਰ ਪਕੜਨ ਲੱਗੀ ਅਤੇ ਮੇਰੇ ਲਈ ਇਹ ਇਕ ਜਨੂੰਨ ਹੀ ਬਣ ਗਈ।

ਇਸਲਾਮੀ ਰਿਆਸਤ ਵਿੱਚ ਗੁਰਦਵਾਰਾ ਬਣਾਉਣਾ ਕੋਈ 'ਖਾਲਾ ਜੀ ਦਾ ਵਾੜਾ' ਨਹੀਂ ਹੈ। ਕਈ ਵਾਰ ਤਜਵੀਜ਼ ਬਣੀ ਅਤੇ ਫ਼ੇਲ੍ਹ ਹੋਈ। ਗੁਰਦਵਾਰੇ ਲਈ ਅਰਜ਼ੀ ਕਈ ਦਫ਼ਤਰਾਂ ਵਿੱਚੋਂ ਹੁੰਦੀ ਹੋਈ ਆਖ਼ਰ ਮਨਜ਼ੂਰੀ ਲਈ ਸਦਰੇ-ਰਿਆਸਤ ਕੋਲ ਪਹੁੰਚਦੀ ਹੈ। ਮੇਰੀ ਖ਼ੁਸ਼ ਕਿਸਮਤੀ ਹੀ ਸਮਝੋ ਕਿ ਪਹਿਲੀ ਸਟੇਜ 'ਤੇ 'ਇਮਾਮਾਂ ਦੀ ਕੌਂਸਿਲ' ਨੇ ਇਸ ਨੂੰ ਹਰੀ ਝੰਡੀ ਦੇ ਦਿੱਤੀ। ਇਸ ਤੋਂ ਬਾਅਦ ਧਾਰਮਿਕ ਮਸਲਿਆਂ ਦੀ ਕਮੇਟੀ ਕੋਲ ਜਾਣਾ ਪਿਆ, ਜਿੱਥੇ ਡਾਕਟਰ ਹਾਮਦ ਸ਼ੈਬਾਨੀ ਨੂੰ ਮਿਲਣ ਦਾ ਮੌਕਾ ਬਣਿਆ। ਉਸ ਨੂੰ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਨਹੀਂ ਸੀ। ਮੁਲਾਕਾਤ ਵੇਲੇ ਮੈਂ ਪੂਰੀ ਤਿਆਰੀ ਕਰ ਕੇ ਗਿਆ। ਮੇਰੇ ਕੋਲ ਸਿੱਖੀ ਦੇ ਪਿਛੋਕੜ ਬਾਰੇ ਪੂਰੀ ਜਾਣਕਾਰੀ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਕੁਝ ਸ਼ਬਦ ਮੈਂ ਅਰਬੀ ਵਿੱਚ ਤਰਜਮਾ ਕਰ ਕੇ ਨਾਲ ਲੈ

ਗਿਆ। ਮੈਨੂੰ ਇਹ ਵੀ ਪਤਾ ਸੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਇਸਲਾਮ ਦਾ ਜ਼ਿਕਰ 52 ਵਾਰ ਹੋਇਆ ਹੈ। ਗੁਰੂ ਨਾਨਕ ਸਾਹਿਬ ਦੇ ਦੋ ਵਿਸ਼ਵਾਸਪਾਤਰਾਂ ਵਿੱਚ ਇਕ ਹਿੰਦੂ 'ਬਾਲਾ' ਅਤੇ ਦੂਜਾ ਮੁਸਲਿਮ 'ਮਰਦਾਨਾ' ਹੋਇਆ ਹੈ। ਮੁਲਾਕਾਤ ਵੇਲੇ ਜਦੋਂ ਮੈਂ ਬੋਲਣਾ ਸ਼ੁਰੂ ਕੀਤਾ ਤਾਂ ਇਸ ਚੰਗੇ ਬੰਦੇ ਨੇ ਬੜੀ ਗਹੁ ਨਾਲ ਮੇਰੀ ਕਹੀ ਹੋਈ ਗੱਲ ਸੁਣੀ। ਮੀਟਿੰਗਾਂ ਦਾ ਇਹ ਸਿਲਸਿਲਾ ਛੇ ਮਹੀਨੇ ਤੱਕ ਚੱਲਦਾ ਰਿਹਾ ਅਤੇ ਜਦੋਂ ਡਾਕਟਰ ਸ਼ੈਬਾਨੀ ਦੀ ਪੂਰੀ ਤਸੱਲੀ ਹੋ ਗਈ ਤਾਂ ਉਸ ਨੇ ਗੁਰਦਵਾਰੇ ਲਈ ਹਾਂ ਕਰ ਦਿੱਤੀ। ਸਿੱਖ ਧਰਮ ਦੀ ਜਾਣਕਾਰੀ ਅਤੇ ਡੂੰਘਾ ਅਧਿਐਨ ਮੇਰੇ ਲਈ ਇਕ ਵਰਦਾਨ ਸਾਬਤ ਹੋਇਆ।

ਅਜੇ ਗੱਲ ਸਿਰੇ ਨਹੀਂ ਲੱਗੀ ਸੀ। ਸਾਨੂੰ ਗੁਰਦਵਾਰੇ ਲਈ ਜ਼ਮੀਨ ਦਾ ਟੁਕੜਾ ਦੁਬਈ ਤੋਂ ਬਾਹਰ 'ਜ਼ਬੇਲ ਅਲੀ' ਪਿੰਡ ਵਿੱਚ ਮਿਲਣਾ ਸੀ। ਮੈਂ ਜ਼ਬੇਲ ਅਲੀ ਫਰੀ ਜ਼ੋਨ ਦੇ ਮੁਖੀ ਸੁਲਤਾਨ ਅਹਿਮਦ ਬਿਨ ਸੁਲੇਮ ਨੂੰ ਜਾ ਮਿਲਿਆ। ਉਹ ਕਹਿਣ ਲੱਗਾ ਕਿ ਉਸ ਦੇ ਮਤਹਿਤ ਇਸ ਫਰੀ ਜ਼ੋਨ ਵਿੱਚ ਫ਼ੈਕਟਰੀ ਜਾਂ ਦਫ਼ਤਰ ਬਣਾਉਣ ਦਾ ਅਧਿਕਾਰ ਤਾਂ ਮਿਲ ਸਕਦਾ ਹੈ ਪਰੰਤੂ ਇਕ ਧਾਰਮਿਕ ਅਸਥਾਨ ਦਾ ਨਹੀਂ। ਮੈਨੂੰ ਉਸ ਦੀ ਖਰੀ ਖਰੀ ਕਹਿਣ ਦੀ ਗੱਲ ਬੁਰੀ ਨਹੀਂ ਲੱਗੀ। ਉਸ ਨੇ ਜਲਦੀ ਹੀ ਮੈਨੂੰ ਵਿਦਾ ਕਰ ਦਿੱਤਾ ਅਤੇ ਮੇਰੀ ਬੇਨਤੀ ਦੁਬਈ ਦੇ ਹਾਕਮ ਵੱਲ ਰਵਾਨਾ ਕਰ ਦਿੱਤੀ। ਅਸੀਂ ਇਕ ਹੋਰ ਖ਼ਾਤੂਨ 'ਸ਼ੇਖ਼ਾ ਲੁਬਨਾ ਅਲ ਕਾਸੀਮੀ' ਨੂੰ ਵੀ ਜਾ ਮਿਲੇ, ਜੋ ਬਹੁਤ ਮੱਦਦਗਾਰ ਸਾਬਤ ਹੋਈ ਅਤੇ ਸਾਡੀ ਅਰਜ਼ੀ ਨੂੰ ਆਪਣੀ ਭਰਵੀਂ ਸਿਫ਼ਾਰਸ਼ ਨਾਲ ਅੱਗੇ ਤੋਰਿਆ। ਅਖ਼ੀਰ ਸਾਡੀ ਭੱਜ ਦੌੜ ਨੂੰ ਬੂਰ ਪਿਆ ਅਤੇ ਦੁਬਈ ਦੇ ਹਾਕਮ 'ਸ਼ੇਖ਼ ਮੁਹੰਮਦ ਬਿਨ ਰਾਸ਼ੀਦ ਅਲ ਮਕਤੂਮ' ਨੇ ਗੁਰਦੁਆਰੇ ਲਈ ਜ਼ਬੇਰ ਅਲੀ ਪਿੰਡ ਵਿੱਚ ਜ਼ਮੀਨ ਅਲਾਟ ਕਰ ਦਿੱਤੀ ਅਤੇ ਉਹ ਵੀ ਮੁਫ਼ਤੋ-ਮੁਫ਼ਤੀ, ਇਕ ਦਾਨੀ ਬਣ ਕੇ।

ਮੈਨੂੰ ਭਲੀਭਾਂਤ ਉਸ ਦਿਨ ਦਾ ਹਰ ਲਮਹਾ ਯਾਦ ਹੈ ਜਦੋਂ ਮੈਂ ਆਪਣੇ ਪ੍ਰੀਵਾਰ ਨਾਲ ਅੰਮ੍ਰਿਤਸਰ ਵਿੱਚ ਬੈਠਾ ਸਾਂ। ਮੇਰੇ ਦਫ਼ਤਰ ਤੋਂ ਫ਼ੋਨ ਆਇਆ ਕਿ ਗੁਰਦਵਾਰੇ ਲਈ ਜ਼ਮੀਨ ਅਲਾਟ ਹੋ ਗਈ ਹੈ ਅਤੇ ਉਹ ਵੀ ਬਗ਼ੈਰ ਕਿਸੇ ਮੁੱਲ ਤਾਰਨ ਤੋਂ। ਮੇਰੇ ਮਨ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਅਤੇ ਸਾਰਾ ਪ੍ਰੀਵਾਰ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਕਰਨ ਲਈ ਗੋਲਡਨ ਟੈਂਪਲ ਅਰਦਾਸ ਲਈ ਪਹੁੰਚ ਗਿਆ। ਜਦੋਂ ਕਿਸੇ ਸਿੱਖ ਦੇ ਮਨ ਦੀ ਮੁਰਾਦ ਪੂਰੀ ਹੁੰਦੀ ਹੈ ਤਾਂ ਇਹ ਸੁਭਾਵਿਕ ਹੈ ਕਿ ਉਹ ਉਸ ਰੱਬ ਦੇ ਘਰ ਪਹੁੰਚ ਕੇ ਸ਼ੁਕਰਾਨੇ ਦੀ ਅਰਦਾਸ ਕਰੇ।

ਦੁਬਈ ਵਾਪਸ ਪਹੁੰਚ ਕੇ ਅਸੀਂ ਗੁਰਦਵਾਰੇ ਦੀ ਸਕੀਮ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਮੈਂ ਦੁਬਈ ਦੇ ਹੁਕਮਰਾਨ ਨੂੰ ਵਾਇਦਾ ਕੀਤਾ ਸੀ ਕਿ ਇਹ ਗੁਰਦਵਾਰਾ ਵਿਸ਼ਵ ਭਰ ਵਿੱਚ 'ਹਰਿਮੰਦਰ ਸਾਹਿਬ' ਤੋਂ ਬਾਅਦ ਸਭ ਤੋਂ ਵੱਧ ਸੁੰਦਰ ਹੋਵੇਗਾ। ਮੈਂ ਅਤੇ ਬੱਬਲਜ਼ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਖ਼ਾਤਰ ਜੁੱਟ ਪਏ ਅਤੇ ਲੋਕ ਰਾਏ ਦੀ ਕੋਈ

ਪ੍ਰਵਾਹ ਨਹੀਂ ਕੀਤੀ ਭਾਂਵੇਂ ਉਹ ਸਾਡੇ ਭਲੇ ਖ਼ਾਤਰ ਹੀ ਸੀ। ਅਸੀਂ ਦੁਬਈ ਦੇ ਉਹ ਆਰਕੀਟੈਕਟ ਚੁਣੇ ਜਿਨ੍ਹਾਂ ਨੇ ਯੂ.ਏ.ਈ. ਅਤੇ ਉਮਾਨ ਦੀਆਂ ਮਸਜਿਦਾਂ ਅਤੇ ਗਿਰਜਾਘਰ ਡੀਜ਼ਾਈਨ ਕੀਤੇ ਸਨ। ਅਸੀਂ ਹੋਲਫ਼ੋਰਡ ਕੰਪਨੀ ਦੇ ਮਾਲਕਾਂ 'ਐਡ ਬੈਨ' ਅਤੇ ਰਾਬਰਟ ਫ਼ਰਨੈਂਡੀਜ਼ ਨੂੰ ਜਾ ਮਿਲੇ ਅਤੇ ਇਸ ਆਲੀਸ਼ਾਨ ਗੁਰਦਵਾਰੇ ਦੀ ਸਕੀਮ ਬਾਰੇ ਦੱਸਿਆ। ਮੈਂ ਕੰਪਨੀ ਦੀ ਟੀਮ ਨਾਲ ਲੰਡਨ ਅਤੇ ਭਾਰਤ ਦੇ ਗੁਰਦਵਾਰਿਆਂ ਦਾ ਦੌਰਾ ਕੀਤਾ। ਗੁਰਦਵਾਰੇ ਦੀ ਪੱਚੀ ਹਜ਼ਾਰ ਚਾਰ ਸੌ ਵਰਗ ਫ਼ੁੱਟ ਜ਼ਮੀਨ ਉਪਰ ਇਕ ਲੱਖ ਪੱਚੀ ਹਜ਼ਾਰ ਵਰਗ ਫ਼ੁੱਟ ਦੀ ਇਮਾਰਤ ਖੜੀ ਕਰਨ ਦੀ ਵਿਉਂਤ ਬਣਾਈ ਗਈ। ਇਹ ਕਿਵੇਂ ਹੋ ਸਕਿਆ? ਗੁਰਦਵਾਰੇ ਦੀ ਇਮਾਰਤ ਵਿੱਚ ਕਾਰ ਪਾਰਕਿੰਗ ਲਈ ਤਿੰਨ ਮੰਜ਼ਿਲਾਂ ਧਰਤੀ ਦੇ ਹੇਠ, ਦਰਬਾਰ ਹਾਲ ਪਹਿਲੀ ਮੰਜ਼ਿਲ ਉਪਰ ਅਤੇ ਜ਼ਮੀਨੀ ਪੱਧਰ 'ਤੇ ਲੰਗਰ ਹਾਲ ਅਤੇ ਰਸੋਈ ਘਰ ਤਿਆਰ ਕਰਨਾ ਮਿਥਿਆ ਗਿਆ। ਦਫ਼ਤਰ ਅਤੇ ਇਕ ਲਾਇਰਬੇਰੀ ਵੀ ਪਹਿਲੀ ਮੰਜ਼ਿਲ ਉਪਰ ਹੀ ਤਜਵੀਜ਼ ਕੀਤੇ ਗਏ।

ਗੁਰਦਵਾਰੇ ਦੀ ਅੰਦਰਲੀ ਖ਼ੂਬਸੂਰਤੀ ਲਈ ਅਸੀਂ 'ਪੌਲ ਬਿਸ਼ਪ' ਨੂੰ ਆਪਣਾ 'ਇਨਟੀਰੀਅਰ ਡੀਜ਼ਾਈਨਰ' ਚੁਣਿਆ। ਉਸ ਨੇ ਯੂ. ਕੇ., ਭਾਰਤ ਅਤੇ ਥਾਈਲੈਂਡ ਦੇ ਚਾਲ੍ਹੀ ਗੁਰਦਵਾਰਿਆਂ ਦਾ ਦੌਰਾ ਕਰ ਕੇ ਅੰਦਰਲੀ ਸਜਾਵਟ ਲਈ ਰੂਪ-ਰੇਖਾ ਤਿਆਰ ਕੀਤੀ। ਅਸੀਂ ਆਪਣੇ ਪ੍ਰਮਾਤਮਾ ਦਾ ਘਰ ਬਣਾਉਣ ਜਾ ਰਹੇ ਸਾਂ ਜਿਸ ਕਰਕੇ ਕਿਸੇ ਵੀ ਕੰਮ ਵਿੱਚ ਕਿਰਸ ਕਰਨੀ ਠੀਕ ਨਾ ਸਮਝੀ ਅਤੇ ਹਰ ਕਿਸੇ ਨੂੰ ਪੈਸਾ ਖ਼ਰਚ ਕਰਨ ਦੀ ਖੁੱਲ੍ਹ ਦੇ ਰੱਖੀ ਸੀ। ਸਾਡਾ ਸਭ ਦਾ ਇਕ ਹੀ ਟਾਰਗੈਟ ਸੀ 'ਉਤਮ ਤੋਂ ਉਤਮ ਗੁਰਦਵਾਰਾ'।

ਦੁਬਈ ਦੇ ਹੁਕਮਰਾਨ ਨੇ ਸ਼ਹਿਰ ਦੀ ਮਿਊਂਸਿਪਲ ਕਮੇਟੀ ਨੂੰ ਜ਼ਬੇਲ ਅਲੀ ਗਾਰਡਨ ਵਿੱਚ ਗੁਰਦਵਾਰੇ ਲਈ ਪਲਾਟ ਦੇਣ ਦੀ ਸਿਫ਼ਾਰਸ਼ ਕੀਤੀ ਸੀ ਜਿੱਥੇ ਨਾਲ ਲੱਗਦੇ ਸੱਤ ਈਸਾਈ ਫ਼ਿਰਕਿਆਂ ਦੇ ਗਿਰਜਾਘਰ ਵੀ ਮੌਜੂਦ ਸਨ। ਜਦੋਂ ਕਮੇਟੀ ਕੋਲ ਗੁਰਦਵਾਰੇ ਦੀ ਇਮਾਰਤ ਦਾ ਨਕਸ਼ਾ ਪ੍ਰਵਾਨ ਕਰਨ ਲਈ ਪਹੁੰਚਿਆ ਤਾਂ ਉਹਨਾਂ ਵੀ ਕਈ ਇਤਰਾਜ਼ ਲਾਉਣੇ ਸ਼ੁਰੂ ਕਰ ਦਿੱਤੇ। ਸਭ ਤੋਂ ਅਹਿਮ ਇਤਰਾਜ਼ ਇਹ ਲਗਾਇਆ ਗਿਆ ਕਿ ਇਕ ਧਾਰਮਿਕ ਸਥਾਨ ਵਿੱਚ ਵਪਾਰਕ ਪੱਧਰ ਦੇ ਰਸੋਈ ਘਰ ਦੀ ਕੀ ਜ਼ਰੂਰਤ ਹੈ? ਇਸ ਦੀ ਵਿਆਖਿਆ ਲਈ ਮੈਂ ਕਾਫ਼ੀ ਤਿਆਰੀ ਕਰ ਕੇ ਗਿਆ ਅਤੇ ਸਮਝਾਇਆ ਕਿ ਰਸੋਈ ਘਰ ਲੰਗਰ ਦੀ ਤਿਆਰੀ ਲਈ ਜ਼ਰੂਰੀ ਹੈ ਜਿਥੇ ਦਿਨ ਤਿਉਹਾਰ ਨੂੰ ਪੰਜਾਹ ਹਜ਼ਾਰ ਦੀ ਸੰਗਤ ਲਈ ਭੋਜਨ ਤਿਆਰ ਕੀਤਾ ਜਾਂਦਾ ਹੈ। ਲੰਗਰ ਦੀ ਪ੍ਰਥਾ ਸਿਰਫ਼ ਸਿੱਖ ਧਰਮ ਵਿੱਚ ਹੀ ਹੈ। ਜਦੋਂ ਕਮੇਟੀ ਨੂੰ ਦੱਸਿਆ ਕਿ ਲੰਗਰ ਬਗ਼ੈਰ ਕਿਸੇ ਭੇਦ-ਭਾਵ ਦੇ ਸਭ ਧਰਮਾਂ ਲਈ ਸਾਂਝਾ ਹੈ ਤਾਂ ਉਹ ਮੰਨ ਗਏ। ਕਮੇਟੀ ਦੇ ਸਫ਼ਾਈ ਲਈ ਮਾਪਦੰਡ ਬਹੁਤ ਉਚ ਪੱਧਰ ਦੇ ਹਨ ਜੋ ਅਸੀਂ ਪ੍ਰਵਾਨ ਕਰ ਲਏ।

ਹੋਲਫੋਰਡ ਕੰਪਨੀ ਨੂੰ ਮੇਰਾ ਆਦੇਸ਼ ਸੀ ਕਿ ਗੁਰਦਵਾਰੇ ਦੀ ਇਮਾਰਤ ਅਜੇਹੀ

ਡੀਜ਼ਾਈਨ ਕਰੋ ਜੋ ਸੌ ਸਾਲ ਤੱਕ ਨਾ ਡਿੱਗੇ ਨਾ ਡੋਲੇ। ਇਸ ਇਮਾਰਤ ਵਿੱਚ ਮਜ਼ਬੂਤੀ ਲਈ ਸਟੀਲ ਦੀ ਅਤਿ-ਅਧਿਕ ਵਰਤੋਂ ਕੀਤੀ ਗਈ ਹੈ। ਧਾਰਮਿਕ ਸੰਸਥਾਵਾਂ ਵਿੱਚੋਂ ਇਹ ਵਿਸ਼ਵ ਭਰ ਦੀ ਪਹਿਲੀ ਸੰਸਥਾ ਹੈ ਜਿਸ ਨੂੰ ਉਤਮਤਾ ਲਈ ਚਾਰ ਆਈ.ਐਸ.ਓ. (ISO) ਸਰਟੀਫ਼ੀਕੇਟ ਮਿਲ ਚੁੱਕੇ ਹਨ। ਟਰਿੱਪ-ਐਡਵਾਈਜ਼ਰ ਟੂਰਿਸਟ ਕੰਪਨੀ ਨੇ ਇਸ ਇਮਾਰਤ ਨੂੰ ਗੋਲਡਨ ਟੈਂਪਲ ਤੋਂ ਬਾਅਦ ਫੋਟੋਗਰਾਫੀ ਲਈ ਦੁਨੀਆਂ ਦਾ ਸਭ ਤੋਂ ਵੱਧ ਚਰਚਿਤ ਗੁਰਦਵਾਰਾ ਮੰਨਿਆ ਹੈ। ਚਾਰ ਸਾਲ ਵਿੱਚ ਗੁਰਦਵਾਰੇ ਦੀ ਇਮਾਰਤ ਤਿਆਰ ਹੋਈ। ਅਸੀਂ ਮੋਢੇ ਨਾਲ ਮੋਢਾ ਜੋੜ ਕੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਅਤੇ ਕਾਮਯਾਬੀ ਨੇ ਸਾਡੇ ਕਦਮ ਚੁੰਮੇ।

ਮੈਂ ਦੱਖਣੀ ਭਾਰਤ ਦਾ ਵਸਨੀਕ ਹੋਣ ਕਰਕੇ ‘ਵਸਤੂ ਸ਼ਾਸਤਰ’ ਨੂੰ ਮੰਨਦਾ ਹਾਂ। ਭਾਵੇਂ ਸਿੱਖ ਧਰਮ ਵਿੱਚ ਅਜੇਹੇ ਕਿਸੇ ਵਹਿਮ ਭਰਮ ਲਈ ਕੋਈ ਥਾਂ ਨਹੀਂ, ਪਰੰਤੂ ਮੈਂ ਇਸ ਵਿੱਚ ਯਕੀਨ ਰੱਖਦਾ ਹਾਂ। ਗੁਰਦਵਾਰੇ ਦੇ ਡੀਜ਼ਾਇਨ ਵਿੱਚ ‘ਵਸਤੂ ਵਿਗਿਆਨ’ ਦਾ ਖ਼ਿਆਲ ਰੱਖਿਆ ਗਿਆ ਹੈ। ਪਾਲਕੀ ਜਿਸ ਉਪਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਇਮਾਰਤ ਦੇ ਇਕ ਖੂੰਜੇ ਵਿੱਚ ਰੱਖੀ ਗਈ ਹੈ। ਸੂਰਜ ਦੀਆਂ ਪਹਿਲੀਆਂ ਕਿਰਣਾਂ ਗੁਰੂ ਗ੍ਰੰਥ ਸਾਹਿਬ ਉਪਰ ਸੋਧਿਤ ਹੁੰਦੀਆਂ ਹਨ। ਮੇਰਾ ਵਿਸ਼ਵਾਸ ਹੈ ਕਿ ‘ਵਸਤੂ’ ਤੁਹਾਡੇ ਸਰੀਰ ਅੰਦਰ ਊਰਜਾ ਦਾ ਸੰਚਾਰ ਕਰਦਾ ਹੈ, ਜਿਸ ਤਰ੍ਹਾ ਚੀਨੀ ਲੋਕ ‘ਫੌਂਗ ਸ਼ੂਈ’ ਵਿੱਚ ਯਕੀਨ ਰੱਖਦੇ ਹਨ। ਗੁਰਦਵਾਰੇ ਵਿੱਚ ਹਰ ਬੰਦਾ ਸ਼ਾਂਤੀ ਦੀ ਤਲਾਸ਼ ਵਿੱਚ ਆਉਂਦਾ ਹੈ। ਸਾਨੂੰ ਖ਼ੁਸ਼ੀ ਹੁੰਦੀ ਹੈ ਕਿ ਇਸ ਦੇ ਹਾਲ ਅਤੇ ਪ੍ਰਾਰਥਨਾ ਲਈ ਬਣੇ ਕਮਰਿਆਂ ਵਿੱਚ ਸਮਾਧੀ ਦੀ ਅਵਸਥਾ ਵਿੱਚ ਪਾਜ਼ਿਟਿਵ ਤਰੰਗਾਂ ਦਾ ਆਵੇਸ਼ ਹੁੰਦਾ ਹੈ ਜੋ ‘ਵਸਤੂ ਵਿਗਿਆਨ’ ਦੀ ਦੇਣ ਹੈ।

ਦੁਬਈ ਸਾਰੇ ਧਰਮਾਂ ਲਈ ਸਹਿਨਸ਼ੀਲਤਾ ਦੀ ਜਿਉਂਦੀ ਜਾਗਦੀ ਮਿਸਾਲ ਬਣ ਗਿਆ ਹੈ। ਇਸ ਦੇਸ਼ ਵਿੱਚ 200 ਦੇਸ਼ਾਂ ਦੇ ਲੋਕ ਸਦਭਾਵਨਾ ਨਾਲ ਰਹਿੰਦੇ ਹਨ। ਜੇਕਰ ਤੁਸੀਂ ਇਸ ਦੇਸ਼ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੇ ਧਾਰਮਿਕ ਅਕੀਦਿਆਂ ਉਪਰ ਪ੍ਰਪੱਕ ਰਹਿਣਾ ਚਾਹੁੰਦੇ ਹੋ ਤਾਂ ਕੋਈ ਵੀ ਤੁਹਾਨੂੰ ਨਹੀਂ ਵਰਜੇਗਾ ਜੇਕਰ ਤੁਸੀਂ ਦੂਜਿਆਂ ਦੇ ਧਰਮ ਵਿੱਚ ਦਖ਼ਲ ਨਾ ਦੇਵੋ। ਗੁਰਦਵਾਰੇ ਦੀ ਸਥਾਪਤੀ ਲਈ ਅਸੀਂ ਇੱਥੋਂ ਦੇ ਭਵਿੱਖਮਈ ਹੁਕਮਰਾਨਾਂ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਅਗਲੇ ਅਧਿਆਏ ਵਿੱਚ ਇਸ ਨੂੰ ਚਾਲੂ ਰੱਖਣ ਦੀਆਂ ਲੋੜਾਂ ਦਾ ਜ਼ਿਕਰ ਕੀਤਾ ਗਿਆ ਹੈ।

— 0 —

9

# ਅਦੁੱਤੀ ਪਿਆਰ ਦੀ ਘਾਲਣਾ

ਆਪਣੇ ਦਾਦੇ ਦੇ ਉਚਾਰੇ ਹੋਏ ਬੋਲਾਂ ਨੂੰ ਪੂਰਾ ਕਰਨ ਦੀ ਗਾਥਾ ਕੁਝ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ। ਮੀਟਿੰਗਾਂ ਦਾ ਸਿਲਸਿਲਾ ਚੱਲਦਾ ਰਿਹਾ, ਅਰਜ਼ੀਆਂ ਉਪਰ ਕਾਰਵਾਈ ਹੁੰਦੀ ਰਹੀ, ਆਰਕੀਟੈਕਟ ਡੀਜ਼ਾਈਨ ਤਿਆਰ ਕਰਦੇ ਰਹੇ, ਬਿਲਡਿੰਗ ਦੇ ਨਕਸ਼ੇ ਬਣਦੇ ਰਹੇ ਅਤੇ ਸਾਡੇ ਮਨਾਂ ਅੰਦਰ ਗੁਰਦਵਾਰੇ ਦੀ ਇਮਾਰਤ ਦੀ ਭਾਵਨਾ ਸਾਕਾਰ ਰੂਪ ਅਖ਼ਤਿਆਰ ਕਰਨ ਲੱਗੀ। ਸਾਡੇ ਦੋਨਾਂ ਲਈ ਇਹ ਅਦੁੱਤੀ ਪਿਆਰ ਦੀ ਘਾਲਣਾ ਬਣ ਗਈ ਸੀ। ਅਸੀਂ ਹਰ ਰੋਜ਼ ਆਪਣੇ ਟਿਕਾਣੇ 'ਤੇ ਪਹੁੰਚ ਜਾਂਦੇ ਅਤੇ ਗੁਰਦਵਾਰੇ ਦੀ ਉਸਰ ਰਹੀ ਇਮਾਰਤ ਨੂੰ ਨਿਹਾਰਦੇ। ਇਹ ਸਾਡੇ ਜੀਵਨ ਦਾ ਮੰਤਵ ਬਣ ਚੁੱਕਾ ਸੀ ਅਤੇ ਇਸ ਨੂੰ ਅਦੁੱਤੀ ਬਣਾਉਣ ਲਈ ਅਸੀਂ ਕੋਈ ਕਸਰ ਬਾਕੀ ਨਹੀਂ ਰਹਿਣ ਦੇਣੀ ਚਾਹੁੰਦੇ ਸਾਂ।

ਇਉਂ ਜਾਪਦਾ ਸੀ ਕਿ ਪ੍ਰਮਾਤਮਾ ਸਾਡੀ ਮੱਦਦ ਕਰ ਰਿਹਾ ਹੈ ਜਿਸ ਕਰਕੇ ਕੋਈ ਅੜਿੱਕਾ ਨਹੀਂ ਲੱਗਿਆ। ਹਰ ਮਹਿਕਮਾ ਸਾਡੀ ਮੱਦਦ ਕਰ ਰਿਹਾ ਸੀ। ਦੁਬਈ ਦੀ ਸਾਰੀ ਸਿੱਖ ਸੰਗਤ ਤਹਿ ਦਿਲੋਂ ਦੁਬਈ ਦੇ ਹੁਕਮਰਾਨ 'ਸ਼ੇਖ਼ ਮੁਹੰਮਦ ਬਿਨ ਰਾਸ਼ੀਦ ਅਲ ਮਕਤੂਮ' ਦੀ ਅਭਾਰੀ ਸੀ ਜਿਸ ਨੇ ਸਿੱਖਾਂ ਨੂੰ ਆਪਣਾ ਪੂਜਾ ਅਸਥਾਨ ਬਣਾਉਣ ਲਈ ਜ਼ਮੀਨ ਦਾ ਟੁਕੜਾ ਦਾਨ ਕਰ ਦਿੱਤਾ। ਜਦੋਂ ਗੁਰਦਵਾਰੇ ਦੀ ਬਿਲਡਿੰਗ ਤਿਆਰ ਹੋ ਗਈ ਤਾਂ ਮੈਂ ਮਹਿਸੂਸ ਕੀਤਾ ਕਿ ਮੇਰੇ ਦਾਦਾ ਜੀ ਆਪਣੇ ਪੋਤਰੇ ਦੀ ਇਸ ਪ੍ਰਾਪਤੀ ਤੋਂ ਬਲਿਹਾਰੀ ਹੁੰਦੇ ਹੋਣਗੇ ਕਿਉਂਕਿ ਇਹ ਦਾਦਾ ਜੀ ਦੀ ਕੀਤੀ ਭਵਿੱਖਬਾਣੀ ਦਾ ਹੀ ਸਿੱਟਾ ਸੀ।

ਮੇਰੇ ਮਿੱਤਰ ਅਤੇ ਸ਼ੁਭਚਿੰਤਕ, ਅਸ਼ਵਿਨ ਗਿਡਵਾਨੀ, ਦੀ ਮੇਰੀ ਕੀਤੀ ਸਿਫ਼ਤ ਮੇਰੇ ਮਨ ਉਪਰ ਬੋਝ ਬਣ ਗਈ ਹੈ। ਇਸ ਪੁਸਤਕ ਦਾ ਨਾਮਕਰਨ ਗਿਡਵਾਨੀ ਜੀ ਦਾ ਸੁਝਾਅ ਹੀ ਹੈ ਜਿਨ੍ਹਾਂ ਨੇ ਮੈਨੂੰ ਕਲਮ ਚੁੱਕਣ ਦੀ ਪ੍ਰੇਰਨਾ ਵੀ ਦਿੱਤੀ। ਮੈਂ ਗਿਡਵਾਨੀ ਜੀ ਦੇ ਕਹੇ ਕਾਵਿਕ ਬੋਲਾਂ ਵਿੱਚੋਂ ਟੂਕ ਮਾਤਰ ਕੁਝ ਪੇਸ਼ ਕਰ ਰਿਹਾ ਹਾਂ :

> 'ਦੁਨੀਆਂ ਵਿੱਚ ਨਵੀਂ ਆਤਮਾ ਦਾ ਆਗਮਨ ਹੋਣ ਜਾ ਰਿਹਾ ਹੈ, ਸਮੇਂ ਦੀ ਚਾਲ ਨਾਲ ਬੱਚੇ ਦੇ ਜੀਵਨ ਦਾ ਮਨੋਰਥ ਉਘੜਦਾ ਹੈ। ਉਸ ਬੱਚੇ ਨੂੰ ਇਕ ਮਹਾਨ ਕੰਮ ਸੌਂਪਿਆ ਗਿਆ ਜਿਸ ਬਾਰੇ ਉਹ ਅਣਜਾਣ ਸੀ। ਇਕ ਮਿਹਨਤੀ

> ਸਿੱਖ ਬੱਚਾ ਹੋਣ ਕਰਕੇ ਉਹ ਆਪਣੀ ਸਲਤਨਤ ਬਣਾਉਂਦਾ ਹੈ। ਗੁਰਦਵਾਰੇ ਦਾ ਖ਼ਾਬ ਉਸ ਦੇ ਮਨ ਵਿੱਚ ਉਭਰਦਾ ਹੈ ਅਤੇ ਉਹ ਤੁਰ ਪੈਂਦਾ ਹੈ। ਮੈਂ ਸੁਰਿੰਦਰ ਅਤੇ ਬੱਬਲਜ਼ ਨੂੰ ਉਸ ਸਮੇਂ ਮਿਲਦਾ ਹਾਂ ਜਦੋਂ ਗੁਰੂ ਵੱਲ ਤੁਰਦੇ ਹਨ।
>
> ਮੇਰਾ ਅਤੇ ਸੁਰਿੰਦਰ ਦਾ ਜਨਮ ਦਿਨ ਇੱਕੋ ਦਿਨ ਆਉਂਦਾ ਹੈ ਅਤੇ ਅਸੀਂ ਗੋਲਡਨ ਟੈਂਪਲ ਵਿੱਚ ਇਕੱਠੇ ਹੁੰਦੇ ਹਾਂ। ਬੱਬਲਜ਼ ਨੇ ਮੈਨੂੰ ਖ਼ਾਸ ਮਹਿਮਾਨ ਬਣਾ ਦਿੱਤਾ ਅਤੇ ਇਸ ਤਰ੍ਹਾਂ ਮੈਨੂੰ ਉਦੋਂ ਲੱਗਿਆ ਸੀ ਜਦੋਂ ਮੈਂ ਅਜੇ ਦਸ ਸਾਲ ਦਾ ਬੱਚਾ ਸਾਂ ਅਤੇ ਮੇਰੇ ਬਾਪ ਦਾ ਦਿਹਾਂਤ ਨਹੀਂ ਸੀ ਹੋਇਆ।
>
> ਲੋਕ ਇਕ ਜੀਵਨ ਤੋਂ ਦੂਸਰੇ ਵੱਲ ਸਫ਼ਰ ਕਰਦੇ ਹਨ, ਰਸਤੇ ਵਿੱਚ ਜੋ ਲੋਕ ਮਿਲਦੇ ਹਨ ਉਹ ਤੁਹਾਡੀ ਆਤਮਾ ਦਾ ਅਟੁੱਟ ਹਿੱਸਾ ਬਣ ਜਾਂਦੇ ਹਨ।'

ਗੁਰਦਵਾਰੇ ਦੀ ਇਮਾਰਤ ਲਈ ਅਸੀਂ ਰੰਗਾਂ ਦੀ ਅਜੇਹੀ ਚੋਣ ਕੀਤੀ ਕਿ ਉਹ ਭੜਕੀਲੇ ਨਾ ਲੱਗਣ। ਰੱਬ ਦੇ ਘਰ ਲੋਕੀਂ ਸਹਿਜ ਪ੍ਰਾਪਤ ਕਰਨ ਲਈ ਆਉਂਦੇ ਹਨ ਜਿਸ ਕਰਕੇ ਸਾਡੀਆਂ ਸਹੂਲਤਾਂ ਉਹਨਾਂ ਦੇ ਆਸ਼ੇ ਦੀ ਪੂਰਤੀ ਵਿੱਚ ਸਹਾਈ ਹੋਣ। ਫ਼ਰਜ਼ ਕਰੋ ਜੇਕਰ ਤੁਹਾਨੂੰ ਪਾਰਕਿੰਗ ਲਈ ਥਾਂ ਲੱਭਣ ਲਈ ਟੱਕਰਾਂ ਮਾਰਨੀਆਂ ਪੈ ਰਹੀਆਂ ਹੋਣ ਤਾਂ ਤੁਹਾਡਾ ਮੂਡ ਗੁਰਦਵਾਰੇ ਪਹੁੰਚਣ ਤੋਂ ਪਹਿਲਾਂ ਹੀ ਵਿਗੜ ਜਾਵੇਗਾ। ਇਸ ਕਰਕੇ ਅਸੀਂ ਪਾਰਕਿੰਗ ਲਈ ਧਰਤੀ ਹੇਠ ਤਿੰਨ ਮੰਜ਼ਿਲਾਂ ਕਾਇਮ ਕੀਤੀਆਂ ਹਨ ਅਤੇ ਹਰ ਇਕ ਮੰਜ਼ਿਲ 'ਤੇ 50 ਕਾਰਾਂ ਖੜੀਆਂ ਕਰਨ ਦੀ ਸਹੂਲਤ ਹੈ। ਗੁਰਦਵਾਰੇ ਵਿੱਚ ਦਾਖ਼ਲ ਹੋਣ ਲਈ ਦੋਵੇਂ ਪਾਸੇ ਦਰਵਾਜ਼ੇ ਹਨ ਜੋ ਮੁੱਖ ਸੜਕਾਂ ਉਪਰ ਖੁੱਲ੍ਹਦੇ ਹਨ।

ਗੁਰਦਵਾਰਾ ਸਾਹਿਬ ਦੀਆਂ ਹੋਰ ਸਹੂਲਤਾਂ ਦਾ ਜ਼ਿਕਰ ਕਰਨਾ ਬਣਦਾ ਹੈ। ਜਦੋਂ ਤੁਸੀਂ ਮੁੱਖ ਦਵਾਰ (ਗੇਟ ਨੰਬਰ 2) ਤੋਂ ਦਾਖ਼ਲ ਹੁੰਦੇ ਹੋ ਤਾਂ ਧਰਤੀ ਦੀ ਸਤਹ ਤੋਂ ਕੁਝ ਪਉੜੀਆਂ ਉਪਰ ਚੜ੍ਹ ਕੇ ਖੱਬੇ ਹੱਥ ਲੰਗਰ ਹਾਲ ਹੈ। ਸੱਜੇ ਹੱਥ ਜੋੜਾਘਰ ਬਣਿਆ ਹੋਇਆ ਹੈ ਅਤੇ ਨੇੜੇ ਹੀ ਸੁਵਿਧਾ ਲਈ ਪੀਣ ਦੇ ਪਾਣੀ ਦਾ ਪ੍ਰਬੰਧ ਹੈ ਅਤੇ ਟਾਇਲਟਾਂ ਬਣੀਆਂ ਹਨ। ਸੇਵਾਦਾਰ ਹਰ ਸਮੇਂ ਅਤੇ ਹਰ ਜਗ੍ਹਾ ਤਾਇਨਾਤ ਕੀਤੇ ਗਏ ਹਨ ਜੋ ਬੜੀ ਨਿਮਰਤਾ ਨਾਲ ਪੇਸ਼ ਆਉਂਦੇ ਹਨ। ਗੇਟ ਉਪਰ ਸੀਕਿਉਰਿਟੀ ਸੇਵਾਦਾਰ ਮੋਨਿਆਂ ਨੂੰ ਪਟਕੇ ਭੇਟ ਕਰਦਾ ਹੈ ਅਤੇ ਸਕਰਟ ਜਾਂ ਛੋਟੇ ਕੱਪੜੇ ਪਹਿਨਣ ਵਾਲੀਆਂ ਔਰਤਾਂ ਲਈ ਡਾਕਟਰਾਂ ਵਰਗੇ ਚਿੱਟੇ ਗਾਊਨ ਪੇਸ਼ ਕਰਦਾ ਹੈ ਤਾਂ ਕਿ ਗੁਰੂ ਘਰ ਦੀ ਮਰਯਾਦਾ ਦਾ ਪਾਲਣ ਹੋ ਸਕੇ। ਮੈਂ ਲਗਭਗ ਦੁਨੀਆਂ ਭਰ ਵਿੱਚ ਸਿੱਖਾਂ ਦੇ ਗੁਰਦਵਾਰਿਆਂ ਦੀ ਯਾਤਰਾ ਕੀਤੀ ਹੈ ਪਰੰਤੂ ਗਾਊਨ ਦੀ ਪ੍ਰਥਾ ਕਿਧਰੇ ਨਹੀਂ ਵੇਖੀ, ਕੇਵਲ ਪਟਕਿਆਂ ਨਾਲ ਕੰਮ ਸਾਰ ਲਿਆ ਜਾਂਦਾ ਹੈ। ਦੁਬਈ ਵਿੱਚ ਔਰਤਾਂ ਅਤੇ ਮਰਦਾਂ ਲਈ ਬੇਹੂਦਾ ਕਿਸਮ ਦੇ ਕੱਪੜੇ ਪਹਿਨਣ ਦੀ ਮਨਾਹੀ ਹੈ ਪਰੰਤੂ ਗੁਰਦਵਾਰੇ ਵਿੱਚ ਵਿਦੇਸ਼ੀ ਯਾਤਰੀ

ਵੀ ਆਉਂਦੇ ਹਨ ਜਿਸ ਕਰਕੇ ਔਰਤਾਂ ਲਈ ਪੂਰਾ ਸਰੀਰ ਕੱਜਣ ਦੀ ਹਦਾਇਤ ਹੈ। ਗੁਰਦਵਾਰੇ ਦੇ ਪ੍ਰਬੰਧ ਲਈ ਪੈਂਤੀ ਪੱਕੇ ਸੇਵਾਦਾਰ ਰੱਖੇ ਹੋਏ ਹਨ ਅਤੇ ਦਿਨ ਦਿਹਾੜੇ ਮਨਾਉਣ ਵੇਲੇ ਦਰਜਨਾਂ ਹੋਰ ਵਲੰਟੀਅਰ ਸੇਵਾ ਵਿੱਚ ਹਾਜ਼ਰ ਹੋ ਜਾਂਦੇ ਹਨ। ਸੇਵਾ ਕਰਨਾ ਗੁਰੂ ਦੇ ਸਿੱਖਾਂ ਲਈ ਇਕ ਨਿਆਮਤ ਹੈ ਅਤੇ ਉਹ ਬੜੀ ਹਲੀਮੀ ਨਾਲ ਇਸ ਕਾਰਜ ਵਿੱਚ ਸ਼ਾਮਲ ਹੁੰਦੇ ਹਨ।

ਗੁਰਦਵਾਰੇ ਦੇ ਬਾਹਰਲੇ ਪਾਸੇ 54 ਮੀਟਰ ਲੰਬੀ ਪ੍ਰਕਰਮਾ ਹੈ ਜੋ ਪਾਣੀ ਦੇ ਸਰੋਵਰ ਦਵਾਲੇ ਬਣਾਈ ਗਈ ਹੈ। ਪਾਣੀ ਦਾ ਜ਼ਖ਼ੀਰਾ ਛੋਟੇ ਆਕਾਰ ਦਾ ਹੈ, ਇਸ ਦਾ ਸੰਕਲਪ ਗੋਲਡਨ ਟੈਂਪਲ ਤੋਂ ਲਿਆ ਗਿਆ ਹੈ। ਇਹ ਇਸ਼ਨਾਨ ਕਰਨ ਲਈ ਨਹੀਂ ਬਣਾਇਆ ਗਿਆ ਬਲਕਿ ਗੁਰਦਵਾਰਾ ਸਾਹਿਬ ਦੀ ਬਾਹਰਲੀ ਦਿੱਖ ਅਤੇ ਸੁੰਦਰਤਾ ਵਧਾਉਣ ਦੇ ਕੰਮ ਆਉਂਦਾ ਹੈ। ਸੀਨੀਅਰ ਸ਼ਹਿਰੀਆਂ ਅਤੇ ਦਿਵਿਆਂਗ ਵਿਅਕਤੀਆਂ ਲਈ ਆਰਕੀਟੈਕਟ ਨੇ ਉਚੇਚਾ ਪ੍ਰਬੰਧ ਕੀਤਾ ਹੈ। ਵੀਲ-ਚੇਅਰ ਨਾਲ ਦਾਖ਼ਲ ਹੋਣ ਲਈ ਰੈਂਪ ਬਣਾਏ ਗਏ ਹਨ ਅਤੇ ਲਿਫ਼ਟ ਦਾ ਪ੍ਰਬੰਧ ਕੀਤਾ ਗਿਆ ਹੈ।

ਪਹਿਲੀ ਮੰਜ਼ਿਲ ਉਪਰ ਜਾਣ ਲਈ ਲਿਫ਼ਟ ਅਤੇ ਪੌੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪੌੜੀਆਂ ਉਪਰ ਸੂਰਜੀ ਰੋਸ਼ਨੀ ਦੀਆਂ ਕਿਰਨਾਂ ਪੈਂਦੀਆਂ ਹਨ। ਪ੍ਰਾਰਥਨਾ ਹਾਲ ਦੀ ਸੁੰਦਰਤਾ ਦਾ ਵੇਰਵਾ ਦੇਣਾ ਬਣਦਾ ਹੈ। ਇਸ ਵਿੱਚ ਦਾਖ਼ਲੇ ਲਈ ਦੋ ਦਰਵਾਜ਼ੇ ਹਨ। ਹਾਲ ਵਿੱਚ ਕੋਈ ਥੰਮ ਨਜ਼ਰੀਂ ਨਹੀਂ ਪੈਂਦਾ ਜੋ ਇਸ ਦੇ ਡੀਜ਼ਾਈਨ ਦੀ ਇਕ ਖ਼ੂਬੀ ਹੈ ਜੋ ਸਪੇਸ ਦੀ ਸਮਤਾ ਨੂੰ ਭੰਗ ਨਹੀਂ ਕਰਦੀ। ਹਾਲ ਦੇ ਫ਼ਰਸ਼ ਅਤੇ ਦੀਵਾਰਾਂ ਉਪਰ ਇਟਲੀ ਦਾ ਸੰਗਮਰਮਰ ਵਰਤਿਆ ਗਿਆ ਹੈ ਜੋ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦਾ ਹੈ। ਰੌਸ਼ਨੀ ਲਈ ਇਟਲੀ ਦੇ ਮੂਰਾਨੋ ਸ਼ਹਿਰ ਦੇ ਕੈਂਡਲੀਅਰ ਲਗਾਏ ਗਏ ਹਨ ਜੋ ਸਹੀ ਮਾਤਰਾ ਦੀਆਂ ਚਾਨਣ ਰਿਸ਼ਮਾਂ ਦਾ ਪਾਸਾਰ ਕਰਦੇ ਹਨ। ਦੀਵਾਰਾਂ ਦੀ ਸਜਾਵਟ ਲਈ ਲੱਕੜੀ ਦੇ ਪੈਨਲ ਵਰਤੇ ਗਏ ਹਨ ਜੋ ਅੰਦਰਲੀ ਦਿੱਖ ਨੂੰ ਸੁੰਦਰਤਾ ਪ੍ਰਦਾਨ ਕਰਦੇ ਹਨ। ਫ਼ਰਸ਼ ਉਪਰ ਸੁੰਦਰ ਚਟਾਈ ਵਿਸ਼ਾਈ ਗਈ ਹੈ ਤਾਂ ਕਿ ਸੰਗਤ ਪੂਰੇ ਆਰਾਮ ਨਾਲ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕੇ।

ਹਾਲ ਦੇ ਇਕ ਖੂੰਜੇ ਵਿੱਚ, ਵਸਤੂ ਵਿਗਿਆਨ ਨੂੰ ਮੁੱਖ ਰੱਖ ਕੇ, ਇਕ ਪਲੇਟਫ਼ਾਰਮ ਤਿਆਰ ਕਰਵਾਇਆ ਗਿਆ ਹੈ। ਇਸ ਉਪਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਇਕ ਸੁੰਦਰ ਪਾਲਕੀ ਹੈ ਜਿਸ ਵਿੱਚ ਚੰਦੋਆ ਸ਼ੋਭਦਾ ਹੈ। ਗੁਰੂ ਗ੍ਰੰਥ ਸਾਹਿਬ ਲਈ ਚੌਵੀ ਕੈਰਟ ਸੋਨੇ ਦਾ ਇਕ ਛਤਰ ਬਣਾਇਆ ਗਿਆ ਹੈ, ਜੋ ਗੁਰੂ ਗ੍ਰੰਥ ਸਾਹਿਬ ਨੂੰ ਰਾਇਲਟੀ (ਸ਼ਾਹੀ ਸ਼ਾਨੋ-ਸ਼ੌਕਤ) ਦਾ ਪ੍ਰਤੀਕ ਬਣਾ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸੁੰਦਰ ਰੁਮਾਲਿਆਂ ਵਿੱਚ ਢੱਕਿਆ ਜਾਂਦਾ ਹੈ ਜੋ ਪਾਠ ਕਰਨ ਸਮੇਂ ਹੀ ਹਟਾਏ ਜਾਂਦੇ ਹਨ। ਗੁਰੂ ਨੂੰ ਪ੍ਰਮਾਤਮਾ ਦਾ ਸਰੂਪ ਮੰਨਦੇ ਹੋਏ ਪ੍ਰਕਾਸ਼ ਕਰਨ ਸਮੇਂ ਅਤੇ ਬਾਅਦ

ਵਿੱਚ ਗ੍ਰੰਥੀ ਸਿੰਘ ਤਾਬਿਆ ਬੈਠਦਾ ਹੈ। ਗ੍ਰੰਥੀ ਸਿੰਘ ਦੇ ਹੱਥ ਵਿੱਚ ਇਕ ਚੌਰ ਹੁੰਦੀ ਹੈ ਜੋ ਲੱਕੜੀ ਦੇ ਮੁੱਠੇ ਵਿੱਚ ਯਾਕ ਦੇ ਵਾਲਾਂ ਨੂੰ ਗੁੰਦ ਕੇ ਬਣਾਈ ਜਾਂਦੀ ਹੈ। ਚੌਰ ਕਰਨਾ ਵੀ ਰਾਇਲਟੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਨੇੜੇ ਖੱਬੇ ਪਾਸੇ ਇਕ ਹੋਰ ਪਲੇਟਫ਼ਾਰਮ ਬਣਾਇਆ ਗਿਆ ਹੈ। ਇਸ ਦੀ ਵਰਤੋਂ ਰਾਗੀਆਂ ਦਵਾਰਾ ਕੀਰਤਨ ਪੇਸ਼ ਕਰਨ ਲਈ ਵਧੇਰੇ ਕੀਤੀ ਜਾਂਦੀ ਹੈ। ਧਾਰਮਿਕ ਲੈਕਚਰ ਅਤੇ ਹੋਰ ਸੂਚਨਾਵਾਂ ਦੇਣ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰਦਵਾਰੇ ਵਿੱਚ ਸਿਆਸੀ ਭਾਸ਼ਣ ਅਤੇ ਕਥਾ ਦੀ ਮਨਾਹੀ ਹੈ। ਰਾਗੀਆਂ ਨੂੰ ਸਖ਼ਤ ਹਦਾਇਤ ਹੈ ਕਿ ਨਿਰੋਲ ਗੁਰਬਾਣੀ ਦਾ ਕੀਰਤਨ ਹੀ ਕੀਤਾ ਜਾਵੇ ਜਿਵੇਂ ਕਿ ਗੋਲਡਨ ਟੈਂਪਲ ਵਿੱਚ ਹੋ ਰਿਹਾ ਹੈ। ਰਾਗਾਂ ਵਿੱਚ ਸ਼ਬਦ ਗਾਇਣ ਸਰੋਤਿਆਂ ਨੂੰ ਮੁਗਧ ਕਰਦਾ ਹੈ ਅਤੇ ਉਹ ਸੰਗੀਤਮਈ ਧੁਨਾਂ ਦੀ ਆਵਾਜ਼ ਸੁਣ ਕੇ ਝੂਮ ਉਠਦੇ ਹਨ। ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਆਪਣੇ ਗੁਰੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚਦੇ ਹਨ ਅਤੇ ਵਿਹਲ ਸਮੇਂ ਕੀਰਤਨ ਦਾ ਅਨੰਦ ਮਾਣਦੇ ਹਨ।

ਗੁਰਦਵਾਰੇ ਨੂੰ ਮਾਨਤਾ ਦੇਣ ਲਈ ਯੂ.ਏ.ਈ. ਦੇ ਸੈਰ ਸਪਾਟਾ ਵਿਭਾਗ ਨੇ ਇਸ ਨੂੰ ਦੁਬਈ ਦੇ ਚੌਦਾਂ ਯਾਦਗਾਰੀ ਸਮਾਰਕਾਂ ਵਿੱਚ ਦਰਜ ਕਰ ਲਿਆ ਹੈ। ਇਸ ਦੇਸ਼ ਦੀ ਇਹੋ ਖ਼ੂਬੀ ਹੈ ਕਿ ਜੇਕਰ ਤੁਸੀਂ ਇਸ ਦੀ ਤਰੱਕੀ ਅਤੇ ਸ਼ੁਹਰਤ ਲਈ ਕੋਈ ਕੰਮ ਕਰਦੇ ਹੋ ਤਾਂ ਇੱਥੋਂ ਦੀ ਸਰਕਾਰ ਤੁਹਾਡਾ ਸਾਥ ਦਿੰਦੀ ਹੈ ਅਤੇ ਭਵਸਾਗਰ ਪਾਰ ਕਰਨ ਵਿੱਚ ਮੱਦਦ ਵੀ ਕਰਦੀ ਹੈ। ਟੂਰਿਸਟ ਕੰਪਨੀ 'ਟਰਿੱਪ ਐਡਵਾਈਜ਼ਰ' ਨੇ ਆਪਣੀ ਵੈਬਸਾਈਟ ਉਪਰ ਗੁਰਦਵਾਰੇ ਸਬੰਧੀ ਜਾਣਕਾਰੀ ਦੇ ਰੱਖੀ ਹੈ।

ਗੁਰਦਵਾਰਾ ਸਾਹਿਬ ਦੀ ਤਿਆਰੀ ਦੇ ਚਾਰ ਸਾਲ ਮੈਂ ਅਤੇ ਬੱਬਲਜ਼ ਹਰ ਸ਼ਾਮ ਨੂੰ ਵਿਚਾਰ-ਵਟਾਂਦਰਾ ਕਰਦੇ ਰਹਿੰਦੇ ਸਾਂ। ਕਈ ਵਾਰ ਮੱਤਭੇਦ ਵੀ ਪੈਦਾ ਹੋਏ ਪ੍ਰੰਤੂ ਸਾਰੇ ਫ਼ੈਸਲੇ ਅਸੀਂ ਦੋਵੇਂ ਰਲ ਕੇ ਹੀ ਕਰਦੇ ਸਾਂ। ਸੰਗਤ ਦੇ ਸੁੱਖ ਆਰਾਮ ਲਈ ਤਜਵੀਜ਼ਾਂ ਬੱਬਲਜ਼ ਵਲੋਂ ਪੇਸ਼ ਕੀਤੀਆਂ ਹੀ ਪ੍ਰਵਾਨ ਚੜ੍ਹੀਆਂ ਹਨ। ਉਸ ਦਾ ਵਿਚਾਰ ਸੀ ਕਿ ਜੇਕਰ ਸੰਗਤ ਵਿੱਚ ਬੈਠਿਆਂ ਕਿਸੇ ਨੂੰ ਸਰੀਰਕ ਕਸ਼ਟ ਤੰਗ ਕਰ ਰਿਹਾ ਹੋਵੇ ਤਾਂ ਉਹ ਕਿਵੇਂ 'ਸ਼ਬਦ' ਨਾਲ ਜੁੜ ਸਕਦਾ ਹੈ। ਇਸ ਲਈ ਬਜ਼ੁਰਗਾਂ, ਅੰਗਹੀਣਾਂ ਅਤੇ ਵਿਦੇਸ਼ੀ ਯਾਤਰੀਆਂ ਦਾ ਖ਼ਿਆਲ ਰੱਖਦੇ ਹੋਏ ਹਾਲ ਦੇ ਬਾਹਰ ਪਰੰਤੂ ਪ੍ਰਕਾਸ਼ ਅਸਥਾਨ ਦੇ ਨੇੜੇ ਹੀ ਕੁਰਸੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਕੁਰਸੀਆਂ ਬਹੁਤ ਹੀ ਆਰਾਮਦੇਹ ਹਨ ਅਤੇ ਇਹ ਖ਼ਾਸ ਖ਼ਿਆਲ ਰੱਖਿਆ ਗਿਆ ਹੈ ਕਿ ਇਨ੍ਹਾਂ ਉਪਰ ਬੈਠਣ ਵਾਲਾ ਸੱਜਣ ਗੁਰੂ ਗ੍ਰੰਥ ਸਾਹਿਬ ਦੇ ਪਲੇਟਫ਼ਾਰਮ ਤੋਂ ਨੀਵਾਂ ਹੀ ਰਹੇ।

ਸਿੱਖ ਧਰਮ ਦੁਨੀਆਂ ਦਾ ਸਭ ਤੋਂ ਆਧੁਨਿਕ ਅਤੇ ਨਵਾਂ ਧਰਮ ਹੈ ਜਿਸ ਦੀ ਆਯੂ ਹਾਲੇ ਤਕਰੀਬਨ 550 ਸਾਲ ਹੀ ਹੈ ਜੋ ਇਸ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ

ਆਗਮਨ ਦੀ ਮਿਤੀ ਨਾਲ ਆਰੰਭ ਹੋਇਆ ਮੰਨਿਆ ਜਾ ਸਕਦਾ ਹੈ। ਇਸ ਦੇ ਧਾਰਮਿਕ ਗ੍ਰੰਥ ਵਿੱਚ ਹਿੰਦੂ, ਮੁਸਲਿਮ ਧਰਮਾਂ ਦੇ ਉਪਦੇਸ਼ ਅਤੇ ਹੋਰ ਭਗਤ ਕਵੀਆਂ ਦੇ ਅਧਿਆਤਮਕ ਵਿਚਾਰ ਸ਼ਾਮਲ ਹਨ। ਸਿੱਖ ਧਰਮ ਵਧੇਰੇ ਕਰਕੇ ਇਕ ਜੀਵਨ-ਜਾਂਚ ਹੈ ਜਿਸ ਦੇ ਹੇਠ ਲਿਖੇ ਤਿੰਨ ਥੰਮ੍ਹ ਹਨ :

1. ਨਾਮ ਜਪਨਾ: ਹਰ ਸਮੇਂ ਪ੍ਰਮਾਤਮਾ ਨੂੰ ਯਾਦ ਰੱਖਣਾ।
2. ਕਿਰਤ ਕਰਨਾ: ਈਮਾਨਦਾਰੀ ਨਾਲ ਕਮਾਈ ਕਰਨੀ। ਪ੍ਰਮਾਤਮਾ ਸੱਚ ਹੈ ਜਿਸ ਕਰਕੇ ਸਿੱਖ ਲਈ ਜੀਵਨ ਵਿਚ ਸਚਿਆਰ ਬਣ ਕੇ ਰਹਿਣਾ ਹੈ।
3. ਵੰਡ ਛਕਣਾ: ਆਪਣੀ ਨੇਕ ਕਮਾਈ ਵਿੱਚੋਂ ਲੋੜਵੰਦਾਂ ਦੀ ਮੱਦਦ ਕਰਨਾ।

ਵਿਚਾਰਿਆ ਜਾਵੇ ਤਾਂ ਇਹ ਆਦੇਸ਼ ਸਭ ਧਰਮਾਂ ਵਿੱਚ ਮਿਲ ਜਾਣਗੇ। ਪ੍ਰਮਾਤਮਾ ਨੂੰ ਯਾਦ ਰੱਖਣਾ, ਨੇਕ ਕਮਾਈ, ਸੁਨਹਿਰੀ ਅਸੂਲ ਮੰਨੇ ਗਏ ਹਨ। ਸਿੱਖੀ ਵਿੱਚ ਸੇਵਾ ਉਤਮ ਦਰਜਾ ਰੱਖਦੀ ਹੈ। ਇਹ ਕਿਸੇ ਵਿਖਾਵੇ ਅਤੇ ਅਹਿਸਾਨ-ਫ਼ਰੋਸ਼ੀ ਲਈ ਨਹੀਂ ਹੋਣੀ ਚਾਹੀਦੀ ਬਲਕਿ ਇਹ ਹਰੇਕ ਸਿੱਖ ਦੇ ਜੀਵਨ ਦਾ ਕਰਤੱਵ ਹੋਣਾ ਚਾਹੀਦਾ ਹੈ।

17 ਜਨਵਰੀ 2012 ਸਾਡੇ ਲਈ ਹਮੇਸ਼ਾਂ ਇਕ ਖ਼ਾਸ ਯਾਦਗਾਰੀ ਦਿਨ ਰਹੇਗਾ। ਇਸ ਦਿਨ ਗੁਰਦਵਾਰਾ ਸਾਹਿਬ ਦੇ ਦਰਵਾਜ਼ੇ ਸਭ ਲੋਕਾਈ ਲਈ ਖੋਲ੍ਹੇ ਗਏ ਸਨ ਜੋ ਫਿਰ ਕਦੇ ਬੰਦ ਨਹੀਂ ਹੋਏ। ਯੂ.ਏ.ਈ. ਦੇ ਇਕ ਲੱਖ ਸਿੱਖਾਂ ਲਈ ਇਹ ਦਿਲ ਦੀ ਧੜਕਣ ਬਣ ਗਿਆ ਹੈ ਅਤੇ ਸੰਗਤੀ ਰੂਪ ਵਿੱਚ ਇਕੱਠੇ ਹੋਣ ਦਾ ਧਾਰਮਿਕ ਸਥਾਨ। ਸਾਡੇ ਪ੍ਰੀਵਾਰ ਲਈ ਗੁਰਦਵਾਰਾ ਨਵੇਂ ਰੁਝਾਨ ਲੈ ਕੇ ਆਇਆ ਹੈ। ਪਾਰਟੀਆਂ ਦੀ ਥਾਂ ਅਸੀਂ ਇਸ ਦੇ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਣ ਵਿੱਚ ਜੁਟ ਗਏ ਹਾਂ। ਸਾਨੂੰ ਇਸ ਸੇਵਾ ਵਿੱਚ ਇਕ ਅਦੁੱਤੀ ਅਨੰਦਮਈ ਅਵਸਥਾ ਦਾ ਅਹਿਸਾਸ ਹੁੰਦਾ ਹੈ। ਮੈਂ ਅਤੇ ਬੱਬਲਜ਼ ਇਸ ਦੇ ਪ੍ਰਬੰਧ ਵਿੱਚ ਮਸਰੂਫ਼ ਰਹਿੰਦੇ ਹਾਂ। ਉਹ ਪ੍ਰਬੰਧਕੀ ਢਾਂਚੇ ਦੀ ਸੰਭਾਲ ਕਰਦੀ ਹੈ ਅਤੇ ਪ੍ਰੋਗਰਾਮਾਂ ਦੀ ਰੂਪ ਰੇਖਾ ਤਿਆਰ ਕਰਦੀ ਹੈ। ਉਹ ਗੁਰਦਵਾਰਾ ਟਰੱਸਟ ਦੀ ਉਪ-ਚੇਅਰਮੈਨ ਹੈ ਅਤੇ ਮੈਂ ਚੇਅਰਮੈਨ। ਇਸ ਸਾਰੇ ਪ੍ਰਬੰਧ ਨੂੰ ਨਿਰਵਿਘਨ ਚਲਾਉਣ ਲਈ ਟਰੱਸਟ ਦੇ ਮੈਂਬਰਾਂ ਤੋਂ ਇਲਾਵਾ ਜਨਰਲ ਮੈਨੇਜਰ, ਮੈਨੇਜਰ ਅਤੇ ਹੋਰ ਬਹੁਤ ਸਾਰੇ ਕਰਮਚਾਰੀ ਕੰਮ ਕਰਦੇ ਹਨ।

ਗੁਰਦਵਾਰੇ ਦਾ ਮੁੱਖ ਮਨੋਰਥ ਲੋਕਾਂ ਨੂੰ ਆਪਸ ਵਿੱਚ ਜੋੜਨਾ ਹੈ। 13 ਅਪ੍ਰੈਲ 2017 ਨੂੰ ਵਿਸਾਖੀ ਦੇ ਦਿਨ ਇਕ ਅਜੇਹਾ ਮੌਕਾ ਮਿਲ ਗਿਆ। ਇਹ ਦਿਨ ਪੰਜਾਬ ਵਿੱਚ ਹਾੜੀ ਦੀ ਫ਼ਸਲ ਕੱਟਣ ਨਾਲ ਸਬੰਧ ਰੱਖਦਾ ਹੈ ਜਿਸ ਕਰਕੇ ਪੰਜਾਬ ਭਰ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਹ ਦਿਨ ਖ਼ਾਲਸੇ ਦੇ ਜਨਮ ਦਿਨ ਦੇ ਤੌਰ 'ਤੇ ਵੀ ਵੀ ਮਨਾਇਆ ਜਾਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ 'ਤੇ ਕਾਇਮ ਕੀਤਾ ਸੀ। ਅਸੀਂ 2012 ਦੀ ਵਿਸਾਖੀ ਮਨਾਉਣ ਲਈ 101 ਦੇਸ਼ਾਂ ਦੇ

600 ਨੁਮਾਇੰਦੇ ਬੁਲਾਏ ਅਤੇ ਲੰਗਰ ਹਾਲ ਨਾਸ਼ਤੇ ਦਾ ਪ੍ਰਬੰਧ ਕੀਤਾ। ਇਹ ਘਟਨਾ ਗਿਨੀਜ਼ ਵਰਲਡ ਬੁੱਕ ਵਿੱਚ ਇਕ ਨਵਾਂ ਰੀਕਾਰਡ ਹੋਣ ਕਰਕੇ ਐਂਟਰ ਹੋ ਚੁੱਕੀ ਹੈ।

ਐਸੀਆਂ ਘਟਨਾਵਾਂ ਆਪਣੇ ਆਪ ਨਹੀਂ ਵਾਪਰਦੀਆਂ। ਇਸ ਲਈ ਬਹੁਤ ਸਖ਼ਤ ਮਿਹਨਤ ਅਤੇ ਸਮਰਪਣ ਦੀ ਲੋੜ ਹੁੰਦੀ ਹੈ। ਮੈਂ ਵੇਖਿਆ ਹੈ ਕਿ ਕਈ ਵਾਰ ਪ੍ਰਤਿਭਾਸ਼ਾਲੀ ਲੋਕ ਵੀ ਆਪਣੇ ਆਸ਼ੇ ਵਿੱਚ ਕਾਮਯਾਬ ਹੋਣ ਤੋਂ ਪਹਿਲਾਂ ਹੀ ਅਧਵਾਟੇ ਮੁੜ ਜਾਂਦੇ ਹਨ। ਬਹੁਤ ਸਾਰੇ ਲੋਕ ਸ਼ਬਦਾਂ ਦਾ ਅਡੰਬਰ ਰਚਣ ਵਿੱਚ ਮਾਹਰ ਹੁੰਦੇ ਹਨ। ਉਹ ਕਹਿੰਦੇ ਕੁਝ ਹਨ ਅਤੇ ਕਰਦੇ ਕੁਝ ਹੋਰ ਹਨ ਕਿਉਂਕਿ ਉਨ੍ਹਾਂ ਦੇ ਮਨ ਵਿੱਚ ਖੋਟ ਹੁੰਦਾ ਹੈ। ਖ਼ਾਲੀ ਬਿਆਨਬਾਜ਼ੀ ਕੋਈ ਕੰਮ ਨਹੀਂ ਸਵਾਰ ਸਕਦੀ। ਉਹ ਲੋਕ ਬਹੁਤ ਥੋੜੇ ਹਨ ਜੋ ਬਗ਼ੈਰ ਕਿਸੇ ਤਾਕ ਦੇ ਦੂਜਿਆਂ ਦੀ ਮੱਦਦ ਕਰਨ। ਮੇਰਾ ਵਿਚਾਰ ਹੈ ਕਿ ਦੂਜਿਆਂ ਦੀ ਭਲਾਈ ਕਰਨ ਤੋਂ ਕਦੇ ਪਿੱਛੇ ਨਹੀਂ ਹਟਣਾ ਚਾਹੀਦਾ ਅਤੇ ਇਸ ਦੇ ਬਦਲੇ ਕਿਸੇ ਸ਼ੁਕਰਾਨੇ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਜਦੋਂ ਤੁਸੀਂ ਮਨ ਦੀ ਇਸ ਅਵਸਥਾ ਦੇ ਧਾਰਣੀ ਬਣ ਜਾਵੋਂ ਤਾਂ ਪ੍ਰਮਾਤਮਾ ਤੁਹਾਡੇ ਉਪਰ ਮਿਹਰ ਕਰਦਾ ਹੈ ਅਤੇ ਅਣਮੰਗਿਆ ਇਨਾਮ ਵੀ ਮਿਲ ਜਾਂਦਾ ਹੈ।

ਸਿੱਖ ਸੰਗਤ ਦੀ ਸੇਵਾ ਦੀ ਭਾਵਨਾ ਸਾਨੂੰ ਅੱਗੇ ਵੱਧਣ ਦਾ ਹੌਂਸਲਾ ਪ੍ਰਦਾਨ ਕਰਦੀ ਹੈ। 2012 ਦੇ ਉਦਘਾਟਨ ਤੋਂ ਬਾਅਦ ਗੁਰਦਵਾਰੇ ਵਿੱਚ ਸੰਗਤ ਦੀ ਆਮਦ ਅਜੇ ਤੱਕ ਬਰਕਰਾਰ ਹੈ ਅਤੇ ਹਰ ਸਾਲ ਵਾਧਾ ਹੋ ਰਿਹਾ ਹੈ। ਔਸਤਨ ਹਫ਼ਤੇ ਦੇ ਦਿਨਾਂ ਵਿੱਚ 1500 ਲਈ ਲੰਗਰ ਬਣਦਾ ਹੈ, ਵੀਕ-ਐਂਡ ਉਪਰ ਇਹ ਗਿਣਤੀ 15000 ਤੱਕ ਪਹੁੰਚ ਜਾਂਦੀ ਹੈ ਅਤੇ ਛੁੱਟੀ ਵਾਲੇ ਦਿਨ ਜਾਂ ਖ਼ਾਸ ਦਿਨ-ਦਿਹਾੜਿਆਂ ਉਪਰ ਇਹ 45 ਤੋਂ 50 ਹਜ਼ਾਰ ਦਾ ਅੰਕੜਾ ਪਾਰ ਕਰ ਜਾਂਦੀ ਹੈ। ਸਾਡੇ ਲਈ ਇਹ ਵਰਤਾਰਾ ਤਸੱਲੀਬਖ਼ਸ਼ ਅਤੇ ਵਰਦਾਨ ਸਾਬਤ ਹੋਇਆ ਹੈ। ਨਵੇਂ ਸਾਲ ਜਾਂ ਕਰਿਸਮਸ ਵਾਲੇ ਦਿਨ ਅਸੀਂ ਮਜ਼ਦੂਰ ਬਸਤੀਆਂ ਵਿੱਚ ਭੋਜਨ ਦੇ ਪੈਕਟ ਵੀ ਵੰਡਣ ਜਾਂਦੇ ਹਾਂ। ਰਮਜ਼ਾਨ ਦੇ ਮਹੀਨੇ ਇਫ਼ਤਾਰ ਪਾਰਟੀ ਲਈ ਰੋਜ਼ਾ ਖੋਲ੍ਹਣ ਲਈ ਸਾਦਾ ਅਤੇ ਢੁਕਵਾਂ ਭੋਜਨ ਭੇਜਿਆ ਜਾਂਦਾ ਹੈ। ਗੁਰਦਵਾਰਾ ਆਪਣੀ ਹੋਂਦ ਕੇਵਲ ਸਿੱਖਾਂ ਤੱਕ ਹੀ ਸੀਮਤ ਨਹੀਂ ਰੱਖਣਾ ਚਾਹੁੰਦਾ।

'ਗੁਰੂ ਨਾਨਕ ਦਰਬਾਰ' ਗੁਰਦਵਾਰੇ ਵਿੱਚ ਕਈ ਧਾਰਮਿਕ ਅਤੇ ਸਮਾਜਿਕ ਕਾਰਜ ਵੀ ਚੱਲਦੇ ਰਹਿੰਦੇ ਹਨ। ਉਦਾਹਰਣ ਲਈ, ਅਖੰਡ ਪਾਠ, ਸਹਿਜ ਪਾਠ, ਸੁਖਮਨੀ ਸਾਹਿਬ ਦਾ ਪਾਠ, ਕੀਰਤਨ, ਲੰਗਰ ਸੇਵਾ, ਬੱਚਿਆਂ ਦਾ ਨਾਮਕਰਨ, ਅਨੰਦ ਕਾਰਜ ਅਤੇ ਕਈ ਕੁਝ ਹੋਰ। ਗੁਰਦਵਾਰੇ ਵਿੱਚ ਸਮਾਧੀ ਸਥਿਤ ਹੋ ਕੇ ਅੰਤਰ-ਧਿਆਨ ਹੋਣ ਲਈ ਵੀ ਕਮਰਾ ਹੈ। ਇਕ ਕਮਰਾ ਲਾਇਬਰੇਰੀ ਲਈ ਰਾਖਵਾਂ ਹੈ ਪਰੰਤੂ ਇਸ ਨੂੰ ਗੁਰਬਾਣੀ ਸੰਥਿਆ ਅਤੇ ਕੀਰਤਨ ਦੀਆਂ ਕਲਾਸਾਂ ਲਈ ਵੀ ਵਰਤਿਆ ਜਾਂਦਾ ਹੈ ਜਿਸ ਦੀ ਬਹੁਤ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਅਤੇ ਸੰਗਤ ਵੱਲੋਂ ਮੰਗ ਵੀ ਹੈ ।

ਮੇਰਾ ਯਕੀਨ ਹੈ ਕਿ ਧਰਮ ਦਾ ਇਕ ਫ਼ਰਜ਼ ਬਣਦਾ ਹੈ ਕਿ ਧਰਤੀ ਮਾਤਾ ਬਾਰੇ ਸੋਚਿਆ ਜਾਵੇ। ਜਪੁਜੀ ਸਾਹਿਬ ਦੇ ਸਲੋਕ ਵਿੱਚ ਗੁਰੂ ਨਾਨਕ ਸਾਹਿਬ ਧਰਤੀ ਅਤੇ ਇਸ ਦੇ ਪੌਣ ਪਾਣੀ ਦਾ ਵੀ ਜ਼ਿਕਰ ਕਰਦੇ ਹਨ। ਇਸ ਆਸ਼ੇ ਨੂੰ ਮੁੱਖ ਰੱਖਦੇ ਹੋਏ ਅਸੀਂ 18 ਮਾਰਚ 2018 ਨੂੰ ਦਿੱਲੀ ਪ੍ਰਾਈਵੇਟ ਸਕੂਲ ਦੇ ਬੱਚਿਆਂ ਵਿਚਕਾਰ ਵੱਖ ਵੱਖ ਕਿਸਮਾਂ ਦੇ 2083 ਬੂਟੇ ਵੰਡੇ। ਉਮੀਦ ਹੈ ਇਹ ਕੰਮ ਅਸੀਂ ਜਾਰੀ ਰੱਖਾਂਗੇ ਅਤੇ ਜ਼ਬੇਲ ਅਲੀ ਪਿੰਡ ਦਾ ਆਲਾ-ਦੁਆਲਾ ਹਰਾ ਭਰਾ ਰੱਖਣ ਵਿੱਚ ਗੁਰਦਵਾਰੇ ਦਾ ਯੋਗਦਾਨ ਵੀ ਪ੍ਰਵਾਨ ਚੜ੍ਹੇਗਾ। ਇਹ ਸਾਡੇ ਲਈ ਗਿਨੀਜ਼ ਬੁੱਕ ਵਿੱਚ ਦੂਜਾ ਰੀਕਾਰਡ ਬਣ ਚੁੱਕਾ ਹੈ।

ਗੁਰੂ ਨਾਨਕ ਦਰਬਾਰ ਗੁਰਦਵਾਰੇ ਦੀਆਂ ਐਕਟੀਵਿਟੀਜ਼ ਦਾ ਘੇਰਾ ਬਹੁਤ ਵਿਸ਼ਾਲ ਬਣਦਾ ਜਾ ਰਿਹਾ ਹੈ। ਸੋਮਾਲੀਆ ਦੇ ਰਿਫ਼ਿਊਜੀ ਕੈਂਪਾਂ ਵਿੱਚ ਕੰਬਲ ਵੰਡਣ ਤੋਂ ਲੈ ਕੇ ਮਜ਼ਦੂਰ ਬਸਤੀਆਂ ਵਿੱਚ ਭੋਜਨ ਦੇ ਪੈਕਟ ਵੰਡਣ ਤੋਂ ਬਾਅਦ ਅੰਤਰ-ਧਾਰਮਿਕ ਕਾਨਫ਼ਰੰਸਾਂ ਵੀ ਕਰਵਾਈਆਂ ਜਾ ਰਹੀਆਂ ਹਨ। ਧਾਰਮਿਕ ਸਦਭਾਵਨਾ ਦੇ ਵਿਸ਼ੇ ਉਪਰ ਸ਼ੇਖ਼ ਨ੍ਹਾਇਨ ਮਬਾਰਕ ਅਲ ਨ੍ਹਾਇਨ ਦੀ ਛਤਰਛਾਇਆ ਹੇਠ ਫ਼ਰਵਰੀ 2016 ਵਿੱਚ ਸਰਬ-ਧਰਮ ਕਾਨਫ਼ਰੰਸ ਕੀਤੀ ਗਈ। ਸਤੰਬਰ 2017 ਵਿੱਚ 'ਵਿਸ਼ਵ ਅਮਨ ਦਿਨ' ਮਨਾਇਆ ਗਿਆ ਜਿਸ ਲਈ ਸਭ ਪਾਸਿਆਂ ਵਲੋਂ ਚੰਗਾ ਹੁੰਗਾਰਾ ਮਿਲਿਆ। ਇਸ ਦਾ ਵਿਸ਼ਾ ਜਾਂ ਥੀਮ 'ਅਮਨ ਲਈ ਇਕੱਠੇ ਹੋਵੋ, ਸੁਰੱਖਿਆ, ਗੌਰਵ ਅਤੇ ਮਾਨ ਸਭ ਲਈ' ਰੱਖਿਆ ਗਿਆ।

ਅਸੀਂ ਪਰਉਪਕਾਰੀ (ਚੈਰੀਟੇਬਲ) ਸੰਸਥਾਵਾਂ ਨੂੰ ਸਹਾਇਤਾ ਭੇਜਦੇ ਹਾਂ। ਇਸ ਵਿੱਚ ਧਰਮ ਅਤੇ ਹੋਰ ਧਾਰਣਾਵਾਂ ਨੂੰ ਆਧਾਰ ਨਹੀਂ ਬਣਾਇਆ ਜਾਂਦਾ, ਕੇਵਲ ਮੈਰਿਟ ਹੀ ਧਿਆਨ ਵਿੱਚ ਰੱਖੀ ਜਾਂਦੀ ਹੈ। ਯੰਗ ਹਾਰਟਸ ਗਰੁੱਪ (Young Hearts Group) ਜੋ ਵਡੇਰੀ ਉਮਰ ਦੇ ਸ਼ਹਿਰੀਆਂ ਦੀ ਮੱਦਦ ਕਰਦਾ ਹੈ, ਉਹ ਵੀ ਸਾਡੀ ਕ੍ਰਿਪਾ ਦਾ ਪਾਤਰ ਹੈ। ਇਸ ਨੂੰ ਚਲਾਉਣ ਵਾਲੇ ਵੀਹ ਵਲੰਟੀਅਰ ਅਤੇ ਪੈਂਤੀ ਹੋਰ ਮੈਂਬਰ ਹਨ। ਸਾਡਾ ਤਜਰਬਾ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਵਰਤਿਆ ਜਾਵੇ ਤਾਂ ਸਾਡੇ ਧੰਨਭਾਗ ਸਮਝੋ।

ਮੈਂ ਗੁਰਦਵਾਰੇ ਜਾ ਕੇ ਅੰਤਰ-ਧਿਆਨ ਹੁੰਦਾ ਹਾਂ। ਇੱਥੋਂ ਦਾ ਸ਼ਾਂਤ ਮਾਹੌਲ ਸੁਖਦਾਈ ਹੋਣ ਕਰਕੇ ਮੈਂ ਤਨ ਅਤੇ ਮਨ ਵਿੱਚ ਨਵੀਂ ਊਰਜਾ ਦਾ ਸੰਚਾਰ ਮਹਿਸੂਸ ਕਰਦਾ ਹਾਂ। ਮੈਨੂੰ ਯਕੀਨ ਹੈ ਕਿ ਮੇਰੇ ਪਿਆਰੇ ਦਾਦਾ ਜੀ ਸਵਰਗ ਵਿੱਚ ਇਹ ਸਾਰਾ ਨਜ਼ਾਰਾ ਵੇਖ ਕੇ ਆਪਣੇ ਪੋਤਰੇ ਦੀ ਦਾਦ ਦਿੰਦੇ ਹੋਣਗੇ। ਮੈਂ ਮੁੱਢ ਵਿੱਚ ਕਿਹਾ ਸੀ ਜੇਕਰ ਤੁਸੀਂ ਦੁਬਈ ਆਵੋ ਤਾਂ ਗੁਰੂ ਨਾਨਕ ਦਰਬਾਰ ਵੇਖਣਾ ਨਾ ਭੁੱਲਿਉ।

— 0 —

10

# ਇਕ ਦਾਸਤਾਨ ਨੂੰ ਮੇਰੀ ਸਲਾਮ

ਦੁਬਈ ਵਿੱਚ ਗੁਰਦਵਾਰਾ ਬਣਾਉਣ ਦਾ ਪ੍ਰੋਜੈਕਟ ਕੋਈ ਸੌਖਾ ਕੰਮ ਨਹੀਂ ਸੀ ਭਾਵੇਂ ਕਿ ਇਸ ਪਿੱਛੇ ਮੇਰੇ ਅਦੁੱਤੀ ਪਿਆਰ ਦੀ ਭਾਵਨਾ ਕੰਮ ਕਰ ਰਹੀ ਸੀ। ਡਰ ਸੀ ਕਿ ਇਸ ਕੰਮ ਨੂੰ ਨੇਪਰੇ ਚਾੜ੍ਹਨ ਵਿੱਚ ਸੈਂਕੜੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਪਰੰਤੂ ਪ੍ਰਮਾਤਮਾ ਦਾ ਹੱਥ ਮੇਰੇ ਸਿਰ ਉਪਰ ਹੋਣ ਕਰਕੇ ਕੇ ਕੋਈ ਵਿਘਨ ਨਾ ਪਿਆ। ਇਸ ਵੱਡੇ ਪ੍ਰੋਜੈਕਟ ਉਪਰ 2012 ਵਿੱਚ 150 ਕਰੋੜ ਰੁਪਏ (20 ਮਿਲੀਅਨ ਡਾਲਰ) ਖ਼ਰਚ ਹੋਏ। ਮੈਂ ਫ਼ੈਸਲਾ ਕਰ ਲਿਆ ਸੀ ਕਿ 'ਗੁਰੂ ਨਾਨਕ ਦਰਬਾਰ' ਗੁਰਦਵਾਰਾ ਬਣਾਉਣ ਖ਼ਾਤਰ ਕਿਸੇ ਹੋਰ ਤੋਂ ਮਾਇਕ ਸਹਾਇਤਾ ਨਹੀਂ ਮੰਗਾਂਗਾ। ਜੇਕਰ ਇਹ ਪ੍ਰੋਜੈਕਟ ਪੂਰਾ ਕਰਨਾ ਹੈ ਤਾਂ ਕਿਸੇ ਹੋਰ ਵੱਲ ਝਾਕਣ ਦੀ ਬਜਾਏ ਆਪਣੇ ਪ੍ਰਮਾਤਮਾ ਉਪਰ ਟੇਕ ਰੱਖਣੀ ਜ਼ਰੂਰੀ ਹੈ ਜਿਸ ਦੀ ਮੇਹਰ ਸਦਕਾ ਇਹ ਕੰਮ ਨਿਰਵਿਘਨ ਸਮਾਪਤ ਹੋ ਗਿਆ।

ਜਦੋਂ ਇਕ ਵਾਰੀ ਫ਼ੈਸਲਾ ਕਰ ਲਿਆ ਤਾਂ ਫਿਰ ਡੋਲਣ ਦੀ ਲੋੜ ਨਹੀਂ ਪਈ ਅਤੇ ਨਾ ਹੀ ਖ਼ਰਚ ਕਰਨ ਦੀ ਪ੍ਰਵਾਹ। ਇਸ ਦੇ ਉਲਟ ਮੇਰੇ ਮਨ ਨੂੰ ਸਕੂਨ ਮਿਲ ਰਿਹਾ ਸੀ ਕਿ ਮੈਂ ਨੇਕ ਕੰਮ ਕਰਨ ਜਾ ਰਿਹਾ ਹਾਂ ਅਤੇ ਮੇਰੇ ਉਪਰ ਇਕ ਰੱਬੀ ਮਿਹਰ ਹੋ ਰਹੀ ਹੈ। ਮੇਰਾ ਅੰਦਾਜ਼ਾ ਹੈ ਕਿ ਕੁਝ ਲੋਕ ਮੇਰੀ ਪਿੱਠ ਪਿੱਛੇ ਗੱਲਾਂ ਕਰਦੇ ਹੋਣਗੇ ਕਿ ਇਹ ਪ੍ਰੋਜੈਕਟ ਕਿਵੇਂ ਪੂਰਾ ਹੋ ਸਕਦਾ ਹੈ। ਮੈਂ ਉਹਨਾਂ ਦੀ ਰਾਏ ਦੀ ਕੋਈ ਪ੍ਰਵਾਹ ਨਾ ਕੀਤੀ। ਜਦੋਂ ਗੁਰਦਵਾਰੇ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ, ਉਸ ਸਮੇਂ ਵੀ ਚਰਚਾ ਚੱਲ ਰਹੀ ਸੀ ਕਿ ਵੇਖੀਏ ਇਹ ਕਦੋਂ ਅਤੇ ਕਿਵੇਂ ਤਿਆਰ ਹੁੰਦਾ ਹੈ? ਮੈਂ ਹੈਰਾਨ ਹੋ ਰਿਹਾ ਸਾਂ ਕਿ ਲੋਕਾਂ ਦੇ ਮਨਾਂ ਵਿੱਚ ਅਜੇਹੇ ਘਟੀਆ ਖ਼ਿਆਲ ਕਿਉਂ ਆ ਰਹੇ ਹਨ। ਉਹ ਸ਼ਾਬਾਸ਼ ਦੇਣ ਦੀ ਬਜਾਏ ਹੌਸਲਾ ਢਾਹੂ ਗੱਲਾਂ ਕਰ ਰਹੇ ਸਨ। ਮੈਂ ਪਰੇਸ਼ਾਨ ਤਾਂ ਨਹੀਂ ਹੋਇਆ ਪ੍ਰੰਤੂ ਲੋਕਾਂ ਦੇ ਵਤੀਰੇ ਤੋਂ ਹੈਰਾਨੀ ਜ਼ਰੂਰ ਹੋ ਰਹੀ ਸੀ। ਜੇ ਕੋਈ ਚਿੰਤਾ ਸੀ ਤਾਂ ਉਹ ਆਪਣੇ ਦਾਦਾ ਜੀ ਨਾਲ ਕੀਤੇ ਵਾਇਦੇ ਨੂੰ ਨਿਭਾਉਣ ਦੀ ਸੀ ਜੋ ਮੈਨੂੰ ਅੱਗੇ ਵੱਧਣ ਲਈ ਪ੍ਰੇਰਦੀ ਰਹਿੰਦੀ।

ਮੇਰੇ ਦਾਦਾ ਚੌਧਰੀ ਆਤਮਾ ਸਿੰਘ ਕੰਧਾਰੀ ਇਕ ਨੇਕ ਬੰਦਾ ਸੀ ਜਿਸ ਨੇ ਹੁਕਮ ਕੀਤਾ ਕਿ ਵੱਡਾ ਹੋ ਕੇ ਮੈਂ ਇਕ ਗੁਰਦਵਾਰਾ ਬਣਵਾਵਾਂ। ਉਹ ਗ਼ਰੀਬਾਂ ਅਤੇ ਲੋੜਵੰਦਾਂ ਦੀ ਦੇਖਭਾਲ ਕਰਦਾ ਸੀ। ਉਹ ਕਦੇ ਕਿਸੇ ਨੂੰ ਜਤਾਉਂਦਾ ਨਹੀਂ ਸੀ ਕਿ ਉਹ ਦਾਨ ਕਰ

ਰਿਹਾ ਹੈ। ਗ਼ਰੀਬਾਂ ਦੀ ਮੱਦਦ ਕਰਨਾ ਉਸ ਦੇ ਸੁਭਾਅ ਦਾ ਇਕ ਗੁਣ ਸੀ। ਸਾਡੇ ਵਿੱਚੋਂ ਬਹੁਤ ਸਾਰੇ ਦਾਨ ਦੇਣ ਤੋਂ ਬਾਅਦ ਚਾਹੁੰਦੇ ਹਨ ਕਿ ਉਨ੍ਹਾਂ ਦੇ ਇਸ ਨੇਕ ਕੰਮ ਦੀ ਵਡਿਆਈ ਹੋਵੇ। ਉਹ ਆਪਣੇ ਦਾਨ ਨੂੰ ਗੁਪਤ ਰੱਖਣਾ ਚਾਹੁੰਦਾ ਸੀ ਜਿਸ ਕਰਕੇ ਕਿਸੇ ਵਿਖਾਵੇ ਵਿੱਚ ਨਹੀਂ ਪੈਂਦਾ ਸੀ।

ਵਿਜੇਵਾੜਾ ਰਹਿਣ ਸਮੇਂ ਹਰ ਵੀਰਵਾਰ 150 ਤੋਂ 200 ਬੰਦਿਆਂ ਨੂੰ ਉਹ ਆਪਣੇ ਦਫ਼ਤਰ ਵਿੱਚ ਬੁਲਾ ਕੇ ਨਕਦ ਰਾਸ਼ੀ ਦਾਨ ਕਰਿਆ ਕਰਦਾ ਸੀ। ਇਸ ਵਾਸਤੇ ਉਹ ਕਿਸੇ ਨੂੰ ਕੋਈ ਪੁੱਛ-ਗਿੱਛ ਨਹੀਂ ਕਰਿਆ ਕਰਦਾ ਸੀ ਸਿਵਾਏ ਕੁਝ ਮਿੱਠੇ ਬੋਲ ਬੋਲਣ ਦੇ। ਬਾਅਦ ਵਿੱਚ ਜਦੋਂ ਵਿਜੇਵਾੜਾ ਵਿੱਚ ਗੁਰਦਵਾਰਾ ਬਣਾਇਆ ਗਿਆ ਤਾਂ ਹਰ ਐਤਵਾਰ ਨੂੰ ਦਾਦਾ ਜੀ ਇਨ੍ਹਾਂ ਬੰਦਿਆਂ ਨੂੰ ਲੰਗਰ ਵਿੱਚ ਭੋਜਨ ਖਾਣ ਲਈ ਸੱਦਿਆ ਕਰਦਾ ਸੀ। ਐਤਵਾਰ ਛੁੱਟੀ ਦਾ ਦਿਨ ਹੋਣ ਕਰਕੇ ਹੋਰ ਲੋਕ ਵੀ ਕੀਰਤਨ ਸੁਣਨ ਆਉਂਦੇ ਸਨ ਅਤੇ ਲੰਗਰ ਵਿੱਚ ਸ਼ਾਮਲ ਹੁੰਦੇ। ਹਰ ਵੀਰਵਾਰ ਨੂੰ ਕਾਰ-ਸੇਵਾ ਲਈ ਗੁਰਦਵਾਰੇ ਪਹੁੰਚ ਕੇ ਗ਼ਰੀਬਾਂ ਵਿੱਚ ਭੋਜਨ ਵੰਡਦੇ। ਉਹ ਗੁਰੂ ਨਾਨਕ ਸਾਹਿਬ ਦੇ ਪਾਏ ਪੂਰਨਿਆਂ ਉਪਰ ਚੱਲਦੇ ਰਹੇ ਅਤੇ 'ਵੰਡ ਛਕਣ' ਦੀ ਪ੍ਰਥਾ ਦਾ ਪਾਲਣ ਕਰਦੇ ਰਹੇ।

ਅਸੀਂ ਅਕਸਰ ਪੜ੍ਹਦੇ ਜਾਂ ਸੁਣਦੇ ਰਹੇ ਹਾਂ ਕਿ ਦਾਦਾ-ਦਾਦੀ ਆਪਣੇ ਪੋਤੇ-ਪੋਤੀਆਂ ਨੂੰ ਲੋਕ ਧਾਰਾ (Folklore) ਦੀਆਂ ਕਹਾਣੀਆਂ ਸੁਣਾਉਂਦੇ ਹਨ। ਪ੍ਰੰਤੂ ਦਾਦਾ ਜੀ ਨੇ ਮੈਨੂੰ ਸਿੱਖਿਆ ਦੇ ਰੱਖੀ ਸੀ ਕਿ ਜਦੋਂ ਕਿਸੇ ਦਾ ਭਲਾ ਕਰੋ ਜਾਂ ਕੋਈ ਹੋਰ ਨੇਕ ਕੰਮ ਤਾਂ ਇਸ ਦਾ ਢੰਢੋਰਾ ਨਾ ਪਿੱਟੋ। ਜੇਕਰ ਤੁਸੀਂ ਅਜੇਹਾ ਕਰਦੇ ਹੋ ਤਾਂ ਇਹ ਸੇਵਾ ਨਹੀਂ ਰਹਿ ਜਾਂਦੀ ਬਲਕਿ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੋਵੇਗਾ। ਉਹ ਬੜੇ ਭਾਵ-ਪੂਰਤ ਤਰੀਕੇ ਨਾਲ ਸਮਝਾਉਂਦੇ ਸਨ: 'ਜੋ ਕੰਮ ਤੁਹਾਡਾ ਖੱਬਾ ਹੱਥ ਕਰ ਰਿਹਾ ਹੈ ਉਸ ਦੀ ਭਿਣਕ ਸੱਜੇ ਨੂੰ ਨਹੀਂ ਪੈਣੀ ਚਾਹੀਦੀ।' ਇਹ ਮੈਂ ਤਾਂ ਦੱਸ ਰਿਹਾ ਹਾਂ ਕਿ ਸਾਡੀਆਂ ਕਦਰਾਂ-ਕੀਮਤਾਂ ਸਾਨੂੰ ਆਪਣੇ ਪੁਰਖਿਆਂ ਤੋਂ ਪ੍ਰਾਪਤ ਹੁੰਦੀਆਂ ਹਨ। ਮੈਂ ਆਪਣੇ ਸੁਭਾਅ ਦੇ ਚੰਗੇ ਗੁਣਾਂ ਲਈ ਦਾਦਾ ਜੀ ਦਾ ਰਿਣੀ ਹਾਂ।

ਦਾਦਾ ਜੀ ਸਾਲ ਦੇ ਛੇ ਮਹੀਨੇ ਆਪਣੇ ਬਿਜ਼ਨੈਸ ਦੇ ਕੰਮਾਂ ਲਈ ਅਰਪਣ ਕਰਦੇ ਅਤੇ ਬਾਕੀ ਦੇ ਛੇ ਮਹੀਨੇ ਗੁਰਦਵਾਰਿਆਂ ਦੀ ਧਾਰਮਿਕ ਯਾਤਰਾ ਲਈ ਰਾਖਵੇਂ ਰੱਖਦੇ, ਜਿੱਥੇ ਉਹ ਪੁੰਨ ਦਾਨ ਅਤੇ ਲੋਕ ਸੇਵਾ ਵਿੱਚ ਸਮਾਂ ਗੁਜ਼ਾਰਦੇ । ਨੰਦੇੜ ਦਾ ਗੁਰਦਵਾਰਾ ਉਹਨਾਂ ਦਾ ਮਨਭਾਉਂਦਾ ਸਥਾਨ ਸੀ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਸਦੀਵੀ ਗੁਰੂ ਥਾਪ ਗਏ ਸਨ।

ਸਕੂਲ ਦੀਆਂ ਛੁੱਟੀਆਂ ਦੌਰਾਨ ਮੈਂ ਹਰ ਸਾਲ ਦਾਦਾ ਜੀ ਦੀ ਧਾਰਮਿਕ ਯਾਤਰਾ ਵਿੱਚ ਸ਼ਾਮਲ ਹੁੰਦਾ ਅਤੇ ਲੋਕਾਂ ਦੀ ਸੇਵਾ ਕਰਨਾ ਸਿੱਖਿਆ। ਮੈਂ ਇਸ ਯਾਤਰਾ ਦਾ ਆਨੰਦ ਮਾਣਦਾ ਸਾਂ ਅਤੇ ਇਕ ਖ਼ਾਸ ਕਿਸਮ ਦੀ ਤਸੱਲੀ ਮਿਲ ਜਾਂਦੀ ਸੀ। ਇਸ

ਧਾਰਮਿਕ ਪ੍ਰਕਿਰਿਆ ਦੌਰਾਨ ਮੈਂ ਦਾਦਾ ਜੀ ਦੀਆਂ ਅੱਖਾਂ ਵਿੱਚ ਅਮਨ ਸ਼ਾਂਤੀ ਅਤੇ ਕਿਸੇ ਰੂਹਾਨੀ ਝਲਕ ਦੇ ਦੀਦਾਰ ਕਰਿਆ ਕਰਦਾ ਸਾਂ। ਜਿਸ ਤੋਂ ਸਪਸ਼ਟ ਹੋ ਜਾਂਦਾ ਸੀ ਕਿ ਦੁਨਿਆਵੀ ਸੁੱਖਾਂ ਤੋਂ ਪਾਰ ਇਕ ਹੋਰ ਮੰਜ਼ਿਲ ਵੀ ਹੈ ਜਿੱਥੇ ਅੰਦਰੂਨੀ ਸਹਿਜ ਅਵਸਥਾ ਕਿਸੇ ਮਾਇਆ ਦੀ ਮੁਥਾਜ ਨਹੀਂ ਹੈ। ਮੈਂ ਯਕੀਨ ਰੱਖਦਾ ਹਾਂ ਕਿ ਅਸੀਂ ਲੋਕ ਜੋ ਰੱਬੀ ਨਿਆਮਤਾਂ ਦਾ ਅਨੰਦ ਮਾਣ ਰਹੇ ਹਾਂ ਆਪਣੇ ਘੱਟ ਖ਼ੁਸ਼-ਕਿਸਮਤ ਸਾਥੀਆਂ ਲਈ ਸਮਾਂ ਅਤੇ ਮਾਇਆ ਦਾ ਯੋਗਦਾਨ ਪਾਈਏ।

ਮੇਰੇ ਦਾਦੀ ਜੀ ਮੇਰੇ ਦਾਦੇ ਦੇ ਹਰ ਕੰਮ ਦੀ ਪ੍ਰੋੜਤਾ ਕਰਦੇ ਸਨ ਅਤੇ ਵਾਹ ਲੱਗਦੀ ਆਪਣਾ ਯੋਗਦਾਨ ਵੀ ਪਾਉਂਦੇ ਰਹਿੰਦੇ ਸਨ। ਉਹ ਰਸੋਈ ਘਰ ਦੇ ਕੰਮਾਂ ਵਿੱਚ ਰੁੱਝੇ ਰਹਿੰਦੇ ਅਤੇ ਕਮਾਲ ਦੀ ਕੁੱਕਿੰਗ ਕਰਦੇ ਸਨ। ਜਦੋਂ ਮੈਨੂੰ ਆਪਣੇ ਪਿਤਾ ਜੀ ਤੋਂ ਕੋਈ ਮੰਗ ਪੂਰੀ ਕਰਵਾਉਣੀ ਹੁੰਦੀ ਤਾਂ ਮੈਂ ਦਾਦੀ ਦਾ ਮੋਢਾ ਜਾ ਫੜਦਾ। ਇਸ ਤਰੀਕੇ ਮੈਂ ਆਪਣੀਆਂ ਮੰਗਾਂ ਪੂਰੀਆਂ ਕਰਵਾ ਲੈਂਦਾ ਭਾਵੇਂ ਕਿ ਮੈਂ ਬੇਸ਼ਰਮੀ ਦੀ ਹੱਦ ਤੱਕ ਚਲਾ ਜਾਂਦਾ ਸੀ। ਉਹ ਰਹਿਮ ਦਿਲ ਔਰਤ ਸੀ ਅਤੇ ਹਮੇਸ਼ਾਂ ਕੰਮ-ਕਾਰ ਵਿੱਚ ਰੁੱਝੀ ਰਹਿੰਦੀ। ਮੈਂ ਉਸ ਨੂੰ ਕਦੇ ਵੀ ਆਰਾਮ ਕਰਦੇ ਨਹੀਂ ਵੇਖਿਆ ਸੀ । ਉਹ ਸਾਡੇ ਸਭ ਲਈ ਮਸਾਲੇ ਵਾਲੀ ਚਾਹ ਤਿਆਰ ਕਰਦੀ ਜੋ ਹਰ ਇਕ ਦੀ ਤਸੱਲੀ ਕਰਵਾ ਦਿੰਦੀ। ਉਹ ਸਾਡੇ ਪ੍ਰੀਵਾਰ ਦਾ ਕੇਂਦਰ-ਬਿੰਦੂ ਬਣ ਕੇ ਵਿਚਰ ਰਹੀ ਸੀ।

20 ਮਈ 1969 ਦਾ ਦਿਨ ਮੈਂ ਕਦੇ ਵੀ ਨਹੀਂ ਭੁੱਲ ਸਕਦਾ । ਅਸੀਂ ਆਪਣੇ ਘਰ ਵਿਜੇਵਾੜਾ ਵਿੱਚ ਆਮ ਦਿਨਾਂ ਵਾਂਗ ਵਿਚਰ ਰਹੇ ਸਾਂ ਅਤੇ ਦਾਦਾ ਜੀ ਗੁਰਦਵਾਰੇ ਹਾਜ਼ਰੀ ਭਰ ਰਹੇ ਸਨ। ਉਹ ਅਰਦਾਸ ਤੋਂ ਬਾਅਦ ਵਾਕ ਲੈਣ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੇ ਸਨ ਅਤੇ ਪਾਲਕੀ ਦੇ ਪਿੱਛੇ ਹੀ ਲੰਗਰ ਛਕਣ ਲਈ ਤਿਆਰੀ ਕਰ ਰਹੇ ਸਨ। ਅਜੇ ਵਾਹਿਗੁਰੂ ਦਾ ਨਾਮ ਲੈ ਕੇ ਪਹਿਲੀ ਬੁਰਕੀ ਮੂੰਹ ਵਿੱਚ ਪਾਈ ਹੀ ਸੀ ਕਿ ਸਰੀਰ ਵਿੱਚੋਂ ਭੌਰ ਉਡ ਗਿਆ। ਜਿਵੇਂ ਉਹ ਚਾਹੁੰਦੇ ਸਨ ਉਸ ਤਰ੍ਹਾਂ ਦੀ ਮੌਤ ਗੁਰੂ ਚਰਨਾਂ ਵਿੱਚ ਬੈਠਿਆਂ ਹੀ ਆਈ। ਜਿਸ ਗੁਰਦਵਾਰੇ ਨੂੰ 1956 ਵਿੱਚ ਬਣਵਾਇਆ ਸੀ, ਹੁਣ ਉਸ ਦੀ ਇਕ ਕੰਧ 'ਤੇ ਦਾਦਾ ਜੀ ਦੀ ਫੋਟੋ ਲੱਗੀ ਹੋਈ ਹੈ ਜੋ ਪ੍ਰਕਾਸ਼ ਅਸਥਾਨ ਦੇ ਬਿਲਕੁਲ ਪਿੱਛੇ ਹੈ।

ਹੁਣ ਮੇਰੇ ਦਾਦੀ ਜੀ ਦੇ ਅਕਾਲ ਚਲਾਣੇ ਦੀ ਵਾਰਤਾ ਵੀ ਸੁਣੋ। 18 ਮਈ 1976 ਦੇ ਦਿਨ ਉਸ ਨੇ ਮੇਰੇ ਪਿਤਾ ਜੀ ਨੂੰ ਕਿਹਾ ਕਿ ਚਾਚਾ ਜੀ (ਮੇਰੇ ਦਾਦਾ ਜੀ ਨੂੰ ਲੋਕ ਚਾਚਾ ਕਹਿੰਦੇ ਸਨ) ਮੈਨੂੰ ਆਪਣੇ ਕੋਲ ਬੁਲਾ ਰਹੇ ਹਨ। ਹੁਣ ਉਸ ਦਾ ਧਰਤੀ ਉਪਰ ਦਾਣਾ-ਪਾਣੀ ਖ਼ਤਮ ਹੋ ਚੁੱਕਾ ਹੈ ਅਤੇ ਅੱਗੇ ਜਾਣ ਦੀ ਤਿਆਰੀ ਹੈ। ਦਾਦੀ ਜੀ ਸਿਹਤ ਪੱਖੋਂ ਤੰਦਰੁਸਤ ਲੱਗਦੇ ਸਨ ਜਦੋਂ ਉਹ ਪਿਤਾ ਜੀ ਨੂੰ ਇਹ ਵਾਕ ਕਹਿ ਰਹੇ ਸਨ। ਵੈਸੇ ਵੀ ਉਹ ਕਦੇ ਬੀਮਾਰ ਹੋ ਕੇ ਬਿਸਤਰੇ 'ਤੇ ਨਹੀਂ ਪਏ ਸਨ। ਸਾਰਾ ਦਿਨ ਉਹ

ਏਹੀ ਰਟ ਲਗਾ ਰਹੇ ਸਨ ਕਿ ਹੁਣ ਜਾਣ ਦਾ ਸਮਾਂ ਆ ਗਿਆ ਹੈ। ਇਸ ਤਰ੍ਹਾਂ ਕਹਿਣ ਪਿੱਛੇ ਕੋਈ ਪਖੰਡ ਨਹੀਂ ਜਾਪਦਾ ਸੀ ਸਗੋਂ ਹਕੀਕਤ ਲੱਭ ਰਹੀ ਸੀ। ਆਪਣਾ ਭਰਮ ਦੂਰ ਕਰਨ ਲਈ ਅਸੀਂ ਦਾਦੀ ਜੀ ਨੂੰ ਵਿਜੇਵਾੜਾ ਦੇ ਅਮਰੀਕਨ ਹਸਪਤਾਲ ਵਿੱਚ ਚੈੱਕ-ਅੱਪ ਲਈ ਦਾਖ਼ਲ ਕਰਵਾ ਦਿੱਤਾ। 20 ਮਈ 1976 ਨੂੰ ਦਾਦਾ ਜੀ ਦੇ ਅਕਾਲ ਚਲਾਣੇ ਤੋਂ ਪੂਰੇ ਸੱਤ ਸਾਲ ਬਾਅਦ, ਦਾਦੀ ਜੀ ਸਦਾ ਲਈ ਵਿਛੋੜਾ ਦੇ ਗਏ। ਉਹਨਾਂ ਦੀ ਮੌਤ ਵੀ ਦਾਦਾ ਜੀ ਦੀ ਮੌਤ ਵਾਂਗ ਸਹਿਜ ਸੁਭਾ ਹੋਈ ਅਤੇ ਉਹ ਆਪਣੇ ਜੀਵਨ ਭਰ ਦੇ ਸਾਥੀ ਕੋਲ ਪਹੁੰਚ ਗਏ। ਦੋਨਾਂ ਨੇ ਆਪਣੇ ਜੀਵਨ ਵਿੱਚ ਪ੍ਰੀਵਾਰ, ਸਮਾਜ ਅਤੇ ਹੋਰ ਹਰ ਵਰਗ ਦੇ ਲੋਕਾਂ ਨੂੰ ਪਿਆਰ ਵੰਡਿਆ।

ਵਿਜੇਵਾੜਾ ਵਿੱਚ ਰਹਿੰਦਿਆਂ ਮੇਰੀ ਇਕ ਹੋਰ ਡਿਊਟੀ ਹੁੰਦੀ ਸੀ ਕਿ ਗੁਰਦਵਾਰੇ ਵਿੱਚ ਆਉਣ ਵਾਲੇ ਰਾਗੀ ਜਥਿਆਂ ਦੀ ਸੇਵਾ-ਸੰਭਾਲ ਦਾ ਕੰਮ ਵੀ ਕਰਾਂ। ਅਸੀਂ ਉਹਨਾਂ ਨੂੰ ਰੱਬ ਦੇ ਭੇਜੇ ਨੇਕ ਬੰਦੇ ਸਮਝ ਕੇ ਸੇਵਾ ਵਿੱਚ ਹਾਜ਼ਰ ਹੁੰਦੇ ਅਤੇ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਣਦੇ। ਮੈਨੂੰ ਯਾਦ ਹੈ ਜਦੋਂ ਨਿਰੰਕਾਰੀ ਮੁਖੀ ਸਾਡੇ ਘਰ ਵਿਜੇਵਾੜਾ ਆਇਆ ਤਾਂ ਮੈਨੂੰ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਕ ਤੁਕ 'ਮਨਿ ਜੀਤੈ ਜਗੁ ਜੀਤੁ' ਉਪਰ ਚੱਲਣ ਦੀ ਪ੍ਰੇਰਨਾ ਦੇ ਗਏ। ਭਾਵੇਂ ਵੇਖਣ ਵਿੱਚ ਇਹ ਇਕ ਸਾਧਾਰਨ ਵਾਕ ਜਾਪਦਾ ਹੈ ਪਰੰਤੂ ਇਸ ਦਾ ਮਹੱਤਵ ਬਹੁਤ ਜ਼ਿਆਦਾ ਹੈ। ਜੇਕਰ ਮਨ ਨੂੰ ਜਿੱਤ ਲਿਆ ਜਾਵੇ ਤਾਂ ਦੁਨੀਆਂ ਜਿੱਤੀ ਜਾ ਸਕਦੀ ਹੈ।

ਜਦੋਂ ਗੁਰਦਵਾਰੇ ਦੀ ਇਮਾਰਤ ਜ਼ਮੀਨੀ ਪੱਧਰ 'ਤੇ ਪਹੁੰਚ ਗਈ ਤਾਂ ਸਿੱਖ ਸੰਗਤਾਂ ਵਿੱਚ ਉਮਾਹ ਜਾਗਿਆ ਅਤੇ ਆਪਣੀ ਵਿੱਤੀ ਪਹੁੰਚ ਮੁਤਾਬਕ ਕੁਝ ਮਾਇਆ ਭੇਟ ਕੀਤੀ। ਜਦੋਂ ਠੇਕੇਦਾਰਾਂ ਨੇ ਇਮਾਰਤ ਦਾ ਕੰਮ ਰੋਕ ਦਿੱਤਾ ਤਾਂ ਔਖਾ ਸਮਾਂ ਆ ਗਿਆ। ਉਹ ਬਿੱਲਾਂ ਦਾ ਭੁਗਤਾਨ ਕਰੇ ਬਗ਼ੈਰ ਕੰਮ ਚਾਲੂ ਰੱਖਣ ਲਈ ਤਿਆਰ ਨਹੀਂ ਸਨ। ਇਸ ਔਖੇ ਸਮੇਂ ਮੈਂ ਆਪਣੇ ਕੁਝ ਮਿੱਤਰਾਂ ਨੂੰ ਮੱਦਦ ਲਈ ਪੁਕਾਰਿਆ। ਮੈਂ ਉਨ੍ਹਾਂ ਤੋਂ ਪੰਜ ਸਾਲ ਲਈ ਰਕਮ ਉਧਾਰ ਮੰਗੀ ਅਤੇ ਭਰੋਸਾ ਦਿਵਾਇਆ ਕਿ ਇਸ ਨੂੰ ਮੋੜਨਾ ਮੇਰੀ ਜ਼ਿੰਮੇਵਾਰੀ ਹੋਵੇਗੀ। ਰੱਬ ਦਾ ਸ਼ੁਕਰ ਉਹ ਮੰਨ ਗਏ ਅਤੇ ਇਮਾਰਤ ਦਾ ਕੰਮ ਮੁੜ ਚਾਲੂ ਹੋ ਗਿਆ। ਉਧਾਰ ਲਈ ਰਕਮ ਮੈਂ ਤਿੰਨ ਸਾਲਾਂ ਵਿੱਚ ਹੀ ਵਾਪਸ ਕਰ ਦਿੱਤੀ। ਵਿਆਜ ਦੀ ਰਕਮ ਉਹਨਾਂ ਗੁਰਦਵਾਰੇ ਲਈ ਦਾਨ ਕਰ ਦਿੱਤੀ ਅਤੇ ਮੂਲ ਰਕਮ ਲੈ ਲਈ। ਇਨ੍ਹਾਂ ਸੱਜਣਾਂ ਦਾ ਅਹਿਸਾਨ ਮੈਂ ਕਦੇ ਨਹੀਂ ਭੁੱਲ ਸਕਦਾ। ਭਾਵੇਂ ਉਹ ਨਹੀਂ ਚਾਹੁੰਦੇ ਸਨ ਪ੍ਰੰਤੂ ਮੈਂ ਇਨ੍ਹਾਂ ਦਾ ਸ਼ੁਕਰੀਆ ਅਦਾ ਕਰਨ ਲਈ ਅਖ਼ੀਰਲੇ ਅਧਿਆਏ ਵਿੱਚ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਹੈ।

ਸੁੱਖਾਂ ਸੁੱਖਦਿਆਂ ਨੂੰ ਉਹ ਮਹਾਨ ਦਿਨ (17 ਜਨਵਰੀ 2012) ਆ ਗਿਆ ਜਿਸ ਦਿਨ ਮੇਰਾ ਸੁਪਨਾ ਸਾਕਾਰ ਹੋਣ ਜਾ ਰਿਹਾ ਸੀ। ਮੈਂ ਅੰਮ੍ਰਿਤ ਵੇਲੇ ਉਠਿਆ ਅਤੇ

ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਥੇਦਾਰ ਅਤੇ ਮੁੱਖ ਸੇਵਾਦਾਰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਲਈ ਪਧਾਰੇ ਸਨ। ਸਵੇਰ ਦੇ ਸਾਢੇ ਚਾਰ ਵਜੇ 4000 ਸਿੱਖ ਸੰਗਤ ਹਾਜ਼ਰ ਸੀ। ਦੁਬਈ ਦਾ 'ਗੁਰ ਨਾਨਕ ਦਰਬਾਰ' ਗੁਰਦਵਾਰਾ ਉਦਘਾਟਨ ਲਈ ਤਿਆਰ ਸੀ। ਇਸ ਘੜੀ ਸਭ ਦੇ ਅਰਮਾਨ ਪੂਰੇ ਹੋਣ ਜਾ ਰਹੇ ਸਨ। ਕੋਈ ਰਹਿਮਤ ਦੀ ਬਰਖਾ ਹੋ ਰਹੀ ਸੀ ਅਤੇ ਸਭ ਸੰਗਤ ਅਨੰਦਮਈ ਅਵਸਥਾ ਦਾ ਰਸ ਮਾਣ ਰਹੀ ਸੀ ਜੋ ਸ਼ਬਦਾਂ ਰਾਹੀਂ ਬਿਆਨ ਨਹੀਂ ਹੋ ਸਕਦਾ।

ਦੁਬਈ ਦਾ ਗੁਰਦਵਾਰਾ ਗੁਰੂ ਨਾਨਕ ਸਾਹਿਬ ਦੇ ਸੰਦੇਸ਼ ਨੂੰ ਵਿਸ਼ਵ ਭਰ ਵਿੱਚ ਪਹੁੰਚਾਣ ਲਈ ਵਚਨਬੱਧ ਹੈ। ਇਸ ਵਿੱਚ ਦੁਨੀਆਂ ਦਾ ਹਰ ਮਨੁੱਖ ਬਗ਼ੈਰ ਕਿਸੇ ਵਿਤਕਰੇ ਦੇ ਦਾਖ਼ਲ ਹੋ ਸਕਦਾ ਹੈ। ਸਾਡੇ ਗੁਰਦਵਾਰੇ ਵਿੱਚ ਪ੍ਰਾਰਥਨਾ ਲਈ ਅਲਹਿਦਾ ਕਮਰਾ ਵੀ ਹੈ ਜਿੱਥੇ ਹਰ ਕੋਈ ਆਪਣੇ ਅਕੀਦੇ ਅਨੁਸਾਰ ਆਪਣੇ ਇਸ਼ਟ ਦੀ ਉਪਾਸ਼ਨਾ ਜਾਂ ਬੰਦਗੀ ਕਰ ਸਕਦਾ ਹੈ। ਜੋ ਪ੍ਰੋਫ਼ੈਸਰ ਪੂਰਨ ਸਿੰਘ ਨੇ ਸਿੱਖ ਧਰਮ ਅਸਥਾਨਾਂ ਲਈ ਸੁਪਨਾ ਉਲੀਕਿਆ ਸੀ, ਉਹ ਗੁਰੂ ਨਾਨਕ ਦਰਬਾਰ ਵਿੱਚ ਪੂਰਾ ਹੋ ਰਿਹਾ ਹੈ।

ਸਿੱਖੀ ਦਾ ਮੂਲ ਮੁੱਦਾ ਸਮਾਜ ਵਿੱਚ ਬਰਾਬਰਤਾ ਲਿਆਉਣੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ 'ਏਕੁ ਪਿਤਾ ਏਕਸ ਕੇ ਹਮ ਬਾਰਿਕ'। ਭਾਵੇਂ ਸਾਰੇ ਬੰਦੇ ਆਪਸ ਵਿੱਚ ਨਹੀਂ ਮਿਲਦੇ ਪ੍ਰੰਤੂ ਸਭ ਇਕ ਪ੍ਰਮਾਤਮਾ ਦੇ ਪੁੱਤਰ ਕਹਿਲਾਉਂਦੇ ਹਨ। ਦੁਨੀਆਂ ਵਿੱਚ ਅਮਨ ਸ਼ਾਂਤੀ ਲਈ ਸਾਨੂੰ ਸਭ ਦੇ ਵਿਚਾਰਾਂ ਦੀ ਕਦਰ ਕਰਨੀ ਬਣਦੀ ਹੈ। ਦੂਜਿਆਂ ਦੇ ਚੰਗੇ ਗੁਣਾਂ ਨੂੰ ਅਪਨਾਉਣਾ ਚਾਹੀਦਾ ਹੈ। ਸਾਡਾ ਅਕੀਦਾ ਹੈ ਕਿ ਠੀਕ ਮਾਰਗ 'ਤੇ ਚੱਲਣ ਨਾਲ ਅਤੇ ਠੀਕ ਪ੍ਰਚਾਰ ਨਾਲ ਸਭ ਬੁਰਾਈਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਸਿੱਖੀ ਸੱਚ ਦਾ ਮਾਰਗ ਹੈ ਅਤੇ ਦੁਬਈ ਦੇ ਅੰਦਰ ਇਹ ਗੁਰਦਵਾਰਾ ਆਪਣੀ ਮੋਹਰ-ਛਾਪ ਛੱਡਣ ਲਈ ਤਿਆਰ ਹੋ ਚੁੱਕਾ ਹੈ।

— 0 —

11

# ਗੋਲਫ਼ (Golf) ਦੀ ਖੇਡ ਤੋਂ ਮੈਂ ਆਪਣੀ ਬਾਦਸ਼ਾਹਤ ਵਾਰਾਂ

ਦੁਬਈ ਕੰਟਰੀ ਕਲੱਬ ਵਿੱਚ ਮੇਰਾ ਪਹਿਲਾ ਗੋਲਫ਼ ਸਿਖਾਉਣ ਵਾਲਾ ਉਸਤਾਦ ਇਕ ਪਾਕਿਸਤਾਨੀ ਮਿਸਟਰ ਜ਼ਬਾਰ ਸੀ। ਉਹ ਮੈਨੂੰ ਆਪਦੀ ਦੇਸੀ ਪੰਜਾਬੀ-ਅੰਗਰੇਜ਼ੀ ਵਿੱਚ ਕਿਹਾ ਕਰਦਾ 'ਪਰੈਕਸਿਟ' ਕਰਿਆ ਕਰ। ਇਕ ਦਿਨ ਉਹ ਪੁੱਛਣ ਲੱਗਾ : 'ਕੀ ਤੂੰ ਕਦੇ ਆਪਣੀ ਪਤਨੀ ਨਾਲ ਗ਼ੁੱਸੇ ਹੋਇਆ ਹੈਂ?' ਮੈਂ ਕਿਹਾ ਕਈ ਵਾਰ ਪਰੰਤੂ ਇਸ ਦਾ ਕੋਈ ਹੱਲ ਨਹੀਂ ਲੱਭ ਸਕਿਆ। ਉਹ ਕਹਿਣ ਲੱਗਾ ਕਿ ਗੋਲਫ਼ ਬਾਲ ਨੂੰ ਹਿੱਟ ਕਰਨ ਲੱਗਿਆਂ ਤੂੰ ਸੋਚਣਾ ਹੈ ਕਿ ਇਹ ਤੇਰੀ ਪਤਨੀ ਹੈ ਅਤੇ ਇਸ ਨੂੰ ਮਾਰਣਾ ਹੈ। ਫਿਰ ਵੇਖੀਂ ਕਿਵੇਂ ਇਹ ਇਕ ਮੀਲ 'ਤੇ ਜਾ ਕੇ ਡਿਗੇਗੀ। ਭਾਵੇਂ ਇਹ ਗੋਲਫ਼ ਸਿਖਾਣ ਦਾ ਬੇਢੱਬਾ ਤਰੀਕਾ ਹੈ ਪਰੰਤੂ ਇਸ ਦਾ ਮਕਸਦ ਬਾਲ ਉਪਰ ਧਿਆਨ ਕੇਂਦਰਿਤ ਕਰਨ ਦਾ ਹੈ। ਮੈਂ ਨਿਯਮਿਤ ਤਰੀਕੇ ਨਾਲ ਗੋਲਫ਼ ਖੇਡਦਾ ਹਾਂ। ਮੇਰਾ ਵਿਚਾਰ ਹੈ ਕਿ ਇਸ ਖੇਡ ਦੇ ਕਈ ਫ਼ਾਇਦੇ ਹਨ ਜਿਵੇਂ ਕਿ ਸਰੀਰਕ ਕਸਰਤ ਤੋਂ ਇਲਾਵਾ ਦਿਲ ਪ੍ਰਚਾਵਾ ਅਤੇ ਜੀਵਨ ਵਿੱਚ ਠੀਕ ਸੇਧ ਪ੍ਰਾਪਤ ਕਰਨਾ। ਜੇਕਰ ਇਕ 'ਹੋਲ' ਮਾੜੀ ਪੈ ਗਈ ਤਾਂ ਅਗਲੀ ਲਈ ਠੀਕ ਵਤੀਰਾ ਰੱਖ ਕੇ ਗੇਮ ਦਾ ਮਜ਼ਾ ਲਵੋ।

ਇਸ ਤੋਂ ਬਾਅਦ ਮੈਨੂੰ ਐਮੀਰੇਟਸ ਗੋਲਫ਼ ਕਲੱਬ ਵਿੱਚ ਜੇਮਜ਼ ਵਿਲੀਅਮਜ਼ ਮਿਲਿਆ। ਉਹ ਕਹਿਣ ਲੱਗਾ : 'ਤੂੰ ਕਦੇ ਵੀ ਚੰਗਾ ਗੋਲਫ਼ਰ ਨਹੀਂ ਬਣ ਸਕੇਂਗਾ ਕਿਉਂਕਿ ਕਾਲਜ ਦੇ ਦਿਨਾਂ ਵਿੱਚ ਇਕ ਚੰਗਾ ਹਾਕੀ ਖਿਡਾਰੀ ਰਿਹਾ ਹੈਂ।' ਉਸ ਦਿਨ ਤੋਂ ਬਾਅਦ ਮੈਂ ਮਨ ਵਿੱਚ ਠਾਣ ਲਿਆ ਕਿ ਉਸ ਦੀ ਭਵਿੱਖਬਾਣੀ ਗ਼ਲਤ ਸਾਬਤ ਕਰਨੀ ਹੈ। ਕੀ ਮੈਂ ਟਾਈਗਰ ਵੁੱਡਜ਼ (Tiger Woods) ਬਣਨਾ ਚਾਹਾਂਗਾ? ਕਿਉਂ ਨਹੀਂ ਜੇਕਰ ਇਸ ਉਤਮ ਅਤੇ ਹੈਰਾਨਕੁੰਨ ਖੇਡ ਲਈ ਕੋਈ ਤੁਹਾਡੀ ਰਕਮ ਤਾਰ ਕੇ ਖਿਡਾ ਰਿਹਾ ਹੈ। ਮੇਰੇ ਲਈ ਇਹ ਖੇਡ ਜੀਵਨ ਦੀਆਂ ਚੰਗਿਆਈਆਂ ਅਤੇ ਬੁਰਿਆਈਆਂ ਜਾਨਣ ਲਈ ਵੀ ਜ਼ਰੂਰੀ ਹੈ। ਗੋਲਫ਼ ਕੋਰਸ ਦੇ ਇਕ ਰਾਊਂਡ ਵਿੱਚ ਹੀ ਤੁਹਾਨੂੰ ਦੂਸਰੇ ਖਿਡਾਰੀ ਦੇ ਗੁਣ ਅਤੇ ਔਗੁਣ ਜਾਨਣ ਦਾ ਮੌਕਾ ਮਿਲ ਜਾਂਦਾ ਹੈ।

ਮੈਂ ਇਸ ਖੇਡ ਨਾਲ ਤੁਰੰਤ ਮੋਹ ਕਰ ਬੈਠਾ। ਕਿਸਮਤ ਨਾਲ ਬੱਬਲਜ਼ ਦਾ ਵੀ ਇਹੋ ਹਾਲ ਸੀ। ਜਦੋਂ ਉਸ ਨੂੰ ਸਿਹਤ ਪੱਖੋਂ ਖੇਡਣ ਵਿੱਚ ਅੜਚਣ ਆਣ ਪਈ ਤਾਂ ਉਸ ਨੇ ਗੋਲਫ਼ ਖੇਡਣਾ ਬੰਦ ਕਰ ਦਿੱਤਾ। ਮੈਨੂੰ ਆਪਣੇ ਲਈ ਕੋਈ ਹੋਰ ਸਾਥੀ ਲੱਭਣਾ

ਪਿਆ। ਉਹ ਗੋਲਫ਼ ਤੋਂ ਰੰਡੀ ਹੋ ਕੇ ਆਪਣੇ ਦਿਲ ਪ੍ਰਚਾਵੇ ਲਈ ਹੋਰ ਕੰਮਾਂ ਵਿੱਚ ਮਸਰੂਫ਼ ਹੋ ਗਈ ਜਿਵੇਂ ਕਿ ਸੀਨੀਅਰ ਸਿਟੀਜ਼ਨਜ ਦੀ ਦੇਖ-ਰੇਖ ਅਤੇ ਗੁਰਦਵਾਰੇ ਦਾ ਪ੍ਰਬੰਧ। ਗੋਲਫ਼ ਦੀ ਖੇਡ ਦੇ ਪਿਛੋਕੜ ਬਾਰੇ ਇਕ ਦਿਲਚਸਪ ਕਹਾਣੀ ਹੈ। ਦੱਸਿਆ ਜਾਂਦਾ ਹੈ ਕਿ ਸਕਾਟਲੈਂਡ ਦਾ ਇਕ ਆਜੜੀ ਭੇਡਾਂ ਚਿਰਾਂਦਾ ਹੋਇਆ ਆਪਣੇ ਦਿਲ ਪ੍ਰਚਾਵੇ ਲਈ ਲੱਕੜੀ ਦੀ ਖੂੰਡੀ ਨਾਲ ਇਕ ਗੀਟੀ ਨੂੰ ਠੋਕਰਾਂ ਮਾਰ ਕੇ ਇਕ 'ਹੋਲ' ਵਿੱਚ ਪਾਉਣ ਲੱਗਾ। ਜਦੋਂ ਗੀਟੀ 'ਹੋਲ' ਵਿੱਚ ਪੈ ਗਈ ਤਾਂ ਉਹ ਇਹ ਕਿਰਿਆ ਬਾਰ ਬਾਰ ਕਰ ਕੇ ਖ਼ੁਸ਼ ਹੋਣ ਲੱਗਾ। ਉਸ ਭੋਲੇ ਆਜੜੀ ਨੂੰ ਕੀ ਪਤਾ ਸੀ ਕਿ ਉਸ ਦਵਾਰਾ ਲੱਭੀ ਇਹ ਸਾਧਾਰਨ ਖੇਡ ਇਕ ਇਨਕਲਾਬ ਲੈ ਆਵੇਗੀ। ਗੋਲਫ਼ ਦੀ ਇੰਡਸਟਰੀ ਹੁਣ ਅਰਬਾਂ ਡਾਲਰਾਂ ਦੀ ਹੋ ਗਈ ਹੈ ਅਤੇ ਇਹ ਲੱਖਾਂ ਲੋਕਾਂ ਦੇ ਦਿਲ ਪ੍ਰਚਾਵੇ ਦਾ ਸਾਧਨ ਬਣ ਚੁੱਕੀ ਹੈ। ਗੋਲਫ਼ ਹੁਣ ਕੇਵਲ ਇਕ ਖੇਡ ਹੀ ਨਹੀਂ ਬਲਕਿ ਖਿਡਾਰੀਆਂ ਲਈ ਜੀਵਨ ਵਿੱਚ ਮਸਤੀ ਦਾ ਕੇਂਦਰ ਬਿੰਦੂ ਅਤੇ ਐਮੀਰੇਟਸ ਵਿੱਚ ਜੀਵਨ ਦਾ ਮਿਆਰ ਬਣ ਚੁੱਕੀ ਹੈ।

ਅੱਗੇ ਵਧਣ ਤੋਂ ਪਹਿਲਾਂ ਮੈਂ ਇਸ ਖੇਡ ਦੇ ਕੁਝ ਹੋਰ ਪਹਿਲੂਆਂ ਬਾਰੇ ਜਾਣਕਾਰੀ ਸਾਂਝੀ ਕਰਨੀ ਚਾਹੁੰਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਦੁਨੀਆਂ ਦੀ ਹੋਰ ਕੋਈ ਖੇਡ ਮਨੁੱਖੀ ਸੁਭਾਅ ਅਤੇ ਇਸ ਦੇ ਹਾਵ-ਭਾਵ ਸਮਝਣ ਵਿੱਚ ਏਨੀ ਸਹਾਈ ਨਹੀਂ ਹੁੰਦੀ ਜਿੰਨੀ ਗੋਲਫ਼। ਇਸ ਖੇਡ ਵਿੱਚ 'ਬਾਲ' ਨੂੰ ਮੀਲਾਂ ਬੱਧੀ ਹਿੱਟ ਕਰਨਾ ਪੈਂਦਾ ਹੈ ਅਤੇ ਰਸਤੇ ਵਿੱਚ ਆਈਆਂ ਅੜਿਚਣਾਂ, ਜਿਵੇਂ ਕਿ ਰੇਤ ਦੀਆਂ ਖਾਈਆਂ, ਪਾਣੀ ਦੇ ਸਰੋਤ, ਦਰੱਖ਼ਤ ਅਤੇ ਹੋਰ ਉਘੜੀਆਂ ਦੁਘੜੀਆਂ ਰੋਕਾਂ, ਨੂੰ ਪਾਰ ਕਰਨਾ ਪੈਂਦਾ ਹੈ। ਇਹੋ ਕਾਰਨ ਹੈ ਕਿ ਗੋਲਫ਼ਰ ਖਿਡਾਰੀ ਨੂੰ 'ਹੈਂਡੀਕੈਪ' ਖੇਡਣ ਲਈ ਬੜੇ ਠਰ੍ਹੰਮੇ ਤੋਂ ਕੰਮ ਲੈਣਾ ਪੈਂਦਾ ਹੈ। ਖਿਡਾਰੀ ਦਾ ਮਨੋਬਲ ਪਰਖਿਆ ਜਾਂਦਾ ਹੈ। ਅਜੇਹੇ ਮੌਕੇ ਕਈ ਖਿਡਾਰੀ ਆਪਣੇ ਦਿਲ ਦੀ ਭੜਾਸ ਕੱਢਣ ਲਈ ਅਬਾ-ਤਬਾ ਬੋਲਦੇ ਸੁਣੇ ਜਾ ਸਕਦੇ ਹਨ ਅਤੇ ਆਪਣੇ 'ਗੋਲਫ਼ ਕਲੱਬ' ਧਰਤੀ ਉਪਰ ਮਾਰ ਕੇ ਭੰਨ ਸੁੱਟਦੇ ਹਨ। ਗੋਲਫ਼ ਖੇਡਣ ਲਈ ਤਾਪਮਾਨ ਜ਼ਿਆਦਾ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਗਰਮੀ ਹੋਰ ਵੀ ਤਲਖ਼ੀ ਪੈਦਾ ਕਰ ਸਕਦੀ ਹੈ। ਗੋਲਫ਼ ਖੇਡ ਦੀ ਆਪਣੀ ਦਿਲਚਸਪ ਸ਼ਬਦਾਵਲੀ ਬਣ ਚੁੱਕੀ ਹੈ ਜਿਸ ਦਾ ਇੱਥੇ ਜ਼ਿਕਰ ਨਹੀਂ ਕੀਤਾ ਜਾ ਰਿਹਾ ਕਿਉਂਕਿ ਇਹ ਸਿਰਫ਼ ਖਿਡਾਰੀਆਂ ਦੀ ਦੁਨੀਆਂ ਦਾ ਹਿੱਸਾ ਹੈ, ਆਮ ਪਾਠਕਾਂ ਨੂੰ ਇਸ ਦੀ ਕੋਈ ਸਮਝ ਨਹੀਂ ਪੈਣ ਲੱਗੀ।

ਮੈਨੂੰ ਖੇਡਾਂ ਨਾਲ ਲਗਾਉ ਰਿਹਾ ਹੈ। ਸਕੂਲ ਅਤੇ ਕਾਲਜ ਵਿੱਚ ਮੈਂ ਹਾਕੀ ਦਾ ਚੰਗਾ ਖਿਡਾਰੀ ਰਿਹਾ ਹਾਂ ਅਤੇ ਮਦਰਾਸ ਲੋਇਲਾ ਕਾਲਜ ਵਿੱਚ ਟੈਨਿਸ ਵੀ ਖੇਡੀ। ਦੁਬਈ ਪਹੁੰਚ ਕੇ ਮੇਰਾ ਗੋਲਫ਼ ਨਾਲ ਅਤਿ ਦਾ ਮੋਹ ਪੈ ਗਿਆ। 'ਦੁਬਈ ਕੰਟਰੀ ਕਲੱਬ' ਤੋਂ ਗੋਲਫ਼ ਸਿੱਖ ਕੇ ਮੈਂ 'ਐਮੀਰੇਟਸ ਗੋਲਫ਼ ਕਲੱਬ' ਨੂੰ 1987 ਵਿੱਚ ਆਪਣੀ ਮੰਜ਼ਿਲ

ਬਣਾ ਲਿਆ ਜੋ ਮੇਰੇ ਲਈ ਖੇਡ ਵਿੱਚ ਤਰੱਕੀ ਦਾ ਸਬੂਤ ਸੀ। ਇਸ ਕਲੱਬ ਵਿੱਚ ਮੇਰੇ ਸਾਥੀ ਅਨਿਲ ਮੈਹਤਾ (ਯੂਨੀਲੀਵਰ ਕੰਪਨੀ), ਐਮ.ਐਮ. ਸਿੰਘ (ਆਈ.ਬੀ.ਐਮ.) ਅਤੇ ਪ੍ਰਮੋਦ ਅਰੋੜਾ (ਇਕ ਠੇਕੇਦਾਰ) ਸਨ। ਵੀਹ ਸਾਲਾਂ ਬਾਅਦ (2008–09) ਮੈਂ ਇਸ ਕਲੱਬ ਦਾ ਕਪਤਾਨ ਬਣ ਗਿਆ। ਮੈਂ ਇਸ ਕਲੱਬ ਦੇ ਦੋ ਟੂਰਨਾਮੈਂਟ ਕਰਵਾਉਣ ਲਈ ਹਾਮੀ ਭਰੀ ਹੈ ਅਤੇ ਸਾਰਾ ਖ਼ਰਚਾ ਮੇਰੇ ਜ਼ਿੰਮੇ ਹੈ। ਇਹ ਟੂਰਨਾਮੈਂਟ ਹਨ: 'ਹੈਨਕੁੱਕ ਗਰੀਨਸਮ' ਅਤੇ 'ਅਲ ਦੋਬੋਈ ਮਿਕਸਡ ਐਮੇਚਰ ਓਪਨ' ਜੋ ਮੇਰੀ ਕੰਪਨੀ ਦੇ ਨਾਮ 'ਤੇ ਰੱਖਿਆ ਗਿਆ ਹੈ। ਇਕ ਹੋਰ ਟੂਰਨਾਮੈਂਟ 'ਇੰਡੀਅਨ ਇਨਵੀਟੇਸ਼ਨ ਗੋਲਫ਼' ਜੋ ਇੰਡੀਅਨ ਮੈਂਬਰਾਂ ਵੱਲੋਂ ਕਰਵਾਇਆ ਜਾਂਦਾ ਹੈ, ਉਸ ਵਿੱਚ ਵੀ ਸ਼ਮੂਲੀਅਤ ਹੈ। ਇਸ ਟੂਰਨਾਮੈਂਟ ਦੀ ਪੱਚੀ ਸਾਲਾ ਬਰਸੀ ਮਨਾਈ ਗਈ ਹੈ।

ਗੋਲਫ਼ ਖੇਡਣ ਦਾ ਮੈਂ ਕੋਈ ਮੌਕਾ ਨਹੀਂ ਗਵਾਉਣਾ ਚਾਹੁੰਦਾ। ਜਦੋਂ ਕਦੇ ਸਫ਼ਰ ਵਿੱਚ ਹੋਵਾਂ ਤਾਂ ਮੇਰੇ ਸਮਾਨ ਵਿੱਚ ਗੋਲਫ਼ ਜੁੱਤੇ ਅਤੇ ਹੋਰ ਸਾਜ਼ੋ-ਸਾਮਾਨ ਪੈਕ ਹੁੰਦਾ ਹੈ। ਮੈਂ ਕੋਰੀਆ ਤੋਂ ਦੁਬਈ ਸਿੰਘਾਪੁਰ ਦੇ ਰਸਤੇ ਜਾ ਰਿਹਾ ਸਾਂ। ਜਦੋਂ ਸਵੇਰੇ ਸਿੰਘਾਪੁਰ ਦੇ ਹਵਾਈ ਅੱਡੇ 'ਤੇ ਜਹਾਜ਼ ਉਤਰਿਆ ਤਾਂ ਮੈਂ ਆਪਣੇ ਮਿੱਤਰ 'ਵੀ ਕੋਹ ਵਾਹ' ਨੂੰ ਫ਼ੋਨ ਕੀਤਾ। ਉਸ ਨੇ ਗੋਲਫ਼ ਖੇਡਣ ਲਈ ਪੇਸ਼ਕਸ਼ ਕੀਤੀ, ਜੋ ਮੈਂ ਝਟਪਟ ਮਨਜ਼ੂਰ ਕਰ ਲਈ। ਹੋਟਲ ਪਹੁੰਚ ਕੇ ਮੈਂ ਇਸ਼ਨਾਨ ਕੀਤਾ ਅਤੇ ਤੁਰੰਤ ਗੋਲਫ਼ ਕਲੱਬ ਪਹੁੰਚ ਗਿਆ। ਦੁਪਹਿਰ ਹੋਣ ਤੱਕ ਅਸੀਂ ਅਠਾਰਾਂ 'ਹੋਲ' ਖੇਡੇ, ਰੱਜ ਕੇ ਲੰਚ ਕੀਤਾ ਅਤੇ ਮੈਂ ਦੁਬਈ ਦੀ ਉੜਾਨ ਲਈ ਏਅਰਪੋਰਟ 'ਤੇ ਪਹੁੰਚ ਗਿਆ।

ਇਕ ਵਾਰ ਲਾਗੋਸ (ਨਾਈਜੀਰੀਆ) ਤੋਂ ਵਾਪਸ ਮੁੜਦਿਆਂ ਮੇਰਾ ਜਹਾਜ਼ ਨੈਰੋਬੀ ਰੁਕਿਆ। ਮਨੀਸ਼ ਸ਼ਾਹ ਨੇ ਏਅਰਪੋਰਟ 'ਤੇ ਆਪਣੀ ਕਾਰ ਭੇਜ ਕੇ ਮੈਨੂੰ ਅਤੇ ਮੇਰੇ ਦੋਸਤ ਮਾਈਕ ਜਰਬੀਚ (ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਰਿਹਾ) ਨੂੰ ਗੋਲਫ਼ ਖੇਡਣ ਲਈ ਬੁਲਾਇਆ। ਅਸੀਂ ਸਾਰਾ ਦਿਨ ਮੁਟੈਂਡਾ ਗੋਲਫ਼ ਕਲੱਬ ਵਿੱਚ ਖੇਡ ਕੇ ਸਮਾਂ ਬਿਤਾਇਆ ਅਤੇ ਫਿਰ ਅੱਗੇ ਲਈ ਰਵਾਨਾ ਹੋ ਪਏ। ਮੇਰੀ ਯਾਦ ਦਾ ਹਿੱਸਾ ਬਣ ਚੁੱਕੀ ਹੈ ਕੁਆਲਾਲੰਪਰ ਦੀ ਉਹ ਖੇਡ ਜਦੋਂ ਬਾਰਸ਼ ਵਿੱਚ ਸ਼ਤਰੀ ਦੀ ਮੱਦਦ ਨਾਲ ਅਸੀਂ ਗੋਲਫ਼ ਖੇਡੀ। ਦੁਬਈ ਵਿੱਚ 49 ਡਿਗਰੀ ਸੈਂਟੀਗ੍ਰੇਡ ਤਾਪਮਾਨ ਦੀ ਪ੍ਰਵਾਹ ਨਾ ਕਰਦਿਆਂ ਗੋਲਫ਼ ਖਿਡਾਰੀ ਆਪਣੀ ਖੇਡ ਵਿੱਚ ਮਸਤ ਰਹਿੰਦੇ ਹਨ।

ਗੋਲਫ਼ ਖੇਡਣ ਨਾਲ ਜੋ ਸਬਕ ਮੈਂ ਸਿੱਖਿਆ, ਉਹ ਠਰ੍ਹੰਮਾ ਹੈ ਜੋ ਮੇਰੀ ਕੰਪਨੀ ਦੇ ਕਾਰੋਬਾਰ ਵਿੱਚ ਸਹਾਈ ਹੁੰਦਾ ਹੈ। ਦੁਬਈ ਵਿੱਚ ਗੋਲਫ਼ ਦੀ ਖੇਡ ਬਿਜ਼ਨੈਸ ਜਗਤ ਵਿੱਚ ਬਹੁਤ ਮਕਬੂਲ ਹੋ ਚੁੱਕੀ ਹੈ। ਯੂ.ਏ.ਈ. ਵਿੱਚ ਦਸ ਤੋਂ ਵਧੀਕ ਗੋਲਫ਼ ਕੋਰਸ ਹਨ ਅਤੇ ਹਰ ਇਕ ਦੂਜੇ ਤੋਂ ਵਧੀਆ। ਹਰ ਕਲੱਬ ਨਾਲ ਚੰਗਾ ਰੈਸਤੋਰਾਂ ਵੀ ਹੁੰਦਾ ਹੈ ਜਿੱਥੇ ਤੁਸੀਂ ਮਨਮਰਜ਼ੀ ਦਾ ਭੋਜਨ ਖਾ ਸਕਦੇ ਹੋ। ਮੈਂ ਜਦੋਂ ਬਾਹਰ ਸਫ਼ਰ 'ਤੇ ਜਾਂਦਾ ਹਾਂ ਤਾਂ

ਪਹਿਲਾਂ ਉਥੋਂ ਦੇ ਗੋਲਫ਼ ਕਲੱਬ ਦੀ ਤਲਾਸ਼ ਕਰਦਾ ਹਾਂ। ਭਾਵੇਂ ਗੋਲਫ਼ ਖੇਡਣੀ ਨਾ ਵੀ ਹੋਵੇ, ਮੇਰਾ ਮਕਸਦ ਹੁੰਦਾ ਹੈ ਕਿ ਮੈਂ ਕਲੱਬ ਵੇਖਾਂ ਅਤੇ ਸੂਵੀਨੀਰ ਦੇ ਤੌਰ 'ਤੇ ਕਲੱਬ ਦੀ ਕੋਈ ਨਿਸ਼ਾਨੀ ਖ਼ਰੀਦ ਲਿਆਵਾਂ ਜਿਵੇਂ ਕਿ ਕਮੀਜ਼ ਆਦਿਕ।

ਗੋਲਫ਼ ਕੋਰਸ 'ਤੇ ਸਮਾਂ ਬਤੀਤ ਕਰਨ ਲਈ ਚੰਗੇ ਦੋਸਤ ਮਿਲ ਪੈਂਦੇ ਹਨ ਜਿਨ੍ਹਾਂ ਵਿੱਚੋਂ ਕਈ ਤਾਂ ਜਿਗਰੀ ਦੋਸਤ ਬਣ ਜਾਂਦੇ ਹਨ। ਗੋਲਫ਼ ਬਾਰੇ ਸੋਚਦਿਆਂ ਹੀ ਮੈਨੂੰ ਅਸ਼ੋਕ ਬਕਸ਼ੀ, ਪ੍ਰਵੇਸ਼ ਬਾਹਰੀ ਅਤੇ ਸੁਰੇਸ਼ ਸੱਭਰਵਾਲ ਦੀ ਯਾਦ ਆ ਜਾਂਦੀ ਹੈ। ਅਸ਼ੋਕ ਹੁਣ ਨਹੀਂ ਰਿਹਾ ਅਤੇ ਚਲਾਣਾ ਕਰ ਗਿਆ ਹੈ। ਉਹ ਹਰ ਗੱਲ ਨੂੰ ਹਾਸੇ ਵਿੱਚ ਤਬਦੀਲ ਕਰ ਕੇ ਸਾਨੂੰ ਖ਼ੁਸ਼ੀ ਅਤੇ ਖੇੜਾ ਪ੍ਰਦਾਨ ਕਰਦਾ ਸੀ। ਮੇਰੇ ਲਈ ਤਾਂ ਉਹ ਇਕ ਚੰਗਾ ਸਲਾਹਕਾਰ ਵੀ ਬਣਿਆ ਹੋਇਆ ਸੀ।

ਦੁਬਈ ਰਹਿੰਦਿਆਂ ਕਈ ਮਸ਼ਹੂਰ ਹਸਤੀਆਂ ਨਾਲ ਗੋਲਫ਼ ਖੇਡਣ ਦਾ ਮੌਕਾ ਬਣਿਆ ਹੈ। ਐਰਨੀ ਐਲਸ ਨੂੰ ਮੈਂ ਇਕ ਚੈਰੀਟੀ ਮੈਚ ਵਿੱਚ ਪਹਿਲੀ 'ਹੋਲ' 'ਤੇ ਹੀ ਹਰਾ ਦਿੱਤਾ ਜੋ ਮੇਰੇ ਜੀਵਨ ਦਾ ਯਾਦਗਾਰੀ ਦਿਨ ਹੋ ਨਿਬੜਿਆ। ਸਾਧਗੁਰੂ ਜੱਗੀ ਵਾਸੂਦੇਵ ਅਤੇ ਪ੍ਰਵੇਜ਼ ਮੁਸ਼ਰਫ਼ (ਪਾਕਿਸਤਾਨ ਦਾ ਪ੍ਰਧਾਨ) ਨਾਲ ਵੀ ਗੋਲਫ਼ ਖੇਡਿਆ ਹਾਂ। ਕਈ ਹੋਰ ਟੂਰਨਾਮੈਂਟ ਵੀ ਜਿੱਤ ਕੇ ਤਗ਼ਮੇ ਹਾਸਲ ਕੀਤੇ ਹਨ। ਕੈਲੀਫ਼ੋਰਨੀਆਂ (ਅਮਰੀਕਾ) ਅਤੇ ਡਬਲਿਨ (ਆਇਰਲੈਂਡ) ਦੇ ਕਲੱਬਾਂ ਵਿੱਚ ਵੀ ਗੋਲਫ਼ ਖੇਡਿਆ ਹਾਂ। ਗੋਲਫ਼ ਹੀ ਅਜੇਹੀ ਖੇਡ ਹੈ ਜੋ ਤੁਸੀਂ ਜੀਵਨ ਦੇ ਅਖ਼ੀਰਲੇ ਦਿਨ ਤੱਕ ਖੇਡ ਸਕਦੇ ਹੋ।

ਮੈਂ ਆਪਣੇ ਦੋ ਦੋਸਤਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਆਖ਼ਰੀ ਸਾਹ ਗੋਲਫ਼ ਕੋਰਸ ਉਪਰ ਹੀ ਲਿਆ। ਅਸ਼ੋਕ ਬਕਸ਼ੀ ਬਾਲ ਨੂੰ ਹਿੱਟ ਕਰਦਾ ਜਾ ਰਿਹਾ ਸੀ ਜਦੋਂ ਉਹ ਬੈਠਣ ਲੱਗਾ ਤਾਂ ਢਹਿ ਪਿਆ। ਉਸ ਦੀ ਜਾਨ ਸਹਿਜ ਸੁਭਾ ਹੀ ਨਿਕਲ ਗਈ। ਉਹ ਚੰਗਾ ਬੰਦਾ ਸੀ ਅਤੇ ਉਸ ਦਾ ਅੰਤ ਵੀ ਚੰਗਾ ਹੋ ਗਿਆ। ਮਾਈਕ ਜ਼ਰਬੀਚ ਵੀ ਮੈਨੂੰ ਛੱਡ ਗਿਆ। ਸਾਡੇ ਕਲੱਬ ਨੇ ਅਸ਼ੋਕ ਦੀ ਯਾਦ ਵਿੱਚ ਇਕ ਬੈਂਚ ਕਾਇਮ ਕੀਤਾ ਹੈ ਅਤੇ ਮਾਈਕ ਦੀ ਯਾਦ ਵਿੱਚ ਇਕ ਟੂਰਨਾਮੈਂਟ ਦਾ ਆਯੋਜਨ ਕਰ ਰੱਖਿਆ ਹੈ। ਪ੍ਰਮਾਤਮਾ ਦੋਵੇਂ ਮਿੱਤਰਾਂ ਦੀਆਂ ਰੂਹਾਂ ਨੂੰ ਸ਼ਾਂਤੀ ਬਖ਼ਸ਼ੇ।

— 0 —

12

# ਕੰਮ ਜਾਂ ਖੇਡ, ਅਸੀਂ ਇਕ ਪ੍ਰੀਵਾਰ ਹਾਂ

ਸਾਡੇ ਵਿੱਚੋਂ ਸਭ ਦਾ ਆਪੋ-ਆਪਣਾ ਸੁਭਾਅ ਹੁੰਦਾ ਹੈ ਜਦੋਂ ਅਸੀਂ ਬਿਜ਼ਨੈਸ ਵਿੱਚ ਕੰਮ ਕਰਦੇ ਹਾਂ। ਪਰੰਤੂ ਕੰਪਨੀ ਦੇ ਲੋਕਾਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠਾ ਰੱਖਣ ਲਈ ਸਦਾਚਾਰਕ ਕੋਡ ਦੀ ਜ਼ਰੂਰਤ ਹੁੰਦੀ ਹੈ। ਇਹ ਮੈਂ ਆਪਣੇ ਲਈ ਕਹਿ ਰਿਹਾ ਹਾਂ, ਦੁਨੀਆਂ ਨੂੰ ਸੁਧਾਰਣ ਦਾ ਮੈਂ ਕੋਈ ਠੇਕਾ ਨਹੀਂ ਲੈ ਰੱਖਿਆ। ਮੈਂ ਬਿਜ਼ਨੈਸ ਵਿੱਚ ਧੋਖਾਧੜੀ ਅਤੇ ਹੇਰ ਫੇਰ ਨਹੀਂ ਚਾਹੁੰਦਾ। ਜੇਕਰ ਮੈਨੂੰ ਸੌਦੇ ਵਿੱਚ ਐਸੇ ਲੱਛਣ ਨਜ਼ਰ ਆਉਣ ਤਾਂ ਮੈਂ ਪਿੱਛੇ ਹਟਣ ਤੋਂ ਝਿਜਕਦਾ ਨਹੀਂ, ਮੇਰਾ ਵਿਸ਼ਵਾਸ ਹੈ ਕਿ ਸਰਮਾਇਆ ਕਮਾਉਣ ਖ਼ਾਤਰ ਝੂਠ ਨਹੀਂ ਬੋਲਣਾ ਚਾਹੀਦਾ ਅਤੇ ਨਾ ਹੀ ਹੇਰਾਫੇਰੀ ਕਰਨ ਦੀ ਲੋੜ ਹੈ। ਸਰਮਾਇਆ ਆਉਂਦਾ ਜਾਂਦਾ ਰਹਿੰਦਾ ਹੈ ਪਰੰਤੂ ਜਦੋਂ ਅਸੀਂ ਸੰਸਾਰ ਤੋਂ ਚਲੇ ਜਾਂਦੇ ਹਾਂ ਤਾਂ ਲੋਕਾਂ ਦੇ ਦਿਲਾਂ ਵਿੱਚ ਸਾਡੇ ਸਮਾਜ ਲਈ ਕੀਤੇ ਨੇਕ ਕੰਮ ਹੀ ਯਾਦ ਰਹਿੰਦੇ ਹਨ, ਸਾਡਾ ਧਨ ਦੌਲਤ ਨਹੀਂ। ਲੋਕ ਹੋਰ ਸਭ ਕੁਝ ਭੁੱਲ ਜਾਣਗੇ ਪਰੰਤੂ ਉਨ੍ਹਾਂ ਨਾਲ ਕੀਤਾ ਗਿਆ ਮਾੜਾ ਵਿਵਹਾਰ ਕਦੇ ਨਹੀਂ ਭੁੱਲ ਸਕਦੇ ਅਤੇ ਇਕ ਦਿਨ ਤੁਹਾਡੀ ਸਿਮਰਤੀ ਉਪਰ ਥੁੱਕਣਗੇ।

ਦੂਜੇ ਪਾਸੇ ਜੇਕਰ ਤੁਸੀਂ ਚੰਗੇ ਕੰਮ ਕਰਦੇ ਹੋ ਤਾਂ ਇਹ ਤੁਹਾਡੀ ਸ਼ੁਹਰਤ ਵਧਾਉਣਾ ਹੈ। ਲੋਕੀਂ ਭੁੱਲ ਜਾਂਦੇ ਹਨ ਕਿ ਗਰੁੱਪ ਦੇ ਸਾਰੇ ਬੰਦੇ ਇਕ ਲੜੀ ਦਾ ਹਿੱਸਾ ਹੁੰਦੇ ਹਨ। ਜੇਕਰ ਤੁਹਾਡਾ ਦਫ਼ਤਰ ਦਾ ਛੋਟੇ ਤੋਂ ਛੋਟਾ ਕਰਮਚਾਰੀ ਖ਼ੁਸ਼ ਨਹੀਂ ਤਾਂ ਤੁਹਾਡੇ ਬਿਜ਼ਨੈਸ ਦੀ ਸਲਾਮਤੀ ਨਹੀਂ। ਚਾਹ ਦਾ ਕੱਪ ਦੇਣ ਵਾਲਾ ਮੁੰਡੂ ਵੀ ਤੁਹਾਡਾ ਮੂਡ ਖ਼ਰਾਬ ਕਰ ਸਕਦਾ ਹੈ, ਜੇਕਰ ਉਸ ਦਾ ਮਿਜ਼ਾਜ ਠੀਕ ਨਹੀਂ। ਬਿਜ਼ਨੈਸ ਦੀ ਤਰੱਕੀ ਲਈ ਸਾਰੇ ਗਰੁੱਪ ਦੇ ਆਪਸੀ ਸਹਿ-ਸਬੰਧ ਠੀਕ ਹੋਣੇ ਜ਼ਰੂਰੀ ਹਨ। ਇਸ ਵਿੱਚ ਕੰਪਨੀ ਦੇ ਕਰਮਚਾਰੀ, ਗਾਹਕ ਅਤੇ ਡਿਸਟਰੀਬਿਊਟਰ ਸਭ ਆ ਜਾਂਦੇ ਹਨ। ਮੇਰਾ ਨਿੱਜੀ ਤਜਰਬਾ ਹੈ ਕਿ ਜੇਕਰ ਤੁਹਾਡੇ ਗਾਹਕ ਸੰਤੁਸ਼ਟ ਹਨ ਤਾਂ ਉਹ ਬਾਰ ਬਾਰ ਤੁਹਾਡੇ ਕੋਲ ਖ਼ਰੀਦ ਕਰਨ ਆਉਣਗੇ। ਬਿਜ਼ਨੈਸ ਸਿਰਫ਼ ਪੈਸਾ ਕਮਾਉਣ ਲਈ ਨਹੀਂ ਹੁੰਦਾ ਬਲਕਿ ਠੀਕ ਢੰਗ ਨਾਲ ਗਾਹਕ ਦੀ ਤਸੱਲੀ ਕਰਾ ਕੇ ਪੈਸਾ ਕਮਾਉਣ ਲਈ । ਮੈਨੂੰ ਇਕ ਵਾਕਿਆ ਯਾਦ ਹੈ ਜਦੋਂ ਇਕ ਟ੍ਰਾਂਸਪੋਰਟਰ ਨੇ ਮੇਰੇ ਸਪਲਾਈ ਕੀਤੇ ਟਾਇਰਾਂ ਵਿੱਚ ਨੁਕਸ ਕੱਢਣੇ ਸ਼ੁਰੂ ਕਰ ਦਿੱਤੇ । ਮੈਂ ਉਸ ਨਾਲ ਬਹਿਸ ਕਰਨ ਦੀ ਬਜਾਏ ਟਾਇਰ ਬਦਲ ਦਿੱਤੇ ਭਾਵੇਂ ਕਿ

ਮੈਨੂੰ ਸੌਦੇ ਵਿੱਚ ਨੁਕਸਾਨ ਹੋਇਆ। ਇਸ ਤੋਂ ਬਾਅਦ ਉਹ ਸਾਡਾ ਮੁਰੀਦ ਬਣ ਗਿਆ ਅਤੇ ਹਮੇਸ਼ਾਂ ਲਈ ਪੱਕਾ ਗਾਹਕ। ਇਹ ਉਸ ਅਮਰੀਕਨ ਪਤਨੀ ਤੋਂ ਚੰਗਾ ਨਿਕਲਿਆ ਜਿਸ ਸਾਨੂੰ ਕਚਹਿਰੀ ਵਿੱਚ ਘਸੀਟਣ ਦੀ ਧਮਕੀ ਦਿੱਤੀ ਸੀ।

ਬਿਜ਼ਨੈਸ ਦੀ ਜ਼ਿੰਦਗੀ ਦਾ ਪਹਿਲਾ ਸਬਕ ਇਹ ਸਿੱਖਿਆ ਕਿ ਗਾਹਕ ਨਾਲ ਝਗੜਾ ਕਰਨ ਦਾ ਕੋਈ ਫ਼ਾਇਦਾ ਨਹੀਂ, ਭਾਵੇਂ ਉਸ ਦੀ ਸ਼ਕਾਇਤ ਗ਼ਲਤ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਦੀ ਸਥਿਤੀ ਵਿੱਚ ਮੈਂ ਉਸ ਨੂੰ ਝੂਠਿਆਂ ਕਰਨ ਦੀ ਬਜਾਏ ਕੁਝ ਰਿਆਇਤ ਦੇ ਕੇ ਖ਼ੁਸ਼ ਕਰ ਲੈਂਦਾ ਹਾਂ। ਮੈਂ ਕਿਸੇ ਝਗੜੇ ਵਿੱਚ ਪੈਣ ਦੀ ਬਜਾਏ ਸਮਝੌਤਾ ਕਰਨਾ ਠੀਕ ਸਮਝਦਾ ਹਾਂ। ਜੇਕਰ ਕਚਹਿਰੀ ਵਿੱਚ ਜਾ ਕੇ ਪੈਸਾ ਬਰਬਾਦ ਕਰਨਾ ਹੈ ਅਤੇ ਅਮਨ ਭੰਗ ਕਰਨਾ ਹੈ ਤਾਂ ਉਸ ਤੋਂ ਬਿਹਤਰ ਆਪਸੀ ਸਮਝੌਤਾ ਕਰਨਾ ਵਧੇਰੇ ਕਾਰਗਰ ਸਿੱਧ ਹੁੰਦਾ ਹੈ। ਚੰਗੇ ਵਕੀਲ ਇਹੋ ਸਲਾਹ ਦਿੰਦੇ ਹਨ ਪਰੰਤੂ ਬਦਮਾਸ਼ ਵਕੀਲ ਤੁਹਾਨੂੰ ਲੁੱਟਣ ਲਈ ਤਿਆਰ ਬੈਠੇ ਹੁੰਦੇ ਹਨ। ਮੇਰੇ ਮਿੱਤਰ ਦੇ ਦਫ਼ਤਰ ਵਿੱਚ ਇਕ ਪੇਂਟਿੰਗ ਲਟਕ ਰਹੀ ਹੈ ਜਿਸ ਵਿੱਚ ਗਾਹਕ ਇਕ ਗਾਂ ਦੇ ਸਿੰਗਾਂ ਨੂੰ ਫੜੀ ਖਲੋਤਾ ਹੈ, ਮਾਲਕ ਗਾਂ ਦੀ ਪੂਛ ਖਿੱਚ ਰਿਹਾ ਹੈ ਅਤੇ ਵਕੀਲ ਗਾਂ ਦੀ ਧਾਰ ਕੱਢ ਰਿਹਾ ਹੈ। ਇਸ ਤੋਂ ਉਪਰ ਦੱਸੀ ਮੇਰੀ ਵਾਰਤਾ ਦੀ ਪੁਸ਼ਟੀ ਹੋ ਜਾਂਦੀ ਹੈ। ਮੈਂ ਚਾਲ੍ਹੀ ਸਾਲ ਤੱਕ ਕੰਪਨੀ ਵਿੱਚ ਕੋਈ ਵਕੀਲ ਨਹੀਂ ਰੱਖਿਆ ਪਰੰਤੂ ਹੁਣ ਕਾਰੋਬਾਰ ਦੇ ਵਾਧੇ ਕਾਰਨ ਕਾਨੂੰਨੀ ਅੜਿੱਚਣਾਂ ਤੋਂ ਬਚਣ ਲਈ ਕਾਨੂੰਨੀ ਮਾਹਰਾਂ ਦੀ ਟੀਮ ਭਰਤੀ ਕੀਤੀ ਹੈ।

## ਮੇਰੇ ਪ੍ਰੀਵਾਰ ਦੀ ਕਥਾ-ਵਾਰਤਾ

ਮੇਰੇ ਪ੍ਰੀਵਾਰ ਵਿੱਚ ਅੱਠ ਭੈਣ ਭਰਾ ਹਨ ਅਤੇ ਮੈਂ ਸਭ ਤੋਂ ਵੱਡਾ ਹਾਂ। ਮੇਰੀਆਂ ਪੰਜ ਭੈਣਾਂ ਅਤੇ ਦੋ ਭਰਾ ਮੇਰੇ ਤੋਂ ਛੋਟੇ ਹਨ। ਮੇਰੇ ਦੋਵੇਂ ਭਰਾ ਸੰਸਾਰ ਤੋਂ ਕੂਚ ਕਰ ਗਏ, ਮਨਮੋਹਨ ਦੀ ਕਾਰ ਹਾਦਸੇ ਵਿੱਚ ਮੌਤ ਹੋ ਗਈ ਅਤੇ ਮਨਪ੍ਰੀਤ ਗਲੇ ਦੇ ਕੈਂਸਰ ਨਾਲ ਚੱਲ ਵੱਸਿਆ। ਉਹਨਾਂ ਦੇ ਚਲੇ ਜਾਣ ਦਾ ਮੈਨੂੰ ਅਫ਼ਸੋਸ ਹੈ। ਕਿੰਨਾ ਚੰਗਾ ਹੁੰਦਾ ਜੇਕਰ ਉਹ ਮੇਰੀਆਂ ਬਾਹਾਂ ਬਣ ਕੇ ਨਾਲ ਖਲੋਂਦੇ। ਉਹਨਾਂ ਦੀ ਯਾਦ ਮੈਨੂੰ ਗ਼ਮਗੀਨ ਕਰ ਦਿੰਦੀ ਹੈ ਅਤੇ ਮੇਰੇ ਦਿਲ ਨੂੰ ਡੋਬੂ ਪੈਂਦੇ ਹਨ ਪਰੰਤੂ ਸਮਾਂ ਹਰ ਮਰਜ਼ ਦਾ ਦਾਰੂ ਹੈ।

ਮਨਮੋਹਨ ਬਹੁਤ ਖ਼ੁਸ਼ਮਿਜ਼ਾਜ ਅਤੇ ਮਖ਼ੌਲਾਂ ਦਾ ਪਟਾਰਾ ਸੀ। ਜਦੋਂ ਉਹ ਕਮਰੇ ਵਿੱਚ ਵੜਦਾ ਤਾਂ ਹਾਸੇ ਦੀ ਲਹਿਰ ਦੌੜ ਪੈਂਦੀ। ਮੈਨੂੰ ਇਕ ਵਾਕਿਆ ਯਾਦ ਹੈ ਜਦੋਂ ਉਹ ਮਦਰਾਸ ਟਾਇਰਾਂ ਦੀ ਦੁਕਾਨ 'ਤੇ ਬੈਠਾ ਸੀ ਅਤੇ ਫ਼ਾਇਰਸਟੋਨ ਕੰਪਨੀ ਦਾ ਜ਼ਿਲ੍ਹਾ ਮੈਨੇਜਰ, ਜੋ ਤਾਮਿਲਨਾਡੂ ਦੇ ਰਹਿਣ ਵਾਲਾ ਸੀ, ਅੰਦਰ ਦਾਖ਼ਲ ਹੋਇਆ। ਮਨਮੋਹਨ ਨੇ ਉਸ ਨੂੰ ਜੀ ਆਇਆਂ ਕਹਿਣ ਲਈ ਕਹਿ ਦਿੱਤਾ 'ਆ ਵਈ ਕੁੱਕੜ'। ਉਸ ਨੂੰ ਨਹੀਂ

ਪਤਾ ਸੀ ਕਿ ਮੈਨੇਜਰ ਦਿੱਲੀ ਰਹਿਣ ਕਰਕੇ ਪੰਜਾਬੀ ਸਮਝਦਾ ਸੀ। ਅੱਗੋਂ ਉਹ ਬੋਲਿਆ ਕੀ ਮੈਂ ਇਕ ਮੁਰਗਾ ਲੱਗਦਾ ਹਾਂ ਜਿਸ ਨੂੰ ਤੂੰ ਖਾਣਾ ਚਾਹੁੰਦਾ ਹੈਂ। ਮਨਮੋਹਨ ਉਮਰ ਵਿੱਚ ਛੋਟਾ ਸੀ ਜਿਸ ਕਰਕੇ ਉਹ ਮੈਨੇਜਰ ਦੀ ਕੜਿੱਕੀ ਵਿੱਚ ਫਸਣ ਤੋਂ ਬਚ ਗਿਆ।

ਇਸ ਘਟਨਾ ਤੋਂ ਮੈਂ ਇਕ ਹੋਰ ਸਬਕ ਸਿੱਖ ਲਿਆ ਕਿ ਕਦੇ ਕਿਸੇ ਦੀ ਅਹਿਮੀਅਤ ਨੂੰ ਘੱਟ ਨਾ ਸਮਝੋ। ਮੈਂ ਵਿਜੇਵਾੜਾ ਵਿੱਚ ਕਈਆਂ ਦੀ ਕਾਨਾਫੂਸੀ ਸਮਝ ਜਾਂਦਾ ਸੀ ਕਿਉਂਕਿ ਮੈਨੂੰ ਤੈਲਗੂ ਭਾਸ਼ਾ ਆਉਂਦੀ ਸੀ ਜਦ ਕਿ ਉਹ ਸਮਝਦੇ ਸਨ ਕਿ ਮੈਂ ਸਿਰਦਾਰ ਹਾਂ ਅਤੇ ਉਹਨਾਂ ਦੀ ਗੱਲਬਾਤ ਸਮਝ ਨਹੀਂ ਸਕਦਾ। ਜਿਵੇਂ ਮੁਹਾਵਰਾ ਹੈ 'ਹਰ ਚਮਕਣ ਵਾਲੀ ਸ਼ੈਅ ਸੋਨਾ ਨਹੀਂ ਹੁੰਦੀ'। ਇਸੇ ਤਰ੍ਹਾਂ ਹੀ ਕੇਵਲ ਦੇਖਣ ਨਾਲ ਬੰਦੇ ਬਾਰੇ ਸਹੀ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਇਕ ਹੋਰ ਮੁਹਾਵਰਾ ਇਸ ਦਾ ਸਪਸ਼ਟੀਕਰਨ ਕਰਨ ਲਈ ਦੇਣਾ ਬਣਦਾ ਹੈ: 'ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ'। ਮੇਰੇ ਦੋਵੇਂ ਭਰਾ ਹੁਸ਼ਿਆਰ ਸਨ ਅਤੇ ਚੰਗੇ ਕਾਰੋਬਾਰੀ ਬੰਦੇ ਸਨ। ਮਨਮੋਹਨ ਅਜੇ 21 ਸਾਲ ਦਾ ਸੀ ਜਦੋਂ ਚੱਲ ਵੱਸਿਆ ਅਤੇ ਸ਼ਾਦੀ ਨਹੀਂ ਹੋਈ ਸੀ। ਮਨਪ੍ਰੀਤ ਦੀ ਪਤਨੀ ਅਤੇ ਦੋਵੇਂ ਬੱਚੇ ਹੈਦਰਾਬਾਦ ਵਿੱਚ ਰਹਿੰਦੇ ਹਨ।

ਮੇਰੀ ਭੈਣ ਦਰਸ਼ਨ ਦੇ ਤਿੰਨ ਬੱਚੇ ਹਨ, ਇਕ ਪੁੱਤਰ ਸੀਆਟਲ (ਅਮਰੀਕਾ) ਵਿੱਚ ਮਾਈਕਰੋਸੋਫ਼ਟ ਕੰਪਨੀ ਵਿੱਚ ਨੌਕਰੀ ਕਰਦਾ ਹੈ ਅਤੇ ਸ਼ਾਦੀ-ਸ਼ੁਦਾ ਹੈ। ਉਸ ਦੀਆਂ ਦੋਵੇਂ ਧੀਆਂ ਦਿੱਲੀ ਵਿੱਚ ਰਹਿੰਦੀਆਂ ਹਨ। ਮੇਰੀ ਤੀਜੀ ਭੈਣ 'ਰਵੀ' ਨੀਊਯਾਰਕ ਰਹਿੰਦੀ ਹੈ, ਉਸ ਦੀਆਂ ਦੋ ਧੀਆਂ ਹਨ। ਜਗਦੀਸ਼ ਜੋ ਦਰਸ਼ਨ ਤੋਂ ਛੋਟੀ ਹੈ, ਹੈਦਰਾਬਾਦ ਰਹਿੰਦੀ ਹੈ। ਮਨਜੀਤ ਮੈਲਬਰਨ ਵਿੱਚ ਰਹਿੰਦੀ ਹੈ ਅਤੇ ਉਸ ਦਾ ਪੁੱਤਰ ਅਤੇ ਧੀ ਅਸਟ੍ਰੇਲੀਆ ਵਿੱਚ ਸੁਖੀ ਜੀਵਨ ਬਤੀਤ ਕਰ ਰਹੇ ਹਨ। ਮੇਰੀ ਸਭ ਤੋਂ ਛੋਟੀ ਭੈਣ ਰੋਮਿੰਦਰ ਦਿੱਲੀ ਵਿੱਚ ਰਹਿੰਦੀ ਹੈ ਅਤੇ ਉਸ ਦੀਆਂ ਦੋ ਧੀਆਂ ਵੀ ਦਿੱਲੀ ਵਿੱਚ ਹੀ ਹਨ। ਉਸ ਦਾ ਪੁੱਤਰ ਨਿਊਯਾਰਕ ਰਹਿੰਦਾ ਹੈ। ਸਾਡਾ ਪ੍ਰੀਵਾਰ ਇਕ ਅੰਤਰ-ਰਾਸ਼ਟਰੀ ਪ੍ਰੀਵਾਰ ਬਣ ਕੇ ਸਾਰੀ ਦੁਨੀਆਂ ਵਿੱਚ ਪਸਰ ਗਿਆ ਹੈ।

ਮੇਰੇ ਜੀਵਨ ਦੀਆਂ ਦੋ ਅਣ-ਸੁਖਾਵੀਆਂ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਇਕ ਮੇਰੇ ਛੋਟੇ ਭਰਾ ਮਨਪ੍ਰੀਤ ਨਾਲ ਅਤੇ ਦੂਜੀ ਮੇਰੇ ਛੋਟੇ ਪੁੱਤਰ ਹਰਜੀਵ ਨਾਲ ਸੰਬੰਧਿਤ ਹੈ। ਇਹਨਾਂ ਦੋਵਾਂ ਲਈ ਮਾਇਆ ਦੀ ਮਹਾਨਤਾ ਭਾਰੂ ਹੋ ਗਈ। ਇਹ ਦੁਖਾਂਤ ਬਹੁਤ ਸਾਰੇ ਸਾਂਝੇ ਪ੍ਰੀਵਾਰਾਂ ਵਿੱਚ ਵਾਪਰ ਰਿਹਾ ਹੈ। ਇਸ ਦਾ ਕਾਰਨ ਆਪਸੀ ਭਰੋਸੇ ਦਾ ਟੁੱਟਣਾ ਅਤੇ ਮਾਇਆ ਦਾ ਵੱਧ ਰਿਹਾ ਗ਼ਲਬਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਸਭ ਸੰਸਾਰ ਵਿੱਚ ਖ਼ਾਲੀ ਹੱਥ ਆਏ ਹਾਂ ਅਤੇ ਖ਼ਾਲੀ ਹੱਥ ਹੀ ਇੱਥੋਂ ਚਲੇ ਜਾਣਾ ਹੈ। ਸਭ ਕੁਝ ਇੱਥੇ ਧਰਿਆ ਧਰਾਇਆ ਰਹਿ ਜਾਣਾ ਹੈ। ਫਿਰ ਅਸੀਂ ਪਦਾਰਥਵਾਦ ਦੀ ਮਾਰ ਹੇਠ ਕਿਉਂ ਭੱਜੇ ਫਿਰਦੇ ਹਾਂ। ਸਾਡੇ ਲਈ ਸਭ ਨਾਲ ਮਿਲ-ਜੁਲ ਕੇ ਰਹਿਣਾ

ਬਣਦਾ ਹੈ ਅਤੇ ਸਮਾਜ ਪ੍ਰਤੀ ਸੇਵਾ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਕ ਸ਼ਬਦ ਹੈ ਜਿਸ ਦਾ ਤੱਤ ਸਾਰ ਇਹ ਹੈ ਕਿ ਹਰ ਜੀਵ ਅੰਦਰ ਪ੍ਰਮਾਤਮਾ ਦਾ ਨਿਵਾਸ ਹੈ, ਇਸ ਲਈ ਰੱਬ ਦੇ ਬੰਦਿਆਂ ਦਾ ਸਤਿਕਾਰ, ਰੱਬ ਦਾ ਸਤਿਕਾਰ ਹੈ। ਫਿਰ ਕਿਉਂ ਅਸੀਂ ਲੜਦੇ ਝਗੜਦੇ ਅਤੇ ਤਬਾਹੀ ਦਾ ਕਾਰਨ ਬਣਦੇ ਜਾ ਰਹੇ ਹਾਂ। ਮਨੁੱਖਾ ਜਨਮ ਤਾਂ ਇਕ ਵਾਰ ਹੀ ਆਉਣਾ ਹੈ।

ਇਕ ਦਿਨ ਮੈਂ ਗ਼ਮਗੀਨ ਹਾਲਤ ਵਿੱਚੋਂ ਗੁਜ਼ਰ ਰਿਹਾ ਸਾਂ ਅਤੇ ਸਮਝ ਨਹੀਂ ਆ ਰਿਹਾ ਸੀ ਕਿ ਕਿਵੇਂ ਇਸ ਘੁੰਮਣ ਘੇਰੀ ਵਿੱਚੋਂ ਬਾਹਰ ਨਿਕਲਾਂ। ਮੇਰੀ ਇਸ ਸਥਿਤੀ ਦਾ ਜਾਇਜ਼ਾ ਲੈ ਕੇ ਬੱਬਲਜ਼ ਨੇ ਇਕ ਕਵਿਤਾ ਲਿਖੀ। ਹੁਣ ਜਦੋਂ ਮੈਂ ਕਿਸੇ ਮੁਸੀਬਤ ਦੀ ਹਾਲਤ ਵਿੱਚ ਵਿਚਰਦਾ ਹਾਂ ਤਾਂ ਇਹ ਕਵਿਤਾ ਮੈਨੂੰ ਰਾਹਤ ਪ੍ਰਦਾਨ ਕਰਦੀ ਹੈ। ਮੈਂ ਇਸ ਕਵਿਤਾ ਦੇ ਬੰਦ ਪੇਸ਼ ਕਰਨ ਦੀ ਖੁੱਲ੍ਹ ਲੈਂਦਾ ਹਾਂ:

1. ਕਿੱਸੇ ਤੇਰੀਆਂ ਬਹਾਰਾਂ ਦੇ,
   ਮੈਂ ਮੁੜ ਮੁੜ ਸੁਣਾਵਾਂ ਵੇ ਸੱਜਣਾ।
   ਤੂੰ ਰੱਬ ਦੀ ਵੱਡੀ ਮਿਹਰ ਜਿਹਾ,
   ਹਿੱਸੇ ਵਿਰਲੇ ਦੇ ਆਵੇਂ ਵੇ ਸੱਜਣਾ।
   ਕੋਹਿਨੂਰ ਜਹੇ ਲੱਖਾਂ ਹੀਰਿਆਂ ਦਾ,
   ਸਰੂਰ ਤੂੰ ਜਾਪੇਂ ਵੇ ਸੱਜਣਾ।
   ਸੂਰਜ ਦੇ ਚੜ੍ਹਦੇ ਤੇਜ ਜਿਹਾ,
   ਤੂੰ ਨੂਰ ਹੀ ਨੂਰ ਜਾਪੇਂ ਵੇ ਸੱਜਣਾ।
2. ਕੁਝ ਪਹਿਲੂ ਹੁੰਦੇ ਜ਼ਿੰਦਗੀ ਦੇ,
   ਕਿਤੇ ਦੁੱਖ ਤੇ ਕਿਤੇ ਸੁੱਖ ਸੱਜਣਾ।
   ਜੋ ਕਰਦਾ ਹੈ ਸੋ ਭਰਦਾ ਹੈ,
   ਸੱਚੇ ਰੱਬ ਵੱਲ ਰੱਖ ਤੂੰ ਮੁੱਖ ਸੱਜਣਾ।
3. ਵਾਪਾਰੀ ਜੋ ਨਿਰੇ ਕੱਚ ਦੇ ਨੇ ,
   ਹੀਰੇ ਦੀ ਜਾਨਣ ਕੀਮਤ ਕਿੰਝ ਸੱਜਣਾ।
   ਜੌਹਰੀ ਹੋਵੇ ਤਾਂ ਪਰਖ ਕੇ ਵੇਖ ਲਵੇ,
   ਪੱਲੇ ਰਹਿ ਜਾਇਗਾ ਨਹੀਂ ਤੇ ਕੱਚ ਸੱਜਣਾ।
4. ਇਹ ਜੋ ਹੰਝੂ ਤੇਰੀ ਅੱਖ ਦੇ ਨੇ,
   ਕੀਮਤੀ ਮੋਤੀ ਜਿਉਂ ਕਈ ਲੱਖ ਦੇ ਨੇ।
5. ਤੈਨੂੰ ਨੀਲਮ ਕਹਾਂ ਕਿ ਕਹਾਂ ਪੰਨਾ,
   ਤੂੰ ਕੋਈ ਸਾਧੂ ਸੰਤ ਫ਼ਕੀਰ ਸੱਜਣਾ।

ਹਰ ਕੋਈ ਕੀਮਤ ਨਹੀਂ ਤਾਰ ਸਕਦਾ,
ਕੁਝ ਹੁੰਦੇ ਨੇ ਰਤਨ ਅਨਮੋਲ ਸੱਜਣਾ।
6. ਕਿਸੇ ਸੋਹਣੇ ਨੰਨ੍ਹੇ ਬਾਲਕ ਦੀ,
ਤੇਰੇ ਮੁੱਖੋਂ ਦਿਸੇ ਤਸਵੀਰ ਸੱਜਣਾ।
ਤੇਰਾ ਹਿਰਦਾ ਵਾਂਗ ਕੋਮਲ ਪੱਤੀਆਂ ਦੇ,
ਸਮੋਈ ਤੂੰ ਹੈ ਲੱਖਾਂ ਦੀ ਪੀੜ ਸੱਜਣਾ।
7. ਲੋਕੀਂ ਕਈ ਰਹਿੰਦੇ ਹੌਕੇ ਹਾਵੇ ਭਰਦੇ,
ਭਾਅ ਕੀ ਚਾਨਣ ਨੂੰ ਹਨੇਰੇ ਦਾ ਵੇ ਸੱਜਣਾ।
ਕਈ ਕੁਝ ਆਖਦੇ ਨੇ ਲੋਕ ਆਖ ਲੈਣਦੇ,
ਰਾਤ ਹੋਵੇ ਕਾਲੀ ਹੀਰਾ ਰਹਿਣਾ ਹੀਰਾ ਸੱਜਣਾ।
8. ਤੇਰਾ ਹਿਰਦਾ ਗਹਿਰ ਗੰਭੀਰ ਵੱਡਾ,
ਸਾਗਰ ਹੈਂ ਪਿਆਰ ਦਾ ਤੂੰ ਸੱਜਣਾ।
ਦਿਲ ਤੇਰਾ ਵਾਂਗ ਦਰਵੇਸ਼ਾਂ ਦੇ,
ਕਈ ਰੂਹਾਂ ਦੀ ਤੂੰ ਸਾਰ ਹੈਂ ਸੱਜਣਾ।
ਜੋ ਬੀਜੇਗਾ ਸੋ ਖਾਵੇਗਾ,
ਆਖੇ ਕੁਦਰਤ ਅਗੰਮ ਅਡੋਲ ਸੱਜਣਾ।
9. ਕੋਈ ਖ਼ਾਸ ਇਨਾਇਤ ਰੱਬ ਦੀ ਜੋ,
ਤੇਰੇ ਵਿੱਚੋਂ ਦਿਸਦੀ ਵੇ ਸੱਜਣਾ।
ਬਦਕਿਸਮਤ ਓਹੀ ਹੋਵਣਗੇ,
ਜੋ ਕਰ ਬੈਠੇ ਤੇਰਾ ਮੁੱਲ ਸੱਜਣਾ।
10. ਕੋਹਿਨੂਰ ਜਹੇ ਲੱਖਾਂ ਹੀਰਿਆਂ ਦਾ,
ਸਰੂਰ ਤੂੰ ਜਾਪੇਂ ਵੇ ਸੱਜਣਾ।
ਸੂਰਜ ਦੇ ਚੜ੍ਹਦੇ ਤੇਜ ਜਿਹਾ ਤੂੰ,
ਨੂਰ ਜਿਹਾ ਜਾਪੇਂ ਵੇ ਸੱਜਣਾ।

ਮੈਂ ਆਪਣੀਆਂ ਭੈਣਾਂ ਦਾ ਇਕਲੌਤਾ ਭਰਾ ਹੋਣ ਕਰਕੇ ਉਹਨਾਂ ਦੀ ਰਖਵਾਲੀ ਦਾ ਪੂਰਾ ਧਿਆਨ ਰੱਖਦਾ ਹਾਂ ਅਤੇ ਹਰ ਦੁੱਖ ਸੁੱਖ ਵੇਲੇ ਹਾਜ਼ਰ ਹੋ ਜਾਂਦਾ ਹਾਂ। ਮੈਂ ਬੇਲੋੜਾ ਦਖ਼ਲ-ਅੰਦਾਜ਼ੀ ਨਹੀਂ ਕਰਦਾ ਅਤੇ ਚਾਹੁੰਦਾ ਹਾਂ ਕਿ ਉਹ ਆਪਣੀ ਮਨਮਰਜ਼ੀ ਨਾਲ ਜੀਵਨ ਬਤੀਤ ਕਰਨ। ਦਰਸ਼ਨ ਭੈਣ ਦਾ ਪਤੀ ਦੀਪਿੰਦਰ ਇਸ ਦੁਨੀਆਂ ਵਿੱਚ ਨਹੀਂ ਰਿਹਾ। ਮੈਂ ਹਮੇਸ਼ਾਂ ਉਸ ਨੂੰ ਬੜੇ ਚਾਅ ਨਾਲ ਯਾਦ ਕਰਦਾ ਹਾਂ। ਉਹ ਮਸਕਟ

(Muscat) ਵਿੱਚ ਸੀ ਜਦੋਂ ਉਸ ਨੇ ਮੈਨੂੰ ਬਜਾਜ ਸਕੂਟਰ ਦੀ ਖ਼ਰੀਦੋ ਫ਼ਰੋਖ਼ਤ ਲਈ ਰਾਜ਼ੀ ਕਰ ਲਿਆ। ਇਸ ਬਾਰੇ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ। ਭਾਰਤ ਵਿਚ ਬਜਾਜ ਸਕੂਟਰ ਲੈਣ ਲਈ ਪੰਦਰਾਂ ਸਾਲ ਲੱਗ ਜਾਂਦੇ ਸਨ। ਅਸੀਂ ਦੁਬਈ ਵਿੱਚ ਖ਼ਰੀਦਣੇ ਸ਼ੁਰੂ ਕਰ ਦਿੱਤੇ ਅਤੇ ਜੋ ਭਾਰਤੀ ਦੇਸ਼ ਪਰਤ ਰਹੇ ਸਨ ਉਹਨਾਂ ਰਾਹੀਂ ਇਹੋ ਸਕੂਟਰ ਫਿਰ ਭਾਰਤ ਨੂੰ ਵੇਚਣੇ ਸ਼ੁਰੂ ਕਰ ਦਿੱਤੇ। ਇਸ ਵਿੱਚ ਕੋਈ ਹੇਰਾਫੇਰੀ ਨਹੀਂ ਸੀ। ਭਾਰਤ ਨੂੰ ਵਿਦੇਸ਼ੀ ਮੁੱਦਰਾ ਮਿਲ ਜਾਂਦੀ, ਗਾਹਕ ਨੂੰ ਕੁਝ ਦਿਨਾਂ ਵਿੱਚ ਹੀ ਸਕੂਟਰ ਮਿਲ ਜਾਂਦਾ ਅਤੇ ਸਾਨੂੰ ਇਸ ਕਾਰੋਬਾਰ ਵਿੱਚੋਂ ਕਮਾਈ ਹੋਣ ਲੱਗੀ। ਇਹ ਦੀਪਿੰਦਰ ਦੇ ਦਿਮਾਗ਼ ਦੀ ਕਾਢ ਸੀ ਜੋ ਹਮੇਸ਼ਾਂ ਨਵੀਆਂ ਸਕੀਮਾਂ ਘੜਦਾ ਰਹਿੰਦਾ। ਮੈਂ ਕਿਹਾ ਕਰਦਾ ਸੀ ਕਿ ਉਹ ਤਾਂ ਐਸਕੀਮੋ ਨੂੰ ਬਰਫ਼ ਵੀ ਵੇਚ ਸਕਦਾ ਹੈ, ਐਸਾ ਜਾਦੂਗਰ ਸੀ।

ਸਾਡਾ ਪਰਿਵਾਰ ਇਕ ਸੰਯੁਕਤ ਅਤੇ ਸਾਂਝਾ ਪ੍ਰੀਵਾਰ ਸੀ। ਵਿਜੇਵਾੜਾ ਵਿੱਚ ਮੇਰੇ ਪਿਤਾ ਜੀ ਅਤੇ ਉਹਨਾਂ ਦੇ ਦੋ ਭਰਾ ਇਕ ਵੱਡੇ ਘਰ ਵਿੱਚ ਇਕੱਠੇ ਹੀ ਰਹਿੰਦੇ ਸਨ। ਸਾਡੇ ਸਾਂਝੇ ਪ੍ਰੀਵਾਰ ਵਿੱਚ ਆਪਸੀ ਪ੍ਰੇਮ ਪਿਆਰ ਬਰਕਰਾਰ ਸੀ ਅਤੇ ਪ੍ਰੀਵਾਰਾਂ ਵਾਲੀ ਸਿਆਸਤ ਤੋਂ ਅਸੀਂ ਬਚੇ ਹੋਏ ਸਾਂ। ਜਦੋਂ ਮੈਂ ਦੁਬਈ ਪਹੁੰਚ ਗਿਆ ਤਾਂ ਸਾਡਾ ਸਾਂਝਾ ਪ੍ਰੀਵਾਰ ਵੀ ਬਿਖਰਣਾ ਸ਼ੁਰੂ ਹੋ ਗਿਆ। ਮੇਰੇ ਚਚੇਰੇ ਭਰਾ ਸ਼ਾਦੀ-ਸ਼ੁਦਾ ਹਨ ਅਤੇ ਚੰਗਾ ਕਾਰੋਬਾਰ ਕਰ ਰਹੇ ਹਨ। ਹੁਣ ਸਾਡਾ ਪ੍ਰੀਵਾਰ ਦੁਨੀਆਂ ਵਿੱਚ ਪਸਰ ਚੁੱਕਾ ਹੈ। ਅਸੀਂ ਜਨਮ ਦਿਨ, ਸ਼ਾਦੀ ਅਤੇ ਗ਼ਮੀ ਦੇ ਮੌਕੇ ਇਕੱਠੇ ਹੋ ਜਾਂਦੇ ਹਾਂ। ਆਪਸ ਵਿੱਚ ਸਾਂਝ ਅਜੇ ਤੱਕ ਕਾਇਮ ਹੈ ਅਤੇ ਰੰਜਿਸ਼ ਨਾ-ਮਾਤਰ ਹੈ। ਰੱਬ ਦਾ ਸ਼ੁਕਰਾਨਾ ਕਰਨਾ ਬਣਦਾ ਹੈ ਜਿਸ ਨੇ ਸਾਡੇ ਪ੍ਰੀਵਾਰ ਨੂੰ ਖ਼ੁਸ਼ੀਆਂ ਅਤੇ ਖੇੜੇ ਬਖ਼ਸ਼ੇ ਹਨ।

ਮੇਰਾ ਸਹੁਰਾ ਪ੍ਰੀਵਾਰ ਵੀ ਸਾਡੀ ਮੱਦਦ ਲਈ ਤਿਆਰ ਰਹਿੰਦਾ ਹੈ। ਮੇਰੀ ਸੱਸ ਹਰਵਿੰਦਰ ਕੌਰ ਚੱਢਾ ਬੜੀ ਹੱਸਮੁੱਖ ਅਤੇ ਨਿੱਘੇ ਸੁਭਾਅ ਦੀ ਮਾਲਕ ਹੈ। ਮੇਰੇ ਸਹੁਰਾ ਸਾਹਿਬ, ਕੁਲਦੀਪ ਸਿੰਘ ਚੱਢਾ, ਬੰਬਈ ਦੇ ਜਾਣੇ-ਪਹਿਚਾਣੇ ਵਿਉਪਾਰੀ ਹਨ ਜੋ ਪੰਜਾਬੀ ਸਮਾਜ ਵਿੱਚ ਸਤਿਕਾਰੇ ਜਾਂਦੇ ਹਨ। ਉਹ ਬਹੁਤ ਸਾਰੀਆਂ ਸੁਸਾਇਟੀਆਂ ਦੇ ਮੈਂਬਰ ਅਤੇ ਕਈਆਂ ਦੇ ਪ੍ਰਧਾਨ ਹਨ। ਉਨ੍ਹਾਂ ਦਾ ਬਾਇਓ-ਡੈਟਾ ਲੈਟਰ-ਹੈਡ ਦੇ ਪੂਰੇ ਸਫ਼ੇ ਨੂੰ ਭਰ ਸਕਦਾ ਹੈ। ਉਹ ਸਮਾਜ ਦੇ ਪਰਉਪਕਾਰੀ ਕੰਮਾਂ ਵਿੱਚ ਜੁਟੇ ਰਹਿੰਦੇ ਹਨ ਅਤੇ ਮਾਇਆ ਦਾ ਦਾਨ ਦਿਲ ਖੋਲ੍ਹ ਕੇ ਕਰਦੇ ਹਨ। 92 ਸਾਲ ਦੀ ਉਮਰ ਵਿੱਚ ਉਹ ਸਿਹਤਮੰਦ ਹੋਣ ਕਰਕੇ ਸਾਰੀਆਂ ਮੀਟਿੰਗਾਂ ਵਿੱਚ ਭਾਗ ਲੈਂਦੇ ਹਨ। ਲੋਕੀਂ ਉਹਨਾਂ ਦਾ ਮਾਣ-ਸਤਿਕਾਰ ਕਰਦੇ ਹਨ।

ਮੇਰੀ ਪਤਨੀ ਬੱਬਲਜ਼ ਇਕੱਲੀ ਧੀ ਹੈ ਜਿਸ ਦੇ ਦੋ ਭਰਾ ਹਨ। ਦੋਵੇਂ ਭਰਾ ਨਾਈਜੀਰੀਆ ਅਤੇ ਬੰਬਈ ਵਿੱਚ ਕਾਰੋਬਾਰ ਕਰਦੇ ਹਨ। ਦੋਵੇਂ ਸ਼ਾਦੀ-ਸ਼ੁਦਾ ਹਨ। ਅਰਸ਼ੀ ਦੀਆਂ ਦੋ ਧੀਆਂ ਅਤੇ ਇਕ ਪੁੱਤਰ ਹੈ ਅਤੇ ਅਮਨਪ੍ਰੀਤ ਦਾ ਇਕ ਪੁੱਤਰ ਅਤੇ

ਇਕ ਧੀ। ਦੋਹਾਂ ਦੀਆਂ ਪਤਨੀਆਂ, ਸਿਮਰਨ ਅਤੇ ਸੁਨੀਤਾ, ਸੁਸ਼ੀਲ ਪ੍ਰੀਵਾਰਾਂ ਵਿੱਚੋਂ ਹਨ ਅਤੇ ਖ਼ੁਸ਼-ਮਿਜ਼ਾਜ ਹਨ। ਕੁਲਵੰਤ ਸਿੰਘ ਕੋਹਲੀ ਮੇਰੇ ਸਹੁਰਾ ਪ੍ਰੀਵਾਰ ਦਾ ਭਰੋਸੇ ਯੋਗ ਮਿੱਤਰ ਹੈ। ਉਹ ਦਾਦਰ (ਬੰਬਈ) ਦੇ ਪ੍ਰੀਤਮ ਹੋਟਲ ਦਾ ਮਾਲਕ ਹੈ। ਸਾਡੇ ਪ੍ਰੀਵਾਰ ਦਾ ਅਨਿੱਖੜਵਾਂ ਅੰਗ ਹੋਣ ਕਰਕੇ ਸਾਡੇ ਬੱਚੇ ਕੋਹਲੀ ਸਾਹਿਬ ਨੂੰ ਛੋਟਾ ਨਾਨਾ ਜੀ ਕਹਿ ਕੇ ਬੁਲਾਉਂਦੇ ਹਨ। ਉਹ ਬੰਬਈ ਦਾ ਸ਼ੈਰਿਫ਼ (Sheriff) ਰਹਿ ਚੁੱਕਾ ਹੈ ਅਤੇ ਕਈ ਸੰਸਥਾਵਾਂ ਦਾ ਮੁੱਖੀ ਹੈ।

ਪ੍ਰੀਵਾਰ ਤੁਹਾਡੇ ਜੀਵਨ ਦਾ ਜ਼ਰੂਰੀ ਅੰਗ ਹੈ। ਚੰਗਾ ਪ੍ਰੀਵਾਰ ਤੁਹਾਨੂੰ ਖ਼ੁਸ਼ੀਆਂ ਅਤੇ ਖੇੜੇ ਪ੍ਰਦਾਨ ਕਰਦਾ ਹੈ। ਪ੍ਰੀਵਾਰ ਦੇ ਮੈਂਬਰਾਂ ਦਾ ਸ਼ੁਕਰਾਨਾ ਕੇਵਲ ਸ਼ਬਦਾਂ ਨਾਲ ਨਾ ਕਰੋ, ਸਗੋਂ ਆਪਣੀ ਸੇਵਾ ਦੇ ਜ਼ਰੀਏ ਦੂਜਿਆਂ ਦੀ ਵਡਿਆਈ ਕਰਨ ਤੋਂ ਕਦੇ ਸੰਕੋਚ ਨਾ ਕਰੋ। ਤੁਹਾਡੇ ਪਿਆਰ ਭਰੇ ਬੋਲ ਸੁਣਨ ਵਾਲੇ ਦਾ ਦਿਲ ਖ਼ੁਸ਼ ਕਰਨਗੇ ਅਤੇ ਉਹ ਤੁਹਾਡਾ ਮਸ਼ਕੂਰ ਬਣ ਜਾਵੇਗਾ ਜਿਸ ਕਰਕੇ ਤੁਸੀਂ ਵੀ ਅਨੰਦਿਤ ਹੋਵੋਗੇ।

— 0 —

13

# ਕਨਫ਼ੂਸ਼ੀਅਸ ਦੇ ਦੇਸ਼ ਵਿੱਚ

ਪੰਜਾਬ ਵਿੱਚ ਇਕ ਕਹਾਵਤ ਹੈ 'ਮੂੰਹ ਫੱਟ'। ਇਸ ਦਾ ਅੱਖਰੀ ਮਾਇਨਾ ਤਾਂ ਫਟੇ ਹੋਏ ਮੂੰਹ ਵਾਲਾ ਬਣਦਾ ਹੈ ਪਰੰਤੂ ਇਹ ਉਸ ਬੰਦੇ ਲਈ ਵਰਤਿਆ ਜਾਂਦਾ ਹੈ ਜੋ ਖਰੀ ਖਰੀ ਗੱਲ ਕਹਿਣ ਦਾ ਆਦੀ ਹੋਵੇ। ਮੈਂ ਨਹੀਂ ਸਮਝਦਾ ਕਿ ਮੈਂ ਇਸ ਜਮਾਤ ਵਿੱਚ ਸ਼ਾਮਲ ਹਾਂ ਕਿਉਂਕਿ ਮੈਂ ਕਿਸੇ ਦਾ ਦਿਲ ਦੁਖਾਣਾ ਨਹੀਂ ਚਾਹੁੰਦਾ। ਪਰੰਤੂ ਮੇਰੇ ਸੁਭਾਅ ਦੀ ਇਕ ਖ਼ਾਸੀਅਤ ਹੈ ਕਿ ਮੈਂ ਜੋ ਵੇਖਦਾ ਹਾਂ ਉਸ ਨੂੰ ਈਮਾਨਦਾਰੀ ਨਾਲ ਪੇਸ਼ ਕਰਦਾ ਹਾਂ, ਬਗ਼ੈਰ ਕਿਸੇ ਅਡੰਬਰ ਦੇ ਜਾਂ ਲੋਲੋ-ਪੋਪੋ ਦੇ। ਟਾਇਰ ਇੰਡਸਟਰੀ ਵਿੱਚ ਹੋਣ ਕਰਕੇ ਮੈਂ ਦੁਨੀਆਂ ਭਰ ਵਿੱਚ ਘੁੰਮਦਾ ਹਾਂ ਅਤੇ ਭਾਂਤ ਭਾਂਤ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ।

ਅੰਤਰ-ਰਾਸ਼ਟਰੀ ਟਾਇਰ ਬਿਜ਼ਨੈਸ ਵਿੱਚ ਮੇਰਾ ਪਹਿਲਾ ਵਾਸਤਾ ਦੁਬਈ ਦੀ ਹੈਨਕੁੱਕ ਟਾਇਰ ਡਿਸਟਰੀਬਿਊਸ਼ਨ ਕੰਪਨੀ ਨਾਲ ਪਿਆ। 1977 ਵਿੱਚ ਜਦੋਂ ਇਸ ਕੰਪਨੀ ਦਾ ਬ੍ਰਾਂਚ ਮੈਨੇਜੇਰ ਐਸ.ਐਚ. ਸੂਹ ਕੁਵੈਤ ਤੋਂ ਦੁਬਈ ਬਦਲ ਕੇ ਆਇਆ ਤਾਂ ਮੇਰੀ ਉਸ ਨਾਲ ਮੁਲਾਕਾਤ ਹੋਈ। ਹੈਨਕੁੱਕ ਨਾਲ ਕਾਰੋਬਾਰ ਕਰਦਿਆਂ ਹੁਣ ਚਾਲ੍ਹੀ ਸਾਲ ਹੋ ਗਏ ਹਨ। ਇਹ ਜਲਦੀ ਹੀ ਦੁਨੀਆਂ ਦੀ ਪੰਜਵੇਂ ਨੰਬਰ ਦੀ ਟਾਇਰ ਕੰਪਨੀ ਬਣਨ ਜਾ ਰਹੀ ਹੈ ਕਿਉਂਕਿ ਇਸ ਦਾ ਕਾਰੋਬਾਰ ਕੁਆਲਟੀ, ਆਧੁਨਿਕਤਾ ਅਤੇ ਚੰਗੀਆਂ ਬਿਜ਼ਨੈਸ ਰਵਾਇਤਾਂ ਉਪਰ ਆਧਾਰਿਤ ਹੈ। ਮਿਸਟਰ ਐਸ.ਕੇ. ਹਾਨ ਜਦੋਂ ਕੋਰੀਆ ਤੋਂ ਦੁਬਈ ਮੈਨੇਜਰ ਬਣ ਕੇ ਆਇਆ ਤਾਂ ਮੇਰੇ ਨਾਲ ਮੇਲ-ਜੋਲ ਹੋ ਗਿਆ। ਕੋਰੀਅਨ ਲੋਕ ਬਹੁਤ ਹੀ ਮਿਹਨਤੀ, ਵਾਇਦੇ ਦੇ ਪੱਕੇ ਅਤੇ ਇਮਾਨਦਾਰ ਹੁੰਦੇ ਹਨ। ਹੈਨਕੁੱਕ ਕੰਪਨੀ 1941 ਵਿੱਚ ਸ਼ੁਰੂ ਹੋਈ ਸੀ ਜਦੋਂ ਇਸ ਦਾ ਨਾਮ ਚੋਸਨ ਟਾਇਰ ਕੰਪਨੀ ਰੱਖਿਆ ਗਿਆ। 1968 ਵਿੱਚ ਇਸ ਦਾ ਨਾਮ ਬਦਲ ਕੇ 'ਹੈਨਕੁੱਕ' ਰੱਖਿਆ ਗਿਆ ਜਿਸ ਦਾ ਕੋਰੀਅਨ ਭਾਸ਼ਾ ਵਿੱਚ ਅੱਖਰੀ ਭਾਵ ਹੈ 'ਕੋਰੀਅਨ ਟਾਇਰ'।

ਯੂ.ਏ.ਈ. ਵਿੱਚ ਇਸ ਕੰਪਨੀ ਦੇ ਕਈ ਮੈਨੇਜਰ ਆਏ ਪ੍ਰੰਤੂ ਜੋ ਮੇਰੇ ਜੀਵਨ ਵਿੱਚ ਚੰਗਾ ਪ੍ਰਭਾਵ ਛੱਡ ਗਏ, ਉਹ ਮਿਸਟਰ 'ਸੂਹ' ਅਤੇ ਮਿਸਟਰ 'ਹਾਨ' ਹੀ ਸਨ। ਇਨ੍ਹਾਂ ਨਾਲ ਮਿਲ ਕੇ ਅਸੀਂ ਦੁਬਈ ਵਿੱਚ ਹੈਨਕੁੱਕ ਗਰੀਨਸਮ ਗੋਲਫ਼ ਟੂਰਨਾਮੈਂਟ ਸ਼ੁਰੂ ਕੀਤਾ ਜੋ ਹੁਣ ਉੱਨ੍ਹੀਵੇਂ ਸਾਲ ਵਿੱਚ ਪਹੁੰਚ ਗਿਆ ਹੈ ਅਤੇ ਐਮੀਰੇਟਸ ਗੋਲਫ਼ ਕਲੱਬ ਦਾ ਬਹੁਤ ਹਰਮਨ ਪਿਆਰਾ ਬਣ ਚੁੱਕਾ ਹੈ।

ਅਸੀਂ ਮਿਲ-ਜੁਲ ਕੇ ਹੈਨਕੁੱਕ ਬਰਾਂਡ ਦੇ ਟਾਇਰਾਂ ਦੀ ਵਿਕਰੀ ਯੂ.ਏ.ਈ. ਵਿੱਚ ਵਧਾਈ ਹੈ। ਦੁਬਈ ਟੈਕਸੀ ਕਾਰਪੋਰੇਸ਼ਨ ਨੂੰ ਟਾਇਰ ਅਤੇ ਬੈਟਰੀਆਂ ਦੀ ਪੂਰੀ ਸਪਲਾਈ ਹੈਨਕੁੱਕ ਵਲੋਂ ਹੀ ਹੋ ਰਹੀ ਹੈ। ਮੈਂ ਕੋਰੀਅਨ ਕਾਰੋਬਾਰ ਦੀਆਂ ਬਾਰੀਕੀਆਂ ਅਤੇ ਉਨ੍ਹਾਂ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਸਮਝਣ ਲੱਗਾ ਹਾਂ। ਉਹ ਆਪਣੇ ਦੇਸ਼ ਅਤੇ ਲੋਕਾਂ ਪ੍ਰਤੀ ਬਹੁਤ ਸੁਹਿਰਦ ਹਨ। ਦੋਸਤੀ ਵਿੱਚ ਉਹ ਤੁਹਾਡੇ ਨਾਲ ਜੀਵਨ ਭਰ ਨਿਭਣ ਲਈ ਤਿਆਰ ਹੋ ਜਾਂਦੇ ਹਨ। ਉਹ ਬਿਜ਼ਨੈਸ ਦੀ ਰਗ ਰਗ ਤੋਂ ਵਾਕਫ਼ ਹੁੰਦੇ ਹਨ ਅਤੇ ਤਨੋਂ ਮਨੋਂ ਇਸ ਵਿੱਚ ਜੁੱਟ ਜਾਂਦੇ ਹਨ। ਆਪਣੇ ਤੋਂ ਵੱਡਿਆਂ ਅਤੇ ਕੰਪਨੀ ਦੇ ਮਾਲਕਾਂ ਦੀ ਇੱਜ਼ਤ ਕਰਦੇ ਹਨ। ਉਨ੍ਹਾਂ ਦੀ ਪਿੱਠ ਪਿੱਛੇ ਵੀ ਉਹ ਕੋਈ ਨਿੰਦਣਯੋਗ ਗੱਲ ਨਹੀਂ ਕਰਦੇ। ਆਪਣੇ ਕਾਲਜ ਅਤੇ ਯੂਨੀਵਰਸਿਟੀ ਨਾਲ ਉਮਰ ਭਰ ਵਫ਼ਾਦਾਰੀ ਨਿਭਾਉਂਦੇ ਹਨ ਅਤੇ ਦਿਲ ਖੋਲ੍ਹ ਕੇ ਸਹਾਇਤਾ ਕਰਦੇ ਹਨ। ਯੂਨੀਵਰਸਿਟੀ ਨਾਲ ਇਕ ਕਬੀਲੇ ਵਾਲਾ ਵਿਵਹਾਰ ਕਰਦੇ ਹਨ। ਕੋਰੀਅਨ ਨਵੀਆਂ ਗੱਲਾਂ ਸਿੱਖਣ ਵਿੱਚ ਮੁਹਾਰਤ ਰੱਖਦੇ ਹਨ। ਇਕ ਵਾਰ ਵਿਸ਼ਵਾਸ ਬਣ ਜਾਵੇ ਤਾਂ ਕੋਰੀਅਨ ਲੋਕਾਂ ਨਾਲ ਕਾਰੋਬਾਰ ਕਰਨਾ ਦਿਲ ਪ੍ਰਚਾਵਾ ਬਣ ਜਾਂਦਾ ਹੈ।

ਮੇਰੇ ਕਾਰੋਬਾਰੀ ਸੰਗੀਆਂ ਸਾਥੀਆਂ ਵਿੱਚ ਜਪਾਨੀ, ਕੋਰੀਅਨ, ਚੀਨੀ, ਅਮਰੀਕਨ ਅਤੇ ਯੂਰੋਪੀਅਨ ਲੋਕ ਵੀ ਸ਼ਾਮਲ ਹਨ। ਹਰ ਇਕ ਦਾ ਬਿਜ਼ਨੈਸ ਕਰਨ ਦਾ ਢੰਗ ਵੱਖਰੋ-ਵੱਖਰਾ ਹੈ ਅਤੇ ਤੁਹਾਨੂੰ ਉਹਨਾਂ ਨਾਲ ਪੱਲਾ ਮੇਚ ਕੇ ਤੁਰਨਾ ਪੈਂਦਾ ਹੈ। ਅਮਰੀਕਨ ਪ੍ਰੇਰਨ ਲਈ ਤੁਹਾਡੇ ਟਰਿੱਪ ਦਾ ਪ੍ਰਬੰਧ ਕਰਨਗੇ, ਟ੍ਰੇਡ ਫ਼ੇਅਰ ਲਗਾਉਣਗੇ ਅਤੇ ਗੋਲਫ਼ ਦੀ ਖੇਡ ਲਈ ਸੱਦਾ ਭੇਜਣਗੇ। ਉਹ ਮੀਟਿੰਗਾਂ ਵਿੱਚ ਸਮਾਂ ਬਰਬਾਦ ਨਹੀਂ ਕਰਦੇ ਅਤੇ ਗੋਲਫ਼ ਕੋਰਸ ਉਪਰ ਹੀ ਸੌਦਾ ਕਰ ਲੈਂਦੇ ਹਨ। ਜਪਾਨੀ ਬੋਰਡ ਦੀਆਂ ਮੀਟਿੰਗਾਂ ਵਿੱਚ ਯਕੀਨ ਰੱਖਦੇ ਹਨ। ਉਹ ਗੋਲਫ਼ ਕੋਰਸ ਉਪਰ ਖੇਡ ਵਿੱਚ ਧਿਆਨ ਦੇਂਦੇ ਹਨ ਅਤੇ ਕਾਰੋਬਾਰ ਦੀ ਗੱਲ ਨਹੀਂ ਕਰਦੇ। ਕੋਰੀਅਨ ਲੋਕਾਂ ਲਈ ਅਜੰਡੇ ਉਪਰ ਬਿਜ਼ਨੈਸ ਦੀ ਪਹਿਲ ਹੁੰਦੀ ਹੈ, ਬਾਕੀ ਖਾਣਾ, ਪੀਣਾ ਅਤੇ ਖੇਡਣਾ ਬਾਅਦ ਵਿੱਚ ਰੱਖਿਆ ਜਾਂਦਾ ਹੈ।

ਚੀਨੀ ਹੋਰਨਾਂ ਨਾਲੋਂ ਵੱਖਰੀ ਕਿਸਮ ਦੇ ਸੌਦਾਗਰ ਹਨ। ਉਨ੍ਹਾਂ ਦੇ ਕੰਮ ਕਰਨ ਦੀ ਨੀਤੀ ਉਪਰ ਇਕ ਕਿਤਾਬ ਲਿਖੀ ਜਾ ਸਕਦੀ ਹੈ। ਉਹ 24 ਘੰਟੇ 7 ਦਿਨ ਕੰਮ ਦੇ ਸੌਦੇ ਉਪਰ ਲੱਗੇ ਰਹਿੰਦੇ ਹਨ। ਉਹ ਤੁਹਾਨੂੰ ਖਾਣ ਪੀਣ ਨਾਲ ਨਿਹਾਲ ਕਰਨਾ ਚਾਹੁੰਦੇ ਹਨ ਅਤੇ ਸ਼ਰਾਬ ਵਿੱਚ ਡੁੱਬੇ ਰੱਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਮਹਿਮਾਨ ਸ਼ਰਾਬ ਪੀ ਕੇ ਗੁੱਟ ਨਹੀਂ ਹੋ ਜਾਂਦਾ ਤਾਂ ਸੇਵਾ ਵਿੱਚ ਕਮੀ ਰਹੀ ਹੈ। ਅਗਲੇ ਦਿਨ ਤੁਸੀਂ ਸਿਰ ਦਰਦ ਨਾਲ ਉਠੋਗੇ ਤਾਂ ਚੀਨੀ ਆਪਦੀ ਕਾਮਯਾਬੀ ਸਮਝਣਗੇ। ਚੀਨੀ ਲੋਕ ਆਪਣੀ ਨੁਕਤਾਚੀਨੀ ਸੁਣਨ ਦੇ ਆਦੀ ਨਹੀਂ। ਉਹ ਆਪਣੀ ਕੌਮ ਉਪਰ ਫ਼ਖ਼ਰ ਕਰਦੇ ਹਨ ਅਤੇ ਆਪਣੇ ਦੇਸ਼ ਬਾਰੇ ਵਫ਼ਾਦਾਰ ਹਨ। ਚੀਨ ਵਿੱਚ ਸਿਰਫ਼ ਦੋ ਕੌਮੀ ਛੁੱਟੀਆਂ ਹੁੰਦੀਆਂ

ਹਨ 'ਸਪਰਿੰਗ ਤਿਉਹਾਰ' ਅਤੇ 'ਮੂਲ (ਚੰਦ੍ਰਮਾ) ਤਿਉਹਾਰ'। ਬਾਕੀ ਸਾਰਾ ਸਾਲ ਉਹ ਕੰਮ ਕਰਦੇ ਹਨ ਐਤਵਾਰ ਸਮੇਤ। ਤਿਉਹਾਰ ਦੇ ਦਿਨ ਉਹ ਤੋਹਫ਼ਿਆਂ ਦਾ ਲੈਣ-ਦੇਣ ਕਰਦੇ ਹਨ। ਚੀਨ ਦੀ ਰਵਾਇਤ ਹੈ ਕਿ 'ਮੂਨ ਕੇਕ' ਦੇ ਨਾਲ ਲਾਲ ਲਿਫ਼ਾਫ਼ੇ ਵਿਚ ਮਾਇਆ (ਕੁਝ ਰਕਮ) ਭੇਂਟ ਕਰਨੀ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ।

2002 ਵਿੱਚ ਮੈਂ ਪਹਿਲੀ ਵਾਰ ਚੀਨ ਗਿਆ ਜਦੋਂ ਹਾਂਗਜ਼ੂ ਵਿੱਚ ਵੈਸਟਲੇਕ ਰੇਡੀਅਲ ਟਾਇਰ ਪਲਾਂਟ ਦਾ ਉਦਘਾਟਨ ਹੋਇਆ ਸੀ। ਇਸ ਫ਼ੰਕਸ਼ਨ ਵਿੱਚ ਲਾਲ ਗੁਬਾਰੇ, ਝੰਡੇ ਅਤੇ ਚੀਨੀ ਅਧਿਕਾਰੀ ਫ਼ੌਜੀ ਵਰਦੀ ਵਿੱਚ ਵੇਖਣ ਨੂੰ ਮਿਲੇ। ਰਿਬਨ ਕੱਟਣ ਤੋਂ ਪਹਿਲਾਂ ਲੰਬੇ ਭਾਸ਼ਣ ਸੁਣਨੇ ਪਏ। ਇਸ ਤੋਂ ਬਾਅਦ ਦਿਲ ਪ੍ਰਚਾਵੇ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ ਜਿਸ ਵਿੱਚ ਨਾਚ ਗਾਣੇ ਦਾ ਚੰਗਾ ਪ੍ਰਬੰਧ ਸੀ। ਫਿਰ ਅਸੀਂ ਬੈਂਕੁਅਟ ਹਾਲ ਵਿੱਚ ਦਾਖ਼ਲ ਹੋਏ ਜਿੱਥੇ ਹਰ ਚੀਨੀ ਅਧਿਕਾਰੀ ਨੇ ਸ਼ਰਾਬ ਨਾਲ ਟੋਸਟ ਪੇਸ਼ ਕੀਤਾ। ਵੱਡੇ ਅਧਿਕਾਰੀ ਨੇ ਤਿੰਨ ਵਾਰ ਅਤੇ ਬਾਕੀਆਂ ਨੇ ਇਕ ਵਾਰ। ਟੋਸਟ ਪੇਸ਼ ਕਰਨ ਸਮੇਂ ਪਹਿਲਾਂ ਚੀਨ ਦੀ ਸਫ਼ੈਦ ਸ਼ਰਾਬ 'ਮਉਤੇ', ਫਿਰ ਲਾਲ ਸ਼ਰਾਬ ਅਤੇ ਹੋਰ ਕਈ ਕਿਸਮ ਦੀਆਂ ਸ਼ਰਾਬਾਂ ਖੁੱਲ੍ਹਦੀਆਂ ਹਨ। ਜਦੋਂ ਟੋਸਟ ਪੇਸ਼ ਕਰਨ ਦੀ ਰਸਮ ਖ਼ਤਮ ਹੁੰਦੀ ਹੈ ਤਾਂ ਸ਼ਰਾਬ ਨਾਲ ਸਭ ਰੱਜੇ ਹੁੰਦੇ ਹਨ। ਫਿਰ ਭੋਜਨ ਦੀ ਦਾਅਵਤ ਵਿੱਚ ਸ਼ਾਮਲ ਹੋਣਾ ਪਿਆ। ਮੈਂ ਤਾਂ ਇੰਨਾ ਰੱਜਾ ਹੋਇਆ ਸਾਂ ਕਿ ਬਿਸਤਰੇ ਉਪਰ ਲੰਮਲੇਟ ਹੋਣਾ ਚਾਹੁੰਦਾ ਸਾਂ। ਪਰੰਤੂ ਮੀਟਿੰਗ ਵਿੱਚ ਸ਼ਾਮਲ ਹੋਣਾ ਮੇਰੀ ਮਜਬੂਰੀ ਸੀ ਜਿੱਥੇ ਟਾਇਰਾਂ ਦੀ ਗੱਲਬਾਤ ਹੋ ਰਹੀ ਸੀ। ਮੀਟਿੰਗ ਤੋਂ ਬਾਅਦ ਸਾਢੇ ਪੰਜ ਵਜੇ ਡਿਨਰ ਦਾ ਸੱਦਾ ਸੀ ਜਿੱਥੇ ਫਿਰ ਸ਼ਰਾਬ ਦਾ ਦੌਰ ਸ਼ੁਰੂ ਹੋ ਗਿਆ।

ਚੀਨ ਦੀਆਂ ਮੀਟਿੰਗਾਂ ਦਾ ਸਿਲਸਿਲਾ ਤੁਸੀਂ ਵੇਖ ਲਿਆ ਹੈ। ਚੀਨੀ ਆਪਣੇ ਮਹਿਮਾਨ ਦੀ ਸੇਵਾ ਵਿੱਚ ਕੋਈ ਕਸਰ ਨਹੀਂ ਛੱਡਦੇ ਅਤੇ ਸ਼ਰਾਬ ਵਿੱਚ ਡੋਬ ਦੇਂਦੇ ਹਨ। ਚੀਨੀ ਬਹੁਤ ਮਿਹਨਤੀ ਲੋਕ ਹਨ ਅਤੇ ਵਿਸ਼ਵ ਭਰ ਵਿੱਚ ਆਪਣੀ ਧਾਂਕ ਜਮਾ ਚੁੱਕੇ ਹਨ । ਇਹ ਕੋਈ ਮਖ਼ੌਲ ਦੀ ਗੱਲ ਨਹੀਂ ਕਿ ਚੀਨ ਹੁਣ ਦੁਨੀਆਂ ਦੀ ਸਭ ਤੋਂ ਵੱਡੀ ਫ਼ੈਕਟਰੀ ਬਣ ਚੁੱਕਾ ਹੈ। ਚੀਨ ਦੀਆਂ ਫ਼ੈਕਟਰੀਆਂ ਉਤਪਾਦਨ ਦਾ ਰੀਕਾਰਡ ਕਾਇਮ ਕਰ ਰਹੀਆਂ ਹਨ। ਇਹ ਜਿਸ ਇੰਡਸਟਰੀ ਵਿੱਚ ਪੈਰ ਧਰਦੇ ਹਨ, ਉਸ ਦੇ ਦੁਨਿਆਵੀ ਲੀਡਰ ਬਣ ਜਾਂਦੇ ਹਨ। ਦੁਨੀਆਂ ਦੀਆਂ ਬਾਕੀ ਮੰਡੀਆਂ ਚੀਨੀ ਮਾਲ ਨਾਲ ਓਤਪੋਤ ਹੋ ਰਹੀਆਂ ਹਨ ਅਤੇ ਕਰੋਨਾ ਵਾਇਰਸ ਵਾਂਗ ਚੀਨ ਦੇ ਮਾਲ ਤੋਂ ਡਰ ਰਹੀਆਂ ਹਨ।

ਟਾਇਰਾਂ ਦੇ ਕਾਰੋਬਾਰ ਵਿੱਚ ਚੀਨ ਨੇ ਦੁਨੀਆਂ ਦੀ ਮੰਡੀ ਵਿੱਚ ਕਬਜ਼ਾ ਕਰ ਰੱਖਿਆ ਹੈ। ਬਾਕੀ ਦੇਸ਼ ਇਸ ਮਾਲ ਉਪਰ ਡਿਊਟੀ ਲਗਾ ਕੇ ਰੋਕਣਾ ਚਾਹੁੰਦੇ ਹਨ। ਚੀਨੀ ਟਾਇਰ ਬਾਕੀ ਟਾਇਰਾਂ ਦੇ ਮੁਕਾਬਲੇ 60% ਸਸਤੇ ਹੋਣ ਕਰਕੇ ਗਾਹਕ ਇਨ੍ਹਾਂ ਦੀ

ਖ਼ਰੀਦ ਕਰਦਾ ਹੈ। ਇਨ੍ਹਾਂ ਦੀ ਕੁਆਲਟੀ ਵੀ ਠੀਕ ਹੁੰਦੀ ਹੈ। ਅਫ਼ਰੀਕਨ ਮਹਾਂਦੀਪ ਦੇ ਦੇਸ਼ਾਂ ਵਿੱਚ 70 ਤੋਂ 80 ਪ੍ਰਤੀਸ਼ਤ ਗਾਹਕ ਚੀਨੀ ਟਾਇਰ ਖ਼ਰੀਦਦੇ ਹਨ। 62 ਪ੍ਰਤੀਸ਼ਤ ਯੂ.ਕੇ. ਦੇ ਗਾਹਕ ਵੀ ਸਸਤੇ ਚੀਨੀ ਟਾਇਰ ਹੀ ਭਾਲਦੇ ਹਨ। ਅਮਰੀਕਾ ਦਾ ਵੀ ਚੀਨੀ ਟਾਇਰਾਂ ਬਗ਼ੈਰ ਗੁਜ਼ਾਰਾ ਨਹੀਂ ਕਿਉਂਕਿ ਉਹ ਆਪਣੀ ਜ਼ਰੂਰਤ ਪੂਰੀ ਨਹੀਂ ਕਰ ਸਕਦੇ। ਅਸੀਂ ਯੂਰਪ ਵਿੱਚ ਚੀਨ ਦੇ ਬਣੇ ਵੈਸਟਲੇਕ ਟਾਇਰ ਵੇਚਣੇ ਸ਼ੁਰੂ ਕੀਤੇ, ਮੰਗ ਏਨੀ ਜ਼ਿਆਦਾ ਸੀ ਕਿ ਸਾਨੂੰ ਪੂਰੀ ਸਪਲਾਈ ਵਿੱਚ ਦਿੱਕਤ ਆ ਰਹੀ ਸੀ। ਇਸ ਮੰਗ ਨੂੰ ਪੂਰੀ ਕਰਨ ਲਈ ਸ਼ੈਨਡੋਂਗ ਸੂਬੇ ਦੀ ਲਿੰਗਲਾਂਗ ਫ਼ੈਕਟਰੀ ਨਾਲ ਮਿਲ ਕੇ 'ਇਨਫ਼ਿਨਟੀ' ਬਰਾਂਡ ਹੇਠ ਨਵੀਂ ਕੰਪਨੀ ਚਾਲੂ ਕਰ ਲਈ।

2004 ਵਿੱਚ ਜਨਰਲ ਮੈਨੇਜਰ ਮਿਸਟਰ 'ਵਾਂਗ ਫ਼ੈਂਗ' ਨਾਲ ਮੇਰੀ ਦਿਲਚਸਪ ਮੀਟਿੰਗ ਹੋਈ ਤਾਂ ਕਿ 'ਇਨਫ਼ਿਨਟੀ' ਬ੍ਰਾਂਡ ਦੇ ਟਾਇਰ ਉਸ ਦੀ ਫ਼ੈਕਟਰੀ ਵਿੱਚ ਤਿਆਰ ਕੀਤੇ ਜਾਣ। ਉਸ ਨੇ ਜਿੰਨੀ ਕੀਮਤ ਮੰਗੀ, ਮੈਂ ਉਸ ਤੋਂ ਵੱਧ ਦੇਣਾ ਚਾਹੁੰਦਾ ਸੀ। ਉਹ ਹੈਰਾਨ ਹੋ ਰਿਹਾ ਸੀ ਕਿ ਹੋਰ ਲੋਕ ਕੀਮਤ ਘੱਟ ਕਰਵਾਉਂਦੇ ਹਨ ਪਰੰਤੂ ਮੈਂ ਵੱਧ ਦੇਣ ਦੀ ਪੇਸ਼ਕਸ਼ ਕਰ ਰਿਹਾ ਹਾਂ। ਮੈਂ ਚਾਹੁੰਦਾ ਸੀ ਕਿ ਉਹ ਟਾਇਰਾਂ ਦੀ ਕੁਆਲਟੀ ਬਾਰੇ ਗਰੰਟੀ ਅਤੇ ਵਰੰਟੀ ਦੇਵੇ ਜਿਸ ਕਰਕੇ ਮੈਂ ਵੱਧ ਰਕਮ ਖ਼ਰਚ ਕਰਨ ਨੂੰ ਤਿਆਰ ਸਾਂ। ਮੇਰਾ ਵਿਸ਼ਵਾਸ ਹੈ ਕਿ ਟਾਇਰ ਦੀ ਕੁਆਲਟੀ ਗਾਹਕ ਦੀ ਜ਼ਿੰਦਗੀ ਨਾਲ ਸਬੰਧ ਰੱਖਦੀ ਹੈ। ਜੇਕਰ ਤੁਹਾਡੀ ਕਾਰ ਦਾ ਟਾਇਰ ਘਟੀਆ ਕੁਆਲਟੀ ਦਾ ਹੈ ਤਾਂ ਸੜਕ ਉਪਰ ਹਾਦਸਾ ਹੋਣਾ ਲਾਜ਼ਮੀ ਹੈ ਜੋ ਤੁਹਾਡੀ ਜਾਨਲੇਵਾ ਹੋ ਸਕਦਾ ਹੈ। ਮੈਂ ਇਕ ਪ੍ਰਣ ਲੈ ਰੱਖਿਆ ਹੈ ਕਿ ਮੈਂ ਕਿਸੇ ਦੀ ਜ਼ਿੰਦਗੀ ਨਾਲ ਖਿਲਵਾੜ ਨਹੀਂ ਕਰਾਂਗਾ। ਮੇਰੇ ਵਡੇਰਿਆਂ ਨੇ ਸਿਖਾਇਆ ਹੈ ਕਿ ਹਰ ਬੰਦੇ ਵਿੱਚ ਪ੍ਰਮਾਤਮਾ ਵੱਸਦਾ ਹੈ ਜਿਸ ਕਰਕੇ ਮੈਂ ਰੱਬ ਦੇ ਬੰਦਿਆਂ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਮੇਰੀ ਕਾਮਯਾਬੀ ਦਾ ਇਹ ਰਾਜ਼ ਹੈ ਕਿ ਮੈਂ ਟਾਇਰਾਂ ਦੀ ਕੁਆਲਟੀ ਬਾਰੇ ਕੋਈ ਸਮਝੌਤਾ ਨਹੀਂ ਕਰਦਾ। ਇਹੋ ਕਾਰਨ ਹੈ ਕਿ ਅੱਜ ਟਾਇਰਾਂ ਦੀ ਦੁਨੀਆਂ ਵਿੱਚ 'ਦੋਬੋਈ' ਕੰਪਨੀ ਦਾ ਨਾਮ ਸਤਿਕਾਰ ਦਾ ਪਾਤਰ ਹੈ।

ਚੀਨੀ ਲੋਕਾਂ ਤੋਂ ਮੈਂ ਬਿਜ਼ਨੈਸ ਬਾਰੇ ਬਹੁਤ ਕੁਝ ਸਿੱਖਿਆ ਹੈ। ਉਹ ਆਪਣੇ ਮਕਸਦ ਦੀ ਪ੍ਰਾਪਤੀ ਲਈ ਹਰ ਹੀਲਾ ਵਰਤਦੇ ਹਨ। ਜੇਕਰ ਨਾਂਹ ਵੀ ਕਰਦੇ ਹਨ ਤਾਂ ਓਪਰੀ ਜਹੀ। ਉਹ ਵੇਖਣਾ ਚਾਹੁੰਦੇ ਹਨ ਕਿ ਤੁਸੀਂ ਕਿੰਨੇ ਸਿਰੜੀ ਹੋ। ਜੇਕਰ ਤੁਸੀਂ ਉਨ੍ਹਾਂ ਨੂੰ ਕਾਰੋਬਾਰ ਕਰਨ ਲਈ ਸੱਦਾ ਦੇਂਦੇ ਹੋ ਤਾਂ ਉਹ ਬਗ਼ੈਰ ਕਿਸੇ ਸਿਆਸਤ ਅਤੇ ਢਿੱਲ ਤੋਂ ਤੁਹਾਡਾ ਸੁਆਗਤ ਕਰਦੇ ਹਨ। ਉਹ ਕਾਰੋਬਾਰ ਨੂੰ ਆਪਣਾ ਧਰਮ ਸਮਝਦੇ ਹਨ। ਮੈਂ ਸਾਲ ਵਿੱਚ ਚਾਰ ਵਾਰ ਚੀਨ ਦੀ ਯਾਤਰਾ ਕਰਦਾ ਹਾਂ। ਮੈਂ ਇਸ ਕਹਾਵਤ ਉਪਰ ਚੱਲਦਾ ਹਾਂ 'ਅੱਖੋਂ ਉਹਲੇ ਦਿਲੋਂ ਉਹਲੇ'। ਬਿਜ਼ਨੈਸ ਵਿੱਚ ਅੱਪ-ਟੂ-ਡੇਟ ਰਹਿਣਾ ਪੈਂਦਾ ਹੈ।

ਚੀਨ ਇਸ ਵੇਲੇ ਦੁਨੀਆਂ ਦਾ ਲੀਡਰ ਬਣਨਾ ਚਾਹੁੰਦਾ ਹੈ ਜਿਸ ਕਰਕੇ ਉਹ ਮੰਡੀਆਂ ਦਾ ਹੀਰੋ ਬਣ ਗਿਆ ਹੈ। ਮੇਰਾ ਚੀਨ ਦਾ ਹਰ ਚੱਕਰ ਡੂੰਘਾ ਤਜਰਬਾ ਬਣ ਗਿਆ ਹੈ। ਅਸੀਂ ਸਵੇਰ ਸਾਰ ਕੰਮ ਸ਼ੁਰੂ ਕਰ ਲੈਂਦੇ ਹਾਂ, ਸਾਰਾ ਦਿਨ ਕਾਰੋਬਾਰ ਕਰਕੇ ਸ਼ਾਮ ਨੂੰ ਵਿਹਲੇ ਹੋ ਕੇ ਸ਼ਰਾਬ ਦੇ ਦੌਰ ਚੱਲਦੇ ਹਨ ਅਤੇ ਫਿਰ ਸੌਂ ਜਾਂਦੇ ਹਾਂ। ਅਗਲੇ ਦਿਨ ਫਿਰ ਇਹੋ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਮੇਜ਼ ਉਪਰ ਖਾਣਾ ਪਰੋਸਿਆ ਰਹਿੰਦਾ ਹੈ ਅਤੇ ਜਦੋਂ ਤੁਹਾਡਾ ਮਨ ਭਰ ਜਾਵੇ ਤਾਂ ਪੀਜ਼ਾ ਜਾਂ ਹੈਮਬਰਗਰ ਖਾਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਕ ਵਾਰ ਜਦੋਂ ਹਾਂਗਜੂ ਦੇ ਰੈਸਤੋਰਾਂ ਵਿੱਚ ਖਾਣਾ ਖਾਣ ਲਈ ਗਏ ਤਾਂ ਬੜਾ ਅਜੀਬ ਤਜਰਬਾ ਹੋਇਆ। ਇਕ ਪਾਣੀ ਦੇ ਟੈਂਕ ਵਿੱਚ ਸੱਪਾਂ ਨੂੰ ਬੰਦ ਰੱਖਿਆ ਸੀ। ਮੇਰਾ ਮੇਜ਼ਬਾਨ ਕਹਿਣ ਲੱਗਾ ਕਿ ਟੈਂਕ ਵਿੱਚੋਂ ਸੱਪ ਦੀ ਚੋਣ ਕਰ ਲੈ ਜੋ ਤੂੰ ਖਾਣਾ ਚਾਹੁੰਦਾ ਹੈਂ। ਮੈਨੂੰ ਦੁਬਈ ਦਾ ਪਹਿਲਾ ਰੈਸਤੋਰਾਂ ਤਜਰਬਾ ਯਾਦ ਆ ਗਿਆ ਜਦੋਂ ਸਾਨੂੰ ਖਾਣ ਲਈ ਆਪਣੀ ਮੱਛੀ ਦੀ ਚੋਣ ਕਰਨੀ ਪਈ ਸੀ ਪਰੰਤੂ ਸੱਪ ਚੁਣਨਾ ਤਾਂ ਅਜੀਬੋ-ਗ਼ਰੀਬ ਲੱਗ ਰਿਹਾ ਸੀ। ਅਗਲੀ ਵਾਰ ਜਦੋਂ ਰੈਸਤੋਰਾਂ ਵਿੱਚ ਮੀਟ ਖਾਣ ਨੂੰ ਮਿਲਿਆ ਤਾਂ ਆਪਣੇ ਮੇਜ਼ਬਾਨ ਨੂੰ ਪੁੱਛਣਾ ਠੀਕ ਸਮਝਿਆ। ਉਹ ਕਹਿਣ ਲੱਗਾ 'ਇਹ ਗਧੇ ਦਾ ਮਾਸ ਹੈ'। ਚੀਨੀਆਂ ਬਾਰੇ ਮਸ਼ਹੂਰ ਹੈ ਕਿ ਉਹ ਧਰਤੀ ਉਪਰ ਉਡਣ ਵਾਲੇ, ਤੁਰਨ ਵਾਲੇ ਅਤੇ ਰੀਂਗਣ ਵਾਲੇ ਹਰ ਜੀਵ-ਜੰਤੂ ਨੂੰ ਖਾ ਜਾਂਦੇ ਹਨ, ਸਿਰਫ਼ ਮਨੁੱਖ ਹੀ ਬਚਿਆ ਹੈ। ਮੈਂ ਇੰਨੇ ਅਜੀਬ ਖਾਣਿਆਂ ਦਾ ਆਦੀ ਨਹੀਂ ਸਾਂ।

ਯੂਰਪ ਦੇ ਕਾਰੋਬਾਰੀਆਂ ਨਾਲ ਵੱਖਰੀ ਕਿਸਮ ਦਾ ਤਜਰਬਾ ਹੋਇਆ। ਉਹ ਛੁੱਟੀ ਵਾਲੇ ਦਿਨ ਤੁਹਾਨੂੰ ਨਹੀਂ ਮਿਲ ਸਕਦੇ। ਉਹ ਬਿਜ਼ਨੈਸ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ ਅਤੇ ਇਨ੍ਹਾਂ ਉਪਰ ਪਹਿਰਾ ਦੇਂਦੇ ਹਨ। ਜੋ ਸੌਦਾ ਕਰ ਲਿਆ, ਉਸ ਨੂੰ ਤੋੜ ਨਿਭਾਉਂਦੇ ਹਨ ਚਾਹੇ ਉਸ ਵਿੱਚ ਉਨ੍ਹਾਂ ਨੂੰ ਘਾਟਾ ਸਹਿਣਾ ਪਵੇ। ਦੂਰ ਦੀ ਸੋਚੀਏ ਤਾਂ ਬਿਜ਼ਨੈਸ ਦੀਆਂ ਕੁਝ ਕਦਰਾਂ-ਕੀਮਤਾਂ ਸਭ ਦੇਸ਼ਾਂ ਵਿੱਚ ਇੱਕੋ ਜਹੀਆਂ ਹੁੰਦੀਆਂ ਹਨ ਜਿਵੇਂ ਕਿ ਇਮਾਨਦਾਰੀ ਅਤੇ ਵਾਇਦਾ ਪੂਰਾ ਕਰਨਾ। ਈਮਾਨਦਾਰ ਦਲਾਲ ਤਾਂ ਸੋਨੇ ਦੇ ਭਾਅ ਵਿਕਦੇ ਹਨ। ਜਦੋਂ ਆਪਸੀ ਸਮਝ ਅਤੇ ਵਿਸ਼ਵਾਸ ਕਾਇਮ ਹੋ ਗਿਆ ਤਾਂ ਜੀਵਨ ਭਰ ਬਿਜ਼ਨੈਸ ਦਾ ਅਨੰਦ ਮਾਣ ਸਕਦੇ ਹੋ।

— 0 —

14

# ਬੀਤੇ ਸਮੇਂ ਦੀਆਂ ਯਾਦਾਂ

ਮੈਂ ਬਹੁਤ ਖ਼ੁਸ਼ਕਿਸਮਤ ਹਾਂ ਕਿ ਮੇਰੇ ਬਹੁਤ ਨਜ਼ਦੀਕੀ ਦੋਸਤ ਹਨ। ਜੋ ਸਬੰਧ ਸਕੂਲ ਦੇ ਦਿਨਾਂ ਵਿੱਚ ਸ਼ੁਰੂ ਹੋਏ, ਉਹ ਸਮੇਂ ਦੀ ਭੱਠੀ ਵਿੱਚ ਪੱਕ ਕੇ ਹੋਰ ਵੀ ਮਜ਼ਬੂਤ ਹੋ ਗਏ ਹਨ। ਕੋਈ ਵੀ ਜੀਵਨੀ ਪੁਸਤਕ ਉਨ੍ਹਾਂ ਦੇ ਜ਼ਿਕਰ ਬਗ਼ੈਰ ਪੂਰੀ ਨਹੀਂ ਹੋ ਸਕਦੀ ਕਿਉਂਕਿ ਉਹ ਮੇਰੇ ਜੀਵਨ ਦਾ ਇਕ ਵਰਦਾਨ ਸਿੱਧ ਹੋਏ ਹਨ।

ਹੈਦਰਾਬਾਦ ਪਬਲਿਕ ਸਕੂਲ ਵਿੱਚ ਮੇਰੀ ਉਤਮ ਸਕੂਲੀ ਪੜ੍ਹਾਈ ਹੋਈ ਅਤੇ ਪੰਜਾਹ ਸਾਲ ਬਾਅਦ ਵੀ ਮੈਂ ਆਪਣੇ ਜਮਾਤੀਆਂ ਨਾਲ ਨਾਤਾ ਕਾਇਮ ਰੱਖਿਆ ਹੈ। ਵੀ.ਵੀ. ਰਮਨਾ ਰਾਓ, ਰਿਸ਼ਾਦ ਸਈਅਦ, ਸਿਰਾਜ ਹਸਨ ਅਤੇ ਵੈਂਕਟ ਰਮਈਆ ਮੇਰੇ ਨਾਲ ਜੁੜੇ ਹੋਏ ਹਨ। ਦੋਸਤਾਂ ਬਾਰੇ ਕ੍ਰਿਸਟੀਨ ਸੋਲੋਮਨ ਦਾ ਕਿਹਾ ਵਾਕ ਮੈਨੂੰ ਯਾਦ ਆ ਜਾਂਦਾ ਹੈ: 'ਬਚਪਨ ਦੇ ਦੋਸਤ, ਸਕੂਲ ਦੇ ਦੋਸਤ, ਮੁਹੱਲੇ ਦੇ ਦੋਸਤ, ਕਾਲਜ ਦੇ ਦੋਸਤ, ਕੰਮਕਾਰ ਦੇ ਦੋਸਤ, ਸਭ ਤੋਂ ਚੰਗੇ ਦੋਸਤ, ਲੜਕੇ ਦੋਸਤ, ਲੜਕੀਆਂ ਦੋਸਤ'।

ਸਾਡਾ ਪੂਰਾ ਜੀਵਨ ਦੋਸਤੀਆਂ ਬਣਾਉਣ ਵਿੱਚ ਲੰਘ ਜਾਂਦਾ ਹੈ । ਭਾਵੇਂ ਸਾਡੇ ਦੋਸਤਾਂ ਦਾ ਦਾਇਰਾ ਛੋਟਾ ਹੋਵੇ ਜਾਂ ਵੱਡਾ, ਹਰ ਦੋਸਤੀ ਸਾਡੀ ਜ਼ਿੰਦਗੀ ਵਿੱਚ ਕੁਝ ਨਵਾਂ ਸੰਦੇਸ਼ ਲੈ ਕੇ ਆਉਂਦੀ ਹੈ। ਇਸ ਕਰਕੇ ਹੀ ਅਸੀਂ ਦੋਸਤੀ ਨੂੰ ਕਾਇਮ ਰੱਖਣ ਲਈ ਬਹੁਤ ਸਮਾਂ ਤਰਕੀਬਾਂ ਘੜਨ ਵਿੱਚ ਹੀ ਬਤੀਤ ਕਰ ਦਿੰਦੇ ਹਾਂ। ਰੁੱਸ ਜਾਣ ਬਾਅਦ ਵੀ ਅਸੀਂ ਫਿਰ ਗਰੈਜੂਏਸ਼ਨ, ਸ਼ਾਦੀ ਜਾਂ ਮਰਨੇ ਪਰਨੇ ਉਪਰ ਇਕੱਠੇ ਹੋ ਜਾਂਦੇ ਹਾਂ। ਨੇੜੇ ਹੋਈਏ ਜਾਂ ਦੂਰ, ਦੋਸਤਾਂ ਲਈ ਸਾਡੇ ਦਿਲ ਵਿੱਚ ਹਮੇਸ਼ਾਂ ਥਾਂ ਬਣੀ ਰਹਿੰਦੀ ਹੈ। ਜੇਕਰ ਕੋਈ ਚੰਗਾ ਦੋਸਤ ਬਣ ਜਾਵੇ ਤਾਂ ਘੁੱਟ ਕੇ ਉਸ ਦਾ ਪੱਲਾ ਪਕੜੀ ਰੱਖੋ। ਔਖੇ ਸੌਖੇ ਵੇਲੇ ਤੁਹਾਡਾ ਦੋਸਤ ਹੀ ਤੁਹਾਡੀ ਸਾਰ ਲੈਣ ਲਈ ਦੌੜਿਆ ਆਵੇਗਾ।

ਦੋਸਤਾਂ ਦੀਆਂ ਅਣਭੋਲ ਗੱਲਾਂ ਤੁਹਾਡੇ ਯਾਦ ਰਹਿ ਜਾਂਦੀਆਂ ਹਨ। ਸਾਡੇ ਸਕੂਲ ਦਾ ਜਮਾਤੀ 'ਹਾਜੀ ਅਲੀ' ਸਕੂਲ ਦੀ ਪੜ੍ਹਾਈ ਦੌਰਾਨ ਹੀ ਵਿਆਹਿਆ ਗਿਆ। ਸਕੂਲ ਦੇ ਦਿਨਾਂ ਵਿੱਚ ਸ਼ਾਦੀ ਹੋ ਜਾਣਾ ਬਹੁਤ ਹੀ ਅਜੀਬੋ-ਗ਼ਰੀਬ ਕਿੱਸਾ ਲੱਗਦਾ ਸੀ। ਅਸੀਂ ਸਾਰੇ ਉਸ ਨੂੰ ਘੇਰ ਕੇ ਬੈਠ ਜਾਂਦੇ ਅਤੇ ਉਸ ਦੀਆਂ ਆਪਣੀ ਜਵਾਨ ਪਤਨੀ ਨਾਲ ਹਰਕਤਾਂ ਬਾਰੇ ਪੁੱਛਦੇ ਰਹਿੰਦੇ, ਕਿਉਂਕਿ ਸਾਡੀ ਸ਼ਾਦੀ ਦਾ ਸੁਪਨਾ ਤਾਂ ਅਜੇ ਹਵਾ ਵਿੱਚ ਲਟਕ ਰਿਹਾ ਸੀ।

ਸਕੂਲ ਦੇ ਦਿਨਾਂ ਵਿੱਚ ਮੈਂ ਚੰਗਾ ਖਿਲਾੜੀ ਸੀ। ਮੈਂ ਸਕੂਲ ਦੀ ਹਾਕੀ ਟੀਮ ਦਾ ਮੈਂਬਰ ਸੀ ਅਤੇ ਅਥਲੈਟਿਕਸ ਵਿੱਚ ਵੀ ਹਿੱਸਾ ਲੈਂਦਾ ਸੀ। ਇਕ ਘਟਨਾ ਯਾਦ ਆਉਂਦੀ ਹੈ ਜਦੋਂ ਮੇਰਾ ਦੋਸਤ ਰਮਨਾ ਅਤੇ ਮੈਂ ਸਕੂਲ ਵਿੱਚ ਇਕ ਦੂਜੇ ਦੇ ਉਲਟ ਮੈਚ ਖੇਡੇ ਸਾਂ। ਉਹ ਸਕੂਲ ਦੇ ਵੈਸਟ ਵਿੰਗ ਦੀ ਟੀਮ ਵਿੱਚ ਸੀ ਅਤੇ ਮੈਂ ਈਸਟ ਵਿੰਗ ਵਲੋਂ ਖੇਡ ਰਿਹਾ ਸੀ। ਮੇਰੇ ਵਲੋਂ ਕੀਤੇ ਗੋਲ ਨਾਲ ਉਸ ਦੀ ਟੀਮ ਹਾਰ ਗਈ। ਜਦੋਂ ਕੁਝ ਸਾਲ ਪਹਿਲਾਂ ਅਸੀਂ ਮਿਲੇ ਤਾਂ ਉਸ ਨੇ ਮੈਨੂੰ ਉਸ ਘਟਨਾ ਦੀ ਯਾਦ ਕਰਵਾਈ।

ਸਕੂਲ ਵੇਲੇ ਦੀਆਂ ਯਾਦਾਂ ਕਦੇ ਵਿਸਰ ਦੀਆਂ ਨਹੀਂ। ਇਕ ਮਾੜੀ ਯਾਦ ਵੀ ਹੈ ਜਦੋਂ ਪਹਿਲੀ ਵਾਰ ਮੈਂ ਕਿਸੇ ਦੀ ਅਰਥੀ ਨਾਲ ਸ਼ਮਸ਼ਾਨ ਘਾਟ ਗਿਆ ਸਾਂ। ਸਾਡੇ ਪ੍ਰਿੰਸੀਪਲ ਸ਼ਿਵਰਾਜ ਬਹਾਦੁਰ ਦੀ ਮੌਤ ਹੋ ਗਈ ਜਦੋਂ ਮੈਂ ਸਕੂਲ ਦੀ ਦਸਵੀਂ ਜਮਾਤ ਦਾ ਵਿਦਿਆਰਥੀ ਸਾਂ। ਉਸ ਦਿਨ ਉਸ ਦੀ ਅਰਥੀ ਨੂੰ ਬਲਦਿਆਂ ਵੇਖ ਕੇ ਮੈਨੂੰ ਜੀਵਨ ਅਤੇ ਮੌਤ ਦੀ ਦੀਵਾਰ ਦੇ ਪਾਰ ਝਾਕਣ ਦਾ ਮੌਕਾ ਮਿਲਿਆ। ਮੈਂ ਕਈ ਰਾਤ ਸੌਂ ਨਹੀਂ ਸਕਿਆ ਸਾਂ ਕਿਉਂਕਿ ਉਹ ਭਿਆਨਕ ਨਜ਼ਾਰਾ ਮੇਰੀ ਯਾਦ ਵਿੱਚ ਘਰ ਕਰ ਬੈਠਾ। ਮੈਂ ਹੈਰਾਨ ਹੁੰਦਾ ਹਾਂ ਕਿ ਉਹ ਕਿਸ਼ੋਰ ਆਯੂ ਦੇ ਸਕੂਲੀ ਬੱਚਿਆਂ ਨੂੰ ਪ੍ਰਿੰਸੀਪਲ ਦੇ ਨੜੋਏ ਵਿੱਚ ਕਿਉਂ ਲੈ ਗਏ?

ਵੀਕ-ਐਂਡ 'ਤੇ ਅਸੀਂ ਸਾਈਕਲਾਂ 'ਤੇ ਸਵਾਰ ਹੋ ਕੇ ਸ਼ਹਿਰ ਤੋਂ ਦੂਰ ਗੰਡੀਪੇਟ ਝੀਲ ਉਪਰ ਪਿਕਨਿਕ ਕਰਨ ਜਾਇਆ ਕਰਦੇ ਸਾਂ। ਸਾਡੇ ਕੋਲ ਦੇਸੀ ਸਾਈਕਲ ਹੁੰਦੇ ਸਨ ਜੋ ਗੀਅਰ ਅਤੇ ਸਪੀਡੋਮੀਟਰ ਤੋਂ ਬਗ਼ੈਰ ਸਨ। ਸਾਡੇ ਲਈ ਇਹ ਮਸਤੀ ਦਾ ਮੌਕਾ ਹੁੰਦਾ ਸੀ ਅਤੇ ਫ਼ੂਡ ਪੈਕਟ ਸਕੂਲ ਤੋਂ ਲੈ ਕੇ ਜਾਂਦੇ ਸਾਂ। ਸਭ ਤੋਂ ਵਧੀਆ ਟਰਿੱਪ ਲਾਲ ਬਹਾਦੁਰ ਸ਼ਾਸਤਰੀ ਕ੍ਰਿਕਟ ਸਟੇਡੀਅਮ ਦਾ ਸੀ ਜਿੱਥੇ ਅਸੀਂ ਇੰਡੀਆ ਅਤੇ ਵੈਸਟ ਇੰਡੀਜ਼ ਦੀਆਂ ਟੀਮਾਂ ਵਿਚਕਾਰ ਟੈਸਟ ਮੈਚ ਵੇਖਣ ਗਏ। ਅਸੀਂ ਪੰਜ ਦਿਨ ਦੀ ਛੁੱਟੀ ਅਤੇ ਮੈਚ ਦਾ ਅਨੰਦ ਮਾਣਿਆ। ਮੈਨੂੰ ਯਾਦ ਹੈ ਮੈਂ ਸਕੂਲ ਦੇ ਦਿਨਾਂ ਦੇ ਕ੍ਰਿਕਟ ਹੀਰੋਜ਼, ਅਬਾਸ ਅਲੀਬੇਗ (ਪਟੌਦੀ ਦਾ ਨਵਾਬ) ਅਤੇ ਐਮ. ਐਲ. ਜੈਸਿਮਾ, ਨੂੰ ਮਿਲਿਆ ਸਾਂ। ਕ੍ਰਿਕਟ ਇੰਡੀਆ ਦੀ ਉਦੋਂ ਅਤੇ ਹੁਣ ਵੀ ਸਭ ਤੋਂ ਵੱਧ ਹਰਮਨ ਪਿਆਰੀ ਖੇਡ ਹੈ। ਮੈਂ ਹੁਣ ਕ੍ਰਿਕਟ ਦਾ ਸ਼ੈਦਾਈ ਨਹੀਂ ਹਾਂ ਪ੍ਰੰਤੂ ਕਦੇ ਕਦਾਈਂ ਟੀ.ਵੀ. ਉਪਰ ਮੈਚ ਦੇਖਣ ਦਾ ਸ਼ੌਕੀਨ ਹਾਂ।

ਸਕੂਲ ਤੋਂ ਬਾਅਦ ਮੈਂ ਇਕ ਸਾਲ ਵਿਜੇਵਾੜਾ ਵਿੱਚ ਪ੍ਰੀ-ਯੂਨੀਵਰਸਿਟੀ ਕੋਰਸ ਲਈ ਦਾਖ਼ਲ ਹੋ ਗਿਆ। ਇੱਥੇ ਪੜ੍ਹਦਿਆਂ ਮੇਰੀ ਸੀ.ਜੀ.ਕੇ. ਭੂਪਤੀ ਨਾਲ ਦੋਸਤੀ ਹੋ ਗਈ ਜੋ ਟੈਨਿਸ ਦਾ ਚੰਗਾ ਖਿਡਾਰੀ ਸੀ । ਜਦੋਂ ਉਸ ਦਾ ਨੈਸ਼ਨਲ ਜੂਨੀਅਰ ਚੈਂਪੀਅਨ ਬਲਰਾਮ ਸਿੰਘ ਨਾਲ ਗੁੰਟੂਰ ਵਿਖੇ ਮੈਚ ਹੋਇਆ ਤਾਂ ਅਸੀਂ ਉਸ ਦੀ ਹੌਸਲਾ-ਅਫ਼ਜ਼ਾਈ ਲਈ ਗਏ। ਉਹ ਮੈਚ ਜਿੱਤ ਗਿਆ ਅਤੇ ਮੈਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ। ਜਦੋਂ

ਉਹ ਮਦਰਾਸ ਤੋਂ ਅਮਰੀਕਾ ਮੈਚ ਖੇਡਣ ਗਿਆ ਤਾਂ ਮੈਂ ਆਪਣੀ ਘੜੀ ਉਸ ਨੂੰ ਤੋਹਫ਼ੇ ਵਜੋਂ ਭੇਂਟ ਕੀਤੀ। ਅਸੀਂ ਚਾਹੁੰਦੇ ਸੀ ਕਿ ਉਹ ਅੰਤਰ-ਰਾਸ਼ਟਰੀ ਮੈਚ ਜਿੱਤੇ ਪਰੰਤੂ ਚੋਟ ਕਾਰਨ ਉਸ ਨੂੰ ਟੈਨਿਸ ਦੀ ਖੇਡ ਛੱਡਣੀ ਪਈ। ਉਸ ਨੇ ਤਹੱਈਆ ਕਰ ਲਿਆ ਕਿ ਉਹ ਆਪਣੇ ਪੁੱਤਰ ਮਹੇਸ਼ ਭੂਪਤੀ ਨੂੰ ਟੈਨਿਸ ਸਟਾਰ ਬਣਾਏਗਾ। ਉਸ ਦਾ ਸੁਪਨਾ ਸਾਕਾਰ ਹੋਇਆ ਅਤੇ ਮਹੇਸ਼ ਇੰਡੀਅਨ ਟੈਨਿਸ ਦਾ ਹੀਰੋ ਬਣ ਕੇ ਉਭਰਿਆ ਹੈ।

ਆਂਧਰਾ ਲੋਇਲਾ ਕਾਲਜ ਵਿਜੇਵਾੜਾ ਵਿੱਚ ਅਸੀਂ ਦੋ ਹੀ ਸਰਦਾਰ ਸਾਂ, ਮੈਂ ਅਤੇ ਦਵਿੰਦਰ ਉਪਲ ਅਤੇ ਸਾਡੀ ਸਾਰੇ ਕਾਲਜ ਵਿੱਚ ਪਹਿਚਾਣ ਬਣੀ ਹੋਈ ਸੀ। ਸਾਡਾ ਪ੍ਰਿੰਸੀਪਲ, ਫ਼ਾਦਰ ਫ਼ਰਾਂਸਿਸ ਗਿਆਨ ਪ੍ਰਕਾਸਮ, ਮੇਰੀ ਹੌਂਸਲਾ-ਅਫ਼ਜ਼ਾਈ ਕਰਦਾ ਰਹਿੰਦਾ ਸੀ। ਉਸ ਦੀ ਬਦਲੀ ਮਦਰਾਸ ਲੋਇਲਾ ਕਾਲਜ ਵਿੱਚ ਹੋ ਗਈ ਅਤੇ ਉਸਦੀ ਪ੍ਰੇਰਨਾ ਸਦਕਾ ਮੈਂ ਵੀ ਮਦਰਾਸ ਪਹੁੰਚ ਗਿਆ। ਇਸ ਕਾਲਜ ਦੀ ਮਾਨਤਾ ਅਤੇ ਮਸ਼ਹੂਰੀ ਕਰਕੇ ਦੂਰ ਦੂਰ ਤੋਂ ਵਿਦਿਆਰਥੀ ਇੱਥੇ ਪੜ੍ਹਨ ਵਿੱਚ ਫ਼ਖ਼ਰ ਮਹਿਸੂਸ ਕਰਦੇ ਸਨ। ਇਸ ਕਾਲਜ ਵਿੱਚ ਮੇਰੇ ਬਹੁਤ ਦੋਸਤ ਬਣ ਗਏ ਅਤੇ ਮੈਂ ਇਸ ਦੀਆਂ ਐਕਟੀਵਿਟੀਜ਼ ਵਿੱਚ ਹਿੱਸਾ ਲੈਂਦਾ ਰਿਹਾ। ਥਾਈਲੈਂਡ ਦਾ 'ਦੂਸਦੀ' ਮੇਰਾ ਬਹੁਤ ਨਿੱਘਾ ਦੋਸਤ ਬਣ ਗਿਆ ਅਤੇ ਸੱਚੇ ਦੋਸਤ ਵਾਂਗ ਉਹ ਮੇਰੇ ਸੰਪਰਕ ਵਿੱਚ ਰਹਿੰਦਾ ਹੈ।

ਕ੍ਰਿਸ਼ਨਰਾਜ ਤਾਮਿਲਨਾਡੂ ਦੇ ਕੋਇੰਬਾਟੋਰ ਨੇੜੇ ਸਮਾਥਰ ਦਾ ਰਾਜਾ ਸੀ ਜੋ ਇਸੇ ਕਾਲਜ ਵਿੱਚ ਮੇਰਾ ਜਮਾਤੀ ਸੀ। ਉਸ ਦੇ ਜ਼ੋਰ ਪਾਉਣ 'ਤੇ ਮੈਂ ਕਾਲਜ ਯੂਨੀਅਨ ਦੇ ਪ੍ਰਧਾਨ ਦੀ ਚੋਣ ਲਈ ਖੜਾ ਹੋ ਗਿਆ। ਅਸੀਂ ਦੋਵਾਂ ਨੇ ਬਹੁਤ ਚੋਣ ਪ੍ਰਚਾਰ ਕੀਤਾ ਅਤੇ ਮੈਂ ਯੂਨੀਅਨ ਦਾ ਪ੍ਰਧਾਨ ਚੁਣਿਆ ਗਿਆ। ਐਸ. ਪ੍ਰਸਾਦ ਪੜ੍ਹਾਈ ਵਿੱਚ ਹੁਸ਼ਿਆਰ ਅਤੇ ਸਦਾਚਾਰਕ ਕਦਰਾਂ-ਕੀਮਤਾਂ ਵਾਲਾ ਬ੍ਰਾਹਮਣ ਲੜਕਾ ਸੀ। ਉਸ ਨੇ ਮੇਰੀ ਪੜ੍ਹਾਈ ਵਿੱਚ ਮੱਦਦ ਕੀਤੀ ਜਦੋਂ ਚੋਣਾਂ ਵਿੱਚ ਰੁੱਝੇ ਹੋਣ ਕਰਕੇ ਮੈਂ ਕਈ ਲੈਕਚਰਾਂ ਤੋਂ ਗ਼ੈਰਹਾਜ਼ਰ ਰਿਹਾ ਸਾਂ। ਜਦੋਂ ਮੈਂ ਦੁਬਈ ਆ ਗਿਆ ਤਾਂ ਮਦਰਾਸ ਫੇਰੀ ਵੇਲੇ ਮੈਂ ਉਸ ਨੂੰ ਚਾਹ ਦੇ ਕੱਪ ਉਪਰ ਮਿਲਣ ਲਈ ਸੱਦਾ ਭੇਜਿਆ। ਮੈਨੂੰ ਪਤਾ ਸੀ ਕਿ ਪ੍ਰਸਾਦ ਸ਼ਰਾਬ ਅਤੇ ਮਾਸ ਦੇ ਨੇੜੇ ਨਹੀਂ ਜਾਂਦਾ ਸੀ। ਉਹ ਮੈਨੂੰ ਮਿਲਣ ਹੋਟਲ ਵਿੱਚ ਆ ਗਿਆ ਅਤੇ ਚਾਹ ਦੀ ਬਜਾਏ ਸ਼ਰਾਬ ਪੀਣ ਲਈ ਹੋਟਲ ਦੀ ਬਾਰ ਵਿੱਚ ਲੈ ਗਿਆ। ਮੈਂ ਹੈਰਾਨ ਹੋ ਰਿਹਾ ਸਾਂ ਕਿ ਏਨੀ ਵੱਡੀ ਤਬਦੀਲੀ ਇਸ ਬ੍ਰਾਹਮਣ ਵਿੱਚ ਕਿਵੇਂ ਆ ਗਈ?

2015 ਵਿੱਚ ਪ੍ਰਸਾਦ ਨੇ ਪੁਰਾਣੇ ਜਮਾਤੀਆਂ ਨੂੰ ਲੋਇਲਾ ਕਾਲਜ ਮਦਰਾਸ ਵਿੱਚ ਬੁਲਾਇਆ ਅਤੇ ਮੈਂ ਵੀ ਦੁਬਈ ਤੋਂ ਸ਼ਾਮਲ ਹੋਇਆ। ਕਾਲਜ ਦਾ ਪੂਰਾ ਮਾਹੌਲ ਹੀ ਬਦਲ ਚੁੱਕਾ ਸੀ ਅਤੇ ਵਿਦਿਆਰਥੀਆਂ ਦੀ ਗਿਣਤੀ ਕਈ ਗੁਣਾ ਵਧੇਰੇ ਸੀ। ਪੁਰਾਣੇ ਦਿਨਾਂ ਦੀ ਯਾਦ ਕਰ ਕੇ ਸਾਡੇ ਮਨਾਂ ਵਿੱਚ ਗੁਦਗੁਦੀ ਹੋ ਰਹੀ ਸੀ। ਮੇਰੇ ਸਕੂਲ ਅਤੇ ਕਾਲਜ ਦੇ ਦੋਸਤ ਬੜੀਆਂ ਚੰਗੀਆਂ ਪ੍ਰਾਪਤੀਆਂ ਕਰ ਕੇ ਬਾਹਰ ਨਿਕਲ ਗਏ

ਹਨ। ਮੈਂ ਹਮੇਸ਼ਾਂ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ ਕਿ ਸਾਨੂੰ ਜੀਵਨ ਵਿੱਚ ਤਰੱਕੀ ਕਰਨ ਦਾ ਮੌਕਾ ਮਿਲਿਆ ਅਤੇ ਨਵੀਂ ਟੈਕਨਾਲੋਜੀ ਨਾਲ ਪ੍ਰਾਪਤ ਸੁੱਖ ਸਹੂਲਤਾਂ ਦਾ ਅਨੰਦ ਮਾਨਣ ਦੇ ਹੱਕਦਾਰ ਬਣੇ ਹਾਂ।

'ਵੈਕੁੰਠ' ਕਾਲਜ ਵਿੱਚ ਹਮੇਸ਼ਾਂ ਚਿੱਟੀ ਧੋਤੀ, ਚਿੱਟਾ ਕੁੜਤਾ ਅਤੇ ਮੱਥੇ 'ਤੇ ਤਿਲਕ ਲਗਾ ਕੇ ਆਇਆ ਕਰਦਾ ਸੀ। ਜਦੋਂ ਮੈਂ ਦੁਬਈ ਆਇਆ ਤਾਂ ਉਹ ਵੀ ਮਸਕਟ ਪਹੁੰਚ ਗਿਆ। ਉਸ ਦੀ ਘਰ ਵਾਲੀ 'ਵਸੰਤਾ' ਕਲਾਸੀਕਲ ਡਾਂਸਰ ਹੈ ਅਤੇ ਉਹ ਦੋਵੇਂ ਮੇਰੇ ਸੰਪਰਕ ਵਿੱਚ ਰਹਿੰਦੇ ਹਨ। ਕਰਿਸਤੀ ਚੇਰੀਅਨ ਜੋ ਵਿਦਿਆਰਥੀ ਯੂਨੀਅਨ ਦਾ ਸੈਕਟਰੀ ਸੀ, ਮੈਨੂੰ ਦੁਬਈ ਵਿੱਚ ਮਿਲਣ ਆ ਜਾਂਦਾ ਹੈ, ਜਦੋਂ ਉਸ ਦਾ ਚੱਕਰ ਵਿਦੇਸ਼ਾਂ ਵਿੱਚ ਕਿਤੇ ਲੱਗਦਾ ਰਹਿੰਦਾ ਹੈ। ਲਖਸ਼ਮੀ ਨਰਾਇਨ ਬੰਗਲੌਰ ਵਿੱਚ ਰਹਿੰਦਾ ਹੈ। ਜਲਦੀ ਰੀਟਾਇਰਮੈਂਟ ਲੈ ਕੇ ਉਹ ਗੋਲਫ਼ ਖੇਡਦਾ ਹੈ ਅਤੇ ਕਾਰੋਬਾਰ ਦੋ ਪੁੱਤਰਾਂ ਨੇ ਸੰਭਾਲਿਆ ਹੋਇਆ ਹੈ ਜੋ ਬਹੁਤ ਵਫ਼ਾਦਾਰ ਨਿਕਲੇ ਹਨ।

ਸਿਰਾਜ ਅਤੇ ਉਸਦੀ ਪਤਨੀ ਰੇਨੂੰ ਦੋਵੇਂ ਆਰਕੀਟੈਕਟ ਹਨ ਜੋ ਹੈਦਰਾਬਾਦ ਅਤੇ ਬੰਗਲੌਰ ਵਿੱਚ ਚੰਗਾ ਕਾਰੋਬਾਰ ਕਰ ਰਹੇ ਹਨ। ਸਿਰਾਜ ਨੇ ਵਿਜੇਵਾੜਾ ਵਿੱਚ ਸਾਡਾ ਰੈਸਤੋਰਾਂ ਅਤੇ ਕੰਧਾਰੀ ਇੰਟਰਨੈਸ਼ਨਲ ਹੋਟਲ ਡੀਜ਼ਾਇਨ ਕੀਤਾ ਸੀ। ਵਿਜੇਵਾੜਾ ਵਿੱਚ ਇਹ ਪਹਿਲਾ ਤਿੰਨ-ਤਾਰਾ ਹੋਟਲ ਸੀ। ਹੈਦਰਾਬਾਦ ਦਾ ਉਹ ਸਭ ਤੋਂ ਮਸ਼ਹੂਰ ਆਰਕੀਟੈਕਟ ਬਣ ਗਿਆ ਹੈ।

ਇਹ ਦੋਸਤੀਆਂ ਮੇਰੇ ਜੀਵਨ ਵਿੱਚ ਬਹੁਤ ਅਹਿਮੀਅਤ ਰੱਖਦੀਆਂ ਹਨ। ਮੈਂ ਇਨ੍ਹਾਂ ਤੋਂ ਭਾਵੁਕ ਹੋ ਜਾਂਦਾ ਹਾਂ। ਜਿਉਂ ਜਿਉਂ ਉਮਰ ਵਿੱਚ ਅੱਗੇ ਵੱਧਦੇ ਹਾਂ ਇਹ ਦੋਸਤੀ ਦਾ ਬੰਧਨ ਹੋਰ ਮਜ਼ਬੂਤ ਹੋ ਜਾਂਦਾ ਹੈ। ਜੇਕਰ ਤੁਹਾਡੇ ਦੋਸਤ ਹਨ ਤਾਂ ਉਨ੍ਹਾਂ ਨੂੰ ਕਦੇ ਨਾ ਵਿਸਾਰੋ, ਉਹ ਲੋੜ ਪੈਣ 'ਤੇ ਤੁਹਾਡੇ ਅੰਗ-ਸੰਗ ਹੋਣਗੇ।

— 0 —

# ਹਲੀਮੀ ਵਿੱਚ ਭਿੱਜੇ ਸਿਆਣਪ ਦੇ ਸ਼ਬਦ

ਮੈਂ ਆਪਣੀ ਕੰਪਨੀ ਦੇ ਬੰਦਿਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਾ ਹਾਂ। ਜ਼ਰੂਰੀ ਨਹੀਂ ਕਿ ਉਹ ਮੇਰੇ ਵਿਚਾਰਾਂ ਨਾਲ ਸਹਿਮਤ ਹੋਣ ਪਰੰਤੂ ਇੰਨੇ ਸਾਲਾਂ ਦੇ ਲੰਬੇ ਤਜਰਬੇ ਤੋਂ ਬਾਅਦ ਮੇਰੀ ਰਾਏ ਗ਼ਲਤ ਨਹੀਂ ਹੋ ਸਕਦੀ ਜਿਸ ਨੂੰ ਅਣਗੌਲਿਆਂ ਕੀਤਾ ਜਾਵੇ। ਕੁਝ ਚਿਰ ਪਹਿਲਾਂ ਮੈਂ ਮਸ਼ਹੂਰ ਵਿਗਿਆਨੀ ਅਲਬਰਟ ਆਇਨਸਟਾਈਨ ਦਾ ਸੰਦੇਸ਼ ਪੜ੍ਹ ਰਿਹਾ ਸਾਂ। ਉਹ ਕਹਿੰਦਾ ਹੈ: "ਬੁੱਧੀ ਅਤੇ ਸਿਆਣਪ ਵਿੱਚ ਜੋ ਮੁੱਖ ਅੰਤਰ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਬੁੱਧੀ ਹਾਸਲ ਕੀਤੇ ਗਿਆਨ ਨੂੰ ਸਹੀ ਢੰਗ ਨਾਲ ਵਰਤਣ ਦੀ ਸੋਝੀ ਬਖ਼ਸ਼ਦੀ ਹੈ ਜਦਕਿ ਸਿਆਣਪ ਐਸੀ ਚੀਜ਼ ਹੈ ਜੋ ਉਮਰ ਨਾਲ ਸੰਬੰਧਿਤ ਨਹੀਂ ਹੁੰਦੀ। ਇਕ ਬੱਚਾ ਵੀ ਕਿਸੇ ਵੱਡੀ ਉਮਰ ਦੇ ਬੰਦੇ ਨਾਲੋਂ ਵਧੇਰੇ ਸਿਆਣਾ ਹੋ ਸਕਦਾ ਹੈ।"

ਮੈਨੂੰ ਇਸ ਤੱਥ ਦੀ ਸਮਝ ਆ ਗਈ ਅਤੇ ਮੈਂ ਮਹਿਸੂਸ ਕੀਤਾ ਕਿ ਕਿਵੇਂ ਅਸੀਂ ਬੁੱਧੀ ਅਤੇ ਸਿਆਣਪ ਨੂੰ ਰਲਗਡ ਕਰ ਲੈਂਦੇ ਹਾਂ ਜਦਕਿ ਦੋਹਾਂ ਦਾ ਖੇਤਰ ਅਲਹਿਦਾ ਹੁੰਦਾ ਹੈ। ਮੇਰੇ ਜੀਵਨ ਵਿੱਚ ਅਚੇਤਨ ਇਹ ਗੱਲ ਪ੍ਰਵੇਸ਼ ਕਰ ਗਈ ਹੈ ਕਿ ਮੇਰੀ ਕਥਨੀ ਅਤੇ ਕਰਨੀ ਵਿੱਚ ਇਨ੍ਹਾਂ ਦੋਹਾਂ ਦੀ ਢੁੱਕਵੀਂ ਵਰਤੋਂ ਹੋਵੇ। ਜੇਕਰ ਤੁਸੀਂ ਹੇਠ ਲਿਖੇ ਨੁਕਤਿਆਂ ਵੱਲ ਧਿਆਨ ਦੇਵੋਗੇ ਤਾਂ ਵੇਖੋਗੇ ਕਿ ਕਿਵੇਂ ਤੁਹਾਡੀ ਸੋਚ ਵਿੱਚ ਇਨਕਲਾਬੀ ਬਦਲਾਉ ਆਉਣ ਲੱਗ ਪਵੇਗਾ। ਮੈਂ ਇਨ੍ਹਾਂ ਹੀ ਚੌਦਾਂ ਨੁਕਤਿਆਂ ਦੀ ਵਰਤੋਂ ਅਕਸਰ ਕਰਿਆ ਕਰਦਾ ਹਾਂ:

1. ਬੁੱਧੀ ਬਹਿਸ ਦਾ ਪੱਲਾ ਫੜਦੀ ਹੈ। ਸਿਆਣਪ ਮਸਲੇ ਹੱਲ ਕਰਦੀ ਹੈ।
2. ਬੁੱਧੀ ਇਰਾਦੇ ਦੀ ਤਾਕਤ ਹੈ। ਸਿਆਣਪ ਇਰਾਦੇ ਉਪਰ ਤਾਕਤ ਹੈ।
3. ਬੁੱਧੀ ਤਪਸ਼ ਹੈ ਜੋ ਸਾੜਦੀ ਹੈ। ਸਿਆਣਪ ਨਿੱਘ ਹੈ ਜੋ ਆਰਾਮ ਦਿੰਦੀ ਹੈ।
4. ਬੁੱਧੀ ਗਿਆਨ ਦੀ ਤਲਾਸ਼ ਹੈ ਜੋ ਥਕਾ ਦਿੰਦੀ ਹੈ। ਸਿਆਣਪ ਸਚਾਈ ਦੀ ਤਲਾਸ਼ ਹੈ ਜੋ ਹੌਸਲਾ ਦਿੰਦੀ ਹੈ।
5. ਬੁੱਧੀ ਪਕੜਨ ਵਿੱਚ ਯਕੀਨ ਰੱਖਦੀ ਹੈ। ਸਿਆਣਪ ਛੱਡ ਦੇਣ ਲਈ ਪ੍ਰੇਰਦੀ ਹੈ।
6. ਬੁੱਧੀ ਤੁਹਾਨੂੰ ਅੱਗੇ ਤੋਰਦੀ ਹੈ, ਸਿਆਣਪ ਤੁਹਾਨੂੰ ਸੇਧ ਦਿੰਦੀ ਹੈ।

7. ਬੁੱਧੀਮਾਨ ਸੋਚਦਾ ਹੈ ਕਿ ਉਹ ਸਭ ਕੁਝ ਜਾਣਦਾ ਹੈ। ਸਿਆਣਾ ਬੰਦਾ ਸਮਝਦਾ ਹੈ ਕਿ ਅਜੇ ਹੋਰ ਸਿੱਖਣਾ ਬਾਕੀ ਹੈ।
8. ਬੁੱਧੀਮਾਨ ਹਮੇਸ਼ਾਂ ਆਪਣਾ ਨੁਕਤਾ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਿਆਣਾ ਬੰਦਾ ਸਮਝ ਜਾਂਦਾ ਹੈ ਕਿ ਬਹਿਸ ਦਾ ਕੋਈ ਨੁਕਤਾ ਹੀ ਨਹੀਂ।
9. ਬੁੱਧੀਮਾਨ ਅਣਮੰਗੀ ਨਸੀਹਤ ਦੇਂਦਾ ਹੈ। ਸਿਆਣਾ ਬੰਦਾ ਆਪਣੀ ਰਾਏ ਸਾਂਭ ਕੇ ਰੱਖਦਾ ਹੈ।
10. ਬੁੱਧੀਮਾਨ ਕਹੀ ਜਾ ਰਹੀ ਗੱਲ ਨੂੰ ਸਮਝਦਾ ਹੈ। ਸਿਆਣਾ ਬੰਦਾ ਅਣਕਹੀ ਗੱਲ ਵੀ ਸਮਝਦਾ ਹੈ।
11. ਬੁੱਧੀਮਾਨ ਕੁਝ ਕਹਿਣ ਨੂੰ ਬੋਲਦਾ ਹੈ। ਸਿਆਣਾ ਬੰਦਾ ਬੋਲੇਗਾ ਜੇਕਰ ਕਹਿਣ ਵਿੱਚ ਤੱਤ ਹੋਵੇ।
12. ਬੁੱਧੀਮਾਨ ਹਰ ਵਸਤੂ ਨੂੰ ਅਲਹਿਦਾ ਵੇਖਦਾ ਹੈ। ਸਿਆਣਾ ਬੰਦਾ ਇਨ੍ਹਾਂ ਦੇ ਸਹਿ-ਸਬੰਧ ਨੂੰ ਵੇਖਦਾ ਹੈ।
13. ਬੁੱਧੀਮਾਨ ਵਹਾਉ ਨੂੰ ਕੰਟਰੋਲ ਕਰਨਾ ਲੋਚਦਾ ਹੈ। ਸਿਆਣਾ ਬੰਦਾ ਵਹਾਉ ਨੂੰ ਚਲਾਉਂਦਾ ਹੈ।
14. ਬੁੱਧੀਮਾਨ ਪ੍ਰਚਾਰਦਾ ਹੈ। ਸਿਆਣਾ ਬੰਦਾ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ।

ਉਪਰਲੇ ਵਿਚਾਰਾਂ ਦੀ ਲੜੀ ਨੂੰ ਧਿਆਨ ਨਾਲ ਪੜ੍ਹੋ। ਜੋ ਠੀਕ ਨਾ ਲੱਗੇ, ਉਸ ਨੂੰ ਛੱਡ ਸਕਦੇ ਹੋ। ਜੇਕਰ ਇਹਨਾਂ ਉਪਰ ਭਰੋਸਾ ਰੱਖ ਕੇ ਜੀਵਨ ਵਿੱਚ ਚੱਲੋਗੇ ਤਾਂ ਤੁਹਾਡੀ ਬੁੱਧੀ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਪਰੰਤੂ ਤੁਹਾਡੀ ਸਿਆਣਪ ਨਿਸਚੇ ਹੀ ਵੱਧ ਜਾਵੇਗੀ।

ਅਸੀਂ ਸਾਰੇ ਸੂਚੀਆਂ ਤਿਆਰ ਕਰਨ ਦੇ ਆਦੀ ਹਾਂ। ਇਸ ਵਿਸ਼ੇ ਉਪਰ ਇਰਵਿੰਗ ਵੈਲੇਸ ਨੇ ਇਕ ਕਿਤਾਬ ਲਿਖੀ ਜੋ ਸਭ ਤੋਂ ਵੱਧ ਵਿਕਣ ਵਾਲੀ ਲਿਸਟ ਵਿੱਚ ਸ਼ਾਮਲ ਹੈ। ਮੇਰੀ ਸੂਚੀ (ਲਿਸਟ) ਵਿੱਚ ਸਭ ਤੋਂ ਉਪਰ ਪਹਿਲੇ ਨੰਬਰ 'ਤੇ 'ਸਖ਼ਤ ਮਿਹਨਤ' ਲਿਖਿਆ ਹੋਇਆ ਹੈ। ਆਪਣੇ ਕਾਰੋਬਾਰੀ ਜੀਵਨ ਦੇ ਇਸ ਫ਼ਾਰਮੂਲੇ ਨੂੰ ਸਮਝਾਉਣ ਲਈ ਮੈਂ ਲਿਖਾਰੀ ਅਤੇ ਅਥਲੀਟ 'ਕਰਿਸ ਮਕਡੂਗਲ' ਦੀ ਪੁਸਤਕ ਵਿੱਚੋਂ ਹਵਾਲਾ ਦਿੰਦਾ ਹਾਂ : 'ਅਫ਼ਰੀਕਾ ਦੇ ਜੰਗਲਾਂ ਵਿੱਚ ਹਰ ਸਵੇਰ ਜਦੋਂ ਹਿਰਨੀ ਅੱਖ ਖੋਲ੍ਹਦੀ ਹੈ ਤਾਂ ਉਹ ਸੋਚਦੀ ਹੈ ਕਿ ਜੇਕਰ ਉਹ ਸਭ ਤੋਂ ਤੇਜ਼ ਸ਼ੇਰ ਤੋਂ ਵੱਧ ਦੌੜ ਸਕਦੀ ਹੈ ਤਾਂ ਹੀ ਉਸ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ। ਇਸੇ ਤਰ੍ਹਾਂ ਹੀ ਜਦੋਂ ਜੰਗਲ ਦਾ ਸ਼ੇਰ ਜਾਗਦਾ ਹੈ ਤਾਂ ਉਹ ਵੀ ਸੋਚਦਾ ਹੈ ਕਿ ਜੇਕਰ ਉਸ ਨੇ ਭੁੱਖ ਨਾਲ ਮਰਨ ਤੋਂ ਬਚਣਾ ਹੈ ਤਾਂ ਸਭ ਤੋਂ ਘੱਟ ਦੌੜਾਕ ਹਿਰਨੀ ਨਾਲੋਂ ਤੇਜ਼ ਦੌੜਨ ਦੀ ਲੋੜ ਪਵੇਗੀ। ਇੱਥੇ ਮੁੱਦਾ ਇਹ ਨਹੀਂ ਕਿ ਤੁਸੀਂ ਸ਼ੇਰ ਹੋ ਜਾਂ ਹਿਰਨੀ? ਅਸਲੀ ਮੁੱਦਾ ਤਾਂ ਇਹ ਹੈ ਕਿ ਸੂਰਜ ਚੜ੍ਹਣ ਸਾਰ ਤੁਸੀਂ

ਆਪਣੇ ਕੰਮ ਵੱਲ ਦੌੜਨ ਦੀ ਤਿਆਰੀ ਕਰੋ। ਇਸ ਤੋਂ ਵਧੀਆ ਹੋਰ ਕੀ ਫ਼ਾਰਮੂਲਾ ਹੋ ਸਕਦਾ ਹੈ।

ਜੀਵਨ ਵਿੱਚ ਕਈ ਵਾਰ ਤੁਸੀਂ ਹੀਣ-ਭਾਵ ਦੇ ਸ਼ਿਕਾਰ ਹੋ ਜਾਂਦੇ ਹੋ। ਤੁਸੀਂ ਜਿਹੜੇ ਬੰਦਿਆਂ ਦੀ ਵਿੱਤੋਂ-ਬਾਹਰੀ ਮੱਦਦ ਕਰਦੇ ਹੋ ਅਤੇ ਹਰ ਮੁਸੀਬਤ ਵਿੱਚ ਨਾਲ ਖਲੋਂਦੇ ਹੋ, ਉਹ ਵੀ ਤੁਹਾਨੂੰ ਦਗ਼ਾ ਦੇ ਜਾਣ ਤਾਂ ਤੁਸੀਂ ਨੈਗੇਟਿਵੀਟੀ (ਹੀਣ-ਭਾਵ) ਦੀ ਡੂੰਘੀ ਖੱਡ ਵਿੱਚ ਜਾ ਡਿੱਗਦੇ ਹੋ। ਇਹਨਾਂ ਦੇ ਚਰਿੱਤਰ ਜਾਂ ਸੁਭਾਅ ਨੂੰ ਸਮਝਣ ਲਈ ਮੈਂ ਇਕ ਹੋਰ ਕਹਾਵਤ ਦੀ ਵਰਤੋਂ ਕਰ ਰਿਹਾ ਹਾਂ ਜੋ ਤੁਹਾਨੂੰ ਸੁਚੇਤ ਕਰਨ ਲਈ ਜ਼ਰੂਰੀ ਹੈ।

ਇਕ ਵਾਰ ਮੌਨਸੂਨ ਦੀਆਂ ਬਾਰਸ਼ਾਂ ਕਾਰਨ ਦਰਿਆ ਵਿੱਚ ਹੜ੍ਹ ਆ ਗਿਆ। ਇਸ ਦੇ ਇਕ ਕਿਨਾਰੇ 'ਤੇ ਬਿੱਛੂ ਬੈਠਾ ਸੀ ਜੋ ਦਰਿਆ ਦੇ ਦੂਜੇ ਪਾਸੇ ਜਾਣ ਲਈ ਕਾਹਲਾ ਪੈ ਰਿਹਾ ਸੀ। ਬਿੱਛੂ ਤਰਨਾ ਨਹੀਂ ਜਾਣਦਾ ਅਤੇ ਉਹ ਤਰਕੀਬਾਂ ਸੋਚਣ ਲੱਗਾ। ਉਸ ਨੂੰ ਇਕ ਡੱਡੂ ਟਹਿਣੀ ਉਪਰ ਬੈਠਾ ਨਜ਼ਰੀਂ ਪਿਆ। ਬਿੱਛੂ ਨੇ ਡੱਡੂ ਨੂੰ ਕਿਹਾ ਕਿ ਤੂੰ ਮੈਨੂੰ ਦਰਿਆ ਪਾਰ ਕਰਾ ਦੇ। ਡੱਡੂ ਨੇ ਸੋਚਣ ਤੋਂ ਬਾਅਦ ਨਾਂਹ ਕਰ ਦਿੱਤੀ। ਬਿੱਛੂ ਦੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਮੈਨੂੰ ਖ਼ਦਸ਼ਾ ਹੈ ਕਿ ਤੂੰ ਆਪਣੇ ਡੰਗ ਨਾਲ ਮੈਨੂੰ ਮਾਰ ਦੇਵੇਂਗਾ। ਬਿੱਛੂ ਚਤੁਰ ਸੀ, ਕਹਿਣ ਲੱਗਾ ਤੂੰ ਕਮਲਾ ਹੈਂ, ਜੇਕਰ ਮੈਂ ਤੈਨੂੰ ਡੰਗ ਮਾਰਾਂਗਾ ਤਾਂ ਅਸੀਂ ਦੋਵੇਂ ਹੀ ਦਰਿਆ ਵਿੱਚ ਡੁੱਬ ਮਰਾਂਗੇ। ਇਸ ਗੁਫ਼ਤਗੂ ਤੋਂ ਬਾਅਦ ਡੱਡੂ ਬਿੱਛੂ ਦੇ ਝਾਂਸੇ ਵਿੱਚ ਆ ਗਿਆ ਅਤੇ ਬਿੱਛੂ ਨੂੰ ਆਪਣੀ ਪਿੱਠ 'ਤੇ ਬਿਠਾਅ ਕੇ ਦਰਿਆ ਵਿੱਚ ਠਿੱਲ ਪਏ। ਅਜੇ ਅੱਧ ਵਿੱਚ ਹੀ ਗਏ ਹੋਣਗੇ ਕਿ ਬਿੱਛੂ ਨੇ ਡੱਡੂ ਨੂੰ ਡੱਸ ਲਿਆ ਅਤੇ ਉਹ ਦੋਵੇਂ ਦਰਿਆ ਵਿੱਚ ਡੁੱਬ ਕੇ ਮਰ ਗਏ। ਮਰਨ ਤੋਂ ਪਹਿਲਾਂ ਡੱਡੂ ਨੇ ਬਿੱਛੂ ਨੂੰ ਪੁੱਛਿਆ, 'ਇਹ ਤੂੰ ਕੀ ਕੀਤਾ ਜਦੋਂ ਮੈਂ ਤੇਰਾ ਹੀ ਭਲਾ ਕਰ ਰਿਹਾ ਸਾਂ ?' ਬਿੱਛੂ ਬੋਲਿਆ, 'ਕੀ ਕਰਦਾ, ਇਹ ਤਾਂ ਮੇਰਾ ਸੁਭਾਅ ਹੀ ਬਣ ਗਿਆ ਹੈ।' ਇਹ ਗੁਣ-ਔਗੁਣ ਤਾਂ ਡੀ.ਐਨ.ਏ. ਵਿੱਚ ਹੀ ਮਿਲਦੇ ਹਨ।

ਉਮੀਦ ਹੈ ਤੁਸੀਂ ਇਸ ਬਿਰਤਾਂਤ ਤੋਂ ਉਨ੍ਹਾਂ ਲੋਕਾਂ ਬਾਰੇ ਸਮਝ ਗਏ ਹੋ, ਜੋ ਤੁਹਾਡੀ ਚੰਗਿਆਈ ਬਦਲੇ ਬੁਰਿਆਈ ਮੋੜਦੇ ਹਨ। ਇਹ ਉਹਨਾਂ ਦੇ ਡੀ.ਐਨ.ਏ. ਦਾ ਹੀ ਲੱਛਣ ਸਮਝ ਕੇ ਤੁਸੀਂ ਬਦਲੇ ਦੀ ਭਾਵਨਾ ਦਾ ਤਿਆਗ ਕਰ ਦੇਵੋ। ਭਾਵੇਂ ਇਹ ਕਹਿਣਾ ਸੌਖਾ ਹੈ ਅਤੇ ਕਰਨਾ ਔਖਾ ਜਾਪਦਾ ਹੈ ਪਰੰਤੂ ਬਦਲੇ ਦੀ ਅੱਗ ਦੋਹਾਂ ਧਿਰਾਂ ਨੂੰ ਜਲਾ ਸਕਦੀ ਹੈ। ਅਜੇਹੇ ਸਮੇਂ ਸਹਿਨਸ਼ੀਲਤਾ ਦਾ ਪੱਲਾ ਫੜਨਾ ਪੈਂਦਾ ਹੈ। ਅਜੇਹੇ ਬੰਦਿਆਂ ਨੂੰ ਆਪਣੀ ਸਿਮਰਤੀ ਵਿੱਚੋਂ ਬਾਹਰ ਕੱਢਣਾ ਲਾਹੇਵੰਦ ਸਾਬਤ ਹੁੰਦਾ ਹੈ। ਕੁਦਰਤ ਦੇ ਰੰਗ ਨਿਆਰੇ ਹਨ। ਧਰਤੀ ਉਪਰ ਵਿਚਰਦਿਆਂ ਹੀ ਬੁਰੇ ਭਲੇ ਦਾ ਨਿਬੇੜਾ ਹੋ ਜਾਂਦਾ ਹੈ। ਐਸੇ ਬੰਦੇ ਵੀ ਆਪਣੇ ਮਾੜੇ ਕੰਮਾਂ ਦਾ ਫਲ ਭੁਗਤਣਗੇ, ਜਿਵੇਂ ਕਹਾਵਤ ਹੈ, 'ਸੌ ਦਿਨ ਚੋਰ ਦਾ, ਇਕ ਦਿਨ ਸਾਧ ਦਾ।'

ਇੰਟਰਨੈਟ ਉਪਰ ਕਈ ਸੁਨੇਹੇ ਸਿਆਣਪ ਭਰਪੂਰ ਹੁੰਦੇ ਹਨ। ਮੈਨੂੰ ਕਿਸੇ ਸੱਜਣ ਨੇ ਐਸਾ ਇਕ ਸੰਦੇਸ਼ ਭੇਜਿਆ ਜਿਸ ਵਿੱਚ ਦੱਸਿਆ ਗਿਆ ਸੀ ਕਿ ਪਿੱਛੇ ਵੇਖਣ ਲਈ ਕਾਰ ਦਾ ਸ਼ੀਸ਼ਾ ਛੋਟੇ ਆਕਾਰ ਦਾ ਹੁੰਦਾ ਹੈ ਅਤੇ ਵਿੰਡ ਸਕਰੀਨ ਵੱਡੇ ਆਕਾਰ ਦੀ। ਇਸ ਦਾ ਭਾਵ ਹੈ ਕਿ ਪਿੱਛੇ ਵੇਖਣ ਨਾਲੋਂ ਅੱਗੇ ਝਾਕਣਾ ਵੱਧ ਮਹੱਤਵਪੂਰਣ ਹੈ। ਇਹੋ ਸਾਡੀ ਜ਼ਿੰਦਗੀ ਦਾ ਜੀਵਨ ਮਨੋਰਥ ਹੋਣਾ ਚਾਹੀਦਾ ਹੈ। ਅਸੀਂ ਬੀਤੇ ਕੱਲ੍ਹ ਨਾਲੋਂ ਆਉਣ ਵਾਲੇ ਕੱਲ੍ਹ ਲਈ ਸੁਚੇਤ ਹੋਈਏ। ਬੀਤੇ ਸਮੇਂ ਦੀਆਂ ਮਾੜੀਆਂ ਘਟਨਾਵਾਂ ਦਾ ਬੋਝ ਸਾਡੇ ਮਨ ਉਪਰ ਨਹੀਂ ਟਿਕਣਾ ਚਾਹੀਦਾ ਵਰਨਾ ਜੀਵਨ ਦੁੱਭਰ ਬਣ ਜਾਵੇਗਾ। ਦੂਜਿਆਂ ਨੂੰ ਉਪਦੇਸ਼ ਦੇਣਾ ਮੇਰਾ ਮਕਸਦ ਨਹੀਂ, ਪਰੰਤੂ ਆਪਣਾ ਨੁਕਤਾ-ਨਿਗਾਹ ਸਾਂਝਾ ਕਰਨਾ ਲੋੜੀਂਦਾ ਹੈ।

ਨਿੱਜੀ ਤਜਰਬੇ ਦਾ ਕੋਈ ਹੋਰ ਬਦਲ ਨਹੀਂ ਹੋ ਸਕਦਾ। ਇਹ ਤਜਰਬਾ ਮੈਂ ਕਾਰੋਬਾਰ ਤੋਂ ਸਿੱਖਿਆ ਅਤੇ ਇਸ ਦੀ ਵਰਤੋਂ ਗੁਰਦਵਾਰੇ ਦੇ ਪ੍ਰਬੰਧ ਵਿੱਚ ਵੀ ਹੋ ਰਹੀ ਹੈ। ਮੈਂ ਨਹੀਂ ਚਾਹੁੰਦਾ ਕਿ ਮੈਂ ਆਪਣੀ ਰਾਏ ਨੂੰ ਕਿਸੇ ਉਪਰ ਠੋਸਾਂ। ਕੋਈ ਵੀ ਬੰਦਾ ਮਹੱਤਵਹੀਣ ਨਹੀਂ ਹੁੰਦਾ। ਹਰ ਇਕ ਆਪਣੇ ਵਿੱਤ ਮੁਤਾਬਕ ਹਿੱਸਾ ਪਾ ਸਕਦਾ ਹੈ। ਜ਼ਰੂਰੀ ਗੁਣ ਹੁੰਦੇ ਹਨ ਇਮਾਨਦਾਰੀ ਅਤੇ ਦਿਆਨਤਦਾਰੀ। ਮੇਰੇ ਲਈ ਇਮਾਨਦਾਰੀ ਤੋਂ ਭਾਵ ਹੈ ਜਦੋਂ ਕੋਈ ਤੁਹਾਨੂੰ ਵੇਖ ਨਾ ਰਿਹਾ ਹੋਵੇ ਤਾਂ ਉਸ ਸਮੇਂ ਤੁਸੀਂ ਕਿਵੇਂ ਵਿਵਹਾਰ ਕਰਦੇ ਹੋ। ਜਨਵਰੀ 2018 ਵਿੱਚ ਮੈਂ 'ਅਲ ਦੋਬੋਈ' ਦੇ ਕਰਮਚਾਰੀਆਂ ਨਾਲ ਇਸ ਵਿਸ਼ੇ 'ਤੇ ਵਿਚਾਰ ਸਾਂਝੇ ਕੀਤੇ। ਕਾਮਯਾਬੀ ਤਾਂ ਆਉਂਦੀ ਜਾਂਦੀ ਰਹਿੰਦੀ ਹੈ ਪਰੰਤੂ ਦਿਆਨਤਦਾਰੀ ਹਮੇਸ਼ਾਂ ਤੁਹਾਡੇ ਨਾਲ ਨਿਭਦੀ ਹੈ।

ਬਰਕਸ਼ਾਇਰ ਹਾਥਵੇ ਕੰਪਨੀ ਦੇ ਚੇਅਰਮੈਨ 'ਵਾਰਨ ਬੁਫ਼ੇ' ਦਾ ਕਹਿਣਾ ਹੈ : "ਆਪਣੀ ਕੰਪਨੀ ਲਈ ਨੌਕਰ ਚਾਕਰ ਭਰਤੀ ਕਰਨ ਵੇਲੇ ਤਿੰਨ ਗੱਲਾਂ ਵੱਲ ਧਿਆਨ ਰੱਖੋ : ਦਿਆਨਤਦਾਰੀ, ਬੁੱਧੀ ਅਤੇ ਕੰਮ ਕਰਨ ਦੀ ਸ਼ਕਤੀ। ਪ੍ਰੰਤੂ ਜੇਕਰ ਦਿਆਨਤਦਾਰੀ ਦੀ ਘਾਟ ਹੈ ਤਾਂ ਬਾਕੀ ਦੋਵੇਂ ਕਿਸ ਕੰਮ।" ਦਸੰਬਰ 2017 ਵਿੱਚ ਮੈਂ ਆਪਣੀ ਕੰਪਨੀ ਦੇ ਸਟਾਫ਼ ਦਾ ਲੇਖਾ-ਜੋਖਾ ਕੀਤਾ। 'ਅਲ ਦੋਬੋਈ' ਵੀ ਬਾਕੀ ਕੰਪਨੀਆਂ ਵਾਂਗ ਹੀ ਹੈ ਪਰੰਤੂ ਇਸ ਦੀ ਵਰਕ ਕਲਚਰ ਬਾਕੀਆਂ ਨਾਲੋਂ ਭਿੰਨ ਹੈ। ਇਹ ਕਲਚਰ ਹਲੀਮੀ, ਮਿਹਨਤ, ਉਤਮਤਾ ਅਤੇ ਸਿੱਖਣ ਦੀ ਰੁਚੀ ਉਪਰ ਨਿਰਭਰ ਕਰਦੀ ਹੈ। ਕੰਪਨੀ ਦੀ ਪ੍ਰਗਤੀ ਟੀਮ ਸਪਿਰਿਟ ਉਪਰ ਆਧਾਰਿਤ ਹੈ। ਇਕ ਅਤੇ ਇਕ ਮਿਲ ਕੇ ਗਿਆਰਾਂ ਬਣ ਜਾਂਦੇ ਹਨ। ਟੀਮ ਵਿੱਚ ਤਾਲ-ਮੇਲ ਕਾਇਮ ਰੱਖਣ ਲਈ ਤੁਹਾਨੂੰ ਮੈਂਬਰਾਂ ਦੀ ਹਉਮੈ ਅਤੇ ਝਗੜਾਲੂ ਤਬੀਅਤ ਨਾਲ ਵੀ ਸਮਝੌਤਾ ਕਰਨਾ ਪਵੇਗਾ। ਕੋਈ ਵੀ ਬੰਦਾ ਪੂਰਾ ਮਾਹਰ ਨਹੀਂ ਹੋ ਸਕਦਾ। ਸਾਨੂੰ ਟੀਮ ਸਪਿਰਿਟ ਮਜ਼ਬੂਤ ਰੱਖਣ ਲਈ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ। ਇਹ ਤੁਹਾਡੀ ਕੰਪਨੀ ਦੇ ਕਾਰੋਬਾਰ ਦੀ ਤਰੱਕੀ ਦਾ ਰਾਜ਼ ਹੈ।

'ਅਲ ਦੋਬੋਈ' ਕੰਪਨੀ ਵਾਤਾਵਰਣ ਸੰਭਾਲ ਬਾਰੇ ਵੀ ਚੇਤੰਨ ਹੈ। ਪਿੱਛੇ ਦੱਸ ਆਏ ਹਾਂ ਕਿ ਦਿੱਲੀ ਪ੍ਰਾਈਵੇਟ ਸਕੂਲ ਵਿੱਚ 2083 ਬੂਟੇ ਵੰਡੇ ਗਏ ਸਨ। ਸਹਿਣਯੋਗ ਤਰੱਕੀ ਇਕ ਹੋਰ ਜ਼ਰੂਰੀ ਅਮਲ ਵਰਤੋਂ ਵਿੱਚ ਲਿਆਉਣ ਦੀ ਜ਼ਰੂਰਤ ਹੈ। ਜੇਕਰ ਵਾਤਾਵਰਣ ਉਪਰ ਝੱਲਣਯੋਗ ਬੋਝ ਪਾਇਆ ਜਾਵੇ ਤਾਂ ਇਹ ਬਚਿਆ ਰਹੇਗਾ, ਨਹੀਂ ਤਾਂ ਇਹ ਮਨੁੱਖੀ ਹੋਂਦ ਲਈ ਘਾਤਕ ਸਿੱਧ ਹੋਵੇਗਾ। ਕੰਪਨੀ ਦੀ ਬਿਹਤਰੀ ਲਈ ਸਿਰਜਣਾ ਸ਼ਕਤੀ ਨੂੰ ਬਰਕਰਾਰ ਰੱਖਣਾ ਵੀ ਜ਼ਰੂਰੀ ਹੈ। ਇਸ ਲਈ ਨਵੀਆਂ ਖੋਜਾਂ ਅਤੇ ਟੈਕਨਾਲੋਜੀ ਨੂੰ ਉਤਸਾਹਿਤ ਕਰਨ ਦੀ ਲੋੜ ਹੈ। ਲੋਕ ਗ਼ਲਤੀਆਂ ਕਰਦੇ ਹਨ ਪਰੰਤੂ ਗ਼ਲਤੀਆਂ ਤੋਂ ਸਬਕ ਸਿੱਖਣਾ ਇਨਸਾਨੀ ਫ਼ਿਤਰਤ ਹੈ ਜੋ ਸਿਰਜਣਾ ਸ਼ਕਤੀ ਨੂੰ ਅੱਗੇ ਤੋਰਦੀ ਹੈ। ਜਿਵੇਂ ਆਮ ਕਹਾਵਤ ਹੈ : 'ਬੰਦ ਡੱਬੇ ਤੋਂ ਬਾਹਰ ਸੋਚਣਾ', ਇਹ ਸਾਡੀ ਕੰਪਨੀ ਦਾ ਤਕੀਆ ਕਲਾਮ ਬਣ ਗਿਆ ਹੈ। ਨੈਗੇਟਿਵੀਟੀ ਦੇ ਪ੍ਰਕੋਪ ਤੋਂ ਬਚਣ ਲਈ ਵੀ ਸਿਰਜਣਾ ਸ਼ਕਤੀ ਮੱਦਦ ਕਰਦੀ ਹੈ।

ਸੰਗਤ ਨੂੰ ਲੈਕਚਰ ਦੌਰਾਨ ਮੈਂ ਇਕ ਹੋਰ ਸਮੱਸਿਆ ਦਾ ਜ਼ਿਕਰ ਕੀਤਾ ਜੋ ਸਾਡੇ ਕਾਰੋਬਾਰ 'ਤੇ ਮਾੜਾ ਪ੍ਰਭਾਵ ਪਾ ਸਕਦੀ ਹੈ। ਉਹ ਹੈ ਸਾਡੇ ਪ੍ਰੀਵਾਰਾਂ ਵਿੱਚ ਅਮਨ ਸ਼ਾਂਤੀ ਦੇ ਮਹੌਲ ਦਾ ਭੰਗ ਹੋਣਾ। ਗੁਰੂ ਅਰਜਨ ਦੇਵ ਜੀ ਇਸ ਬਾਰੇ ਬਾਣੀ ਵਿੱਚ ਕਹਿ ਰਹੇ ਹਨ : 'ਅਮਨ ਤਾਂ ਹੀ ਸੰਭਵ ਹੈ ਜੇਕਰ ਹਰ ਕੋਈ ਦੂਜੇ ਨੂੰ ਦੁੱਖ ਨਾ ਦੇਵੇ। ਮਿਹਰਾਂ ਦੇ ਸਾਈਂ ਦਾ ਹੁਕਮ ਹੈ ਕਿ ਕੋਈ ਵੀ ਦੂਜੇ ਨੂੰ ਤੰਗ ਨਹੀਂ ਕਰੇਗਾ, ਦੁੱਖ ਨਹੀਂ ਦੇਵੇਗਾ ਜਾਂ ਜ਼ੁਲਮ ਨਹੀਂ ਕਰੇਗਾ। ਹਰ ਬੰਦਾ ਇਸ ਹਲੀਮੀ ਰਾਜ ਵਿੱਚ ਅਮਨ ਸ਼ਾਂਤੀ ਨਾਲ ਰਹੇਗਾ। ਜਿੰਨਾ ਚਿਰ ਸਮਾਜ ਵਿੱਚ ਦੁੱਖ ਤਕਲੀਫ਼ ਹੈ, ਅਮਨ ਸ਼ਾਂਤੀ ਦਾ ਹੋਣਾ ਨਾ-ਮੁਮਕਿੰਨ ਹੈ।' ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਵਿਸ਼ਵ-ਵਿਆਪੀ ਹੈ ਜੋ ਮਨੁੱਖਤਾ ਦੇ ਭਲੇ ਲਈ ਹੈ: 'ਸੇਵਾ ਵਿੱਚ ਜੀਵਨ ਬਤੀਤ ਕਰੋ, ਵੰਡ ਕੇ ਛਕੋ ਅਤੇ ਸਭ ਨੂੰ ਬਰਾਬਰ ਸਮਝੋ।'

ਅਸੀਂ ਅਮਨ ਸ਼ਾਂਤੀ ਦੇ ਭਾਸ਼ਣ ਦੂਜਿਆਂ ਨੂੰ ਬਹੁਤ ਦਿੰਦੇ ਹਾਂ, ਪਰੰਤੂ ਅੰਦਰ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਅਸੀਂ ਖ਼ੁਦ ਇਸ ਉਪਰ ਅਮਲ ਨਹੀਂ ਕਰਦੇ। ਸਾਨੂੰ ਉਹਨਾਂ ਸਭ ਦੀ ਮੱਦਦ ਕਰਨੀ ਚਾਹੀਦੀ ਹੈ ਜੋ ਧਾਰਮਿਕ ਅਤੇ ਸਿਆਸੀ ਕੱਟੜਪੁਣੇ ਦਾ ਸ਼ਿਕਾਰ ਹੋ ਚੁੱਕੇ ਹਨ। ਅਮਨ ਉਹ ਇਕਾਈ ਹੈ ਜੋ ਘਰ ਵਿੱਚ ਪਤੀ ਅਤੇ ਪਤਨੀ ਤੋਂ ਲੈ ਕੇ, ਕਾਰੋਬਾਰ ਦੇ ਕੰਮਾਂ ਵਿੱਚ, ਸਮਾਜ ਦੇ ਅੰਗਾਂ ਤੋਂ ਲੈ ਕੇ ਦੇਸ਼ਾਂ ਵਿੱਚ ਅਤੇ ਵਿਸ਼ਵ ਭਰ ਵਿੱਚ ਹੋਣਾ ਚਾਹੀਦਾ ਹੈ। ਕਹਾਵਤ ਹੈ : 'ਪਰਉਪਕਾਰ ਘਰ ਤੋਂ ਹੀ ਸ਼ੁਰੂ ਹੋਣਾ ਚਾਹੀਦਾ ਹੈ।' ਇਹੋ ਗੱਲ ਅਮਨ ਉਪਰ ਵੀ ਲਾਗੂ ਹੁੰਦੀ ਹੈ। ਗੁਰੂ ਜੀ ਇਹੋ ਸੰਦੇਸ਼ ਦਿੰਦੇ ਹਨ: 'ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ'।

ਗੁਰੂ ਜੀ ਦੀ ਮਹਾਨਤਾ ਕਰਾਮਾਤਾਂ ਨਾਲ ਜੋੜੀ ਜਾਂਦੀ ਹੈ ਜੋ ਕਿ ਠੀਕ ਨਹੀਂ। ਉਹਨਾਂ ਦੀ ਮਹਾਨਤਾ ਇਸ ਕਰਕੇ ਹੈ ਕਿ ਉਹ ਧਰਤੀ ਉਪਰ ਆਮ ਇਨਸਾਨਾਂ ਵਾਂਗ

ਰਹਿ ਕੇ ਪਿਆਰ, ਭਾਈਚਾਰੇ, ਅਮਨ ਅਤੇ ਹਲੀਮੀ ਦਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੇ ਸਨ। ਗ੍ਰਹਿਸਥੀ ਜੀਵਨ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਦੇ ਹੋਏ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਘਰ ਬਾਰ ਦਾ ਤਿਆਗ ਕਰ ਕੇ ਪ੍ਰਭੂ ਨੂੰ ਪਾਉਣਾ ਭਾਂਜਵਾਦੀ ਰੁਚੀ ਦਾ ਪ੍ਰਤੀਕ ਹੈ ਜੋ ਸਮਾਜ ਲਈ ਹਾਨੀਕਾਰਕ ਸਿੱਧ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਏਕਤਾ ਅਤੇ ਭਰਾਤਰੀ-ਭਾਵ ਦਾ ਸੁਨੇਹਾ ਦੇ ਕੇ ਬਹੁਤ ਮਹਾਨ ਕੰਮ ਕੀਤਾ ਹੈ। ਲੋੜ ਹੈ ਇਸ ਸੰਦੇਸ਼ ਉਪਰ ਅਸੀਂ ਖ਼ੁਦ ਵੀ ਚੱਲੀਏ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ: 'ਮਨੁੱਖਤਾ ਹੀ ਸਭ ਤੋਂ ਵੱਡਾ ਧਰਮ ਹੈ। ਸਾਰੇ ਮਨੁੱਖ ਇੱਕੋ ਪ੍ਰਮਾਤਮਾ ਦਾ ਹੀ ਰੂਪ ਹਨ। ਸਾਰੀ ਮਨੁੱਖ ਜਾਤੀ ਨੂੰ ਇਕ ਕਰਕੇ ਜਾਣੋ।' ਮਾਨਵਤਾ ਸਾਡੇ ਜੀਵਨ ਦਾ ਜ਼ਰੂਰੀ ਅੰਗ ਹੈ ਅਤੇ ਸਾਨੂੰ ਦੂਜਿਆਂ ਦੀ ਮੱਦਦ ਲਈ ਪ੍ਰੇਰਦਾ ਹੈ। ਇਸ ਲਈ ਅਮੀਰ ਹੋਣਾ ਕੋਈ ਜ਼ਰੂਰੀ ਨਹੀਂ, ਗ਼ਰੀਬ ਵੀ ਕਈ ਤਰ੍ਹਾਂ ਨਾਲ ਮਨੁੱਖਤਾ ਦੀ ਸੇਵਾ ਕਰ ਸਕਦਾ ਹੈ। ਮਾਨਵਤਾ ਸਿਰਫ਼ ਸਮਾਜ ਦੇ ਬੰਦਿਆਂ ਲਈ ਰਹਿਮ ਦਾ ਪ੍ਰਤੀਕ ਨਹੀਂ। ਇਹ ਤਾਂ ਮਨੁੱਖ ਜਾਤੀ ਦੇ ਮਨਾਂ ਤੋਂ ਉਪਰ ਉਠ ਕੇ ਦਿਲਾਂ ਨਾਲ ਜੁੜਨ ਦਾ ਅਮਲ ਹੋਣ ਚਾਹੀਦਾ ਹੈ।

ਹਰ ਧਰਮ ਸਾਨੂੰ ਮਾਨਵਤਾ, ਅਮਨ ਅਤੇ ਪਿਆਰ ਦੀ ਗੱਲ ਦੱਸਦਾ ਹੈ ਅਤੇ ਕੋਈ ਵੀ ਧਰਮ ਮਾਨਵਤਾ ਤੋਂ ਉਪਰ ਨਹੀਂ ਹੋ ਸਕਦਾ। ਕੌਮਾਂ ਦੀ ਖ਼ੁਸ਼ਹਾਲੀ ਵਿੱਚ ਧਾਰਮਿਕ ਸਦਭਾਵਨਾ ਦਾ ਹੋਣਾ ਜ਼ਰੂਰੀ ਹੈ। ਜਦੋਂ ਅਸੀਂ ਆਪਸ ਵਿੱਚ ਮਿਲਦੇ ਹਾਂ ਤਾਂ ਧਰਮ, ਜਾਤੀ, ਰੰਗ ਭੇਦ ਦੇ ਵਿਤਕਰੇ ਤੋਂ ਉਪਰ ਨਾ ਉਠੀਏ ਤਾਂ ਸਾਡਾ ਜੀਵਨ ਦੁਸ਼ਵਾਰੀਆਂ ਭਰਿਆ ਬਣ ਜਾਵੇਗਾ। ਪਿਛਲੇ ਸਮਿਆਂ ਵਿੱਚ ਅਜੇਹਾ ਵਰਤਾਰਾ ਹੋਣ ਕਰਕੇ ਇਨਸਾਨੀਅਤ ਦਾ ਘਾਣ ਹੋਇਆ ਹੈ ਜੋ ਇਤਿਹਾਸ ਦਾ ਹਿੱਸਾ ਹੈ।

ਗੁਰੂ ਨਾਨਕ ਵਿਸ਼ਵ-ਵਿਆਪੀ ਭਾਈਚਾਰੇ ਵਿੱਚ ਯਕੀਨ ਰੱਖਦੇ ਸਨ ਜਿੱਥੇ ਹਰ ਬੰਦਾ ਪ੍ਰਭੂ ਦੇ ਘਰ ਬਰਾਬਰ ਮੰਨਿਆ ਗਿਆ ਹੈ। ਮੁਸਲਿਮ, ਸਿੱਖ, ਹਿੰਦੂ ਜਾਂ ਈਸਾਈ ਬਣਨ ਤੋਂ ਪਹਿਲਾਂ ਸਾਨੂੰ ਇਨਸਾਨ ਬਣਨਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਦੁਨੀਆਂ ਲਈ ਸੰਦੇਸ਼ ਹੈ: 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਜਿਸ ਦਾ ਮਤਲਬ ਹੈ ਮਨੁੱਖ ਜਾਤੀ ਨੂੰ ਇਕ ਸਮਝੋ। ਪ੍ਰਭੂ ਦਾ ਪਰਉਪਕਾਰ ਧਰਮ, ਜਾਤੀ ਜਾਂ ਲਿੰਗ ਉਪਰ ਨਿਰਧਾਰਤ ਨਹੀਂ। ਨਫ਼ਰਤ ਦੀ ਬਜਾਏ ਪਿਆਰ ਅਤੇ ਸਦਭਾਵਨਾ ਦੀ ਲੋੜ ਹੈ। ਗੁਰੂਆਂ ਦੇ ਉਪਦੇਸ਼ ਉਪਰ ਚੱਲਦਿਆਂ ਹਰ ਸਿੱਖ ਦੀ ਅਰਦਾਸ ਵਿੱਚ 'ਸਰਬੱਤ ਦਾ ਭਲਾ' ਮੰਗਿਆ ਜਾਂਦਾ ਹੈ। ਜੇਕਰ ਸਭ ਮਾਨਵਤਾ ਇਸ ਸੰਦੇਸ਼ ਉਪਰ ਫੁੱਲ ਚੜ੍ਹਾਵੇ ਤਾਂ ਦੁਨੀਆਂ ਵਿੱਚ ਅਮਨ ਸ਼ਾਂਤੀ ਅਤੇ ਖ਼ੁਸ਼ਹਾਲੀ ਦਾ ਬੋਲਬਾਲਾ ਹੋਣਾ ਆਵੱਸ਼ਕ ਹੈ।

— 0 —

16

# ਟਾਇਰਾਂ ਅਤੇ ਬੈਟਰੀਆਂ ਦੀ ਗਾਥਾ

ਕੀ ਤੁਹਾਨੂੰ ਪਤਾ ਹੈ ਕਿ ਹੁਣ ਨਵੀਆਂ ਕਾਰਾਂ ਸਪੇਅਰ ਟਾਇਰ ਤੋਂ ਬਗ਼ੈਰ ਆ ਰਹੀਆਂ ਹਨ। ਕਾਰਾਂ ਦੇ ਉਤਪਾਦਕ ਕਾਰਬਨ ਦੀਆਂ ਗੈਸਾਂ ਦਾ ਉਤਸਰਜਨ ਘਟਾਉਣ ਲਈ ਕਾਰਾਂ ਦਾ ਭਾਰ ਘੱਟ ਕਰਨਾ ਚਾਹੁੰਦੇ ਹਨ। ਉਹ ਫ਼ਾਲਤੂ ਟਾਇਰ ਦੀ ਬਜਾਏ ਪੰਚਰ ਲਾਉਣ ਦੀ ਕਿੱਟ ਅਤੇ ਨਪੀੜੀ ਹੋਈ ਹਵਾ ਦਾ ਡੱਬਾ ਮੁਹੱਈਆ ਕਰਦੇ ਹਨ। ਤੁਸੀਂ ਟਾਇਰਾਂ ਬਾਰੇ ਬਹੁਤ ਗੱਲਾਂ ਨਹੀਂ ਜਾਣਦੇ ਅਤੇ ਤੁਹਾਡੇ ਜੀਵਨ ਵਿੱਚ ਟਾਇਰਾਂ ਦਾ ਕੀ ਰੋਲ ਹੈ। ਮੰਨ ਲਉ ਕਿ ਤੁਸੀਂ ਮਿਲੀਅਨ ਡਾਲਰ ਦੇ 'ਕੁਇਜ਼' ਵਿੱਚ ਭਾਗ ਲੈ ਰਹੇ ਹੋ ਜਿਸ ਵਿੱਚ ਪੁੱਛਿਆ ਗਿਆ ਹੈ : 'ਸਾਲ ਭਰ ਵਿੱਚ ਸੱਭ ਤੋਂ ਵੱਧ ਟਾਇਰ ਕੌਣ ਤਿਆਰ ਕਰ ਕੇ ਵੇਚਦਾ ਹੈ?' ਤੁਹਾਡਾ ਜਵਾਬ ਘੁੰਮ ਘੁਮਾ ਕੇ ਇਨ੍ਹਾਂ ਵਿੱਚੋਂ ਇਕ ਹੋਵੇਗਾ : 'ਮਿਚਲੀਨ, ਗੁੱਡਈਅਰ, ਡੱਨਲਪ ਜਾਂ ਸ਼ਾਇਦ ਚੀਨੀ ਬ੍ਰਾਂਡ ਲਿੰਗਲਾਂਗ ਜਾਂ ਇਨਫ਼ਿਨਟੀ।' ਤੁਹਾਡਾ ਇਹ ਜਵਾਬ ਗ਼ਲਤ ਹੋਵੇਗਾ। ਸਹੀ ਜਵਾਬ ਹੈ 'ਲੀਗੋ' ਜੋ ਬੱਚਿਆਂ ਦੇ ਖੇਡਣ ਲਈ ਕਾਰਾਂ ਦੇ 300 ਮਿਲੀਅਨ ਟਾਇਰ ਬਣਾਉਂਦੇ ਹਨ।

ਬਹੁਤ ਲੋਕ ਜੋ ਟਾਇਰਾਂ ਦੀ ਵਰਤੋਂ ਕਰਦੇ ਹਨ ਆਪਣੀ ਕਾਰ ਦੇ ਚਾਰ ਟਾਇਰਾਂ ਤੋਂ ਅੱਗੇ ਨਹੀਂ ਸੋਚਦੇ ਜੋ ਘਸ ਜਾਣ 'ਤੇ ਬਦਲਣੇ ਪੈਂਦੇ ਹਨ। ਮੇਰੀ ਸਾਰੀ ਉਮਰ ਟਾਇਰਾਂ ਦੀ ਖੋਜ, ਵਿਕਰੀ ਅਤੇ ਮਾਰਕੀਟਿੰਗ ਵਿੱਚ ਲੰਘੀ ਹੋਣ ਕਰਕੇ ਮੇਰਾ ਇਸ ਰਬੜ ਦੇ 'ਡੋਨਟ' ਵਰਗੇ ਛੱਲਾਨੁਮਾ ਆਕਾਰ ਨਾਲ ਪਿਆਰ ਹੋਣ ਕਰਕੇ ਇਸ ਦੀ ਪੂਰੀ ਸਮਝ ਵੀ ਹੈ ਜੋ ਮੇਰੇ ਗਾਹਕ ਨੂੰ ਨਹੀਂ ਹੁੰਦੀ। ਮੈਂ ਤਾੜਨਾ ਕਰਦਾ ਹਾਂ ਕਿ ਧਰਤੀ ਨਾਲ ਜੁੜਿਆ ਟਾਇਰ ਤੁਹਾਡੇ 50 ਪ੍ਰਤੀਸ਼ਤ ਹਾਦਸਿਆਂ ਲਈ ਜ਼ਿੰਮੇਵਾਰ ਹੁੰਦਾ ਹੈ। 2017 ਵਿੱਚ ਇੰਗਲੈਂਡ ਦੇ ਹਾਦਸਿਆਂ ਵਿੱਚ ਬਰੇਕਾਂ ਫ਼ੇਲ੍ਹ ਹੋਣ ਵਾਲੇ ਹਾਦਸਿਆਂ ਨਾਲੋਂ, ਤਿੰਨ ਗੁਣਾ ਮਾੜੇ ਟਾਇਰਾਂ ਦੀ ਵਜ੍ਹਾ ਕਰਕੇ ਹੋਏ ਸਨ। ਉਹ ਕਾਰ ਦੀ ਚਮਕ ਦਮਕ ਵੱਲ ਪੂਰਾ ਧਿਆਨ ਦਿੰਦੇ ਹਨ, ਇਸ ਨੂੰ ਨਵੀਂ ਵਹੁਟੀ ਵਾਂਗ ਗਹਿਣਿਆਂ ਨਾਲ ਸਜਾਉਂਦੇ ਹਨ ਪਰੰਤੂ ਆਪਣੇ ਟਾਇਰਾਂ ਦੀ ਸਾਂਭ-ਸੰਭਾਲ ਤੋਂ ਅਵੇਸਲੇ ਰਹਿੰਦੇ ਹਨ।

ਇਹੋ ਕਾਰਨ ਹੈ ਕਿ ਮੈਂ ਟਾਇਰਾਂ ਦੀ ਕੁਆਲਟੀ ਦਾ ਖ਼ਾਸ ਧਿਆਨ ਰੱਖਦਾ ਹਾਂ। ਮਾਰਕੀਟ ਵਿੱਚ ਸਸਤੇ ਅਤੇ ਘਟੀਆ ਕੁਆਲਟੀ ਦੇ ਟਾਇਰ ਵੀ ਉਪਲਬਧ ਹੁੰਦੇ ਹਨ ਜੋ ਦੱਸੀ ਗਈ ਆਯੂ ਨਾਲੋਂ ਪਹਿਲਾਂ ਹੀ ਦਗ਼ਾ ਦੇ ਜਾਂਦੇ ਹਨ। ਗਾਹਕ ਨੂੰ ਅਜੇਹੀ

ਹੇਰਾਫੇਰੀ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਸ਼ਾਇਦ ਇਹ ਸਾਡੀ ਟਾਇਰ ਇੰਡਸਟਰੀ ਦੀ ਕੁਤਾਹੀ ਹੈ ਕਿ ਵਰਤਣ ਵਾਲੇ ਲੋਕਾਂ ਨੂੰ ਇਸ ਦੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਜਾਂਦੀ।

ਟਾਇਰ ਤਿਆਰ ਕਰਨ ਲਈ ਵਰਕਸ਼ਾਪ ਅਤੇ ਫ਼ੈਕਟਰੀ ਲਗਾਉਣ ਲਈ 500 ਮਿਲੀਅਨ ਡਾਲਰ ਤੋਂ ਉਪਰ ਖ਼ਰਚਾ ਹੋ ਜਾਂਦਾ ਹੈ । ਭਾਵੇਂ ਟਾਇਰ ਦੇਖਣ ਚਾਖਣ ਵਿੱਚ ਰੋਮਾਂਟਿਕ ਨਹੀਂ ਜਾਪਦੇ ਪਰੰਤੂ ਸਾਰੀ ਦੁਨੀਆਂ ਨੂੰ ਗਤੀਸ਼ੀਲ ਰੱਖਦੇ ਹਨ ਅਤੇ ਹਾਦਸਿਆਂ ਵਿੱਚ ਤੁਹਾਡੇ ਜੀਵਨ ਦੇ ਰੱਖਿਅਕ ਵੀ ਬਣਦੇ ਹਨ। ਹਰ ਸਾਲ ਵਿਸ਼ਵ ਭਰ ਵਿੱਚ 2.3 ਬਿਲੀਅਨ (230 ਕਰੋੜ) ਟਾਇਰ ਤਿਆਰ ਕੀਤੇ ਜਾਂਦੇ ਹਨ। ਟਾਇਰ ਇੰਡਸਟਰੀ ਹਰ ਸਾਲ 190 ਬਿਲੀਅਨ (19000 ਕਰੋੜ) ਡਾਲਰ ਦੇ ਟਾਇਰ ਮਾਰਕੀਟ ਵਿੱਚ ਵੇਚਦੀ ਹੈ।

ਵਿਕੀਪੀਡੀਆ ਤੋਂ ਟਾਇਰਾਂ ਦੀ ਇੰਡਸਟਰੀ ਦੇ ਇਤਿਹਾਸ ਬਾਰੇ ਰੌਚਕ ਜਾਣਕਾਰੀ ਮਿਲ ਜਾਂਦੀ ਹੈ। ਰਬੜ ਦੇ ਵਲਕਨੀਕਰਣ (Vulcanisation) ਦਾ ਪਹਿਲਾ ਪੇਟੈਂਟ 1844 ਵਿੱਚ ਜਾਰੀ ਹੋਇਆ, ਟਾਇਰ ਅੰਦਰ ਟਿਊਬ ਅਤੇ ਰਿਮ ਦਾ ਪੇਟੈਂਟ 1904 ਵਿੱਚ ਮਿਲਿਆ ਅਤੇ 1920 ਤੋਂ ਪਹਿਲਾਂ ਟਾਇਰਾਂ ਦੀ ਬਾਹਰਲੀ ਸਤਹ 'ਤੇ ਝਿਰੀਆਂ ਪਾਉਣ ਦਾ ਪੇਟੈਂਟ ਵੀ ਜਾਰੀ ਹੋ ਚੁੱਕਾ ਸੀ। ਝਿਰੀਆਂ ਨਾਲ ਟਾਇਰਾਂ ਦੀ ਜ਼ਮੀਨੀ ਪਕੜ ਵੱਧ ਗਈ ਅਤੇ ਤੇਜ਼ ਰਫ਼ਤਾਰ ਉਪਰ ਵੀ ਸੁਰੱਖਿਆ ਮੁਹੱਈਆ ਹੋਣ ਲੱਗੀ। ਰਬੜ ਦੇ ਹਵਾ-ਭਰੇ ਟਾਇਰ ਦਾ ਪੇਟੈਂਟ 1888 ਵਿੱਚ ਸਕਾਟਲੈਂਡ ਦੇ ਜੰਮੇ ਪਲੇ ਜਾਨ ਬਾਇਡ ਡੱਨਲਪ ਨੂੰ ਮਿਲਿਆ। ਇਸ ਕਾਢ ਪਿੱਛੇ ਉਸ ਦੇ ਦਸ ਸਾਲ ਦੇ ਬੱਚੇ ਦਾ ਹੱਥ ਹੈ। ਬੱਚਾ ਜਦੋਂ ਉਘੜ ਦੁਘੜੀ ਪਗਡੰਡੀ 'ਤੇ ਆਪਣਾ ਤਿੰਨ ਪਹੀਆ ਸਾਈਕਲ ਚਲਾਉਂਦਾ ਤਾਂ ਉਸ ਦੇ ਸਿਰ ਵਿੱਚ ਦਰਦ ਹੋਣ ਲੱਗਦਾ। ਡੱਨਲਪ ਨੇ ਰਬੜ ਦੇ ਟਾਇਰ ਵਿੱਚ ਹਵਾ ਭਰ ਕੇ ਇਸ ਦਾ ਹੱਲ ਲੱਭ ਲਿਆ। ਇਹ ਟਾਇਰ ਸਾਈਕਲ ਚਾਲਕਾਂ ਵਿੱਚ ਹਰਮਨ ਪਿਆਰਾ ਹੋ ਗਿਆ।

ਟਾਇਰਾਂ ਦੀਆਂ ਕਈ ਕਿਸਮਾਂ 1920 ਤੋਂ ਬਾਅਦ ਹੋਂਦ ਵਿੱਚ ਆਉਣ ਲੱਗੀਆਂ। ਬਾਇਸ-ਪਲਾਈ (Bias-ply) ਟਾਇਰ ਦੀ ਮਜ਼ਬੂਤੀ ਲਈ ਇਸ ਦੇ ਸੜਕ ਨਾਲ ਰਗੜਦੇ ਹਿੱਸੇ ਉਪਰ ਸੂਤੀ ਧਾਗੇ ਦੀਆਂ ਪਰਤਾਂ ਚੜ੍ਹਾਈਆਂ ਗਈਆਂ । 1930 ਤੋਂ ਬਾਅਦ ਟਾਇਰ ਨੂੰ ਪਹੀਏ ਦੀ ਰਿੱਮ ਨਾਲ ਚਿਪਟੇ ਰੱਖਣ ਲਈ ਸਟੀਲ ਦੀਆਂ ਤਾਰਾਂ ਦੀ ਵਰਤੋਂ ਹੋਣ ਲੱਗੀ। ਚਾਰ-ਪਲਾਈ ਟਾਇਰ ਵੀ ਤਿਆਰ ਹੋਣ ਲੱਗੇ । ਇਨ੍ਹਾਂ ਵਿੱਚ ਤਪਸ਼ ਦੀ ਮਾਤਰਾ ਵਧੀਕ ਹੋਣ ਕਰਕੇ ਸਮੱਸਿਆ ਆ ਗਈ। ਸੂਤੜੀ ਦੇ ਧਾਗੇ ਦੀ ਜਗ੍ਹਾ ਨਾਈਲਨ ਜਾਂ ਪੋਲੀਐਸਟਰ ਦੀ ਡੋਰੀ ਵਰਤੋਂ ਵਿੱਚ ਆਉਣ ਲੱਗੀ ਜਿਸ ਨੇ 'ਰੇਡੀਅਲ' ਟਾਇਰ ਨੂੰ ਜਨਮ ਦਿੱਤਾ। ਇਹ ਬਾਇਸ-ਪਲਾਈ ਟਾਇਰਾਂ ਨਾਲੋਂ ਵਧੀਆ

ਸਨ। ਕਿਉਂਕਿ ਇਨ੍ਹਾਂ ਦੀ ਤਪਸ਼ ਘੱਟ ਸੀ, ਉਮਰ ਜ਼ਿਆਦਾ ਅਤੇ ਈਂਧਨ ਦਾ ਖ਼ਰਚਾ ਘੱਟ ਸੀ। ਗੁਡਈਅਰ ਕੰਪਨੀ ਨੇ ਬਾਇਸ-ਪਲਾਈ ਟਾਇਰ ਦਾ ਸੁਧਾਰ ਕਰਕੇ ਨਵਾਂ ਟਾਇਰ ਤਿਆਰ ਕੀਤਾ ਜੋ 30,000 ਮੀਲ ਦਾ ਸਫ਼ਰ ਤੈਹ ਕਰ ਸਕਦਾ ਸੀ। ਇਸ ਦੇ ਮੁਕਾਬਲੇ ਬਾਇਸ-ਪਲਾਈ 20,000 ਮੀਲ ਪਰੰਤੂ ਰੇਡੀਅਲ ਟਾਇਰ 40,000 ਮੀਲ ਚੱਲਣ ਦੀ ਯੋਗਤਾ ਰੱਖਦਾ ਸੀ। 1980 ਦੇ ਦਹਾਕੇ ਅਮਰੀਕਾ ਵਿੱਚ ਕਾਰਾਂ ਦੀ ਇਮਪੋਰਟ 30 ਪ੍ਰਤੀਸ਼ਤ ਵੱਧ ਗਈ ਅਤੇ ਇਹ ਸਾਰੀਆਂ ਰੇਡੀਅਲ ਟਾਇਰਾਂ ਨਾਲ ਫਿੱਟ ਹੋ ਕੇ ਫ਼ੈਕਟਰੀ ਵਿੱਚੋਂ ਨਿਕਲਦੀਆਂ ਸਨ।

ਇਸ ਤੋਂ ਬਾਅਦ ਟਿਊਬ ਤੋਂ ਬਗ਼ੈਰ ਟਾਇਰ ਬਣਨੇ ਸ਼ੁਰੂ ਹੋ ਗਏ। ਇਨ੍ਹਾਂ ਦੀ ਮੁਰੰਮਤ ਆਸਾਨ ਸੀ ਕਿਉਂਕਿ ਟਿਊਬ ਵਾਲੇ ਟਾਇਰ ਤਾਂ ਪੰਕਚਰ ਹੁੰਦੇ ਰਹਿੰਦੇ ਸਨ ਅਤੇ ਕਾਰ ਚਾਲਕ ਨੂੰ ਧੁੜਕੂ ਲੱਗਾ ਰਹਿੰਦਾ ਸੀ। ਬਾਕੀ ਇੰਡਸਟਰੀ ਵਾਂਗ ਹੁਣ ਟਾਇਰ ਇੰਡਸਟਰੀ ਵੀ ਆਟੋਮੇਸ਼ਨ ਵੱਲ ਵੱਧ ਰਹੀ ਹੈ। ਟਾਇਰਾਂ ਦਾ ਡੀਜ਼ਾਇਨ ਕੰਪਿਊਟਰ ਦੀ ਮੱਦਦ ਨਾਲ ਹੋ ਰਿਹਾ ਹੈ। ਮਸ਼ੀਨਾਂ ਦਾ ਕੰਟਰੋਲ ਵੀ ਰੋਬੋਟ ਕਰ ਰਿਹਾ ਹੈ ਤਾਂ ਕਿ ਇਨਸਾਨੀ ਦਖ਼ਲ ਨੂੰ ਘੱਟ ਕਰਕੇ ਗ਼ਲਤੀਆਂ ਦਾ ਸੁਧਾਰ ਕੀਤਾ ਜਾ ਸਕੇ। 'ਅਲ ਦੋਬੋਈ' ਵਿੱਚ ਨਵੀਨਤਮ ਟੈਕਨਾਲੋਜੀ ਦੀ ਵਰਤੋਂ ਕਰ ਕੇ ਟਾਇਰ ਤਿਆਰ ਕਰਦੇ ਹਾਂ। ਮੈਂ ਨਹੀਂ ਚਾਹੁੰਦਾ ਕਿ ਅਸੀਂ ਆਪਣੇ ਪ੍ਰੀਵਾਰ ਦੀ ਵਿਰਾਸਤ ਨੂੰ ਦਾਗ਼ ਲੱਗਣ ਦੇਈਏ ਜੋ ਪਿਛਲੇ ਅੱਠ ਦਹਾਕਿਆਂ ਤੋਂ ਟਾਇਰਾਂ ਦੇ ਕਾਰੋਬਾਰ ਵਿੱਚ ਹੈ।

ਟਾਇਰ ਇੰਡਸਟਰੀ ਦਾ ਭਵਿੱਖ ਕੈਸਾ ਹੋਵੇਗਾ? ਇਸ ਬਾਰੇ ਕਿਆਸ ਲੱਗਣੇ ਸ਼ੁਰੂ ਹੋ ਗਏ ਹਨ। ਹੋ ਸਕਦਾ ਹੈ ਕਿ ਰਬੜ ਦੀ ਬਜਾਏ ਕੋਈ ਹੋਰ ਨਵਾਂ ਪਦਾਰਥ ਵਰਤੋਂ ਵਿੱਚ ਲਿਆਂਦਾ ਜਾਵੇ ਜੋ ਪਲਾਟੀਨਮ ਦੀ ਤਰ੍ਹਾਂ ਅਦਭੁੱਤ ਹੋਵੇ। ਇਹ ਵੀ ਹੋ ਸਕਦਾ ਹੈ ਕਿ ਟਾਇਰ ਅਤੇ ਪਹੀਏ ਦੀ ਲੋੜ ਹੀ ਨਾ ਪਵੇ ਜੇਕਰ ਏਅਰ ਕੁਸ਼ਨ (air cushion) ਟੈਕਨਾਲੋਜੀ ਦੀ ਵਰਤੋਂ ਭਵਿੱਖ ਵਿੱਚ ਸਾਕਾਰ ਹੋ ਜਾਵੇ। ਅਜੇ ਤੱਕ ਇਹ ਕਿਆਸ ਅਰਾਈਆਂ ਹੀ ਹਨ। ਰਬੜ ਦੀ ਕੈਮਿਸਟਰੀ ਬਦਲ ਕੇ ਅਤੇ ਨਵੇਂ ਡੀਜ਼ਾਈਨਾਂ ਦੇ ਟਾਇਰ 80,000 ਮੀਲ ਤੱਕ ਸਫ਼ਰ ਤੈਹ ਕਰ ਸਕਦੇ ਹਨ। ਹਰ ਸਾਲ 25 ਕਰੋੜ ਟਾਇਰ ਬੇਕਾਰ ਹੋਣ ਕਰਕੇ ਸੁੱਟ ਦਿੱਤੇ ਜਾਂਦੇ ਹਨ। ਇਨ੍ਹਾਂ ਟਾਇਰਾਂ ਨੂੰ ਮਿਲਟਰੀ ਕੈਂਪਾਂ ਅਤੇ ਹੋਰ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।

ਸਾਡੇ ਜੀਵਨ ਵਿੱਚ ਬੈਟਰੀ ਦਾ ਮਹੱਤਵ ਬਹੁਤ ਵੱਧ ਗਿਆ ਹੈ। ਇਉਂ ਜਾਪਦਾ ਹੈ ਕਿ ਜੀਵਨ ਇਕ ਬੈਟਰੀ ਉਪਰ ਹੀ ਨਿਰਭਰ ਕਰਦਾ ਹੈ। ਟੀ.ਵੀ. ਦਾ ਰੀਮੋਟ ਕੰਟਰੋਲ, ਕਾਰ ਨੂੰ ਚਾਲੂ ਕਰਨਾ ਅਤੇ ਤੁਹਾਡੀ ਘੜੀ ਨੂੰ ਚੱਲਦੇ ਰੱਖਣਾ ਸਭ ਬੈਟਰੀਆਂ ਦੀ ਹੀ ਕਰਾਮਾਤ ਹੈ। ਬੈਟਰੀਆਂ ਦਾ ਕਾਰੋਬਾਰ ਮੇਰੇ ਬਿਜ਼ਨੈਸ ਦਾ ਦੂਜਾ ਅੰਗ ਬਣ ਚੁੱਕਾ ਹੈ ਜੋ ਦੁਬਈ ਪਹੁੰਚ ਕੇ ਸ਼ੁਰੂ ਕੀਤਾ ਹੈ। ਟੈਕਨਾਲੋਜੀ ਨੇ ਬੈਟਰੀਆਂ ਦੀ ਦੁਨੀਆਂ ਵਿੱਚ

ਇਨਕਲਾਬ ਲੈ ਆਂਦਾ ਹੈ। ਲੀਥੀਅਮ ਦੀ ਖੋਜ ਨੇ ਬੈਟਰੀਆਂ ਦੀ ਵਰਤੋਂ ਵਿੱਚ ਹੈਰਾਨਕੁੰਨ ਤਰੱਕੀ ਕਰ ਦਿੱਤੀ ਹੈ।

ਮੈਂ ਬੈਟਰੀਆਂ ਦੇ ਵਿਸ਼ੇ ਨੂੰ ਪਿਆਰ ਕਰਦਾ ਹਾਂ ਅਤੇ ਹਰ ਨਵੀਂ ਖੋਜ ਤੋਂ ਜਾਣਕਾਰੀ ਪ੍ਰਾਪਤ ਕਰਦਾ ਹਾਂ। ਤੁਹਾਡੇ ਵਿੱਚੋਂ ਬਹੁਤ ਸਾਰੇ ਸਿਰਫ਼ ਬੈਟਰੀ ਦੇ ਟਰਮੀਨਲਾਂ ਬਾਰੇ ਹੀ ਜਾਣਦੇ ਹਨ, ਇਕ ਅਨੋਡ (+) ਅਤੇ ਦੂਜਾ ਕੈਥੋਡ (−)। ਮੈਂ ਆਪਣੇ ਦੋਸਤ ਦੇ ਘਰ ਬੈਠਾ ਸਾਂ। ਉਸਦੇ ਪੋਤੇ ਦੀ ਕਾਰ ਦੀ ਬੈਟਰੀ ਮਰ ਚੁੱਕੀ ਸੀ ਅਤੇ ਬੱਚਾ ਖੇਡਣ ਲਈ ਕਾਹਲਾ ਪੈ ਰਿਹਾ ਸੀ। ਮੇਰੇ ਦੋਸਤ ਨੇ ਬੈਟਰੀ ਬਦਲ ਕੇ ਖਿਡੌਣਾ ਚਾਲੂ ਕਰ ਦਿੱਤਾ, ਨਹੀਂ ਤਾਂ ਹੰਗਾਮਾ ਸ਼ੁਰੂ ਹੋ ਜਾਣਾ ਸੀ।

ਵਿਕੀਪੀਡੀਆ ਵਿੱਚ ਦਿੱਤੀ ਗਈ ਸੂਚਨਾ ਦੇ ਆਧਾਰ ’ਤੇ ਕੁਲ 73 ਕਿਸਮ ਦੀਆਂ ਬੈਟਰੀਆਂ ਹਨ, 34 ਪ੍ਰਾਇਮਰੀ ਕਿਸਮ ਦੀਆਂ ਅਤੇ 39 ਸੈਕੰਡਰੀ ਬੈਟਰੀਆਂ ਜੋ ਦੁਬਾਰਾ ਚਾਰਜ ਹੋ ਜਾਂਦੀਆਂ ਹਨ। ਹਰ ਕਿਸਮ ਦੀ ਬੈਟਰੀ ਵਿੱਚ ਮੁੱਖ ਅੰਤਰ ਕੈਮਿਸਟਰੀ ਦਾ ਹੁੰਦਾ ਹੈ। ਬੈਟਰੀ ਦੇ ਫ਼ੰਕਸ਼ਨ ਨੂੰ ਸਮਝਣ ਲਈ ਤੁਹਾਨੂੰ ਕੈਮਿਸਟਰੀ ਦੀ ਸਿੱਖਿਆ ਲੈਣੀ ਪਵੇਗੀ। ਲਗਭਗ 150 ਸਾਲ ਤੋਂ ਲੈਡ-ਏਸਿਡ (Lead acid) ਬੈਟਰੀ ਦੀ ਵਰਤੋਂ ਹੋ ਰਹੀ ਹੈ। ਇਸ ਦਾ ਵੱਡਾ ਫ਼ਾਇਦਾ ਹੈ ਕਿ ਇਸ ਦੇ ਸਾਰੇ ਪਾਰਟਸ ਰੀਸਾਈਕਲ ਹੋ ਜਾਂਦੇ ਹਨ। ਇਹੋ ਕਾਰਨ ਹੈ ਕਿ ਨਵੀਆਂ ਖੋਜਾਂ ਦੇ ਬਾਵਜੂਦ ਇਸ ਬੈਟਰੀ ਨੂੰ ਮਾਰਕੀਟ ਵਿੱਚੋਂ ਬਾਹਰ ਨਹੀਂ ਕੱਢਿਆ ਜਾ ਸਕਿਆ।

ਲੀਥੀਅਮ ਆਇਨ ਬੈਟਰੀ ਨੇ ਟੈਕਨਾਲੋਜੀ ਦੇ ਖੇਤਰ ਵਿੱਚ ਕਬਜ਼ਾ ਕਰ ਰੱਖਿਆ ਹੈ। ਤੁਹਾਡੇ ਮੋਬਾਇਲ ਫ਼ੋਨ ਅਤੇ ਕੰਪਿਊਟਰ ਇਸ ਬੈਟਰੀ ਨਾਲ ਹੀ ਚੱਲਦੇ ਹਨ। ਨਵੀਆਂ ਖੋਜਾਂ ਨੇ ਇਸ ਬੈਟਰੀ ਦੀ ਸ਼ਕਤੀ ਵਧਾ ਦਿੱਤੀ ਹੈ। ਟੈਸਲਾ (Tesla) ਕੰਪਨੀ ਨੇ ਨਵੀਆਂ ਕਾਰਾਂ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਹੈ ਜਿਸ ਵਿੱਚ ਪੈਟਰੋਲ ਦੀ ਜਗ੍ਹਾ ਲੀਥੀਅਮ ਆਇਨ ਬੈਟਰੀ ਦੀ ਵਰਤੋਂ ਹੋ ਰਹੀ ਹੈ ਜੋ ਵਾਤਾਵਰਣ ਦੀ ਸੁਰੱਖਿਆ ਲਈ ਜ਼ਰੂਰੀ ਹੈ। ਬੋਇੰਗ ਡਰੀਮਲਾਈਨਰ ਜਹਾਜ਼ ਵਿੱਚ ਲੀਥੀਅਮ ਆਇਨ ਬੈਟਰੀ ਦੀ ਸਮੱਸਿਆ ਕਾਰਨ ਇਸ ਦਾ ਉਤਪਾਦਨ ਇਕ ਸਾਲ ਰੁਕਿਆ ਰਿਹਾ ਹੈ।

ਨਵੀਂ ਦੁਨੀਆਂ ਵਿੱਚ ਬੈਟਰੀਆਂ ਦੀ ਵਰਤੋਂ ਬਗ਼ੈਰ ਜੀਵਨ ਅਸੰਭਵ ਜਾਪਦਾ ਹੈ। ਸੈਟੇਲਾਈਟ (Satellite) ਬੈਟਰੀ ਦੀ ਮੱਦਦ ਨਾਲ ਅਪਰੇਸ਼ਨ ਵਿੱਚ ਰਹਿੰਦੇ ਹਨ ਅਤੇ ਸਾਡੇ ਟੈਲੀਵੀਜ਼ਨ ਦੇ ਪ੍ਰੋਗਰਾਮ ਚਲਾਉਂਦੇ ਹਨ। ਬੱਚਿਆਂ ਦੇ ਖਿਡੌਣੇ, ਮੋਬਾਇਲ ਫ਼ੋਨ, ਕੰਪਿਊਟਰ, ਕਾਰਾਂ, ਪੇਸ-ਮੇਕਰ, ਘੜੀਆਂ, ਸੁਣਨ ਵਾਲੀਆਂ ਮਸ਼ੀਨਾਂ, ਲਾਈਟ-ਹਾਊਸ, ਡੁਬਕਣੀਆਂ ਕਿਸ਼ਤੀਆਂ (Submarines), ਹਵਾਈ ਜਹਾਜ਼ ਅਤੇ ਰਾਕਟ ਸਭ ਬੈਟਰੀ ਉਪਰ ਆਧਾਰਿਤ ਹਨ। ਬੈਟਰੀ ਇੰਡਸਟਰੀ ਦਾ ਵਾਧਾ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਟੈਸਲਾ ਨੇ ਨੇਵਾਡਾ (Nevada) ਸਟੇਟ ਵਿੱਚ ਪੰਜ ਬਿਲੀਅਨ ਡਾਲਰ ਦਾ

ਪਲਾਂਟ ਚਾਲੂ ਕਰ ਦਿੱਤਾ ਹੈ ਤਾਂ ਕਿ ਨਵੀਆਂ ਕਾਰਾਂ ਦੀ ਖਪਤ ਪੂਰੀ ਕਰਨ ਲਈ ਬੈਟਰੀਆਂ ਦਾ ਉਤਪਾਦਨ ਕੀਤਾ ਜਾ ਸਕੇ।

2018 ਵਿੱਚ ਟੈਕਸਾਸ ਯੂਨੀਵਰਸਿਟੀ ਡਾਲਸ (Dallas) ਦੇ ਖੋਜੀਆਂ ਨੇ ਇਕ ਨਵੀਂ ਕਾਢ ਕੱਢੀ ਹੈ। ਲੀਥੀਅਮ ਆਇਨ ਬੈਟਰੀਆਂ ਦੀ ਚਾਰਜ ਸਟੋਰੇਜ਼ ਸਮਰੱਥਾ ਨੂੰ ਵਧਾਉਣ ਲਈ ਲੀਥੀਅਮ ਨਾਲ ਗੰਧਕ (Sulphur) ਨੂੰ ਮਿਲਾਇਆ ਗਿਆ ਹੈ। ਇਸ ਨਾਲ ਬੈਟਰੀਆਂ ਦੀ ਕੀਮਤ ਘਟੀ ਹੈ, ਭਾਰ ਘਟਿਆ ਹੈ ਅਤੇ ਸਟੋਰੇਜ਼ ਪੰਜ ਗੁਣਾ ਵੱਧ ਗਈ ਹੈ। ਨਵੀਂ ਟੈਕਨਾਲੋਜੀ ਨਾਲ ਸੋਡੀਅਮ ਅਤੇ ਨਿਕਲ ਦੀ ਵਰਤੋਂ ਵੀ ਸ਼ੁਰੂ ਹੋ ਗਈ ਹੈ ਪਰੰਤੂ ਲੈਡ-ਏਸਿਡ ਅਤੇ ਲੀਥੀਅਮ ਆਇਨ ਬੈਟਰੀਆਂ ਦੀ ਮਾਰਕੀਟ ਉਪਰ ਇਸ ਦਾ ਕੋਈ ਪ੍ਰਭਾਵ ਨਹੀਂ ਪਿਆ।

ਯੂ.ਏ.ਈ. ਵਿੱਚ ਸਾਡੇ ਬੈਟਰੀ ਉਤਪਾਦਨ ਦੇ ਦੋ ਪਲਾਂਟ ਚਾਲੂ ਹਨ। ਜ਼ਬੇਲ ਅਲੀ ਵਿੱਚ ਸਵੈ-ਚਾਲਕ ਪਲਾਂਟ ਹੈ ਅਤੇ ਰਾਸ-ਅਲ-ਖੈਮਾ ਵਿੱਚ ਇੰਡਸਟਰੀਅਲ ਪਲਾਂਟ, ਜੋ ਦੁਨੀਆਂ ਦਾ ਚੌਥੇ ਨੰਬਰ ਦਾ ਪਲਾਂਟ ਬਣ ਗਿਆ ਹੈ। ਸਾਡੇ ਪਲਾਂਟ ਦੀ ਮਸ਼ੀਨਰੀ ਨਵੀਂ ਨਕੋਰ ਅਤੇ ਆਧੁਨਿਕ ਟੈਕਨਾਲੋਜੀ 'ਤੇ ਆਧਾਰਿਤ ਹੈ। ਮੈਂ ਕੁਆਲਟੀ ਉਪਰ ਕੋਈ ਸਮਝੌਤਾ ਕਰਨ ਨੂੰ ਤਿਆਰ ਨਹੀਂ ਅਤੇ ਇਸ ਆਸ਼ੇ ਨੂੰ ਮੁੱਖ ਰੱਖ ਕੇ ਹੀ ਉਤਪਾਦਨ ਸ਼ੁਰੂ ਕੀਤਾ ਹੈ।

ਲੈੱਡ (ਸਿੱਕਾ) ਦੀਆਂ ਕੀਮਤਾਂ ਦੇ ਨਾਲ ਹੀ ਬੈਟਰੀ ਦੀ ਕੀਮਤ ਵੀ ਜੁੜੀ ਰਹਿੰਦੀ ਹੈ ਜਿਸ ਕਰਕੇ ਮਾਰਕੀਟ ਦੇ ਉਤਾਰ-ਚੜ੍ਹਾ ਦੀ ਜਾਣਕਾਰੀ ਰੱਖਣੀ ਜ਼ਰੂਰੀ ਹੈ। ਬਹੁਤ ਸਾਰੀਆਂ ਕੰਪਨੀਆਂ ਘਾਟੇ ਵਿੱਚ ਪਹੁੰਚ ਜਾਂਦੀਆਂ ਹਨ ਜੇਕਰ ਲੈੱਡ ਦੀ ਕੀਮਤ ਅਤੇ ਮੁਦਰਾ ਦੇ ਉਤਾਰ-ਚੜ੍ਹਾ ਨੂੰ ਧਿਆਨ ਗੋਚਰੇ ਨਾ ਰੱਖਿਆ ਜਾਵੇ। ਬੈਟਰੀ ਦੀ ਬਰਾਂਡ, ਕੁਆਲਟੀ, ਕੀਮਤ ਅਤੇ ਬੈਕ-ਅੱਪ ਸਰਵਿਸ ਵੀ ਮਹੱਤਵਪੂਰਣ ਤੱਤ ਹਨ। ਮੈਂ ਬੈਟਰੀ ਵਾਂਗ ਆਪਣੇ ਆਪ ਨੂੰ ਵੀ ਪੂਰਾ ਚਾਰਜ ਰੱਖਦਾ ਹਾਂ ਅਤੇ ਇਹ ਤੁਹਾਡੇ ਲਈ ਵੀ ਜ਼ਰੂਰੀ ਹੈ।

— 0 —

17

# ਤੁਹਾਡਾ ਇਕ ਦੋਸਤ ਵੀ ਹੈ

ਕੋਈ ਆਦਮੀ ਜਜ਼ੀਰੇ ਵਾਂਗ ਨਹੀਂ ਹੁੰਦਾ ਅਤੇ ਨਾ ਹੀ ਕੋਈ ਆਪਣੇ ਆਪ ਹੀ ਕਾਮਯਾਬ ਹੋ ਜਾਂਦਾ ਹੈ। ਮੈਂ ਜ਼ਿੰਦਗੀ ਵਿੱਚ ਇਕ ਸਬਕ ਸਿਖਿਆ ਹੈ ਕਿ ਕਿਸੇ ਪਾਸੋਂ ਹਮੇਸ਼ਾਂ ਲਈ ਸ਼ੁਕਰਾਨੇ ਦੀ ਉਮੀਦ ਨਾ ਰੱਖੋ। ਕਹਾਵਤ ਹੈ : 'ਨੇਕੀ ਕਰੋ ਅਤੇ ਖ਼ੂਹ ਵਿੱਚ ਸੁੱਟੋ।' ਜੇਕਰ ਕਿਸੇ ਦੀ ਮੱਦਦ ਕੀਤੀ ਹੋਵੇ ਤਾਂ ਉਸ ਨੂੰ ਕਦੇ ਜਿਤਲਾਵੋ ਨਾ। ਇਸ ਤਰ੍ਹਾਂ ਕਰਨ ਨਾਲ ਤੁਹਾਡੀ ਆਪਣੀ ਇੱਜ਼ਤ ਘੱਟ ਜਾਂਦੀ ਹੈ। ਹਾਂ ਇਹ ਜ਼ਰੂਰ ਹੈ ਕਿ ਕਈ ਤੁਹਾਥੋਂ ਮੱਦਦ ਲੈਣ ਉਪਰੰਤ ਨਾਸ਼ੁਕਰੇ ਹੋ ਕੇ ਪੇਸ਼ ਆਉਂਦੇ ਹਨ ਜੋ ਤੁਹਾਨੂੰ ਸੱਟ ਮਾਰਦਾ ਹੈ।

ਜ਼ਿੰਦਗੀ ਦੇ ਮਾਰਗ ਉਪਰ ਖੱਡੇ ਹੋਣ ਦੇ ਬਾਵਜੂਦ ਮੈਂ ਉਨ੍ਹਾਂ ਚੰਗੇ ਲੋਕਾਂ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਮੇਰੇ ਜੀਵਨ ਸਫ਼ਰ ਨੂੰ ਸੁਖਾਵਾਂ ਬਣਾਉਣ ਵਿੱਚ ਮੱਦਦ ਕੀਤੀ। ਮੇਰੇ ਲਈ ਦੁਬਈ ਦੇ ਹੁਕਮਰਾਨ 'ਹਿਜ਼ ਹਾਈਨੈਸ' ਸ਼ੇਖ਼ ਮੁਹੰਮਦ ਬਿਨ ਰਾਸ਼ੀਦ ਅਲ ਮਕਤੂਮ ਸ਼ੁਕਰਾਨੇ ਦੇ ਪਾਤਰ ਹਨ। ਇਹ ਮੈਂ ਇਸ ਲਈ ਨਹੀਂ ਕਹਿ ਰਿਹਾ ਕਿ ਮੈਂ ਦੁਬਈ ਦਾ ਵਸਨੀਕ ਬਣ ਚੁੱਕਾ ਹਾਂ। ਉਸ ਦੀ ਹਾਜ਼ਰੀ ਵਿੱਚ ਇਕ ਮਿਕਨਾਤੀਸੀ ਖਿੱਚ, ਜਲਾਲ ਅਤੇ ਨਿੱਘ ਮਹਿਸੂਸ ਕੀਤਾ ਜਾ ਸਕਦਾ ਹੈ। ਹੁਕਮਰਾਨ ਦੁਬਈ ਦੇ ਭਵਿੱਖ ਲਈ ਦੂਰ-ਦ੍ਰਿਸ਼ਟੀ ਰੱਖਦਾ ਹੈ ਜਿਸ ਕਰਕੇ ਇਸ ਸਿਟੀ-ਸਟੇਟ ਦੀ ਕਾਇਆ-ਕਲਪ ਹੋਣ ਜਾ ਰਹੀ ਹੈ। ਇਹ ਸਭ ਆਪਣੇ ਆਪ ਨਹੀਂ ਹੋਣ ਜਾ ਰਿਹਾ, ਇਸ ਲਈ ਇਕ ਮਾਸਟਰ ਪਲੈਨ ਬਣਾਈ ਗਈ ਹੈ ਜੋ ਅਜੇ ਪੂਰੀ ਨਹੀਂ ਹੋਈ। ਜ਼ਰਾ ਸੋਚੋ, ਦੁਬਈ ਵਿੱਚ 200 ਕੌਮਾਂ ਦੇ ਲੋਕ ਰਹਿੰਦੇ ਹਨ ਅਤੇ ਜੁਰਮ ਨਾਂਹ ਦੇ ਬਰਾਬਰ ਹੈ। ਇੱਥੋਂ ਦੀ ਸਰਕਾਰ ਵਿੱਚ ਦੋ ਖ਼ਾਸ ਮਹਿਕਮੇ ਕੰਮ ਕਰ ਰਹੇ ਹਨ, ਇਕ ਖ਼ੁਸ਼ੀ (Happiness) ਲਈ ਅਤੇ ਦੂਜਾ ਸਹਿਨਸ਼ੀਲਤਾ (Tolerance) ਲਈ ਕਿਰਿਆਸ਼ੀਲ ਰਹਿੰਦੇ ਹਨ।

ਮੈਨੂੰ ਕਈ ਵਾਰ ਦੁਬਈ ਦੇ ਹੁਕਮਰਾਨ ਨੂੰ ਮਿਲਣ ਦਾ ਮੌਕਾ ਬਣਿਆ ਹੈ। ਉਸ ਦੀ ਸੁਵੱਲੀ ਨਜ਼ਰ ਅਤੇ ਮੇਰੇ ਲਈ ਦਿਲਚਸਪੀ ਬਾ-ਕਮਾਲ ਹੈ। ਇਕ ਵਾਰ ਮੈਂ ਕੁਝ ਹੋਰ ਸਾਥੀਆਂ ਨਾਲ ਮਿਲਣ ਲਈ ਇੰਤਜ਼ਾਰ ਕਰ ਰਿਹਾ ਸੀ। ਉਹ ਸਿੱਧਾ ਮੇਰੇ ਪਾਸ ਆਇਆ ਅਤੇ ਕਹਿਣ ਲੱਗਾ ਕਿ ਸਾਡੇ ਪ੍ਰੀਵਾਰ ਨੇ ਦੁਬਈ ਦੀ ਸ਼ੁਹਰਤ ਵਧਾਈ ਹੈ। ਮੈਂ ਹੱਕਾ-ਬੱਕਾ ਰਹਿ ਗਿਆ। ਉਸ ਨੇ ਮੁਸਕਰਾ ਕੇ 'ਗੁਰੂ ਨਾਨਕ ਦਰਬਾਰ' ਗੁਰਦਵਾਰਾ

ਵੱਲ ਇਸ਼ਾਰਾ ਕੀਤਾ ਜੋ ਹੁਣ ਵਿਸ਼ਵ ਭਰ ਵਿੱਚ ਸਭ ਤੋਂ ਆਧੁਨਿਕ ਗੁਰਦਵਾਰਾ ਮੰਨਿਆ ਜਾਂਦਾ ਹੈ। ਲੋਕਾਂ ਪ੍ਰਤੀ ਅਜੇਹੀ ਸੰਵੇਦਨਸ਼ੀਲਤਾ, ਸਦਭਾਵਨਾ ਅਤੇ ਜਾਣਕਾਰੀ ਉਸ ਨੂੰ ਇਕ ਚਹੇਤਾ ਹੁਕਮਰਾਨ ਬਣਾਉਂਦੀ ਹੈ। ਮੈਂ ਹਰ ਮੀਟਿੰਗ ਤੋਂ ਬਾਅਦ ਇਸ ਦੀ ਯਾਦ ਸੰਭਾਲ ਕੇ ਰੱਖਦਾ ਹਾਂ।

ਪਿਛਲੇ 45 ਸਾਲਾਂ ਵਿੱਚ ਦੁਬਈ ਨੇ ਨਵੀਆਂ ਬੁਲੰਦੀਆਂ ਛੂਹੀਆਂ ਹਨ। ਜਦੋਂ ਅਸੀਂ 1976 ਵਿੱਚ ਆਏ ਸਾਂ ਤਾਂ ਇਕ ਆਮ ਜਿਹਾ ਸ਼ਹਿਰ ਸੀ ਜਿੱਥੇ ਕਾਰੋਬਾਰ ਦੀਆਂ ਸੰਭਾਵਨਾਵਾਂ ਉਜਾਗਰ ਹੋ ਰਹੀਆਂ ਸਨ। ਮੈਂ ਆਪਣੇ ਸਤਾਰਿਆਂ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਂ ਦੁਬਈ ਨੂੰ ਆਪਣੇ ਕਾਰੋਬਾਰ ਲਈ ਚੁਣਿਆ। ਮੈਂ ਬੜੀ ਆਜਜ਼ੀ ਸਹਿਤ ਇਸ ਨੂੰ ਆਪਣਾ ਘਰ ਕਹਿੰਦਾ ਹਾਂ। ਸਾਨੂੰ ਪ੍ਰਵਾਸੀਆਂ ਨੂੰ ਇਕ ਸਬਕ ਸਿੱਖਣਾ ਚਾਹੀਦਾ ਹੈ ਕਿ ਜਿਸ ਦੇਸ਼ ਨੂੰ ਆਪਣਾ ਘਰ ਬਣਾ ਕੇ ਰਹੀਏ, ਉਸ ਦੀ ਭਾਸ਼ਾ ਵੀ ਸਿੱਖੀਏ। ਇਸ ਦੇ ਬਹੁਤ ਫ਼ਾਇਦੇ ਹੁੰਦੇ ਹਨ। ਮੈਂ ਤਾਂ ਸਿਫ਼ਾਰਸ਼ ਕਰਦਾ ਹਾਂ ਕਿ ਅਰਬੀ ਭਾਸ਼ਾ ਸਾਡੇ ਬੱਚਿਆਂ ਲਈ ਜ਼ਰੂਰੀ ਵਿਸ਼ਾ ਘੋਸ਼ਿਤ ਕੀਤਾ ਜਾਵੇ ਤਾਂ ਕਿ ਉਹ ਇੱਥੋਂ ਦੇ ਸਮਾਜ ਵਿੱਚ ਸਦਭਾਵਨਾ ਪੈਦਾ ਕਰ ਸਕਣ।

ਸਾਊਦੀ ਅਰਬ ਦੇ ਖ਼ਾਲਿਦ ਹਮਦਾਨ ਅਤੇ ਫ਼ਾਹਦ ਉਲਾਯਾਨ ਸਾਡੇ ਬਿਜ਼ਨੈਸ ਦੇ ਭਾਗੀਦਾਰ ਹਨ ਅਤੇ ਚੰਗੇ ਕਾਰੋਬਾਰੀ ਬੰਦੇ ਸਿੱਧ ਹੋਏ ਹਨ। ਉਹ ਮੇਰੇ ਪੁੱਤਰ ਜਸਜੀਵ, ਜੋ ਸਾਊਦੀ ਅਰਬ ਦੇ ਬਿਜ਼ਨੈਸ ਦੀ ਦੇਖਭਾਲ ਕਰਦਾ ਹੈ, ਦੀ ਪੂਰੀ ਮੱਦਦ ਕਰ ਰਹੇ ਹਨ। ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਉਹ ਦੋਵੇਂ ਮੇਰੇ ਬਿਜ਼ਨੈਸ ਦੇ ਥੰਮ੍ਹ ਬਣ ਗਏ ਹਨ। ਇਕ ਬਿਜ਼ਨੈਸ ਭਾਗੀਦਾਰ ਤੋਂ ਵੱਧ ਉਹ ਮੇਰੇ ਪ੍ਰੀਵਾਰ ਦਾ ਹੀ ਹਿੱਸਾ ਜਾਪਦੇ ਹਨ। ਸਾਡੀ ਨੇੜਤਾ ਏਨੀ ਵੱਧ ਗਈ ਹੈ ਕਿ ਅਸੀਂ ਨਿੱਜ-ਸਵਾਰਥ ਤੋਂ ਉਪਰ ਉਠ ਗਏ ਹਾਂ।

ਇਕ ਹੋਰ ਸੱਜਣ ਜੋ ਮੇਰੇ ਜੀਵਨ ਵਿੱਚ ਆਇਆ ਮੁਹੰਮਦ ਔਘੜ ਹੈ। ਮੈਂ ਉਸ ਨੂੰ 1976 ਵਿੱਚ ਮਿਲਿਆ ਜਦੋਂ ਦੁਬਈ ਵਿੱਚ ਮੈਂ ਕੰਮ ਸ਼ੁਰੂ ਕਰਨ ਜਾ ਰਿਹਾ ਸਾਂ। ਔਘੜ ਕਾਰੋਬਾਰੀ ਬੰਦਾ ਸੀ ਜੋ ਟਾਇਰ, ਬੈਟਰੀਆਂ ਅਤੇ ਸਪੇਅਰ ਪਾਰਟਸ ਦਾ ਕੰਮ ਕਰਦਾ ਸੀ। ਬਗ਼ੈਰ ਕਿਸੇ ਜਾਣ-ਪਹਿਚਾਣ ਦੇ ਜਦੋਂ ਮੈਂ ਉਸ ਨੂੰ ਮਿਲਿਆ ਤਾਂ ਉਸ ਨੇ ਮੱਦਦ ਲਈ ਪੇਸ਼ਕਸ਼ ਕੀਤੀ। ਉਸ ਨੇ ਆਪਣੀ ਦੁਕਾਨ ਦੇ ਨਾਲ ਲੱਗਦਾ ਸ਼ੋ-ਰੂਮ ਮੈਨੂੰ ਕਿਰਾਏ 'ਤੇ ਲੈ ਦਿੱਤਾ ਅਤੇ ਬਿਜ਼ਨੈਸ ਸ਼ੁਰੂ ਕਰਨ ਵਿੱਚ ਅਗਵਾਈ ਕੀਤੀ। ਉਹ 'ਅਲ ਦੋਬੋਈ' ਕੰਪਨੀ ਲਈ ਸਰਪ੍ਰਸਤ ਬਣ ਗਿਆ ਅਤੇ ਪਹਿਲੇ ਤਿੰਨ ਸਾਲ ਕੋਈ ਫ਼ੀਸ ਨਹੀਂ ਲਈ। ਜਦੋਂ ਮੈਂ ਜ਼ਿੱਦ ਕੀਤੀ ਤਾਂ ਨਾ-ਮਾਤਰ ਫ਼ੀਸ ਲੈਣੀ ਮੰਨ ਗਿਆ। ਉਹ ਅੱਜ ਵੀ ਮੇਰੀ ਕੰਪਨੀ ਦਾ ਸਰਪ੍ਰਸਤ ਹੈ ਪਰੰਤੂ ਇਸ ਤੋਂ ਵੱਧ ਉਹ ਮੇਰਾ ਚੰਗਾ ਦੋਸਤ ਬਣ ਚੁੱਕਾ ਹੈ। ਜੂਲੀ ਐਂਡ੍ਰੀਊਜ਼ ਦੀ ਮੂਵੀ 'ਸਾਊਂਡ ਆਫ਼ ਮਿਊਜ਼ਿਕ' ਦੇ ਗੀਤ ਦੀਆਂ

ਲਾਈਨਾਂ ਮੇਰੇ ਯਾਦ ਹਨ ਜਿਨ੍ਹਾਂ ਵਿੱਚ ਆਖ਼ਰੀ ਸਿੱਟਾ ਇਹ ਹੈ: 'ਮੈਂ ਆਪਣੇ ਬਚਪਨ ਜਾਂ ਜਵਾਨੀ ਵਿੱਚ ਕੋਈ ਨੇਕ ਕੰਮ ਕੀਤਾ ਹੋਣਾ ਹੈ ਜਿਸ ਦਾ ਫਲ ਮੈਨੂੰ ਮਿਲ ਰਿਹਾ ਹੈ।' ਮੇਰੇ ਉਪਰ ਇਹ ਗੀਤ ਢੁੱਕਦਾ ਹੈ ਜਿਸ ਕਰਕੇ ਮੁਹੰਮਦ ਔਘੜ ਵਰਗਾ ਨੇਕ ਮਿੱਤਰ ਮੈਨੂੰ ਦੁਬਈ ਪੁੱਜਣ ਸਾਰ ਮਿਲ ਗਿਆ। ਜਦੋਂ ਜਰਮਨੀ ਦੀ ਯਾਤਰਾ ਸਮੇਂ ਮੇਰਾ ਪਾਸਪੋਰਟ ਚੋਰੀ ਹੋ ਗਿਆ ਤਾਂ ਮੁਸੀਬਤ ਆ ਪਈ ਕਿ ਦੁਬਈ ਕਿਵੇਂ ਵਾਪਸ ਮੁੜਾਂਗਾ। ਔਘੜ ਨੇ ਬੜੀ ਸਿਆਣਪ ਵਰਤ ਕੇ ਮੇਰਾ ਵੀਜ਼ਾ ਲਵਾ ਦਿੱਤਾ। ਮੈਂ ਉਸਦਾ ਇਹ ਅਹਿਸਾਨ ਉਮਰ ਭਰ ਨਹੀਂ ਭੁੱਲ ਸਕਦਾ।

ਅਬੂਧਾਬੀ ਵਿੱਚ ਮੇਰਾ ਪਹਿਲਾ ਗਾਹਕ ਇਸਮੈਲ ਅਲੀ ਅਲ-ਖਾਜਾ ਹੁਣ ਇਸ ਦੁਨੀਆਂ ਵਿੱਚ ਨਹੀਂ ਰਿਹਾ। ਉਹ ਯੂ.ਏ.ਈ. ਦੀ ਰਾਜਧਾਨੀ ਵਿੱਚ ਮੇਰਾ ਸਰਪ੍ਰਸਤ ਵੀ ਰਿਹਾ ਹੈ। ਉਹ ਮੇਰਾ ਚੰਗਾ ਦੋਸਤ ਬਣ ਗਿਆ। ਉਸ ਦੇ ਸੁਭਾਅ ਦੇ ਕਈ ਗੁਣ ਸਨ, ਖ਼ਾਸ ਕਰਕੇ ਖਰਾਇਤੀ ਕੰਮਾਂ ਲਈ ਮਾਇਆ ਦਾਨ ਕਰਨੀ। ਮੈਂ ਆਪਣੇ ਬਿਜ਼ਨੈਸ ਦੇ ਜ਼ਰੀਏ ਅਤੇ ਸਮਾਜਿਕ ਤੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਕੇ ਬਹੁਤ ਚੰਗੇ ਲੋਕਾਂ ਨੂੰ ਮਿਲਦਾ ਰਿਹਾ ਹਾਂ। ਇਨ੍ਹਾਂ ਵਿੱਚੋਂ ਕਈ ਮੇਰੇ ਸਦੀਵੀ ਮਿੱਤਰ ਬਣ ਗਏ ਹਨ। ਉਹਨਾਂ ਦੀਆਂ ਯਾਦਾਂ ਮੇਰੇ ਮਨ ਵਿੱਚ ਵੱਸਦੀਆਂ ਹਨ ਅਤੇ ਮੈਂ ਇਨ੍ਹਾਂ ਦਾ ਨਿੱਘ ਮਾਣਦਾ ਰਹਿੰਦਾ ਹਾਂ।

ਦੁਬਈ ਵਿੱਚ ਬਰਿੱਜਸਟੋਨ ਕੰਪਨੀ ਦੇ ਟਾਇਰਾਂ ਦਾ ਡਿਸਟਰੀਬਿਊਟਰ 'ਅਹਿਮਦ ਸਰਕਾਲ' ਬਹੁਤ ਪੜ੍ਹਿਆ-ਲਿਖਿਆ ਅਤੇ ਸਲੀਕੇ ਵਾਲਾ ਬੰਦਾ ਹੈ। ਭਾਵੇਂ ਅਸੀਂ ਬਿਜ਼ਨੈਸ ਵਿੱਚ ਇਕ ਦੂਸਰੇ ਦੇ ਮੁਕਾਬਲੇ ਉਪਰ ਆਉਂਦੇ ਹਾਂ ਪਰੰਤੂ ਸਾਡੀ ਦੋਹਾਂ ਦੀ ਬਹੁਤ ਨਿਭਦੀ ਹੈ। ਅਸੀਂ ਮਾਰਕੀਟ ਦੇ ਉਤਰਾ-ਚੜ੍ਹਾ ਬਾਰੇ ਗੁਫ਼ਤਗੂ ਕਰਦੇ ਰਹਿੰਦੇ ਹਾਂ ਅਤੇ ਇਕ ਦੂਸਰੇ ਦੀ ਰਾਏ ਦੀ ਕਦਰ ਕਰਦੇ ਹਾਂ। ਸਾਡਾ ਮੇਲ-ਜੋਲ ਦੋਸਤੀ ਵਿੱਚ ਵੱਟ ਗਿਆ ਹੈ।

ਅਹਿਮਦ ਤਮੀਮੀ ਜੂਮੇਰਾ ਵਿੱਚ ਸਾਡਾ ਪੜੋਸੀ ਹੋਇਆ ਕਰਦਾ ਸੀ। ਚੰਗੇ ਗਵਾਂਢੀ ਦੇ ਤੌਰ 'ਤੇ ਉਹ ਅਤੇ ਉਸਦੀ ਘਰਵਾਲੀ ਸਾਬਾ ਸਾਡੇ ਚਹੇਤੇ ਬਣ ਗਏ। ਉਸ ਦਾ ਭਰਾ 'ਐਸਮ' ਇਕ ਮੰਨਿਆ ਪ੍ਰਮੰਨਿਆ ਵਕੀਲ ਹੈ ਜਿਸ ਨੇ ਗੁਰਦਵਾਰੇ ਦਾ ਸੰਵਿਧਾਨ ਤਿਆਰ ਕਰਨ ਵਿੱਚ ਸਾਡੀ ਮੱਦਦ ਕੀਤੀ ਅਤੇ ਲਾਈਸੈਂਸ ਜਾਰੀ ਕਰਵਾਇਆ। ਸਈਅਦ ਖ਼ਲਫ਼ਾਨ ਯੂ.ਏ.ਈ. ਦਾ ਚੈਂਪੀਅਨ ਰੇਸ ਡਰਾਈਵਰ ਹੈ ਜੋ ਸਾਡਾ ਹਮਜੋਲੀ ਬਣ ਗਿਆ। ਉਹ ਪੁਲੀਸ ਦੇ ਮਹਿਕਮੇ ਵਿੱਚ ਕੰਮ ਕਰਦਾ ਸੀ ਅਤੇ ਸਾਡਾ ਪਹਿਲਾ ਮਿੱਤਰ ਬਣਿਆ।

ਡਾਕਟਰ ਹਾਮਦ ਅਲ ਸ਼ੈਬਾਨੀ ਦੁਬਈ ਦੇ ਇਸਲਾਮੀ ਮਸਲਿਆਂ ਅਤੇ ਚੈਰੀਟੇਬਲ ਐਕਟੀਵਿਟੀ ਦੇ ਮਹਿਕਮੇ ਦਾ ਡਾਈਰੈਕਟਰ ਜਨਰਲ ਰਿਹਾ ਹੈ। ਪਿਛਲੇ ਤੀਹ ਸਾਲਾਂ

ਤੋਂ ਮੈਂ ਉਸ ਨੂੰ ਜਾਣਦਾ ਹਾਂ ਅਤੇ ਸਤਿਕਾਰ ਕਰਦਾ ਹਾਂ। ਯੂ.ਏ.ਈ. ਵਿੱਚ ਸਿੱਖ ਧਰਮ ਦੀ ਪ੍ਰੈਕਟਿਸ ਲਈ ਇਜਾਜ਼ਤ ਇਸ ਮਹਿਕਮੇ ਤੋਂ ਦਿਵਾਉਣ ਵਿੱਚ ਡਾਕਟਰ ਹਾਮਦ ਦਾ ਬਹੁਤ ਸਹਿਯੋਗ ਹੈ। ਉਹ ਕਈ ਵਾਰ ਗੁਰਦਵਾਰੇ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਏ ਹਨ ਅਤੇ ਕਈ ਵਿਸ਼ਿਆਂ ਦੇ ਮਾਹਿਰ ਹਨ।

ਮੁਹੰਮਦ ਅਬਦੁੱਲਾ ਅਲਹਾਜ਼ ਅਲ ਜ਼ਾਰੋਨੀ ਦੁਬਈ ਦੇ ਰੈਡ ਕਰੈਸੈਂਟ ਸੰਸਥਾ ਦਾ ਮੁੱਖੀ ਹੈ। ਸੋਮਾਲੀਆ ਵਿੱਚ ਕੰਬਲ ਵੰਡਣ ਦਾ ਕੰਮ ਗੁਰਦਵਾਰੇ ਵੱਲੋਂ ਇਸ ਸੰਸਥਾ ਨਾਲ ਰਲ ਕੇ ਕੀਤਾ ਗਿਆ ਸੀ। ਕਈ ਸਾਲਾਂ ਤੋਂ ਅਸੀਂ ਇਕ ਦੂਜੇ ਨੂੰ ਜਾਣਦੇ ਹਾਂ ਅਤੇ ਖ਼ਰਾਇਤੀ ਕੰਮਾਂ ਵਿੱਚ ਰਲ-ਮਿਲ ਕੇ ਕੰਮ ਕਰਦੇ ਹਾਂ।

ਮੇਰਾ ਫ਼ਰਜ਼ ਬਣਦਾ ਹੈ ਕਿ ਰਾਸ-ਅਲ-ਖੈਮਾਹ ਦੇ ਹੁਕਮਰਾਨ 'ਹਿਜ਼ ਹਾਈਨੈਸ' ਸ਼ੇਖ਼ ਸਉਦ ਬਿਨ ਸਕਰ ਅਲ ਕਸੀਮੀ ਨੂੰ ਵੀ ਸਲੂਟ ਪੇਸ਼ ਕਰਾਂ। ਉਹ ਬਹੁਤ ਮਿਲਾਪੜਾ ਅਤੇ ਚੰਗਾ ਇਨਸਾਨ ਹੈ ਜੋ ਮਿਲਣਸਾਰ ਤੁਹਾਡਾ ਓਪਰਾਪਨ ਦੂਰ ਕਰ ਦਿੰਦਾ ਹੈ। ਜਦੋਂ ਅਸੀਂ ਬੈਟਰੀਆਂ ਦੇ ਉਤਪਾਦਨ ਲਈ ਇੰਡਸਟ੍ਰੀਅਲ ਪਲਾਂਟ ਲਗਾਉਣਾ ਸੀ ਤਾਂ ਹਰ ਕਦਮ ਉਪਰ ਸਾਡੀ ਖੁੱਲ੍ਹ ਕੇ ਮੱਦਦ ਕੀਤੀ ਅਤੇ ਪਾਵਰ ਦੀ ਮਨਜ਼ੂਰੀ ਦੇ ਦਿੱਤੀ। ਜਦੋਂ ਅਸੀਂ ਮਿਲਦੇ ਹਾਂ ਤਾਂ ਸ਼ਾਹੀ ਖਾਣੇ (Royal Banquet) ਦੀ ਦਾਅਵਤ ਦਾ ਲੁਤਫ਼ ਮਾਣਦੇ ਹਾਂ। ਕਿੰਨਾ ਚੰਗਾ ਲੱਗਦਾ ਹੈ ਕਿ ਇੰਨਾ ਪ੍ਰਸਿੱਧ ਵਿਅਕਤੀ ਤੁਹਾਨੂੰ ਸਮਾਂ ਦਿੰਦਾ ਹੈ ਅਤੇ ਤੁਹਾਡੀ ਮੱਦਦ ਲਈ ਤਿਆਰ ਰਹਿੰਦਾ ਹੈ।

— 0 —

18

# ਮੇਰੀ ਵਿਸ਼ਵ ਯਾਤਰਾ ਅਤੇ ਭਾਸ਼ਣ

ਮੈਨੂੰ ਬਿਜ਼ਨੈਸ ਦੇ ਸਬੰਧ ਵਿੱਚ ਵਿਸ਼ਵ ਭਰ ਵਿੱਚ ਘੁੰਮਣਾ ਪੈਂਦਾ ਹੈ ਪਰੰਤੂ ਕਈ ਵਾਰ ਦੁਬਈ ਦੇ ਹੁਕਮਰਾਨਾਂ ਵਲੋਂ ਡੈਲੀਗੇਟ ਦੇ ਤੌਰ 'ਤੇ ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਲਈ ਵੀ ਭੇਜਿਆ ਜਾਂਦਾ ਰਿਹਾ ਹੈ। ਅਜੇਹਾ ਪਹਿਲਾ ਮੌਕਾ ਬਰਿਸਬੇਨ (ਅਸਟ੍ਰੇਲੀਆ) ਦੀ ਗਰਿਫ਼ਥ ਯੂਨੀਵਰਸਿਟੀ ਵਿੱਚ ਜਾਣ ਦਾ ਮਿਲਿਆ । ਗੁਰੂ ਨਾਨਕ ਗੁਰਦਵਾਰੇ ਦਾ ਚੇਅਰਮੈਨ ਹੋਣ ਕਰਕੇ 'ਹਿਜ਼ ਹਾਈਨੈਸ' ਸ਼ੇਖ਼ ਨ੍ਹਾਇਨ ਮੁਬਾਰਕ ਅਲ ਨ੍ਹਾਇਨ, ਜੋ ਸਭਿਆਚਾਰਕ ਮਾਮਲਿਆਂ ਦੇ ਵਜ਼ੀਰ ਸਨ, ਨੇ ਮੈਨੂੰ ਯੂ.ਏ.ਈ. ਦਾ ਪ੍ਰਤਿਨਿਧ ਬਣਾ ਕੇ ਭੇਜਿਆ। ਮੈਨੂੰ ਬਤੌਰ ਸਿੱਖ ਡੈਲੀਗੇਟ ਇਸ ਲਈ ਚੁਣਿਆ ਗਿਆ ਕਿ ਮੈਂ ਬਰਿਸਬੇਨ ਵਿੱਚ ਹੋ ਰਹੀ ਅੰਤਰ-ਧਾਰਮਿਕ (Interfaith) ਕਾਨਫ਼ਰੰਸ ਵਿੱਚ ਯੂ.ਏ.ਈ. ਦੀ ਧਾਰਮਿਕ ਸਹਿਨਸ਼ੀਲਤਾ ਬਾਰੇ ਵਿਚਾਰ ਪੇਸ਼ ਕਰ ਸਕਾਂ।

ਐਮੀਰਾਤ ਏਅਰਲਾਈਨਜ਼ ਦੀ ਤੇਰਾਂ ਘੰਟੇ ਦੀ ਉੜਾਨ ਤੋਂ ਬਾਅਦ ਮੈਂ ਥੱਕਿਆ ਟੁੱਟਿਆ ਬਰਿਸਬੇਨ ਪਹੁੰਚਿਆ। ਉੜਾਨ ਤਾਂ ਅਰਾਮਦੇਹ ਸੀ ਪਰੰਤੂ ਜੈਟਲੈਗ ਅਤੇ ਦੁਬਈ-ਬਰਿਸਬੇਨ ਦੇ ਲੋਕਲ ਸਮੇਂ ਵਿੱਚ ਛੇ ਘੰਟੇ ਦਾ ਅੰਤਰਾਲ ਹੋਣ ਕਰਕੇ ਮੇਰਾ ਸਰੀਰ ਢਿੱਲਾ ਪੈ ਗਿਆ। ਦੋ ਦਿਨ ਦੀ ਕਾਨਫ਼ਰੰਸ ਸੀ ਅਤੇ ਮੇਰੀ ਵਾਪਸੀ ਤੁਰੰਤ ਸੀ। ਮੈਂ ਪੂਰੀ ਤਿਆਰੀ ਕਰ ਕੇ ਗਿਆ ਸੀ ਅਤੇ ਆਪਣੇ ਭਾਸ਼ਣ ਵਿੱਚ ਪੂਰੀ ਇਮਾਨਦਾਰੀ ਨਾਲ ਧਾਰਮਿਕ ਸਹਿਨਸ਼ੀਲਤਾ ਬਾਰੇ ਕੁਝ ਤੱਥ ਪੇਸ਼ ਕੀਤੇ। ਜਦੋਂ ਮੈਂ ਦੱਸਿਆ ਕਿ ਯੂ.ਏ.ਈ. ਵਿੱਚ 200 ਕੌਮਾਂ ਦੇ ਲੋਕ ਬਗ਼ੈਰ ਕਿਸੇ ਧਾਰਮਿਕ ਵਿਤਕਰੇ ਤੋਂ ਰਹਿ ਰਹੇ ਹਨ ਤਾਂ ਕਿਸੇ ਨੂੰ ਯਕੀਨ ਨਹੀਂ ਹੋ ਰਿਹਾ ਸੀ। । ਉਹ ਸਭ ਹੱਕੇ ਬੱਕੇ ਰਹਿ ਗਏ। ਮੇਰੇ ਭਾਸ਼ਨ ਵਿੱਚ ਸਲਾਈਡਾਂ ਰਾਹੀਂ ਦਰਸਾਇਆ ਗਿਆ ਕਿ ਹਰ ਧਰਮ ਦੇ ਲੋਕਾਂ ਨੂੰ ਧਾਰਮਿਕ ਆਜ਼ਾਦੀ ਹੈ ਕਿ ਉਹ ਆਪਣੇ ਅਕੀਦੇ ਮੁਤਾਬਕ ਧਾਰਮਿਕ ਸੰਸਥਾ ਕਾਇਮ ਕਰ ਸਕਦੇ ਹਨ। ਸਿੱਖ ਧਰਮ ਲਈ ਦੁਬਈ ਦੇ ਹੁਕਮਰਾਨ ਨੇ ਗੁਰੂ ਨਾਨਕ ਦਰਬਾਰ ਗੁਰਦਵਾਰੇ ਲਈ ਮੁਫ਼ਤ ਵਿੱਚ ਜ਼ਮੀਨ ਭੇਟਾ ਕੀਤੀ ਹੈ।

ਸਾਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਕੋਈ ਰੋਕ ਨਹੀਂ, ਬੇਸ਼ਰਤੇ ਕਿ ਅਸੀਂ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਦੇ ਹੋਏ ਕਿਸੇ ਧਾਰਮਿਕ ਪ੍ਰੀਵਰਤਨ ਲਹਿਰ ਵਿੱਚ ਹਿੱਸਾ ਨਾ ਲਈਏ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਧਾਰਮਿਕ ਸਹਿਨਸ਼ੀਲਤਾ ਵਿੱਚ

ਵਿਸ਼ਵਾਸ ਰੱਖਦੇ ਸਨ। ਸਿੱਖੀ ਵਿੱਚ ਸੇਵਾ ਦੀ ਮਹਾਨਤਾ ਬਾਰੇ ਦੱਸਿਆ। ਜਿੱਥੇ ਕਿਤੇ ਵੀ ਲੋੜ ਪੈ ਜਾਵੇ ਸਿੱਖਾਂ ਦੀਆਂ ਜਥੇਬੰਦੀਆਂ, ਖ਼ਾਲਸਾ ਏਡ (Khalsa Aid) ਅਤੇ ਯੂਨਾਈਟਡ ਸਿੱਖ (United Sikhs), ਮੱਦਦ ਲਈ ਹਾਜ਼ਰ ਹੋ ਜਾਂਦੀਆਂ ਹਨ। ਉਦਾਹਰਣ ਲਈ, ਇੰਡੋਨੇਸ਼ੀਆ ਵਿੱਚ ਸੁਨਾਮੀ ਵੇਲੇ, ਸੀਰੀਆ ਦੇ ਰੀਫ਼ਿਊਜ਼ੀ ਕੈਂਪਾਂ ਵਿੱਚ, ਬਰਮਾ ਦੇ ਰੋਹਿੰਗੀਆ ਰੀਫ਼ਿਊਜ਼ੀ ਕੈਂਪਾਂ ਵਿੱਚ ਅਤੇ ਨਿਪਾਲ ਦੇ ਭੁਚਾਲ-ਪੀੜਤ ਲੋਕਾਂ ਲਈ ਲੰਗਰ ਦੀ ਸੇਵਾ ਸਿੱਖ ਜਥੇਬੰਦੀਆਂ ਵਲੋਂ ਕੀਤੀ ਗਈ ਹੈ। ਸਾਡਾ ਵਿਸ਼ਵਾਸ ਹੈ ਅਸੀਂ ਇਕ ਰੱਬ ਦੇ ਬੰਦੇ ਹਾਂ ਅਤੇ ਸਾਰੇ ਸਾਡੇ ਭਰਾ ਭਾਈ ਹਨ।

ਮੈਂ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਸਿੱਖਾਂ ਦੇ ਕੰਮਾਂ ਬਾਰੇ ਆਪਣੇ ਅਨੁਭਵ ਸਾਂਝੇ ਕਰਦਾ ਹਾਂ। ਇਕ ਵਾਰ ਮਲੇਸ਼ੀਆ ਵਿੱਚ ਅੰਤਰ-ਧਾਰਮਿਕ ਕਾਨਫ਼ਰੰਸ ਵਿੱਚ ਜਾਣ ਦਾ ਮੌਕਾ ਬਣ ਗਿਆ। ਇਹ ਕਾਨਫ਼ਰੰਸ ਸਹਿਨਸ਼ੀਲਤਾ ਦੇ ਵਿਸ਼ੇ ਉਪਰ ਹੋ ਰਹੀ ਸੀ। ਧਾਰਮਿਕ ਸਹਿਨਸ਼ੀਲਤਾ ਦੇ ਵਿਸ਼ੇ ਨੂੰ ਮੈਂ ਬਹੁਤ ਗੰਭੀਰਤਾ ਨਾਲ ਲੈਂਦਾ ਹਾਂ। ਲੋਕਾਂ ਲਈ ਇਹ ਸ਼ਬਦ ਕੋਈ ਬਹੁਤੀ ਮਹੱਤਤਾ ਨਹੀਂ ਰੱਖਦਾ। ਮੈਂ ਇਸ ਦੀ ਪ੍ਰੀਭਾਸ਼ਾ ਬਦਲ ਕੇ ਇਸ ਨੂੰ ਸਹਿਨਸ਼ੀਲ ਤੋਂ ਸਹਿਮਤੀ (acceptance) ਕਰਨਾ ਲੋਚਦਾ ਹਾਂ। ਮਲੇਸ਼ੀਆ ਦੀ ਇਸਲਾਮਿਕ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਮੇਰਾ ਭਾਸ਼ਣ ਬੜੇ ਗਹੁ ਨਾਲ ਸੁਣਿਆ ਅਤੇ ਆਪਣੀ ਜਾਣਕਾਰੀ ਲਈ ਕਈ ਸਵਾਲ ਪੁੱਛੇ। ਹੋਰ ਧਰਮਾਂ ਅਤੇ ਦੇਸ਼ਾਂ ਦੇ ਲੋਕ ਮਿਲੇ ਅਤੇ ਅਸੀਂ ਇਕ ਦੂਜੇ ਨਾਲ ਵਿਚਾਰ ਸਾਂਝੇ ਕੀਤੇ।

ਵਿਦਿਆਰਥੀਆਂ ਨੂੰ ਗੱਲ ਸਮਝਾਉਣ ਲਈ ਮੈਂ ਇਕ ਕਹਾਣੀ ਦੀ ਵਰਤੋਂ ਕਰਦਾ ਹਾਂ। ਤਿੰਨ ਵੱਖਰੇ ਧਰਮਾਂ ਦੇ ਲੋਕ ਸੁਰਗ ਵਿੱਚ ਪਹੁੰਚਣ ਬਾਰੇ ਬਹਿਸ ਕਰਨ ਲੱਗੇ। ਮੁਸਲਿਮ ਨੇ ਕਿਹਾ ਕਿ ਪੰਜ ਵਕਤ ਦੀ ਨਮਾਜ਼ ਪੜ੍ਹਨ ਵਾਲਾ ਸਵਰਗ ਪਹੁੰਚਣ ਦਾ ਪੱਕਾ ਹੱਕਦਾਰ ਹੋ ਜਾਂਦਾ ਹੈ। ਈਸਾਈ ਧਰਮ ਵਾਲਾ ਕਹਿਣ ਲੱਗਾ ਕਿ ਹਰ ਐਤਵਾਰ ਚਰਚ ਵਿੱਚ ਪ੍ਰਾਰਥਨਾ ਕਰੋ, ਪਾਦਰੀ ਕੋਲ ਕੀਤੇ ਪਾਪਾਂ ਦੀ ਭੁੱਲ ਬਖ਼ਸ਼ਾਉ, ਤਾਂ ਸਵਰਗ ਜਾਣ ਦਾ ਰਾਹ ਖੁੱਲ੍ਹ ਜਾਵੇਗਾ। ਤੀਜੇ ਬੰਦੇ ਨੇ ਹੌਕਾ ਲੈ ਕੇ ਕਿਹਾ ਕਿ 'ਮੈਂ ਤਾਂ ਇਕ ਬਿਜ਼ਨੈਸਮੈਨ ਦੀ ਤਰ੍ਹਾਂ ਸੋਚਦਾ ਹਾਂ ਕਿ ਨਰਕ ਵਿੱਚ ਹੀ ਜਾਵਾਂ ਜਿੱਥੇ ਮੇਰੇ ਹੋਰ ਦੋਸਤ ਵੀ ਮਿਲ ਜਾਣਗੇ। ਮੈਂ ਗੋਲਫ਼ ਖੇਡਾਂਗਾ, ਸ਼ਰਾਬ ਪੀਵਾਂਗਾ ਅਤੇ ਉਹਨਾਂ ਨਾਲ ਰਲ ਮਿਲ ਕੇ ਮਸਤੀ ਕਰਾਂਗਾ। ਸਵਰਗ ਵਿੱਚ ਤਾਂ ਮੈਂ ਇਕੱਲਾ ਹੋਣ ਕਰਕੇ ਬੋਰ ਹੋ ਜਾਵਾਂਗਾ।' ਇਹ ਕਿਸੇ ਧਰਮ ਉਪਰ ਕਟਾਖਸ਼ ਕਰਨ ਲਈ ਨਹੀਂ ਘੜਿਆ ਗਿਆ ਜਿਸ ਕਰਕੇ ਸਭ ਨੇ ਪਸੰਦ ਕੀਤਾ। ਮਲੇਸ਼ੀਆ ਇਸਲਾਮੀ ਦੇਸ਼ ਹੋ ਕੇ ਵੀ ਧਾਰਮਿਕ ਸਹਿਨਸ਼ੀਲਤਾ ਅਤੇ ਅਮਨ ਨੂੰ ਬੜਾਵਾ ਦਿੰਦਾ ਹੈ।

ਯੂਨਾਨ ਦੇ ਸ਼ਹਿਰ ਏਥਨਜ਼ ਦੀ ਕਾਨਫ਼ਰੰਸ ਵਿੱਚ ਅਸੀਂ 'ਹਿਜ਼ ਹਾਈਨੈਸ' ਸ਼ੇਖ਼ ਨ੍ਹਾਇਨ ਮਬਾਰਕ ਅਲ ਨ੍ਹਾਇਨ ਦੇ ਪ੍ਰਾਈਵੇਟ ਜੈਟ 'ਤੇ ਸਵਾਰ ਹੋ ਕੇ ਪਹੁੰਚੇ। ਇਸ

ਕਾਨਫ਼ਰੰਸ ਵਿੱਚ 43 ਦੇਸ਼ਾਂ ਤੋਂ 350 ਡੈਲੀਗੇਟ ਆਏ ਹੋਏ ਸਨ। ਇਸ ਵਿੱਚ ਮੈਂ ਇਕੱਲਾ ਹੀ ਸਿੱਖ ਅਤੇ ਬਿਜ਼ਨੈਸਮੈਨ ਸਾਂ ਬਾਕੀ ਸਾਰੇ ਧਾਰਮਿਕ ਲੀਡਰ, ਅਕਾਦਮਿਕ ਦੁਨੀਆਂ ਦੇ ਨੁਮਾਇੰਦੇ ਅਤੇ ਕਈ ਦੇਸ਼ਾਂ ਦੇ ਵਜ਼ੀਰ ਵੀ ਸ਼ਾਮਲ ਸਨ। ਮੈਂ ਮਹਿਸੂਸ ਕੀਤਾ ਕਿ ਈਸਾਈ ਅਤੇ ਇਸਲਾਮ ਧਰਮ ਦੇ ਲੀਡਰਾਂ ਵਿੱਚ ਇਕ ਡੂੰਘੀ ਖਾਈ ਬਣ ਗਈ ਹੈ। ਉਹ ਆਪਸ ਵਿੱਚ ਮਿਡਲ ਈਸਟ (ਮੱਧ ਪੂਰਬ) ਦੀ ਸਮੱਸਿਆ ਅਤੇ ਯੂਰਪ ਵਿੱਚ ਮੁਸਲਮਾਨਾਂ ਦੀ ਸਮੱਸਿਆ ਨੂੰ ਲੈ ਕੇ ਉਲਝ ਰਹੇ ਸਨ। ਸਾਡੇ ਗਰੁੱਪ ਲੀਡਰ ਨੇ ਮੈਨੂੰ ਇਕੱਲਾ ਸਿੱਖ ਹੋਣ ਕਰਕੇ ਇਸ ਉਲਝਣ ਵਿੱਚੋਂ ਬਾਹਰ ਕੱਢਣ ਲਈ ਬੋਲਣ ਦਾ ਇਸ਼ਾਰਾ ਕੀਤਾ। ਮੇਰੇ ਭਾਸ਼ਣ ਨੂੰ ਦੋਹਾਂ ਪੱਖਾਂ ਦੇ ਲੀਡਰਾਂ ਨੇ ਧਿਆਨ ਨਾਲ ਸੁਣਿਆ। ਮੈਂ ਇਸ ਨੁਕਤੇ ਉਪਰ ਬੋਲਿਆ ਕਿ ਸਾਨੂੰ ਇਕ ਦੂਜੇ ਦੇ ਨੁਕਤਾ-ਨਿਗਾਹ ਨੂੰ ਸਮਝਣਾ ਚਾਹੀਦਾ ਹੈ ਅਤੇ ਦੂਜੇ ਪ੍ਰਤੀ ਸਦਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬਹੁਤ ਸਾਰੇ ਡੈਲੀਗੇਟ ਮੈਨੂੰ ਮਿਲਣ ਆਏ ਅਤੇ ਯੂ.ਏ.ਈ. ਵਿੱਚ 200 ਦੇਸ਼ਾਂ ਦੇ ਲੋਕਾਂ ਦੀ ਸਦਭਾਵਨਾ ਵੇਖਣ ਦੇ ਇੱਛੁਕ ਬਣ ਗਏ। ਦੁਨੀਆਂ ਵਿੱਚ ਯੂ.ਏ.ਈ. ਪਹਿਲਾ ਦੇਸ਼ ਹੈ ਜਿੱਥੇ ਸਹਿਨਸ਼ੀਲਤਾ (Tolerance) ਅਤੇ ਖ਼ੁਸ਼ੀ (Happiness) ਦੀਆਂ ਵਜ਼ਾਰਤਾਂ ਕਾਇਮ ਹਨ। ਇਹ ਸਿਰਫ਼ ਵਿਖਾਵੇ ਮਾਤਰ ਹੀ ਨਹੀਂ ਬਲਕਿ ਇਨ੍ਹਾਂ ਦੋਹਾਂ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨ ਵਿੱਚ ਯਤਨਸ਼ੀਲ ਰਹਿੰਦੀਆਂ ਹਨ।

ਯੂ.ਏ.ਈ. ਦੇ ਹੁਕਮਰਾਨ ਅਤੇ ਸਰਕਾਰ ਪ੍ਰਵਾਸੀ ਲੋਕਾਂ ਅਤੇ ਯਾਤਰੀਆਂ ਨੂੰ ਜੀ-ਆਇਆਂ ਕਹਿੰਦੇ ਹਨ। ਦੁਬਈ ਮੇਰਾ ਅਪਨਾਇਆ ਹੋਇਆ ਘਰ ਬਣ ਚੁੱਕਾ ਹੈ ਅਤੇ ਜਦੋਂ ਵੀ ਵਿਦੇਸ਼ ਤੋਂ ਮੁੜਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਮੈਂ ਆਪਣੇ ਘਰ ਪਰਤ ਆਇਆ ਹਾਂ। ਦੁਬਈ ਵਿੱਚ ਰਹਿੰਦਿਆਂ ਮੈਨੂੰ ਪੰਤਾਲੀ ਸਾਲ ਹੋਣ ਜਾ ਰਹੇ ਹਨ। ਜੋ ਸੁਪਨਾ ਮੈਂ ਜਵਾਨੀ ਦੇ ਦਿਨਾਂ ਵਿੱਚ ਲਿਆ ਸੀ ਉਹ ਦੁਬਈ ਨੇ ਪੂਰਾ ਕਰ ਦਿੱਤਾ ਹੈ। ਸਾਡੇ ਪ੍ਰੀਵਾਰ ਪਾਸ ਚੰਗਾ ਕਾਰੋਬਾਰ, ਚੰਗਾ ਘਰ, ਖ਼ੁਸ਼ੀ ਭਰਿਆ ਅਤੇ ਸੁਰੱਖਿਅਤ ਮਾਹੌਲ ਹੈ ਜੋ ਹੋਰ ਕਿਧਰੇ ਨਹੀਂ ਲੱਭਦਾ। ਦੁਬਈ ਏਨਾ ਸੁਰੱਖਿਅਤ ਹੈ ਕਿ 1980 ਦੇ ਦਹਾਕੇ ਜਦੋਂ ਮੇਰੀ ਪਤਨੀ ਅੱਧੀ ਰਾਤ ਨੂੰ ਕਾਰ ਚਲਾ ਕੇ, ਮੈਨੂੰ ਏਰਅਪੋਰਟ ਤੇ ਛੱਡਣ ਤੋਂ ਬਾਅਦ, ਘਰ ਪਰਤਦੀ ਸੀ ਤਾਂ ਮੈਂ ਕਦੇ ਕਿਸੇ ਚਿੰਤਾ ਦਾ ਸ਼ਿਕਾਰ ਨਹੀਂ ਸੀ ਹੋਇਆ।

ਜੁਲਾਈ 2018 ਦੀ ਇਕ ਸ਼ਾਮ ਮੈਨੂੰ ਵਿਦੇਸ਼ੀ ਮਾਮਲਿਆਂ ਅਤੇ ਅੰਤਰ-ਰਾਸ਼ਟਰੀ ਸਾਂਝ ਦੇ ਵਜ਼ੀਰ ਦੇ ਦਫ਼ਤਰ ਵੱਲੋਂ ਫ਼ੋਨ ਆਇਆ। ਫ਼ੋਨ ਉਪਰ 'ਹਿਜ਼ ਹਾਈਨੈਸ' ਸ਼ੇਖ਼ ਅਬਦੁੱਲਾ ਬਿਨ ਜ਼ਾਇਦ ਅਲ ਨ੍ਹਾਇਨ ਮੈਨੂੰ ਪੁੱਛਣ ਲੱਗੇ ਕਿ ਯੂ.ਏ.ਈ. ਤੋਂ ਵਾਸ਼ਿੰਗਟਨ ਡੀ.ਸੀ. ਜਾਣ ਵਾਲੀ ਡੈਲੀਗੇਸ਼ਨ ਲਈ ਮੇਰੀ ਸਹਿਮਤੀ ਚਾਹੀਦੀ ਹੈ। ਅਸੀਂ ਅਮਰੀਕਾ ਦੀ ਸਰਕਾਰ ਵਲੋਂ ਕੀਤੀ ਜਾ ਰਹੀ ਧਾਰਮਿਕ ਲੀਡਰਾਂ ਦੀ ਮੀਟਿੰਗ ਵਿੱਚ ਸ਼ਾਮਲ ਹੋਵਾਂਗੇ ਜੋ ਧਾਰਮਿਕ ਆਜ਼ਾਦੀ ਬਾਰੇ ਵਿਚਾਰ-ਵਟਾਂਦਰਾ ਕਰੇਗੀ। ਮੈਂ ਝਟਪਟ ਇਹ

ਸੱਦਾ ਪ੍ਰਵਾਨ ਕਰ ਲਿਆ ਕਿਉਂਕਿ ਇਹ ਮੇਰੇ ਲਈ ਬਹੁਤ ਵੱਡਾ ਸਨਮਾਨ ਸੀ। ਸਾਰਾ ਹਫ਼ਤਾ ਮੈਂ ਇਸ ਦੀ ਤਿਆਰੀ ਵਿੱਚ ਲੱਗਿਆ ਰਿਹਾ। ਮੈਂ ਆਪਣੇ ਭਾਸ਼ਣ ਦੀ ਸ਼ਬਦਾਵਲੀ ਅਤੇ ਸੰਕਲਪਾਂ ਦੀ ਘੋਖ ਕਰਕੇ ਵਿਚਾਰਾਂ ਨੂੰ ਨਿਖਾਰ ਲਿਆ ਕਿਉਂਕਿ ਮੈਂ ਇਕੱਲਾ ਹੀ ਸਿੱਖ ਹੋਣ ਕਰਕੇ ਚੰਗਾ ਪ੍ਰਭਾਵ ਪਾਉਣਾ ਚਾਹੁੰਦਾ ਸੀ।

ਯੂ.ਏ.ਈ. ਡੈਲੀਗੇਸ਼ਨ ਦੀ ਅਗਵਾਈ ਡਾਕਟਰ ਅਲੀ ਰਾਸ਼ੀਦ ਅਲ ਨੂਏਮੀ ਕਰ ਰਹੇ ਸਨ ਜੋ 'ਮੁਸਲਿਮ ਐਲਡਰਜ਼' (Muslim Elders) ਦੀ ਕੌਂਸਿਲ ਦੇ ਸੈਕਟਰੀ ਜਨਰਲ ਅਤੇ ਧੁਰੰਧਰ ਵਿਦਵਾਨ ਸਨ। ਡੈਲੀਗੇਸ਼ਨ ਵਿੱਚ ਹੋਰ ਧਰਮਾਂ ਦੇ ਲੀਡਰ ਵੀ ਸ਼ਾਮਲ ਸਨ। ਮੈਨੂੰ ਗੁਰੂ ਨਾਨਕ ਦਰਬਾਰ ਗੁਰਦਵਾਰੇ ਦਾ ਚੇਅਰਮੈਨ ਹੋਣ ਕਰਕੇ ਸ਼ਾਮਲ ਕੀਤਾ ਗਿਆ ਸੀ। ਇਸ ਸੱਤ ਮੈਂਬਰੀ ਟੀਮ ਵਿੱਚ ਸੇਂਟ ਐਂਡਰੀਊ ਐਂਗਲੀਕਨ ਚਰਚ ਦਾ ਐਂਡੀ ਟਾਮਸਨ, ਏਵੈਂਜਲੀਕਲ ਕਮਿਊਨਿਟੀ ਚਰਚ ਦਾ ਸੀਨੀਅਰ ਪੇਸਟਰ ਜੇ. ਰਾਮੀ ਰਿਨੀ, ਫ਼ਿਲਮ ਡਾਇਰੈਕਟਰ ਨਾਹਲਾ ਅਲ ਫ਼ਾਹਦ ਅਤੇ ਪਾਲਸੀ ਮਹਿਕਮੇ ਦੀ ਮੁਖੀ ਆਲੀਆ ਅਲ ਧਾਹੇਰੀ ਵੀ ਸ਼ਾਮਲ ਸਨ। ਮੈਂ ਇਸ ਉਚ-ਪੱਧਰੀ ਕਮੇਟੀ ਦਾ ਮੈਂਬਰ ਹੋਣ ਕਰਕੇ ਅਤੀ ਪ੍ਰਸੰਨ ਹੋ ਰਿਹਾ ਸਾਂ।

ਵਾਸ਼ਿੰਗਟਨ ਡੀ.ਸੀ. ਪਹੁੰਚ ਕੇ ਪਹਿਲੇ ਦਿਨ ਅਸੀਂ ਵਾਸ਼ਿੰਗਟਨ ਨੈਸ਼ਨਲ ਕੈਥੀਡਰਲ, ਮਿਡਲ ਈਸਟ ਇੰਸਟੀਚਿਊਟ ਅਤੇ ਅਮਰੀਕਨ ਯਹੂਦੀ ਕਮੇਟੀ ਦੇ ਮੈਂਬਰਾਂ ਨੂੰ ਮਿਲੇ ਅਤੇ ਵਿਚਾਰ ਸਾਂਝੇ ਕੀਤੇ। ਦੁਪਹਿਰ ਬਾਅਦ ਯੂ.ਏ.ਈ. ਐਮਬੈਸੀ (Embassy) ਵਿੱਚ ਐਂਬੈਸੇਡਰ ਯੂਸਫ਼ ਅਲ ਓਟੇਬਾ ਵੱਲੋਂ ਸਾਡੇ ਡੈਲੀਗੇਸ਼ਨ ਲਈ ਉਚੇਚਾ ਆਉ-ਭਗਤ ਦਾ ਪ੍ਰਬੰਧ ਕੀਤਾ ਗਿਆ। ਧਾਰਮਿਕ ਆਜ਼ਾਦੀ ਬਾਰੇ ਖੁੱਲ੍ਹੀ ਚਰਚਾ ਹੋ ਰਹੀ ਸੀ ਅਤੇ ਜਿੱਥੇ ਵੀ ਅਸੀਂ ਗਏ ਯੂ.ਏ.ਈ. ਬਹੁ-ਧਰਮੀ ਨੀਤੀ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ।

ਇਕ ਮੀਡੀਆ ਇੰਟਰਵੀਊ ਰਾਹੀਂ ਮੈਂ ਆਪਣੇ ਵਿਚਾਰ ਪੇਸ਼ ਕੀਤੇ ਅਤੇ ਯੂ.ਏ.ਈ. ਦੀ ਬਹੁ-ਧਰਮੀ ਪਾਲਸੀ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਮੇਰੀ ਇੰਟਰਵੀਊ ਵਿੱਚ ਦੱਸਿਆ ਗਿਆ ਕਿ ਯੂ.ਏ.ਈ. ਵਿੱਚ 200 ਕੌਮਾਂ ਦੇ ਪ੍ਰਵਾਸੀ ਲੋਕ ਅਤੇ ਸਥਾਨਿਕ ਵਾਸ਼ਿੰਦਿਆਂ ਵਿੱਚਕਾਰ ਮੇਲ-ਜੋਲ ਦੀ ਭਾਵਨਾ ਦੀ ਉਦਾਹਰਣ ਹੋਰ ਕਿੱਧਰੇ ਨਹੀਂ ਮਿਲਦੀ। ਕੰਮ ਅਤੇ ਫ਼ੁਰਸਤ ਦੇ ਪਲਾਂ ਨੂੰ ਬਤੀਤ ਕਰਨ ਲਈ ਅੰਤਰ-ਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਕਾਇਮ ਹਨ। ਹਰ ਧਰਮ ਦੇ ਪੈਰੋਕਾਰਾਂ ਲਈ ਧਾਰਮਿਕ ਆਜ਼ਾਦੀ ਦੀ ਖੁੱਲ੍ਹ ਹੈ। ਇਸ ਦੀ ਸਭ ਤੋਂ ਵਧੀਆ ਉਦਾਹਰਣ ਸਿੱਖਾਂ ਲਈ ਆਪਣਾ ਧਾਰਮਿਕ ਸਥਾਨ, ਗੁਰਦਵਾਰਾ ਗੁਰੂ ਨਾਨਕ ਦਰਬਾਰ, ਕਾਇਮ ਕਰਨ ਲਈ ਦੁਬਈ ਦੇ ਹੁਕਮਰਾਨ 'ਹਿਜ਼ ਹਾਈਨੈਸ' ਸ਼ੇਖ਼ ਮੁਹੰਮਦ ਬਿਨ ਰਾਸ਼ੀਦ ਅਲ ਮਕਤੂਮ ਵਲੋਂ 25400 ਵਰਗ ਫ਼ੁੱਟ

ਜ਼ਮੀਨ ਦਾ ਤੋਹਫ਼ਾ ਹੈ। ਮੈਂ ਅਤੇ ਮੇਰੀ ਪਤਨੀ ਬੱਬਲਜ਼ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਆਪਣੇ ਆਪ ਨੂੰ ਬਹੁਤ ਵਡਭਾਗੀ ਸਮਝਦੇ ਹਾਂ।

ਕਾਨਫ਼ਰੰਸ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਤਕਰੀਰ ਸਾਡੇ ਸਤਿਕਾਰਯੋਗ ਮੁੱਖੀ ਡਾਕਟਰ ਅਲੀ ਰਸ਼ੀਦ ਅਲ ਨੂਏਮੀ ਦੀ ਸੀ। ਉਨ੍ਹਾਂ ਨੇ ਧਾਰਮਿਕ ਆਜ਼ਾਦੀ ਬਾਰੇ ਪ੍ਰੈਕਟੀਕਲ ਹੱਲ ਦੱਸੇ ਅਤੇ ਆਪਣੇ ਸਿਆਣਪ ਭਰੇ ਬੋਲਾਂ ਨਾਲ ਅੱਸੀ ਦੇਸ਼ਾਂ ਦੇ ਪ੍ਰਤਿਨਿਧੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ । ਮੇਰੇ ਲਈ ਆਪਣੇ ਵਿਚਾਰ ਪੇਸ਼ ਕਰਨ ਦਾ ਇਹ ਚੰਗਾ ਮੌਕਾ ਸੀ। ਮੇਰਾ ਵਿਸ਼ਵਾਸ ਹੈ ਕਿ ਦੁਨੀਆਂ ਵਿੱਚ ਚੰਗੇ ਲੋਕਾਂ ਦੀ ਘਾਟ ਨਹੀਂ, ਜੋ ਇਸ ਧਰਤੀ ਉਪਰ ਅਮਨ ਸ਼ਾਂਤੀ ਦੇ ਚਾਹਵਾਨ ਹਨ ਅਤੇ ਆਪਣੇ ਮਨਾਂ ਅਤੇ ਦਿਲਾਂ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗੀ ਵਿਰਾਸਤ ਛੱਡ ਕੇ ਜਾਣਾ ਚਾਹੁੰਦੇ ਹਨ।

ਮੈਂ ਜੀਵਨ ਵਿੱਚ ਮਸਲਿਆਂ ਨੂੰ ਨਜਿੱਠਣ ਲਈ ਬਹੁਤੀ ਘੋਖ ਵਿੱਚ ਨਹੀਂ ਪੈਂਦਾ। ਇਸ ਨੂੰ ਤੁਸੀਂ ਮੇਰੀ ਕਮਜ਼ੋਰੀ ਜਾਂ ਤਾਕਤ ਸਮਝੋ। ਮੈਂ ਆਪਣੇ ਗਾਹਕਾਂ ਅਤੇ ਡੀਲਰਾਂ ਦੇ ਪਿਛੋਕੜ ਬਾਰੇ ਜਾਣਨ ਦੀ ਜ਼ਰੂਰਤ ਨਹੀਂ ਸਮਝਦਾ। ਮੇਰਾ ਮਕਸਦ ਹਮੇਸ਼ਾਂ ਇਹੋ ਰਿਹਾ ਹੈ ਕਿ ਜੋ 'ਅਲ ਦੋਬੋਈ' ਦੇ ਦਰਵਾਜ਼ੇ ਅੰਦਰ ਦਾਖ਼ਲ ਹੋਇਆ ਹੈ, ਉਸ ਦੀ ਪੂਰੀ ਤਸੱਲੀ ਹੋਣੀ ਚਾਹੀਦੀ ਹੈ ਅਤੇ ਉਲਾਂਭਾ ਨਹੀਂ ਆਉਣਾ ਚਾਹੀਦਾ।

ਇਕ ਘਟਨਾ ਜੋ ਮੇਰੇ ਮਨ ਵਿੱਚੋਂ ਸਮਾਂ ਬੀਤਣ ਨਾਲ ਵੀ ਨਹੀਂ ਮਿਟ ਸਕਦੀ, ਤੁਹਾਡੇ ਲਈ ਪੇਸ਼ ਕਰਦਾ ਹਾਂ। ਪਾਕਿਸਤਾਨ ਵਿੱਚ ਭਾਰਤ ਦੇ ਟਾਇਰ ਵੇਚਣ ਦੀ ਕੋਈ ਸਹੂਲਤ ਨਹੀਂ ਸੀ। ਸੋ ਮੈਂ ਅਫ਼ਗਾਨਿਸਤਾਨ ਦੇ ਰਸਤੇ ਪਾਕਿਸਤਾਨ ਟਾਇਰ ਵੇਚਣ ਲਈ ਇਕ ਤਰਕੀਬ ਸੋਚੀ। ਅਫ਼ਗਾਨਿਸਤਾਨ ਦੇ ਇਕ ਪਠਾਣ ਨੂੰ ਆਪਣਾ ਗਾਹਕ ਬਣਾਇਆ ਅਤੇ ਉਸ ਨੂੰ ਟਾਇਰਾਂ ਦੀ ਖੇਪ ਇਰਾਨ ਦੇ ਰਸਤੇ ਭੇਜਣੀ ਸ਼ੁਰੂ ਕੀਤੀ। ਆਮ ਤੌਰ 'ਤੇ ਪਠਾਣ ਬੜੇ ਮਿਲਾਪੜੇ, ਈਮਾਨਦਾਰ ਅਤੇ ਮਿੱਤਰਾਂ ਦੇ ਚੰਗੇ ਮਿੱਤਰ ਹੁੰਦੇ ਹਨ ਪਰੰਤੂ ਬਦਕਿਸਮਤੀ ਨੂੰ ਮੇਰੀ ਚੋਣ ਗ਼ਲਤ ਨਿਕਲੀ। ਮੈਂ ਤਾਂ ਬਿਜ਼ਨੈਸ ਕਰਨ ਲਈ ਉਸ ਨੂੰ ਚੁਣਿਆ ਸੀ ਅਤੇ ਉਸ ਦੇ ਪਿਛੋਕੜ ਬਾਰੇ ਪੂਰੀ ਤਰ੍ਹਾਂ ਅਣਜਾਣ ਸੀ।

ਇਸ ਪਠਾਨ ਨੇ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਸਰਹੱਦ ਨੇੜੇ ਚਮਨ ਵਿੱਚ ਆਪਣਾ ਦਫ਼ਤਰ ਬਣਾ ਲਿਆ ਅਤੇ ਸਾਡੇ ਟਾਇਰ ਇਰਾਨ ਦੇ ਰਸਤੇ ਇਸ ਦੇ ਸਟੋਰ ਵਿੱਚ ਪਹੁੰਚ ਜਾਂਦੇ ਸਨ। ਸਰਹੱਦ ਖੁੱਲ੍ਹੀ ਹੋਣ ਕਰਕੇ ਪਠਾਨ ਨੇ ਸਾਡੇ ਟਾਇਰ ਰਾਤ ਨੂੰ ਖੋਤਿਆਂ ਉਪਰ ਲੱਦ ਕੇ ਪਾਕਿਸਤਾਨ ਵਿੱਚ ਸਮੱਗਲ ਕਰਨੇ ਸ਼ੁਰੂ ਕਰ ਦਿੱਤੇ। ਇਹ ਕਾਰੋਬਾਰ ਇੰਨਾ ਵੱਧ ਗਿਆ ਕਿ ਹਰ ਮਹੀਨੇ ਅਸੀਂ ਜਹਾਜ਼ ਰਾਹੀਂ 100 ਕੰਨਟੇਨਰ ਟਾਇਰਾਂ ਦੇ ਭੇਜਣੇ ਸ਼ੁਰੂ ਕਰ ਦਿੱਤੇ। ਪਠਾਣ ਨੇ ਪਹਿਲਾਂ ਨਕਦ ਕੀਮਤ ਚੁਕਾ ਕੇ ਸਾਡਾ ਭਰੋਸਾ ਜਿੱਤ ਲਿਆ। ਫਿਰ ਉਹ ਉਧਾਰ 'ਤੇ ਟਾਇਰ ਦੀ ਮੰਗ ਕਰਨ

ਲੱਗਾ। ਅਸੀਂ ਉਹ ਵੀ ਮੰਨ ਗਏ ਜੋ ਸਾਡੀ ਭੁੱਲ ਸੀ। ਕਈ ਹੋਰ ਪਠਾਣ ਵੀ ਸਾਥੋਂ ਟਾਇਰ ਮੰਗਵਾ ਲੈਂਦੇ ਅਤੇ ਜਦੋਂ ਖੇਪ ਪਹੁੰਚ ਜਾਂਦੀ ਤਾਂ ਕੀਮਤ ਚੁਕਾਉਣ ਤੋਂ ਬਗ਼ੈਰ ਹੀ ਅਲੋਪ ਹੋ ਜਾਂਦੇ।

ਅਫ਼ਗ਼ਾਨਿਸਤਾਨ ਵਿੱਚ ਸਾਡਾ ਮੁੱਖ ਗਾਹਕ 'ਹਾਜੀ ਲਾਲੀ' ਸੀ। ਜਦੋਂ ਉਧਾਰ ਦੀ ਰਕਮ ਜ਼ਿਆਦਾ ਹੋ ਗਈ ਤਾਂ ਮੈਂ ਕਈ ਫ਼ੋਨ ਕਰਨ ਪਿੱਛੋਂ ਉਸ ਦੇ ਟਿਕਾਣੇ 'ਚਮਨ' ਪਹੁੰਚਣ ਦਾ ਫ਼ੈਸਲਾ ਕਰ ਲਿਆ। ਜਦੋਂ ਮੈਂ ਕੋਇਟਾ ਦੇ ਹਵਾਈ ਅੱਡੇ 'ਤੇ ਉਤਰਿਆ ਤਾਂ ਭਾਰਤੀ ਨਾਗਰਿਕ ਹੋਣ ਕਰਕੇ ਪੁਲੀਸ ਨੇ ਬਹੁਤ ਪੁੱਛ-ਗਿੱਛ ਕੀਤੀ, ਪਰੰਤੂ ਹਾਜੀ ਲਾਲੀ ਨੇ ਪਹਿਲਾਂ ਹੀ ਮੇਰੀ ਬੰਦ-ਖ਼ਲਾਸੀ ਦਾ ਪ੍ਰਬੰਧ ਕਰ ਰੱਖਿਆ ਸੀ ਜਿਸ ਕਰਕੇ ਕੋਈ ਪੁਆੜਾ ਨਾ ਪਿਆ। ਅਸੀਂ ਜੀਪ 'ਤੇ ਸਵਾਰ ਹੋ ਕੇ ਕੋਇਟਾ ਤੋਂ ਚਮਨ ਚਾਰ ਘੰਟਿਆਂ ਵਿੱਚ ਪਹੁੰਚ ਗਏ। ਸੜਕ ਦੀ ਹਾਲਤ ਬਹੁਤ ਖ਼ਸਤਾ ਸੀ ਪਰੰਤੂ ਅਸੀਂ ਬਗ਼ੈਰ ਕਿਸੇ ਬਰੇਕ-ਡਾਊਨ ਦੇ ਸ਼ਾਮ ਹੋਣ ਤੱਕ ਚਮਨ ਪਹੁੰਚ ਗਏ। ਚਮਨ ਵਿੱਚ ਕੋਈ ਹੋਟਲ ਨਾ ਹੋਣ ਕਰਕੇ ਮੇਰਾ ਰੈਣ ਬਸੇਰਾ ਹਾਜੀ ਲਾਲੀ ਦੇ ਘਰ ਵਿਚ ਸੀ। ਰਾਤ ਨੂੰ ਤਾਪਮਾਨ ਪੰਜ ਦਰਜਾ ਸੈਂਟੀਗਰੇਡ 'ਤੇ ਪਹੁੰਚ ਗਿਆ। ਕਮਰੇ ਵਿੱਚ ਕੋਈ ਹੀਟਰ ਦਾ ਪ੍ਰਬੰਧ ਨਹੀਂ ਸੀ। ਭਾਰੀ ਕੰਬਲ ਵਿੱਚ ਸਾਰੀ ਰਾਤ ਮੈਂ ਠੰਡ ਕਾਰਨ ਸੌਂ ਨਾ ਸਕਿਆ।

ਅਗਲੀ ਸਵੇਰ ਤੜਕਸਾਰ ਅਜੇ ਮੈਂ ਜਾਗਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਗੋਲੀਆਂ ਚੱਲਣ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ। ਮੈਂ ਡਰ ਦੇ ਮਾਰੇ ਬਾਹਰ ਨਿਕਲ ਕੇ ਵੇਖਣ ਦੀ ਹਿੰਮਤ ਨਾ ਕੀਤੀ। ਮੈਂ ਸੋਚਿਆ ਕਿ ਆਪਣੀ ਜਾਨ ਗਵਾਉਣ ਨਾਲੋਂ ਤਾਂ ਬਿਹਤਰ ਹੈ ਕਿ ਆਪਣਾ ਪੈਸਾ ਹੀ ਗਵਾ ਦੇਂਦਾ, ਐਵੇਂ ਉਗਰਾਹੀ ਕਰਨ ਤੁਰ ਪਿਆ ਹਾਂ। ਸਵੇਰੇ ਨਾਸ਼ਤੇ ਦੇ ਮੇਜ਼ ਉਪਰ ਮੈਂ ਹਾਜੀ ਲਾਲੀ ਨੂੰ ਗੋਲੀਆਂ ਚੱਲਣ ਬਾਰੇ ਪੁੱਛਿਆ ਤਾਂ ਉਹ ਬੜੇ ਠਰ੍ਹੰਮੇ ਨਾਲ ਦੱਸਣ ਲੱਗਾ ਕਿ ਗਵਾਂਢ ਵਿੱਚ ਕਿਸੇ ਦੇ ਘਰ ਪੁੱਤਰ ਨੇ ਜਨਮ ਲਿਆ ਹੈ, ਇਸ ਕਰਕੇ ਹਵਾਈ ਫ਼ਾਇਰ ਕਰ ਕੇ ਉਹ ਖ਼ੁਸ਼ੀ ਦਾ ਇਜ਼ਹਾਰ ਕਰ ਰਹੇ ਸਨ।

ਮੇਰਾ ਮੇਜ਼ਬਾਨ ਮੇਰੀ ਸੇਵਾ ਵਿੱਚ ਕੋਈ ਕਸਰ ਨਹੀਂ ਛੱਡਣੀ ਚਾਹੁੰਦਾ ਸੀ ਜਿਸ ਕਰਕੇ ਨਾਸ਼ਤੇ ਲਈ ਅੰਡੇ, ਮੀਟ, ਰੋਟੀ, ਮਠਿਆਈ ਅਤੇ ਫਲਾਂ ਦੇ ਨਾਲ ਕਰੀਮ ਵਾਲੀ ਮਿੱਠੀ ਚਾਹ ਵੀ ਰੱਖੀ ਗਈ। ਪਰੰਤੂ ਉਸ ਨੇ ਘਰ ਪਹੁੰਚਣ ਤੋਂ ਨਾਸ਼ਤੇ ਤੱਕ ਪੈਸੇ ਮੋੜਨ ਦੀ ਕੋਈ ਗੱਲ ਨਾ ਕੀਤੀ। ਨਾਸ਼ਤੇ ਤੋਂ ਬਾਅਦ ਉਹ ਮੈਨੂੰ ਪਾਕਿਸਤਾਨ ਦੀ ਸਰਹੱਦ ਕੋਲ ਇਕ ਪਿੰਡ ਵਿੱਚ ਲੈ ਗਿਆ ਜਿਥੇ ਉਸ ਦੇ 50 ਦੇ ਕਰੀਬ ਵੇਅਰ-ਹਾਊਸ ਸਨ। ਇਨ੍ਹਾਂ ਵਿੱਚ ਟਾਇਰ, ਬੈਟਰੀਆਂ ਅਤੇ ਲੁਬਰੀਕੈਂਟ ਰੱਖੇ ਹੋਏ ਸਨ ਜੋ ਰਾਤ ਨੂੰ ਖੋਤਿਆਂ ਉਪਰ ਲੱਦ ਕੇ ਪਾਕਿਸਤਾਨ ਨੂੰ ਸਮੱਗਲ ਕੀਤੇ ਜਾਂਦੇ ਸਨ। ਆਧੁਨਿਕ ਵਸੀਲਿਆਂ ਦੇ

ਹੋਣ ਦੇ ਬਾਵਜੂਦ ਕਾਰੋਬਾਰ ਕਰਨ ਦਾ ਇਹ ਨਿਆਰਾ ਢੰਗ ਸੀ ਜੋ ਪੈਸਾ ਕਮਾਉਣ ਦਾ ਇਕ ਸਾਧਨ ਬਣ ਚੁੱਕਾ ਹੈ।

ਅਸੀਂ ਵੇਅਰ-ਹਾਊਸ ਦਾ ਗੇੜਾ ਲਗਾ ਕੇ ਹਾਜੀ ਲਾਲੀ ਦੇ ਦਫ਼ਤਰ ਵਿੱਚ ਪਹੁੰਚ ਗਏ। ਮੈਂ ਸੋਚਿਆ ਕਿ ਉਹ ਮੇਰਾ ਹਿਸਾਬ ਚੁਕਤਾ ਕਰ ਦੇਵੇਗਾ। ਉਸ ਨੇ ਮੈਨੂੰ ਆਪਣੀ ਡਾਇਰੀ ਵਿਖਾ ਕੇ ਕਿਹਾ ਕਿ ਉਹ ਛੇ ਮਹੀਨੇ ਵਿੱਚ ਕਿਸ਼ਤਾਂ ਰਾਹੀਂ ਸਾਰਾ ਭੁਗਤਾਨ ਕਰ ਦੇਵੇਗਾ। ਮੇਰੇ ਪਾਸ ਹੋਰ ਕੋਈ ਚਾਰਾ ਨਹੀਂ ਸੀ, ਸੋ ਉਸ ਦੀ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ। ਦੁਪਹਿਰ ਦਾ ਭੋਜਨ ਵੀ ਕਿਸੇ 'ਫ਼ੀਸਟ' ਤੋਂ ਘੱਟ ਨਹੀਂ ਸੀ। ਰੋਟੀ ਖਾਣ ਤੋਂ ਬਾਅਦ ਮੈਂ ਘੁਟਣ ਮਹਿਸੂਸ ਕਰਨ ਲੱਗਾ ਅਤੇ ਹਾਜੀ ਲਾਲੀ ਮੈਨੂੰ ਜੀਪ ਵਿੱਚ ਬਿਠਾ ਕੇ ਕੋਇਟਾ ਛੱਡ ਆਇਆ। ਕੋਇਟਾ ਵਿੱਚ ਮੈਨੂੰ ਸਾਫ਼ ਸੁਥਰਾ ਹੋਟਲ ਵਿੱਚ ਕਮਰਾ ਮਿਲ ਗਿਆ ਅਤੇ ਮੈਂ ਪਿਛਲੀ ਰਾਤ ਦੀ ਕਸਰ ਸੌਂ ਕੇ ਪੂਰੀ ਕੀਤੀ।

ਅਗਲੇ ਦਿਨ ਸਵੇਰੇ ਮੈਨੂੰ ਪੁਲੀਸ ਨੇ ਆ ਘੇਰਿਆ। ਕਾਫ਼ੀ ਪੁੱਛ-ਪੜਤਾਲ ਤੋਂ ਬਾਅਦ ਉਹਨਾਂ ਦੀ ਤਸੱਲੀ ਹੋ ਗਈ ਕਿ ਇਹ ਤਾਂ ਬਿਪਤਾ ਦਾ ਮਾਰਿਆ ਕੋਈ ਵਪਾਰੀ ਬੰਦਾ ਹੈ, ਜੋ ਪੈਸੇ ਦੀ ਉਗਰਾਹੀ ਕਰਨ ਲਈ ਟੱਕਰਾਂ ਮਾਰ ਰਿਹਾ ਹੈ। ਮੇਰੀ ਕਰਾਚੀ ਦੀ ਉਡਾਨ ਦਾ ਸਮਾਂ ਹੋ ਗਿਆ ਸੀ ਅਤੇ ਉਹ ਮੇਰੀ ਬੰਦ-ਖ਼ਲਾਸੀ ਕਰ ਕੇ ਚਲੇ ਗਏ। ਦੁਬਈ ਪਹੁੰਚ ਕੇ ਮੈਂ ਕੰਪਨੀ ਦੀ ਮੀਟਿੰਗ ਕੀਤੀ ਅਤੇ ਫ਼ੈਸਲਾ ਕਰ ਲਿਆ ਕਿ ਅੱਗੋਂ ਤੋਂ ਪਠਾਣਾਂ ਨਾਲ ਕੋਈ ਕਾਰੋਬਾਰ ਨਹੀਂ ਕਰਨਾ, ਚਾਹੇ ਉਹ ਨਕਦੀ ਭੁਗਤਾਨ ਵੀ ਕਰਨ। ਸਾਡੀ ਕੰਪਨੀ ਦਾ ਬਹੁਤ ਸਾਰਾ ਪੈਸਾ ਡੁੱਬ ਗਿਆ ਪਰੰਤੂ ਸਾਨੂੰ ਅਕਲ ਆ ਗਈ ਕਿ ਕਾਗ਼ਜ਼ ਦੇ ਟੁਕੜੇ 'ਤੇ ਲਿਖੀ ਇਬਾਰਤ ਕਿਸੇ ਕੰਮ ਨਹੀਂ, ਜੇਕਰ ਰਕਮ ਦਾ ਭੁਗਤਾਨ ਪੇਸ਼ਗੀ ਨਾ ਹੋਵੇ ਤਾਂ। ਬਾਅਦ ਵਿੱਚ ਪਤਾ ਲੱਗਾ ਕਿ ਇਨ੍ਹਾਂ ਪਠਾਣਾਂ ਨੇ ਦੁਬਈ ਦੀਆਂ ਹੋਰ ਕੰਪਨੀਆਂ ਨੂੰ ਵੀ ਚਕਮਾ ਦਿੱਤਾ ਹੈ। ਕੋਇਟਾ ਅਤੇ ਚਮਨ ਦੇ ਟਾਇਰਾਂ ਦੀ ਮੰਡੀ ਨੂੰ ਝਟਕਾ ਲੱਗਾ, ਜਦ ਸਾਰਿਆਂ ਨੇ ਇਨ੍ਹਾਂ ਠੱਗਾਂ ਨਾਲ ਕਾਰੋਬਾਰ ਕਰਨਾ ਬੰਦ ਕਰ ਦਿੱਤਾ।

ਅਸੀਂ ਅੱਗੇ ਤੋਂ ਹੁਸ਼ਿਆਰ ਹੋ ਗਏ ਕਿ ਹਰ ਇਕ ਉਪਰ ਭਰੋਸਾ ਕਰ ਲੈਣਾ ਵੀ ਬੇਵਕੂਫ਼ੀ ਹੈ। ਦੂਜਾ ਸਬਕ ਇਹ ਸੀ ਕਿ ਕਮਾਈ ਕਰਨ ਦੇ ਲਾਲਚ ਵਿੱਚ ਉਧਾਰ ਦੇਣਾ ਬੰਦ ਕਰੀਏ। ਬਿਜ਼ਨੈਸ ਦਾ ਮੁੱਢਲਾ ਅਸੂਲ ਹੋਣਾ ਚਾਹੀਦਾ ਹੈ 'ਨੌਂ ਨਕਦ ਨਾ ਤੇਰਾਂ ਉਧਾਰ'। ਅਸੀਂ ਹਰ ਹੀਲਾ ਵਰਤ ਕੇ ਵੇਖ ਲਿਆ (ਆਪ ਜਾ ਕੇ, ਬੰਦੇ ਭੇਜ ਕੇ ਅਤੇ ਕੇਸ ਕਰ ਕੇ) ਪ੍ਰੰਤੂ ਉਹ ਠੱਗ ਸਾਡੇ ਕਾਬੂ ਨਹੀਂ ਆਏ। ਜਦੋਂ ਕੋਈ ਹੋਰ ਚਾਰਾ ਨਾ ਬਚਿਆ ਤਾਂ ਅਸੀਂ ਸਬਰ ਦਾ ਘੁੱਟ ਭਰਨ ਵਿੱਚ ਹੀ ਭਲਾ ਸਮਝਿਆ।

— 0 —

19

# ਮੇਰੇ ਜੀਵਨ ਦੇ ਸੰਗੀ-ਸਾਥੀ

ਮੇਰੇ ਲਈ ਧਰਮ ਇਕ ਪੂਜਾ ਅਰਚਨਾ ਨਹੀਂ ਬਲਕਿ ਇਕ ਜੀਵਨ ਮਾਰਗ ਹੈ। ਦੁਨੀਆਂ ਵਿੱਚ ਕਿੰਨੀ ਗ਼ਰੀਬੀ ਹੈ। ਜੇਕਰ ਕਿਸੇ ਦੁਖੀ ਦਾ ਦਰਦ ਹੌਲਾ ਕਰ ਸਕੋ ਜਾਂ ਉਸ ਦੀ ਗ਼ਰੀਬੀ ਘੱਟ ਕਰਨ ਵਿੱਚ ਸਹਾਈ ਹੋਵੋ ਤਾਂ ਇਹ ਤੁਹਾਡੇ ਧਾਰਮਿਕ ਹੋਣ ਦਾ ਸਬੂਤ ਹੈ। ਪਰਉਪਕਾਰ ਕਰਨ ਤੋਂ ਬਾਅਦ ਆਪਣੇ ਕੀਤੇ ਲਈ ਸ਼ੁਕਰਾਨੇ ਅਤੇ ਸ਼ਾਬਾਸ਼ ਦੀ ਉਮੀਦ ਨਾ ਰੱਖੋ। ਕਹਾਵਤ ਹੈ : 'ਨੇਕੀ ਕਰ ਅਤੇ ਖ਼ੂਹ ਵਿੱਚ ਸੁੱਟ।'

ਦੁਨੀਆਂ ਵਿੱਚ ਅਜੇਹੇ ਬਹੁਤ ਲੋਕ ਹਨ ਜਿਨ੍ਹਾਂ ਕੋਲ ਧਨ ਦੇ ਅੰਬਾਰ ਲੱਗੇ ਹੋਏ ਹਨ ਅਤੇ ਉਹ ਆਪਣੇ ਆਪ ਨੂੰ ਸਮਾਜ ਦੇ ਪਤਵੰਤੇ ਸੱਜਣ ਸਮਝਦੇ ਹਨ। ਤੁਸੀਂ ਚੰਗੇ ਕਿਵੇਂ ਬਣ ਸਕਦੇ ਹੋ, ਜੇਕਰ ਤੁਸੀਂ ਚੰਗਿਆਈ ਕਰਦੇ ਹੀ ਨਹੀਂ? ਮੇਰਾ ਮਤਲਬ ਇਹ ਨਹੀਂ ਕਿ ਤੁਸੀਂ ਮਾਇਆ ਦੇ ਚੈੱਕ ਵੰਡ ਕੇ ਦਾਨੀ ਬਣੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ਲੋਕਾਂ ਦੇ ਜੀਵਨ ਨੂੰ ਚੰਗੀ ਸੇਧ ਦੇਵੋ। ਅਸੀਂ ਸਾਰੇ ਇੱਕੋ ਰੱਬ ਦੇ ਬੰਦੇ ਹਾਂ। ਮੈਂ ਉਸ ਦੀ ਸੇਵਾ ਲਈ ਬੰਦਿਆਂ ਦੀ ਸੇਵਾ ਨੂੰ ਤਰਜੀਹ ਦਿੰਦਾ ਹਾਂ। ਮੈਂ ਰੱਬ ਦਾ ਸ਼ੁਕਰਗੁਜ਼ਾਰ ਹਾਂ ਕਿ ਉਸ ਨੇ ਮੈਨੂੰ ਮਨੁੱਖਤਾ ਦੀ ਸੇਵਾ ਲਈ ਸਾਧਨ ਅਤੇ ਸਹੂਲਤ ਪ੍ਰਦਾਨ ਕੀਤੀ ਹੈ।

ਤੁਸੀਂ ਸੋਚੋਗੇ ਕਿ ਮੈਂ ਫ਼ਾਲਤੂ ਪ੍ਰਚਾਰ ਕਰ ਰਿਹਾ ਹਾਂ। ਲੋਕ ਭਲਾਈ ਦੇ ਕੰਮਾਂ ਲਈ ਮਾਇਆ ਦਾ ਯੋਗਦਾਨ ਹੁੰਦਾ ਹੈ। ਪਰੰਤੂ ਇਹ ਕੋਈ ਮੁੱਢਲੀ ਸ਼ਰਤ ਨਹੀਂ ਹੋ ਸਕਦੀ। ਤੁਸੀਂ ਸਮੇਂ ਦਾ ਦਾਨ ਦੇ ਸਕਦੇ ਹੋ । ਹਸਪਤਾਲ ਵਿੱਚ ਕਿਸੇ ਮਰੀਜ਼ ਕੋਲ ਜਾ ਕੇ ਉਸ ਦਾ ਚਿੱਠੀ ਪੱਤਰ ਲਿਖੋ ਜਾਂ ਦਿਲ ਪ੍ਰਚਾਵੇ ਲਈ ਕੋਈ ਚੰਗੀ ਕਿਤਾਬ ਪੜ੍ਹੋ। ਇਹ ਕੋਈ ਸੌਖਾ ਕੰਮ ਨਹੀਂ ਪਰੰਤੂ ਇਸ ਵਿੱਚੋਂ ਤੁਹਾਨੂੰ ਖ਼ੁਸ਼ੀ ਅਤੇ ਖੇੜਾ ਪ੍ਰਾਪਤ ਹੋਵੇਗਾ। ਮੈਂ ਸਿੱਖੀ ਵਿੱਚ ਸੇਵਾ ਦੇ ਸੰਕਲਪ ਨੂੰ ਪਿਆਰ ਕਰਦਾ ਹਾਂ। ਵਾਹ ਲੱਗਦੇ ਮੈਂ ਸੇਵਾ ਵਿੱਚ ਸਮਾਂ ਬਤੀਤ ਕਰਦਾ ਹਾਂ ਕਿਉਂਕਿ ਇਸ ਵਿੱਚ ਮੈਨੂੰ ਰਾਹਤ ਅਤੇ ਤਸੱਲੀ ਮਿਲਦੀ ਹੈ, ਜਿਵੇਂ ਦੂਜਿਆਂ ਨੂੰ ਕਿਸੇ ਹੋਰ ਐਕਟੀਵਿਟੀ ਵਿੱਚੋਂ।

ਮੈਨੂੰ ਸੰਤੁਸ਼ਟੀ ਨਹੀਂ ਹੁੰਦੀ ਕਿ ਧਰਮ ਸਾਨੂੰ ਕਿਉਂ ਵੰਡ ਰਿਹਾ ਹੈ ਅਤੇ ਦੁਨੀਆਂ ਦੀ ਤਬਾਹੀ ਦਾ ਕਾਰਨ ਬਣਦਾ ਜਾ ਰਿਹਾ ਹੈ। ਇਹ ਸਮਝਣ ਵਿੱਚ ਅਕਲ ਲਤੀਫ਼ ਬਣਨ ਦੀ ਲੋੜ ਨਹੀਂ ਪੈਂਦੀ ਕਿ ਸਾਰੇ ਮਨੁੱਖ ਇੱਕੋ ਤਰ੍ਹਾਂ ਜੰਮਦੇ ਅਤੇ ਮਰਦੇ ਹਨ, ਸਭ ਦਾ ਖ਼ੂਨ ਲਾਲ ਰੰਗ ਦਾ ਹੁੰਦਾ ਹੈ। ਫਿਰ ਧਰਮ ਕਿਉਂ ਵੰਡੀਆਂ ਪਾ ਦਿੰਦਾ ਹੈ?

ਇਕ ਵਾਰ ਦੁਬਈ ਦੇ ਅਲ-ਮਨਾਰ ਇਸਲਾਮਿਕ ਸੈਂਟਰ ਵਿੱਚ ਇਫ਼ਤਾਰ ਦੇ ਫ਼ੰਕਸ਼ਨ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਇਸ ਪਾਰਟੀ ਵਿੱਚ ਵੱਖ ਵੱਖ ਧਰਮਾਂ ਦੇ ਪ੍ਰਚਾਰਕ ਅਤੇ ਕਈ ਦੇਸ਼ਾਂ ਦੇ ਡਿਪਲੋਮੈਟ ਵੀ ਸ਼ਾਮਲ ਸਨ। ਸਾਰੇ ਲੋਕ ਦੁਨੀਆਂ ਵਿੱਚ ਸਦਭਾਵਨਾ ਅਤੇ ਅਮਨ ਦੀ ਗੱਲ ਕਰ ਰਹੇ ਸਨ। ਉਨ੍ਹਾਂ ਦੀ ਗੁਫ਼ਤਗੂ ਸੁਣ ਕੇ ਮੈਨੂੰ ਯਕੀਨ ਹੋ ਗਿਆ ਕਿ ਅਸੀਂ ਰਲ-ਮਿਲ ਕੇ ਇਸ ਦੁਨੀਆਂ ਨੂੰ ਸਵਰਗ ਬਣਾ ਸਕਦੇ ਹਾਂ। ਕਾਫ਼ੀ ਸੋਚ ਸਮਝ ਕੇ ਮੈਂ ਆਪਣੀ ਗੱਲ ਕਹਿਣੀ ਸ਼ੁਰੂ ਕੀਤੀ। ਮੈਂ ਕਿਹਾ, 'ਜੇ ਕਰ ਭੁੱਖੇ ਪੇਟ ਨੂੰ ਰੋਟੀ ਮਿਲ ਜਾਵੇ ਤਾਂ ਉਸ ਨੂੰ ਖ਼ੁਸ਼ੀ ਮਿਲਦੀ ਹੈ। ਨਿਰੇ ਵਿਚਾਰ ਪੇਸ਼ ਕਰਨ ਨਾਲ ਭੁੱਖੇ ਦਾ ਪੇਟ ਨਹੀਂ ਭਰਦਾ। ਜੇਕਰ ਹਰ ਮਸਜਿਦ, ਮੰਦਿਰ ਅਤੇ ਗਿਰਜਾ ਘਰ ਭੁੱਖਿਆਂ ਲਈ ਮੁਫ਼ਤ ਭੋਜਨ (ਲੰਗਰ) ਦਾ ਪ੍ਰਬੰਧ ਕਰੇ ਤਾਂ ਦੁਨੀਆਂ ਵਿੱਚੋਂ ਗ਼ਰੀਬੀ ਮਿਟ ਸਕਦੀ ਹੈ।' ਮੇਰੀ ਕਹੀ ਗੱਲ ਦਾ ਪ੍ਰਭਾਵ ਪ੍ਰਤੱਖ ਲੱਗ ਰਿਹਾ ਸੀ ਜਦੋਂ ਉਹਨਾਂ ਨੇ ਇਸ ਬਾਰੇ ਸੰਜੀਦਾ ਹੋ ਕੇ ਸੋਚਣਾ ਸ਼ੁਰੂ ਕਰ ਦਿੱਤਾ। ਜੇਕਰ ਇਕ ਬੰਦਾ ਵੀ ਮੇਰੀ ਗੱਲ ਨੂੰ ਪੱਲੇ ਬੰਨ੍ਹ ਕੇ ਲੈ ਗਿਆ ਹੋਵੇ ਤਾਂ ਮੈਂ ਸਮਝਾਂਗਾ ਕਿ ਮੇਰਾ ਮਿਸ਼ਨ ਪੂਰਾ ਹੋ ਗਿਆ।

ਮੈਂ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਹਾਂ ਕਿ ਮੈਂ ਸਿੱਖਾਂ ਦੇ ਘਰ ਪੈਦਾ ਹੋਇਆ, ਜਿਥੇ 'ਸੇਵਾ' ਧਰਮ ਦਾ ਮੁੱਖ ਅੰਗ ਹੈ। ਮੈਂ ਆਪਣੇ ਪੁੱਤਾਂ ਅਤੇ ਪੋਤਰਿਆਂ ਨੂੰ ਵੀ ਇਹੋ ਨਸੀਹਤ ਦੇ ਰਿਹਾ ਹਾਂ ਤਾਂ ਕਿ ਕੰਧਾਰੀ ਪ੍ਰੀਵਾਰ ਦੀ ਵਿਰਾਸਤ ਅੱਗੇ ਵੱਧਦੀ ਰਹੇ। ਮੈਂ ਬਹੁਤ ਖ਼ੁਸ਼ ਕਿਸਮਤ ਹਾਂ ਕਿ ਮੇਰੀ ਪਤਨੀ ਬੱਬਲਜ਼ ਵੀ ਲੋਕ-ਸੇਵਾ ਲਈ ਮੇਰੇ ਤੋਂ ਇਕ ਕਦਮ ਅੱਗੇ ਹੋ ਕੇ ਚੱਲਦੀ ਹੈ। ਮੈਂ ਉਸ ਦੀਆਂ ਇਛਾਵਾਂ ਦਾ ਸਤਿਕਾਰ ਕਰਦਾ ਹਾਂ। ਉਸ ਦੀ ਸੇਵਾ ਦਾ ਤਰੀਕਾ ਵੀ ਅਨੋਖਾ ਹੈ। ਉਹ ਕਿਸੇ ਨੂੰ ਦੱਸੇ ਬਗ਼ੈਰ ਮੱਦਦ ਕਰਦੀ ਹੈ ਜਿਸ ਨੂੰ 'ਗੁਪਤ ਸੇਵਾ' ਕਿਹਾ ਜਾ ਸਕਦਾ ਹੈ। ਇੱਥੋਂ ਤੱਕ ਕਿ ਮੈਨੂੰ ਵੀ ਇਸ ਬਾਰੇ ਕੋਈ ਇਤਲਾਹ ਨਹੀਂ ਮਿਲਦੀ। ਮੈਂ ਖ਼ੁਸ਼ ਹਾਂ ਕਿ ਅਸੀਂ ਦੋਵੇਂ ਇੱਕੋ ਭਾਵਨਾ ਵਿੱਚ ਬੱਝੇ ਸੇਵਾ ਕਰਦੇ ਹਾਂ। ਮੈਨੂੰ ਪਤਾ ਹੈ ਕਈ ਹੋਰ ਦਾਨੀ ਪੁਰਸ਼ ਇਸ ਗੱਲੋਂ ਦੁਖੀ ਹਨ ਕਿ ਉਹਨਾਂ ਦੀ ਅਰਧਾਂਗਨੀ (ਪਤਨੀ) ਸੇਵਾ ਦੇ ਕੰਮਾਂ ਵਿੱਚ ਅੜਿੱਕਾ ਬਣ ਜਾਂਦੀ ਹੈ। ਉਹ ਚੋਰੀ ਛਿਪੇ ਦਾਨ ਤਾਂ ਕਰਦੇ ਹਨ ਪਰੰਤੂ ਦਿਲੋਂ ਖ਼ੁਸ਼ੀ ਨਹੀਂ ਮਹਿਸੂਸ ਕਰਦੇ।

ਟੈਕਨਾਲੋਜੀ ਨੇ ਲੋਕਾਂ ਦੇ ਜੀਵਨ 'ਤੇ ਬਹੁਤ ਪ੍ਰਭਾਵ ਪਾਇਆ ਹੈ। ਨਵੀਂ ਪੀੜ੍ਹੀ ਦੇ ਲੋਕ ਪਦਾਰਥਵਾਦੀ ਸੋਚ ਦੇ ਧਾਰਨੀ ਬਣ ਚੁੱਕੇ ਹਨ। ਖਪਤ ਦੀ ਦੁਨੀਆਂ 'ਮੈਂ, ਮੇਰਾ ਅਤੇ ਮੈਨੂੰ' ਹੀ ਸੋਚਦੀ ਹੈ। ਉਹਨਾਂ ਦੇ ਵਤੀਰੇ ਵਿੱਚੋਂ ਚੰਗਾ ਸਲੀਕਾ ਖ਼ਤਮ ਹੁੰਦਾ ਜਾ ਰਿਹਾ ਹੈ ਅਤੇ ਉਹ ਮੂੰਹ-ਫੱਟ ਹੁੰਦੇ ਜਾ ਰਹੇ ਹਨ। ਸ਼ਰਧਾਲੂ ਹੋਣਾ ਹੁਣ ਕੋਈ ਚੰਗਾ ਗੁਣ ਨਹੀਂ ਮੰਨਿਆ ਜਾਂਦਾ। ਕਿਸੇ ਨੂੰ ਸਮਰਪਿਤ ਹੋਣਾ 'ਚਮਚਾਗੀਰੀ' ਕਹੀ ਜਾਂਦੀ ਹੈ।

ਇਮਾਨਦਾਰੀ ਨੂੰ ਅੱਗੇ ਵਧਣ ਲਈ ਰੁਕਾਵਟ ਸਮਝਿਆ ਜਾਣ ਲੱਗਾ ਹੈ ਕਿਉਂਕਿ ਇਹ ਖ਼ਾਹਸ਼ਾਂ ਨੂੰ ਕੰਟਰੋਲ ਕਰਨ ਦੀ ਪ੍ਰੇਰਨਾ ਦਿੰਦੀ ਹੈ। ਮਿੱਤਰਤਾ ਦੀ ਪ੍ਰੀਭਾਸ਼ਾ ਵੀ ਬਦਲ ਗਈ ਹੈ। ਪਦਾਰਥਵਾਦੀ ਯੁੱਗ ਵਿੱਚ ਮਿੱਤਰਤਾ ਆਪਣਾ ਸਵਾਰਥ ਪੂਰਾ ਕਰਨ ਲਈ ਵਰਤੀ ਜਾਂਦੀ ਹੈ। ਜਦੋਂ ਸਵਾਰਥ ਦਾ ਬੋਲਬਾਲਾ ਹੋ ਜਾਵੇ ਤਾਂ ਖ਼ੂਨ ਦਾ ਰੰਗ ਵੀ ਬਦਲ ਜਾਂਦਾ ਹੈ ਅਤੇ ਇਹ ਪਤਲਾ ਹੋ ਜਾਂਦਾ ਹੈ।

ਵਿਸ਼ਵਾਸ ਕਰਨਾ ਇਕ ਚੰਗਾ ਗੁਣ ਮੰਨਿਆ ਗਿਆ ਹੈ ਪਰੰਤੂ ਕਈ ਵਾਰ ਇਹ ਦੁਬਿਧਾ ਵਿੱਚ ਪਾ ਦਿੰਦਾ ਹੈ। ਇਕ ਵਾਰ ਦੁਬਈ ਤੋਂ ਜਰਮਨੀ ਜਾ ਰਿਹਾ ਸਾਂ। ਮੇਰੀ ਉੜਾਨ ਦੀ ਹੋਸਟੈਸ ਕੰਸਤਾਂਤੀਆ ਸਾਈਪਰਸ ਦੇ ਰਹਿਣ ਵਾਲੀ ਸੀ। ਉਸ ਨੇ ਮੈਨੂੰ ਆਈਸ ਕਰੀਮ ਭੇਟਾ ਕੀਤੀ ਅਤੇ ਕਿਹਾ ਇਸ ਨੂੰ ਖਾ ਕੇ ਦੱਸਾਂ ਕਿ ਇਹ ਕਿੰਨੀ ਲਜ਼ੀਜ਼ ਹੈ। ਮੈਂ ਖਾਣ ਪੀਣ ਦਾ ਖ਼ਿਆਲ ਰੱਖਦਾ ਹਾਂ ਅਤੇ ਲੋੜ ਨਾ ਹੋਣ ਕਰਕੇ ਉਸ ਨੂੰ ਨਾਂਹ ਕਹਿਣਾ ਠੀਕ ਸਮਝਿਆ। ਪਰੰਤੂ ਉਹ ਮੇਰੇ ਮਗਰ ਹੀ ਪੈ ਗਈ। ਉਸ ਦਾ ਦਿਲ ਰੱਖਣ ਲਈ ਮੈਂ ਆਈਸ ਕਰੀਮ ਖਾ ਲਈ। ਵਾਕਿਆ ਹੀ ਇਹ ਕੋਈ ਲਾ-ਜਵਾਬ ਤੋਹਫ਼ਾ ਸੀ ਅਤੇ ਮੈਂ ਉਸ ਦਾ ਧੰਨਵਾਦ ਕੀਤਾ। ਇਹ ਸਾਧਾਰਣ ਵਾਕਿਆ ਮੇਰੇ ਲਈ ਇਕ ਮਾਰਗ-ਦਰਸ਼ਕ ਹੋ ਨਿਬੜਿਆ। ਕਈ ਵਾਰ ਵਿਸ਼ਵਾਸ ਕਰਨਾ ਚੰਗਾ ਹੁੰਦਾ ਹੈ ਭਾਵੇਂ ਮਿਲੀਅਨ ਡਾਲਰ ਦਾ ਸੌਦਾ ਹੋਵੇ ਜਾਂ ਇਕ ਮਾਮੂਲੀ ਆਈਸ ਕਰੀਮ। ਵਿਸ਼ਵਾਸ ਦਾ ਪੁੱਠਾ ਪਾਸਾ ਵੀ ਹੈ। ਕਈ ਵਾਰ ਤੁਸੀਂ ਅਜੇਹੇ ਫੰਦੇ ਵਿੱਚ ਫਸ ਜਾਂਦੇ ਹੋ ਕਿ ਨਿਕਲਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਅਸੀਂ ਆਪਣੇ ਸਬੰਧਾਂ ਵਿੱਚ ਧੋਖਾ, ਬੇਇਜ਼ਤੀ, ਨਾਸ਼ੁਕਰਾਪਨ ਅਤੇ ਹੋਰ ਮਾੜੀਆਂ ਇਲਾਮਤਾਂ ਤੋਂ ਬਚਣਾ ਚਾਹੁੰਦੇ ਹਾਂ। ਜਿਉਂ ਜਿਉਂ ਤੁਹਾਡੀ ਸ਼ੁਹਰਤ ਵੱਧਦੀ ਹੈ, ਇਸ ਉਪਰ ਤੁਹਮਤ ਲੱਗਣੀ ਸੁਭਾਵਿਕ ਹੋ ਜਾਂਦੀ ਹੈ। ਇਸ ਨੂੰ ਸ਼ੁਹਰਤ ਉਪਰ ਟੈਕਸ ਸਮਝ ਕੇ ਭੁੱਲ ਜਾਣਾ ਠੀਕ ਹੁੰਦਾ ਹੈ। ਤੁਹਾਨੂੰ ਜੀਵਨ ਵਿੱਚ ਮਿਲੇ ਚੰਗੇ ਸਾਥੀਆਂ ਨਾਲ ਬਿਤਾਏ ਚੰਗੇ ਪਲ ਯਾਦ ਰੱਖਣੇ ਚਾਹੀਦੇ ਹਨ ਜੋ ਤੁਹਾਡੇ ਜੀਵਨ ਨੂੰ ਰੌਸ਼ਨੀ ਪ੍ਰਦਾਨ ਕਰਦੇ ਰਹਿਣਗੇ।

ਮੈਂ ਬਹੁਤ ਖ਼ੁਸ਼ਕਿਸਮਤ ਹਾਂ ਕਿ ਮੇਰਾ ਸਹੁਰਾ ਸਾਹਿਬ (ਬੱਬਲਜ਼ ਦੇ ਪਿਤਾ ਜੀ) ਇਕ ਦੋਸਤ ਵਾਂਗ ਵਿਚਰਦੇ ਹਨ। ਕੁਲਦੀਪ ਸਿੰਘ ਚੱਢਾ ਇਕ ਮੰਨੇ ਪ੍ਰਮੰਨੇ ਬਿਜ਼ਨੈਸਮੈਨ ਹਨ। ਉਹ ਮੇਰੇ ਲਈ ਇਕ ਰੋਲ-ਮਾਡਲ ਵੀ ਹਨ। ਉਹਨਾਂ ਦੇ ਕਹੇ ਹੋਏ ਬੋਲ ਮੈਂ ਹੂ-ਬਹੂ ਪੇਸ਼ ਕਰ ਰਿਹਾ ਹਾਂ ਕਿਉਂਕਿ ਇਕ ਜਵਾਈ ਹੋਣ ਦੇ ਨਾਤੇ ਮੇਰੀ ਗੁਸਤਾਖ਼ੀ ਹੋਵੇਗੀ ਜੇਕਰ ਮੈਂ ਇਸ ਦੀ ਵਾਰਤਕ ਨੂੰ ਬਦਲਾਂ। ਚੱਢਾ ਸਾਹਿਬ ਦਾ ਮੇਰੇ ਬਾਰੇ ਪੇਸ਼ ਕੀਤਾ ਤਸਕਰਾ (ਬਿਆਨ) ਕੁਝ ਇਸ ਤਰ੍ਹਾਂ ਹੈ:

> ਸੰਤਾਲੀ ਸਾਲ ਪਹਿਲਾਂ ਮੈਂ ਸੁਰਿੰਦਰ ਨੂੰ ਹੈਦਰਬਾਦ ਪਹਿਲੀ ਵਾਰ ਉਦੋਂ ਮਿਲਿਆ ਜਦੋਂ ਉਹ ਲੋਇਲਾ ਕਾਲਜ ਤੋਂ ਪੜ੍ਹਨ ਉਪਰੰਤ ਆਪਣੇ ਪਿਤਾ ਜੀ ਨਾਲ ਬਿਜ਼ਨੈਸ

ਵਿੱਚ ਸ਼ਾਮਲ ਹੋਇਆ ਸੀ। ਪਹਿਲੀ ਮੀਟਿੰਗ ਵਿੱਚ ਹੀ ਮੈਂ ਉਸ ਨੂੰ ਪਸੰਦ ਕਰ ਲਿਆ ਸੀ ਅਤੇ ਆਪਣੀ ਧੀ ਦੇ ਲਈ ਚੰਗਾ ਵਰ ਵੀ ਸਮਝਿਆ ਸੀ।

ਸੁਰਿੰਦਰ ਨੂੰ ਹਮੇਸ਼ਾਂ ਵੇਖਣ-ਚਾਖਣ ਉਪਰੰਤ ਮੈਂ ਇਸ ਸਿੱਟੇ 'ਤੇ ਪੁੱਜਿਆ ਹਾਂ ਕਿ ਉਹ ਸਾਦੀ ਰਹਿਣੀ ਅਤੇ ਉਚੀ ਸੋਚ ਵਾਲਾ ਬੰਦਾ ਹੈ। ਸ਼ਾਦੀ ਤੋਂ ਬਾਅਦ ਜਦੋਂ ਉਹ ਹੈਦਰਾਬਾਦ ਤੋਂ ਬੰਬਈ ਆਇਆ ਕਰਦਾ ਤਾਂ ਮੈਂ ਉਸ ਨੂੰ 'ਜੋਆਏ ਸ਼ੂਜ' (Joy Shoes) ਦਾ ਜੋੜਾ ਪੇਸ਼ ਕਰਦਾ ਸੀ। ਉਸ ਨੂੰ ਇਹ ਬਰਾਂਡ ਪਸੰਦ ਸੀ ਅਤੇ ਉਹ ਹਮੇਸ਼ਾਂ ਇਸ ਨੂੰ ਸਵੀਕਾਰਦਾ ਹੋਇਆ (ਮਜ਼ਾਕ ਵਿੱਚ) ਕਹਿੰਦਾ ਸੀ 'ਜੁੱਤੀ ਕਿਉਂ ਮਾਰਦੇ ਹੋ'। ਜਦੋਂ ਉਹ ਦੁਬਈ ਚਲਾ ਗਿਆ ਤਾਂ ਮੈਂ ਉਸ ਨੂੰ ਹੈਦਰਾਬਾਦੀ 'ਹਿਮਾਇਤ' ਅੰਬਾਂ ਦੀ ਪੇਟੀ ਭੇਜਣ ਲੱਗਾ ਜੋ ਉਸ ਨੂੰ ਬਹੁਤ ਪਸੰਦ ਸਨ।

ਮੈਂ ਬਿਨਾਂ ਝਿਜਕ ਕਹਿ ਸਕਦਾ ਹਾਂ ਕਿ ਸੁਰਿੰਦਰ ਦੁਨੀਆਂ ਦਾ ਸਭ ਤੋਂ ਵਧੀਆ ਜਵਾਈ ਹੈ ਜੋ ਮੈਨੂੰ ਮਿਲਿਆ। ਉਹ ਮੇਰੀ ਬਹੁਤ ਇੱਜ਼ਤ ਕਰਦਾ ਹੈ ਜੋ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਹ ਸਖ਼ਤ ਮਿਹਨਤ ਕਰਨ ਦਾ ਆਦੀ ਹੈ, ਚਾਹੇ ਬਿਜ਼ਨੈਸ ਹੋਵੇ ਜਾਂ ਕੋਈ ਹੋਰ ਐਕਟੀਵਿਟੀ। ਧਾਰਮਿਕ ਲਗਨ ਉਸ ਨੂੰ ਆਪਣੇ ਦਾਦੇ ਕੋਲੋਂ ਵਿਰਸੇ ਵਿੱਚ ਮਿਲੀ ਹੈ। ਜਦੋਂ ਉਹ ਦੁਬਈ ਪਹੁੰਚਿਆ ਸੀ ਤਾਂ ਇਹ ਅਜੇ ਇਕ ਰੇਗਿਸਤਾਨ ਸੀ। ਆਪਣੀ ਮਿਹਨਤ ਅਤੇ ਸਿਰੜ ਕਰਕੇ ਅੱਜ ਉਹ ਯੂ.ਏ.ਈ. ਦਾ ਸਿਰ ਕੱਢਵਾਂ ਅਤੇ ਇਕ ਇਮਾਨਦਾਰ ਬਿਜ਼ਨੈਸਮੈਨ ਬਣ ਚੁੱਕਾ ਹੈ। ਦੁਬਈ ਵਿੱਚ ਗੁਰਦਵਾਰਾ ਬਣਾਉਣ ਦਾ ਉਸਦਾ ਸੁਪਨਾ ਸਾਕਾਰ ਹੋਇਆ ਹੈ ਜੋ ਨਾ ਸਿਰਫ਼ ਆਰਕੀਟੈਕਚਰ ਦਾ ਕਮਾਲ ਹੈ ਬਲਕਿ ਧਾਰਮਿਕ ਸਦਭਾਵਨਾ ਦਾ ਵੀ ਪ੍ਰਤੀਕ ਬਣ ਗਿਆ ਹੈ। ਮੈਂ ਸੁਰਿੰਦਰ ਲਈ ਲੰਮੀ ਉਮਰ, ਖ਼ੁਸ਼ਹਾਲ ਅਤੇ ਸਿਹਤਮੰਦ ਜ਼ਿੰਦਗੀ ਚਾਹੁੰਦਾ ਹਾਂ ਤਾਂ ਕਿ ਉਹ ਮਨੁੱਖਤਾ ਦੀ ਸੇਵਾ ਵਿੱਚ ਜੁਟਿਆ ਰਹੇ।

ਐਮੀਰੇਟਸ ਗੋਲ਼ਫ਼ ਕਲੱਬ ਮੇਰੀ ਸਮਾਜਿਕ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ ਜਿਸ ਨੂੰ ਮੈਂ ਆਪਣਾ ਦੂਜਾ ਘਰ ਮੰਨਦਾ ਹਾਂ। ਗੋਲ਼ਫ਼ ਕੋਰਸ ਉਪਰ ਪਈਆਂ ਮੇਰੀਆਂ ਦੋਸਤੀਆਂ ਬਿਜ਼ਨੈਸ ਦੀਆਂ ਪਰੇਸ਼ਾਨੀਆਂ ਤੋਂ ਰਾਹਤ ਪ੍ਰਦਾਨ ਕਰਦੀਆਂ ਹਨ। ਮੇਰੇ ਦੋਸਤਾਂ ਦੀ ਲਿਸਟ ਬਹੁਤ ਲੰਮੀ ਹੈ ਪਰੰਤੂ ਮੈਂ ਕਰਿਸ ਮੇਅ, ਬਰਨੇ ਕੋਲਮਾਨ, ਜਾਕੀ ਬੈਰੀ, ਮਾਈਕ ਟਰੇਸੀ, ਮੋਛੇ ਕੋਹਲੀ ਅਤੇ ਵਿਪਨ ਸੇਠੀ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਅਸੀਂ ਰਲ-ਮਿਲ ਕੇ ਕਈ ਟੂਰਨਾਮੈਂਟ ਵੀ ਕਰਵਾਏ ਹਨ।

ਮੇਰੀ ਜ਼ਿੰਦਗੀ ਵਿੱਚ ਇਕ ਹੋਰ ਜੋੜੀ ਦੀ ਅਹਿਮੀਅਤ ਲਫ਼ਜ਼ਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਉਹ ਮੇਰੇ ਲੋਕਲ ਗਾਰਡੀਅਨ ਅਤੇ ਜੁਮੇਰਾ ਵਿੱਚ ਰਹਿੰਦਿਆਂ

ਲੋਕਲ ਮਾਪੇ ਅਤੇ ਗਵਾਂਢੀ ਸਨ। 'ਨਰਿੰਦਰਾ ਪੂਜੀ' ਐਮੀਰੇਟ ਏਅਰਲਾਈਨਜ਼ ਵਿੱਚ ਕੰਮ ਕਰਦੇ ਸਨ ਅਤੇ ਉਸ ਦੀ ਪਤਨੀ ਗੁਰਸ਼ਰਨ ਮੈਨੂੰ ਆਪਣੇ ਪੁੱਤਰਾਂ ਵਾਂਗ ਸਮਝਦੇ ਸਨ। ਇਕ ਵਾਰ ਜਦੋਂ ਮੈਂ ਫਲੀਊ ਨਾਲ ਬੀਮਾਰ ਹੋ ਗਿਆ ਤਾਂ ਗੁਰਸ਼ਰਨ ਮੇਰੀ ਸੇਵਾ ਵਿੱਚ ਹਾਜ਼ਰ ਹੋ ਜਾਂਦੀ ਅਤੇ ਮੇਰੇ ਲਈ ਘਰੋਂ ਸੂਪ ਬਣਾ ਕੇ ਲਿਆਉਂਦੀ ਜੋ ਮੈਨੂੰ ਸਿਹਤਯਾਬ ਕਰਨ ਵਿੱਚ ਸਹਾਈ ਹੋਇਆ। ਮੈਂ ਖ਼ੁਸ਼ਕਿਸਮਤ ਹਾਂ ਕਿ ਇਹ ਜੋੜੀ ਮੇਰੇ ਜੀਵਨ ਵਿੱਚ ਆਈ। ਜਦੋਂ ਕਦੇ ਮੈਂ ਯਾਤਰਾ ਉਪਰ ਜਾਣਾ ਹੁੰਦਾ ਸੀ ਤਾਂ ਨਰਿੰਦਰਾ ਪੂਜੀ ਮੇਰੀ ਟਿਕਟ ਦਾ ਪ੍ਰਬੰਧ ਕਰ ਦੇਂਦੇ ਭਾਵੇਂ ਮੈਂ ਅਖ਼ੀਰਲੇ ਸਮੇਂ ਆਪਣੀ ਮੰਗ ਪੇਸ਼ ਕਰਦਾ। 'ਪੂਜੀ' ਜੋੜੀ ਨੇ ਦੁਬਈ ਵਿੱਚ ਸਾਡੇ ਜੀਵਨ ਨੂੰ ਭਰਪੂਰ ਬਣਾ ਦਿੱਤਾ।

ਜਦੋਂ ਗੁਰਦਵਾਰਾ ਬਣ ਰਿਹਾ ਸੀ ਤਾਂ ਕਈ ਪਾਸਿਆਂ ਤੋਂ ਮੱਦਦ ਆਉਣੀ ਸ਼ੁਰੂ ਹੋ ਗਈ। ਪਦਮਾ ਅਤੇ ਪ੍ਰਤਾਪ ਲਲਵਾਨੀ ਹਮੇਸ਼ਾਂ ਮੇਰੇ ਅੰਗ ਸੰਗ ਰਹੇ ਅਤੇ ਬਹੁਤ ਵਾਰੀ ਸੁਲਝੀ ਹੋਈ ਰਾਏ ਦਿੱਤੀ। ਮੋਹਨ ਵਲਰਾਨੀ ਗੁਰਦਵਾਰਾ ਬੋਰਡ ਦਾ ਮੈਂਬਰ ਹੈ ਅਤੇ ਮੇਰੇ ਭਰੋਸੇ ਦਾ ਪਾਤਰ ਹੈ। ਉਸ ਦੀ ਰਾਏ ਪ੍ਰੈਕਟੀਕਲ ਅਤੇ ਸਪੱਸ਼ਟ ਹੁੰਦੀ ਹੈ। ਗੁਰਦਵਾਰਾ ਬਿਲਡਿੰਗ ਫ਼ੰਡ ਵਿੱਚ ਕਈ ਸੱਜਣਾਂ ਨੇ ਹਿੱਸਾ ਪਾਇਆ, ਉਹ ਸਾਡੇ ਧੰਨਵਾਦ ਦੇ ਪਾਤਰ ਹਨ। ਇਸ ਸੂਚੀ ਵਿੱਚ ਪਰਤਾਪ ਸਿੰਘ ਲਲਵਾਨੀ, ਲਸ਼ਮਨਦਾਸ ਪਗਰਾਨੀ, ਅਸ਼ੋਕ ਓਧਰਾਨੀ, ਹਰਜੀਤ ਸਿੰਘ ਸੱਚਰ, ਹਰਭਜਨ ਸਿੰਘ ਸਾਹਨੀ, ਕੁਲਵਿੰਦਰ ਸਿੰਘ ਬਾਸੀ, ਪਾਰਸ ਸ਼ਹਿਦਾਦਪੁਰੀ, ਮੋਹਨ ਵਲਰਾਨੀ, ਵਿਦਿਆ ਛਾਬਰੀਆ, ਵਡਭਾਗ ਸਿੰਘ ਸਾਹਨੀ, ਕੇਵਲ ਸਿੰਘ, ਡਾਕਟਰ ਨਵਜੋਤ ਸਿੰਘ ਅਨੰਦ ਅਤੇ ਚਰਨਜੀਤ ਸਿੰਘ ਕੰਵਰ ਸ਼ਾਮਲ ਹਨ।

ਮੇਰੇ ਜਿਗਰੀ ਦੋਸਤਾਂ ਵਿਚ ਦੋ ਭਾਰਤੀ ਕ੍ਰਿਕਟਰ ਵੀ ਸ਼ਾਮਲ ਹਨ। ਕਪਿਲ ਦੇਵ ਜਦੋਂ ਦੁਬਈ ਵਿੱਚ ਆਉਂਦਾ ਹੈ ਤਾਂ ਸਿੱਧਾ ਮੇਰੇ ਘਰ ਪਹੁੰਚ ਜਾਂਦਾ ਹੈ। ਉਸ ਨੂੰ ਬੱਬਲਜ਼ ਦੇ ਹੱਥ ਦਾ ਬਣਾਇਆ ਹੋਇਆ ਖਾਣਾ ਅਤੇ ਖ਼ਾਸ ਕਰਕੇ 'ਸ਼ਰਿੰਪਸ' (shrimps) ਬਹੁਤ ਸਵਾਦ ਲੱਗਦੇ ਹਨ। ਉਹ ਬਹੁਤ ਮਜ਼ਾਕੀਆ ਸੁਭਾਅ ਦਾ ਹੈ ਅਤੇ ਸਾਡੀ ਖ਼ੂਬ ਬਣਦੀ ਹੈ। ਉਸ ਨੇ ਦੁਨੀਆਂ ਦੇ ਸੌ ਗੁਰਦਵਾਰਿਆਂ ਬਾਰੇ ਪੁਸਤਕ ਤਿਆਰ ਕੀਤੀ ਹੈ ਜੋ ਪੰਜਾਬ ਦੇ ਮੁੱਖ ਮੰਤਰੀ ਨੇ ਗੁਰੂ ਨਾਨਕ ਸਾਹਿਬ ਦੇ 550ਵੇਂ ਜਨਮ ਦੇ ਸਾਲ ਸੰਗਤ ਦੀ ਭੇਟਾ ਕੀਤੀ ਹੈ। ਬਿਸ਼ਨ ਸਿੰਘ ਬੇਦੀ ਅਤੇ ਉਸ ਦੀ ਪਤਨੀ ਅੰਜੂ ਵੀ ਬਹੁਤ ਮਿਲਣਸਾਰ ਹਨ। ਜਦੋਂ ਅਸੀਂ ਦਿੱਲੀ ਜਾਈਏ ਤਾਂ ਬਿਸ਼ਨ ਦੇ ਹੱਥ ਦੀ ਬਣੀ 'ਮਟਨ ਕਰੀ' ਦਾ ਅਨੰਦ ਮਾਣਦੇ ਹਾਂ ਜੋ ਬਹੁਤ ਜਾਇਕੇਦਾਰ ਹੁੰਦੀ ਹੈ। ਉਹ ਚੰਗਾ ਰਸੋਈਆ ਬਣ ਕੇ ਸੇਵਾ ਕਰਦਾ ਹੈ ਅਤੇ ਰਸੋਈ ਵਿੱਚ ਕਿਸੇ ਹੋਰ ਦੀ ਦਖ਼ਲ-ਅੰਦਾਜ਼ੀ ਨਹੀਂ ਚਾਹੁੰਦਾ।

ਕਿਰਨ ਅਤੇ ਅਸ਼ਵਨੀ ਚੋਪੜਾ (ਮੈਂਬਰ ਪਾਰਲੀਮੈਂਟ) ਪੰਜਾਬ ਕੇਸਰੀ ਵਾਲੇ ਦਿੱਲੀ ਵਿੱਚ ਸਾਡੇ ਨਾਲ ਮਿਲਣ ਵਾਲਿਆਂ ਦੀ ਸੂਚੀ ਵਿੱਚ ਸ਼ਾਮਲ ਹਨ। ਇਹ ਜੋੜੀ ਭਾਰਤ

ਵਿੱਚ ਬਜ਼ੁਰਗਾਂ ਦੀ ਸੇਵਾ-ਸੰਭਾਲ ਦੇ ਕੰਮਾਂ ਵਿੱਚ ਜੁਟੀ ਹੋਈ ਹੈ। ਇਨ੍ਹਾਂ ਨੇ ਬੱਬਲਜ਼ ਨੂੰ ਪਰੇਰ ਕੇ ਦੁਬਈ ਵਿੱਚ ਬਜ਼ੁਰਗਾਂ ਲਈ ਯੰਗ ਹਾਰਟਸ ਗਰੁੱਪ ਕਾਇਮ ਕੀਤਾ ਹੈ। ਡਾਕਟਰ ਪਰਮਜੀਤ ਲੂਥਰਾ (ਡਾਲੀ) ਸਾਡੇ ਪ੍ਰੀਵਾਰ ਦਾ ਹਿੱਸਾ ਬਣ ਚੁੱਕੀ ਹੈ। ਸਾਡੇ ਚਾਰ ਪੋਤਰਿਆਂ ਦੇ ਜਨਮ ਉਸ ਦੀ ਦੇਖ-ਰੇਖ ਵਿੱਚ ਹੋਏ ਹਨ ਕਿਉਂਕਿ ਉਹ ਇਕ ਮਾਹਿਰ ਗਾਇਨਾਕਾਲੋਜਿਸਟ ਹੈ। ਉਹ ਚੌਵੀ ਘੰਟੇ ਸੱਤ ਦਿਨ ਬੱਚਿਆਂ ਦੀ ਪੈਦਾਇਸ਼ ਵਿੱਚ ਰੁੱਝੀ ਰਹਿੰਦੀ ਹੈ ਅਤੇ ਵਿਆਹ ਬਾਰੇ ਕਦੇ ਸੋਚਿਆ ਹੀ ਨਹੀਂ। ਯਸਮੀਨ ਅਤੇ ਡਾਕਟਰ ਰੂਮੀ ਬੇਰਾਮਜੀ ਵੀ ਲੋਕਾਂ ਦੀ ਸੇਵਾ ਵਿੱਚ ਰੁਝੇ ਹੋਏ ਹਨ। ਉਹ ਨਿਰ-ਸਵਾਰਥ ਹੋ ਕੇ ਲੋਕਾਂ ਦਾ ਦੁੱਖ ਤਕਲੀਫ਼ ਦੂਰ ਕਰਦੇ ਹਨ।

ਓਮਾਨਾ ਮੈਨਨ ਅਤੇ ਬੀ.ਕੇ. ਮੈਨਨ ਦੀ ਜੋੜੀ ਦੁਬਈ ਵਿੱਚ ਬਹੁਤ ਪ੍ਰਸਿੱਧ ਰਹੀ ਹੈ। ਬੀ.ਕੇ. ਮੈਨਨ ਬਹੁਤ ਪੜ੍ਹਿਆ-ਲਿਖਿਆ ਅਤੇ ਰਸੂਖ਼ ਵਾਲਾ ਬੰਦਾ ਸੀ ਜੋ ਲੋਕਾਂ ਦੇ ਕੰਮ ਸਵਾਰਦਾ ਸੀ। ਉਸ ਦੀ ਘਰਵਾਲੀ ਓਮਾਨਾ ਉਸ ਤੋਂ ਵੀ ਦੋ ਕਦਮ ਅੱਗੇ ਸੀ। ਉਸ ਨੇ 2000 ਬੱਚਿਆਂ ਨੂੰ ਗੋਦ ਲੈਣ ਦੀ ਪ੍ਰਕਿਰਿਆ ਰਾਹੀਂ ਕਈ ਪ੍ਰੀਵਾਰਾਂ ਦੀ ਖ਼ੁਸ਼ੀ ਵਿੱਚ ਵਾਧਾ ਕੀਤਾ ਅਤੇ ਇਨ੍ਹਾਂ ਬੱਚਿਆਂ ਦੀ ਭਲਾਈ ਕੀਤੀ। ਉਹ ਬੱਬਲਜ਼ ਦੀ ਚੰਗੀ ਸਹੇਲੀ ਸੀ ਅਤੇ ਸਾਡੇ ਪ੍ਰੀਵਾਰ ਦੀ ਭਲਾਈ ਲਈ ਕਈ ਵਾਰ ਪੂਜਾ ਦਾ ਪ੍ਰਬੰਧ ਕਰਿਆ ਕਰਦੀ ਸੀ।

ਇੰਡੀਅਨ ਐਂਬੈਸੀ ਨਾਲ ਹਰ ਭਾਰਤੀ ਦਾ ਵਾਹ ਪੈਂਦਾ ਹੈ ਪਰੰਤੂ ਮੇਰਾ ਰਿਸ਼ਤਾ ਹੋਰ ਪੱਧਰ ਦਾ ਹੈ । ਮੈਂ ਕਈ ਵਾਰ ਐਂਬੈਸੀ ਦੀਆਂ ਦਾਅਵਤਾਂ ਵਿੱਚ ਵੀ ਸ਼ਾਮਲ ਹੋਇਆ ਹਾਂ। ਨਵਦੀਪ ਸਿੰਘ ਸੂਰੀ ਜੋ ਯੂ.ਏ.ਈ. ਦਾ ਐਂਬੈਸੇਡਰ ਹੈ ਅਤੇ ਉਸ ਦੀ ਪਤਨੀ 'ਮਨੀ' ਸਾਡੇ ਬਹੁਤ ਚਹੇਤੇ ਹਨ। ਉਸ ਦੀਆਂ ਕਈ ਮਿਹਰਬਾਨੀਆਂ ਵਿੱਚੋਂ ਇਕ ਮੇਰੇ ਯਾਦ ਹੈ। ਜਦੋਂ ਸਾਡੀ ਕੰਪਨੀ ਦੇ ਮੈਨੇਜਰ ਦੀ ਘਰਵਾਲੀ ਅਬੂਧਾਬੀ ਵਿੱਚ ਬੀਮਾਰ ਹੋ ਗਈ ਤਾਂ ਨਵਦੀਪ ਨੇ ਉਸ ਨੂੰ ਦੁਬਈ ਭੇਜਣ ਲਈ ਐਂਬੂਲੈਂਸ ਦਾ ਪ੍ਰਬੰਧ ਕਰ ਦਿੱਤਾ। ਦੁਬਈ ਵਿੱਚ ਇੰਡੀਅਨ ਕੌਂਸਲ ਜਨਰਲ 'ਵਿਪੁਲ' ਨਾਲ ਵੀ ਮੇਰੇ ਦੋਸਤਾਨਾ ਸਬੰਧ ਹਨ। ਜਦੋਂ 200 ਭਾਰਤੀ ਕਾਮਿਆਂ ਨੂੰ ਕੰਪਨੀ ਦੇ ਮਾਲਕ ਨੇ ਬਿਨਾਂ ਤਨਖ਼ਾਹ ਤੋਂ ਨੌਕਰੀ ਤੋਂ ਕੱਢ ਦਿੱਤਾ ਤਾਂ ਵਿਪੁਲ ਨੇ ਹਫ਼ਤਾ ਭਰ ਉਹਨਾਂ ਦੇ ਭੋਜਨ ਦਾ ਪ੍ਰਬੰਧ ਕੀਤਾ।

ਕੁਲਦੀਪ ਲਾਂਬਾ ਦਾ ਮੇਰੇ ਉਪਰ ਡੂੰਘਾ ਪ੍ਰਭਾਵ ਹੈ। ਉਸ ਨੇ ਮੈਨੂੰ ਦੁਬਈ ਪਹੁੰਚਣ ਅਤੇ ਬਿਜ਼ਨੈਸ ਸ਼ੁਰੂ ਕਰਨ ਵਿੱਚ ਹੱਲਾਸ਼ੇਰੀ ਦਿੱਤੀ। ਉਸ ਦੀ ਰਾਏ ਕੁਝ ਇਸ ਤਰ੍ਹਾਂ ਹੈ : 'ਮੈਂ ਸੁਰਿੰਦਰ ਨੂੰ ਚਾਲ੍ਹੀ ਸਾਲਾਂ ਤੋਂ ਜਾਣਦਾ ਹਾਂ ਪਰੰਤੂ ਉਸ ਦੇ ਪਿਤਾ ਨਾਲ ਮੇਰੀ ਜਾਣ-ਪਹਿਚਾਣ 50 ਸਾਲ ਪੁਰਾਣੀ ਹੈ। ਉਹ ਆਪਣੇ ਪਿਤਾ ਨਾਲ ਕੁਵੈਤ ਆਇਆ ਕਰਦਾ ਸੀ। ਮੈਂ ਉਸ ਨੂੰ ਇਕ ਕਾਮਯਾਬ ਬਿਜ਼ਨੈਸਮੈਨ ਬਣਦੇ ਹੋਏ ਵੇਖਿਆ ਹੈ ਜੋ ਨਾ-ਮੁਮਕਿਨ ਨੂੰ ਮੁਮਕਿਨ ਕਰ ਸਕਣ ਦੀ ਯੋਗਤਾ ਰੱਖਦਾ ਹੈ। ਜਦੋਂ ਉਸ ਨੇ ਦੁਬਈ ਵਿੱਚ ਗੁਰਦਵਾਰਾ

ਬਣਾਉਣ ਦੀ ਪੂਰੀ ਵਿਥਿਆ ਸੁਣਾਈ ਤਾਂ ਉਹ ਮੇਰੀਆਂ ਨਜ਼ਰਾਂ ਵਿੱਚ ਇਕ ਹੀਰੋ ਬਣ ਕੇ ਉਭਰਿਆ। ਪ੍ਰਵਾਸੀ ਭਾਰਤੀਆਂ ਲਈ ਪੂਜਾ ਅਸਥਾਨ ਮੁਹੱਈਆ ਕਰਵਾ ਦੇਣਾ ਇਕ ਸਲਾਹੁਣਯੋਗ ਉਪਰਾਲਾ ਹੈ ਜਿਸ ਕਰਕੇ ਉਹ ਸਾਡੇ ਸੈਲੂਟ ਦਾ ਹੱਕਦਾਰ ਹੈ। ਉਸ ਨੂੰ ਇਸ ਪ੍ਰਾਪਤੀ ਲਈ ਜਨੂੰਨ ਸੀ ਅਤੇ ਉਸ ਦੀ ਪਤਨੀ ਬੱਬਲਜ਼ ਨੇ ਇਸ ਕਾਰਜ ਨੂੰ ਪੂਰਾ ਕਰਨ ਵਿੱਚ ਸੁਰਿੰਦਰ ਦੀ ਪੂਰੀ ਮੱਦਦ ਕੀਤੀ।'

ਦੁਬਈ ਚੈਂਬਰ ਆਫ਼ ਕਾਮਰਸ ਦਾ ਡਾਇਰੈਕਟਰ ਜਨਰਲ ਅਬਦੁੱਲ ਰਹਿਮਾਨ ਅਲ ਮੁਤੇਵ ਮੇਰਾ ਪੱਕਾ ਦੋਸਤ ਅਤੇ ਹਰ ਸਮੇਂ ਮੱਦਦਗਾਰ ਰਿਹਾ ਹੈ। ਉਸ ਨੇ ਸਾਡੇ ਜ਼ਬੇਲ ਅਲੀ ਪਲਾਂਟ ਦਾ ਉਦਘਾਟਨ ਕੀਤਾ ਜਿੱਥੇ ਬੈਟਰੀਆਂ ਬਣਦੀਆਂ ਹਨ ਅਤੇ ਟਾਇਰਾਂ ਦੀ ਰੀਟਰੈਡਿੰਗ ਹੁੰਦੀ ਹੈ। ਯੂ.ਏ.ਈ. ਵਿੱਚ ਜਨਰਲ ਟਾਇਰ ਬਰਾਂਡ ਦੀ ਸ਼ੁਰੂਆਤ ਕੀਤੀ। 'ਅਲ ਦੋਬੋਈ' ਕੰਪਨੀ ਦੇ ਕਾਰੋਬਾਰ ਲਈ ਉਹ ਇਕ ਵਰਦਾਨ ਸਾਬਤ ਹੋਇਆ ਹੈ।

ਕਰਾਚੀ ਦੇ ਸ਼ੈਸਤਾ ਅਤੇ ਸੁਲਤਾਨ ਲਖਾਨੀ ਤੀਹ ਸਾਲ ਤੋਂ ਸਾਡੇ ਦੋਸਤ ਹਨ। ਉਹ ਆਪਣੇ ਦੇਸ਼ ਲਈ ਚੰਗੇ ਕੰਮ ਕਰ ਰਹੇ ਹਨ। ਸੁਲਤਾਨ ਨੇ ਮੇਰੀ ਵਾਕਫ਼ੀ ਡਾਕਟਰ ਇਮਤਿਆਜ਼ ਹਾਸ਼ਮੀ ਨਾਲ ਕਰਵਾਈ ਜੋ ਇਕ ਮਾਹਿਰ ਹੱਡੀਆਂ ਦਾ ਡਾਕਟਰ ਅਤੇ ਭਲਾ ਪੁਰਸ਼ ਹੈ। 2012 ਵਿੱਚ ਡਾਕਟਰ ਹਾਸ਼ਮੀ ਨੇ ਮੇਰੇ ਗੋਡੇ ਨੂੰ ਬਦਲਣ ਲਈ ਸਰਜਰੀ ਕੀਤੀ। ਉਹ ਦੁਬਈ ਵਿੱਚ ਇਕ ਬਹੁਤ ਵਧੀਆ ਡਾਕਟਰ ਹੋਣ ਕਰਕੇ ਜਾਣਿਆ ਜਾਂਦਾ ਹੈ। ਲਖਾਨੀ ਪ੍ਰੀਵਾਰ ਦੇ ਰੋਨਕ ਅਤੇ ਇਕਬਾਲ ਦੀ ਜੋੜੀ ਵੀ 'ਚੈਰਿਟੀ' ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ ਅਤੇ ਲੋੜਮੰਦ ਬੱਚਿਆਂ ਦੀ ਮੱਦਦ ਕਰਦੀ ਹੈ।

ਮੇਰੇ ਘਰ ਫ਼ੌਜੀ ਜਰਨੈਲਾਂ ਦੀ ਵੀ ਆਮਦ ਹੁੰਦੀ ਰਹਿੰਦੀ ਹੈ। ਜਨਰਲ ਬਿਕਰਮ ਸਿੰਘ ਨੂੰ ਮੈਂ ਮਦਰਾਸ ਇਕ ਕਾਨਫ਼ਰੰਸ ਵਿੱਚ ਮਿਲਿਆ ਜਿੱਥੇ ਉਸ ਨੇ ਕੁੰਜੀਵਤ ਭਾਸ਼ਣ ਦੇਣਾ ਸੀ। ਮੈਂ ਉਸ ਦੇ ਭਾਸ਼ਣ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ 2016 ਵਿੱਚ ਦੁਬਈ ਅੰਤਰ-ਧਾਰਮਿਕ ਕਾਨਫ਼ਰੰਸ ਲਈ ਬੁਲਾਵਾ ਭੇਜਿਆ। ਜਨਰਲ ਜੇ.ਜੇ. ਸਿੰਘ ਜੋ ਭਾਰਤੀ ਫ਼ੌਜ ਦੇ ਚਾਰ-ਤਾਰਾ ਚੀਫ਼ ਰਹਿ ਚੁੱਕੇ ਹਨ, ਵੀ ਦੁਬਈ ਆਉਂਦੇ ਜਾਂਦੇ ਰਹਿੰਦੇ ਹਨ। ਉਹ ਗੋਲਫ਼ ਖੇਡਣ ਦੇ ਚਾਹਵਾਨ ਹਨ ਅਤੇ ਕਈ ਗੇਮਾਂ ਖੇਡ ਕੇ ਸਾਹ ਲੈਂਦੇ ਹਨ। ਉਹ ਭਾਵੇਂ ਫ਼ੌਜੀ ਲੜਾਕੇ ਰਹੇ ਹਨ ਪਰੰਤੂ ਦਿਲੋਂ ਬਹੁਤ ਨਰਮ ਹਨ।

ਭਾਰਤ ਧਬੋਲਕਰ ਐਲਫ਼ਿਨਸਟਨ ਕਾਲਜ ਬੰਬਈ ਵਿੱਚ ਬੱਬਲਜ਼ ਦੇ ਹਮ-ਜਮਾਤੀ ਰਹੇ ਹਨ। ਉਹ ਬੜੇ ਹਸਮੁੱਖ ਅਤੇ ਮਿਲਣਸਾਰ ਵਿਅਕਤੀ ਹਨ। ਰਮੀ ਰੰਗੜ ਨੇ ਮੇਰਾ ਨਾਮ ਰਾਇਲ ਜੀਊਲ ਆਫ਼ ਪੰਜਾਬ ਅਵਾਰਡ ਲਈ ਸਿਫ਼ਾਰਸ਼ ਕੀਤਾ ਸੀ ਜੋ ਮੈਨੂੰ ਯੂ.ਕੇ. ਦੀ ਪ੍ਰਧਾਨ ਮੰਤਰੀ 'ਟਰੇਸਾ ਮੇ' ਦੇ ਹੱਥੋਂ ਲੰਡਨ ਵਿੱਚ ਮਿਲਿਆ ਸੀ। ਰਮੀ ਯੂ.ਕੇ. ਦੇ ਪੰਜਾਬੀਆਂ ਲਈ ਰੋਲ-ਮਾਡਲ ਹੈ ਅਤੇ ਮੈਂ ਉਸ ਨੂੰ ਆਪਣੇ ਨਜ਼ਦੀਕੀ ਦੋਸਤਾਂ ਵਿੱਚ ਗਿਣਦਾ ਹਾਂ।

ਡਾਕਟਰ ਰਾਜਵੰਤ ਸਿੰਘ ਯੂ.ਐਸ.ਏ. ਵਿੱਚ ਦੰਦਾਂ ਦੇ ਡਾਕਟਰ ਹਨ। ਉਹ ਗਲੋਬਲ ਸਿੱਖ ਸਰਕਲ ਵਿੱਚ ਜਾਣੇ ਪਹਿਚਾਣੇ ਚਿਹਰਾ ਹਨ। ਗ਼ਰੀਬ ਬੱਚਿਆਂ ਦੀ ਪੜ੍ਹਾਈ ਲਈ ਉਨ੍ਹਾਂ ਟਰੱਸਟ ਬਣਾ ਰੱਖਿਆ ਹੈ। ਯੂ.ਐਸ.ਏ. ਵਿੱਚ ਸਿੱਖਾਂ ਦੇ ਹੱਕਾਂ ਲਈ ਅਤੇ ਸਿੱਖਾਂ ਦੀ ਵੱਖਰੀ ਪਹਿਚਾਣ ਲਈ ਉਹ ਮੁਹਿੰਮ ਛੇੜੀ ਰੱਖਦੇ ਹਨ। ਗੁਰੂ ਨਾਨਕ ਦੀ 550ਵੀਂ ਬਰਸੀ ਉਪਰ ਇਕ ਡਾਕੂਮੈਂਟਰੀ ਫ਼ਿਲਮ ਬਣਾ ਕੇ ਸਿੱਖਾਂ ਅਤੇ ਸਿੱਖ ਧਰਮ ਦੇ ਬਾਨੀ ਬਾਰੇ ਪ੍ਰਚਾਰ ਕੀਤਾ ਹੈ। ਇਸ ਸਬੰਧ ਵਿੱਚ ਇਕ ਹੋਰ ਵਿਲੱਖਣ ਕੰਮ ਜੋ ਮੇਰੇ ਧਿਆਨ ਗੋਚਰੇ ਆਇਆ ਹੈ, ਗੁਰੂ ਨਾਨਕ ਜੰਗਲ ਦੀ ਸ਼ੁਰੂਆਤ ਹੈ ਜਿਸ ਵਿੱਚ ਵੱਖ-ਵੱਖ ਜਾਤੀਆਂ ਦੇ 550 ਬੂਟੇ ਲਾਏ ਜਾਂਦੇ ਹਨ।

ਵਿਜੇ ਮਲਹੋਤਰਾ ਕੇ.ਪੀ.ਐਮ.ਜੀ. (KPMG) ਗਲਫ਼ ਕੰਪਨੀ ਦੇ ਮੁਖੀ ਹਨ। ਉਹ 1981 ਵਿੱਚ ਇਰਾਨ ਤੋਂ ਦੁਬਈ ਵਿੱਚ ਆ ਕੇ ਵੱਸੇ ਹਨ। ਉਸ ਸਮੇਂ ਤੋਂ ਉਹ ਸਾਡੀ ਕੰਪਨੀ ਦਾ ਲੇਖਾ-ਜੋਖਾ ਚੈੱਕ ਕਰਦੇ ਹਨ ਅਤੇ ਔਡੀਟਰ ਹੋਣ ਦੇ ਨਾਤੇ ਸਾਡੇ ਕਾਰੋਬਾਰ ਨੂੰ ਚੰਗੀ ਸੇਧ ਪ੍ਰਦਾਨ ਕਰਦੇ ਹਨ। ਕੇਵਲ ਸਿੰਘ ਨੇ ਗੁਰਦਵਾਰਾ ਬਣਾਉਣ ਸਮੇਂ ਮੇਰਾ ਸਾਥ ਦਿੱਤਾ। ਉਸ ਨੇ ਸੌ ਪ੍ਰਤੀਸ਼ਤ ਸਮੇਂ ਦਾ ਹਿੱਸਾ ਪਾਇਆ ਅਤੇ ਲੋੜ ਪੈਣ ’ਤੇ ਉਸ ਨੇ ਨਿੱਜੀ ਸਬੰਧਾਂ ਦੀ ਬਿਨਾਂ ਝਿਜਕ ਵਰਤੋਂ ਕੀਤੀ।

ਪਰੋਮਿਲਾ ਅਤੇ ਸੁਭਾਸ਼ ਖੰਨਾ ਦੁਬਈ ਦੇ ਭਾਰਤੀ ਲੋਕਾਂ ਵਿੱਚ ਬਹੁਤ ਹੀ ਹਰਮਨ ਪਿਆਰੀ ਜੋੜੀ ਹੈ। ਸੁਭਾਸ਼ ‘ਦੇਵਾ’ (Dewa) ਕੰਪਨੀ ਦੇ ਫ਼ਾਈਨੈਂਸ ਦਾ ਮੁੱਖੀ ਹੈ ਅਤੇ ਪਰੋਮਿਲਾ ਰਸੋਈ ਦੇ ਕੰਮਾਂ ਦੀ ਮਾਹਿਰ ਹੈ। ਉਹ ਦੋਵੇਂ ਸਾਡੇ ਲਈ ਮਾਪੇ ਬਣ ਕੇ ਪੇਸ਼ ਆਏ ਅਤੇ ਦੁਬਈ ਵਿੱਚ ਸਾਡੀ ਮੱਦਦ ਕਰਦੇ ਰਹੇ। ਚਾਲ੍ਹੀ ਸਾਲ ਪਹਿਲਾਂ ਮੈਂ ਤਨਵੀਰ ਕਾਂਜੀ ਨੂੰ ਮਿਲਿਆ। ਉਸ ਨੇ ‘ਅਲ ਦੋਬੋਈ’ ਕੰਪਨੀ ਦਾ ਲੋਗੋ (Logo) ਡੀਜ਼ਾਈਨ ਕੀਤਾ ਅਤੇ ਕੰਪਨੀ ਦੇ ਸਕੂਟਰਾਂ, ਟਾਇਰਾਂ ਅਤੇ ਬੈਟਰੀਆਂ ਦੇ ਕਾਰੋਬਾਰ ਦੀ ਪਬਲੀਸਿਟੀ ਲਈ ਜ਼ਿੰਮੇਵਾਰ ਹੈ। ਉਹ ਮੇਰਾ ਦੋਸਤ ਵੀ ਹੈ ਅਤੇ ਬਿਜ਼ਨੈਸ ਸਲਾਹਕਾਰ ਵੀ।

ਜੇਕਰ ਇਨ੍ਹਾਂ ਸਾਰੇ ਦੋਸਤਾਂ ਨੂੰ ਕਿਸੇ ਦਿਨ ਇਕੱਠੇ ਵੇਖਣਾ ਚਾਹੁੰਦੇ ਹੋ ਤਾਂ ਦੀਵਾਲੀ ਦੇ ਸਾਲਾਨਾ ਜਲਸੇ ਵਿੱਚ ਮੇਰੇ ਘਰ ਆਵੋ। 1976 ਵਿੱਚ ਅਸੀਂ ਦਸ ਦੋਸਤਾਂ ਨੇ ਆਪਣੇ ਬੱਚਿਆਂ ਲਈ ਇਹ ਮੇਲ-ਜੋਲ ਸ਼ੁਰੂ ਕੀਤਾ ਸੀ ਜੋ ਹੁਣ ਸਾਰੇ ਦੋਸਤਾਂ ਅਤੇ ਹਮਜੋਲੀਆਂ ਲਈ ਇਕ ਜਸ਼ਨ ਵਰਗਾ ਸਮਾਰੋਹ ਬਣ ਗਿਆ ਹੈ ਜਿਸ ਵਿੱਚ 500 ਦੇ ਕਰੀਬ ਇਕੱਠ ਹੁੰਦਾ ਹੈ। ਅਸੀਂ ਇਸ ਨੂੰ ਯਾਦਗਾਰੀ ਬਣਾਉਣ ਲਈ ਹਰ ਕੋਸ਼ਿਸ਼ ਕਰਦੇ ਹਾਂ ਅਤੇ ਭਾਂਤ ਭਾਂਤ ਦੇ ਵਿਅੰਜਨ ਪਕਾਏ ਜਾਂਦੇ ਹਨ।

ਖਾਣ-ਪੀਣ ਦੇ ਮਾਮਲੇ ਵਿੱਚ ਮੈਂ ਬੇਸ਼ਰਮੀ ਦੀ ਹੱਦ ਤੱਕ ਜਾ ਸਕਦਾ ਹਾਂ। ਭਾਰਤ ਦੇ ਦੱਖਣ ਵਿੱਚ ਜੰਮਿਆਂ ਪਲਿਆ ਹੋਣ ਕਰਕੇ ਮੈਨੂੰ ਸਾਊਥ ਇੰਡੀਅਨ ਖਾਣੇ ਬਹੁਤ ਪਸੰਦ ਹਨ। ਨਾਸ਼ਤੇ ਵਿੱਚ ਇਡਲੀ ਨਾਲ ਕਾਰਪੋਡੀ, ਘੀ ਅਤੇ ਚਟਨੀ ਪਸੰਦ

ਕਰਦਾ ਹਾਂ। ਡੋਸੇ ਦੀ ਮੈਂ ਨਵੀਂ ਕਾਢ ਕੱਢੀ ਹੈ ਜਿਸ ਵਿਚ ਫ਼ਰਾਈਡ ਅੰਡਾ ਅਤੇ 'ਸਾਲਸਾ ਸੌਸ' ਸ਼ਾਮਲ ਹੈ। ਅਸੀਂ ਖਾਣੇ ਦੀਆਂ ਨਵੀਆਂ ਕਿਸਮਾਂ ਈਜਾਦ ਕਰਦੇ ਸਾਂ। ਕੰਧਾਰੀ ਇੰਟਰਨੈਸ਼ਨਲ ਹੋਟਲ ਵਿਜੇਵਾੜਾ ਵਿੱਚ ਕੀਮਾ ਡੋਸਾ ਅਤੇ ਚਿਕਨ ਕੱਰੀ ਇਡਲੀ ਨਾਲ ਪਰੋਸਦੇ ਸਾਂ। ਹੈਦਰਾਬਾਦੀ ਰਸੋਈ ਦੀ ਬਰਿਆਨੀ, ਚਪਲੀ ਕਬਾਬ ਅਤੇ ਹਲੀਮ ਮੇਰਾ ਮਨਭਾਉਂਦਾ ਖਾਣਾ ਹੈ।

ਜੇਕਰ ਤੁਸੀਂ ਕਿਸੇ ਨਿਰ-ਸਵਾਰਥ ਬੰਦੇ ਨੂੰ ਮਿਲਣਾ ਚਾਹੁੰਦੇ ਹੋ ਤਾਂ ਦਿੱਲੀ ਦੇ 'ਮੋਦੀ ਰਬੜ' ਕੰਪਨੀ ਦੇ ਐਕਸਪੋਰਟ-ਮੈਨੇਜਰ ਅਮਰਜੀਤ ਸਿੰਘ ਪੁਰੀ ਨੂੰ ਮਿਲੋ। ਉਹ ਆਪਣੇ ਬਿਜ਼ਨੈਸ ਦੀਆਂ ਬਰੀਕੀਆਂ ਅਤੇ ਸੂਹਜ ਤੁਹਾਡੇ ਨਾਲ ਸਾਂਝੇ ਕਰਦਾ ਹੈ ਤਾਂ ਕਿ ਤੁਸੀਂ ਕਾਰੋਬਾਰ ਵਿੱਚ ਘਾਟੇ ਤੋਂ ਬਚੇ ਰਹੋ। ਉਹ ਮੈਨੂੰ ਬਿਜ਼ਨੈਸ ਵਿੱਚ ਰੋਲ-ਮਾਡਲ ਮਿਲ ਗਿਆ ਅਤੇ ਅਸੀਂ ਹਮੇਸ਼ਾਂ ਸੌਦੇ ਵਿੱਚੋਂ ਕਮਾਈ ਕਰਦੇ ਰਹੇ।

ਇਹ ਅਧਿਆਏ ਪੂਰਾ ਨਹੀਂ ਹੋ ਸਕਦਾ ਜਿੰਨਾ ਚਿਰ ਮੈਂ ਡਾਕਟਰ ਨਸਰ ਆਰਿਫ਼ ਦਾ ਜ਼ਿਕਰ ਨਹੀਂ ਕਰਦਾ। ਉਸ ਨੇ ਮੈਨੂੰ ਅੰਤਰ-ਧਾਰਮਿਕ ਮਸਲਿਆਂ, ਸਦਭਾਵਨਾ ਅਤੇ ਸਹਿਨਸ਼ੀਲਤਾ ਦੇ ਸੰਕਲਪ ਨਾਲ ਜੋੜਿਆ। ਡਾਕਟਰ ਬਰਾਇਨ ਐਡਮਜ਼, ਜੋ ਅੰਤਰ-ਧਾਰਮਿਕ ਵਿਸ਼ਿਆਂ ਦੇ ਮਾਹਿਰ ਹਨ, ਮੇਰੇ ਵਿਚਾਰਾਂ ਨੂੰ ਪ੍ਰਭਾਵਿਤ ਕਰਨ ਵਿੱਚ ਸਹਾਈ ਹੋਏ ਹਨ।

— 0 —

20

# ਪਿਆਰ ਜਿਸ ਦੀ ਕੋਈ ਸੀਮਾ ਨਹੀਂ

## (ਬੱਬਲਜ਼ ਕੰਧਾਰੀ ਵਲੋਂ ਪਿੱਛਲ ਸ਼ਬਦ)

ਮੈਂ ਆਪਣੀ ਜ਼ਿੰਦਗੀ ਵਿੱਚ ਇਕ ਮਈ 1970 ਦਾ ਦਿਨ ਕਦੇ ਨਹੀਂ ਭੁੱਲ ਸਕਦੀ ਕਿਉਂਕਿ ਉਸ ਦਿਨ ਮੈਂ ਇਕ ਨੌਜਵਾਨ ਸੁਰਿੰਦਰ ਸਿੰਘ ਕੰਧਾਰੀ ਦਾ ਨਾਮ ਪਹਿਲੀ ਵਾਰ ਸੁਣਿਆ ਸੀ। ਇਹ ਇਕ ਆਮ ਜਿਹਾ ਦਿਨ ਸੀ ਜਦੋਂ ਮੈਂ ਆਪਣੇ ਕਮਰੇ ਵਿੱਚ ਬੈਠੀ ਪੜ੍ਹ ਰਹੀ ਸੀ। ਪਰੰਤੂ ਘਰ ਦੇ ਬਾਕੀ ਮੈਂਬਰ ਡਰਾਇੰਗ ਰੂਮ ਵਿੱਚ ਬੈਠੇ ਇਕ ਦੂਜੇ ਨੂੰ ਵਧਾਈਆਂ ਦੇ ਰਹੇ ਸੀ। ਮੈਂ ਇਸ ਦਾ ਕਾਰਨ ਜਾਨਣ ਲਈ ਜਦੋਂ ਬਾਹਰ ਨਿਕਲੀ ਤਾਂ ਮੈਨੂੰ ਬਗ਼ੈਰ ਕਿਸੇ ਉਚੇਚ ਦੇ ਦੱਸਿਆ ਗਿਆ ਕਿ ਮੇਰੀ ਮੰਗਣੀ ਹੋਣ ਜਾ ਰਹੀ ਹੈ।

ਇਹ ਕਹਿਣਾ ਕਿ ਮੈਂ ਹੈਰਾਨ ਹੋਈ ਹੋਵਾਂਗੀ ਕਾਫ਼ੀ ਨਹੀਂ ਕਿਉਂਕਿ ਮੈਂ ਤਾਂ ਭੈ-ਭੀਤ ਹੋ ਚੁੱਕੀ ਸੀ। ਕਿਸੇ ਨੇ ਮੇਰੀ ਰਾਏ ਨਹੀਂ ਲਈ ਸੀ, ਮੰਮੀ ਅਤੇ ਡੈਡੀ ਕੋਈ ਪੇਂਡੂ ਗੰਵਾਰ ਨਹੀਂ ਸਨ। ਉਹ ਤਾਂ ਚੰਗੇ ਪੜ੍ਹੇ-ਲਿਖੇ ਅਤੇ ਸ਼ਹਿਰੀ ਬੰਦੇ ਸਨ। ਉਹ ਮੁੰਡੇ ਨੂੰ ਵੇਖੇ ਬਗ਼ੈਰ ਇਹ ਫ਼ੈਸਲਾ ਕਿਵੇਂ ਕਰ ਸਕਦੇ ਸਨ। ਇਹ ਅਨ੍ਹੇਰੇ ਵਿੱਚ ਤੀਰ ਮਾਰਨ ਵਾਲੀ ਗੱਲ ਜਾਪਦੀ ਸੀ। ਇਹ ਬੜਾ ਹਾਸੋਹੀਣਾ ਜਾਪਦਾ ਸੀ ਕਿ ਮੁੰਡਾ ਇਕ ਚੰਗੇ ਪ੍ਰੀਵਾਰ ਦਾ ਫ਼ਰਜ਼ੰਦ ਹੈ, ਜੋ ਪਸੰਦ ਕਰ ਲੈਣ ਵਿੱਚ ਕੋਈ ਹਰਜ ਨਹੀਂ। ਇਸ ਜੋਸ਼ ਨੂੰ ਰੋਕਣਾ ਠੀਕ ਸੀ, ਕੀ ਪਤਾ ਮੁੰਡਾ ਝੱਲਾ ਹੀ ਹੋਵੇ?

ਇਸ ਅਨੋਖੀ ਘਟਨਾ ਨੇ ਮੇਰਾ ਸਿਰ ਚਕਰਾ ਦਿੱਤਾ। ਅਜੇ ਮੈਂ ਸੰਭਲ ਰਹੀ ਸੀ ਕਿ ਮੇਰੀ ਮਾਂ ਨੇ ਧਰਵਾਸਾ ਦੇਣ ਲਈ ਕਿਹਾ, ‘ਜੇਕਰ ਤੈਨੂੰ ਪਸੰਦ ਨਾ ਆਇਆ ਤਾਂ ਤੂੰ ਨਾਂਹ ਕਰ ਸਕਦੀ ਹੈਂ।’ ਪਰ ਘਰ ਵਿੱਚ ਖ਼ੁਸ਼ੀ ਦਾ ਮਾਹੌਲ ਅਤੇ ਮਠਿਆਈਆਂ ਵੰਡੀਆਂ ਜਾ ਰਹੀਆਂ ਸਨ, ਕੀ ਅਜੇਹੇ ਮਾਹੌਲ ਵਿੱਚ ਮੇਰੀ ਨਾਂਹ ਲਈ ਕੋਈ ਰਸਤਾ ਬਚਿਆ ਸੀ? ਇਕ ਚੰਗੀ ਅਤੇ ਆਗਿਆਕਾਰੀ ਧੀ ਹੋਣ ਦੇ ਨਾਤੇ ਮੈਂ ਆਪਣੇ ਮਾਪਿਆਂ ਦੀ ਖ਼ੁਸ਼ੀ ਅਤੇ ਉਮੀਦਾਂ ’ਤੇ ਪਾਣੀ ਫੇਰਨਾ ਨਹੀਂ ਚਾਹੁੰਦੀ ਸੀ। ਮੁੰਡੇ ਨੂੰ ਵੇਖਣ ਲਈ ਸਾਰੇ ਪ੍ਰੀਵਾਰ ਨੇ ਤਿਆਰੀ ਸ਼ੁਰੂ ਕਰ ਦਿੱਤੀ ਅਤੇ ਕੁਝ ਦਿਨਾਂ ਬਾਅਦ ਅਸੀਂ ਹੈਦਰਾਬਾਦ ਦੀ ਉੜਾਨ ’ਤੇ ਬੰਬਈ ਤੋਂ ਚਾਲੇ ਪਾ ਦਿੱਤੇ।

ਉੜਾਨ ਦੇ ਦੌਰਾਨ ਮੇਰੇ ਮਨ ਵਿੱਚ ਖ਼ਿਆਲਾਂ ਨੇ ਝੁਰਮਟ ਪਾਈ ਰੱਖਿਆ। ਮੈਂ

ਸੋਚਿਆ ਇਹ ਕੈਸਾ ਬੰਦਾ ਹੈ ਜਿਸ ਨੇ ਕੁੜੀ ਵੇਖੇ ਬਗ਼ੈਰ ਹੀ ਮੰਗਣੀ ਦੀ ਤਿਆਰੀ ਕਰ ਰੱਖੀ ਹੈ। ਜਦੋਂ ਅਸੀਂ ਹੈਦਰਾਬਾਦ ਹਵਾਈ ਅੱਡੇ ਤੋਂ ਬਾਹਰ ਨਿਕਲ ਰਹੇ ਸਾਂ ਤਾਂ ਸਾਨੂੰ ਕੋਈ ਲੈਣ ਨਾ ਆਇਆ। ਮੈਂ ਸੋਚਿਆ ਇਹ ਅਜੀਬ ਬੰਦਾ ਹੋਵੇਗਾ ਜੋ ਅਦਬ ਦਾ ਖ਼ਿਆਲ ਰੱਖ ਕੇ ਇੰਨੀ ਖੇਚਲ ਵੀ ਨਹੀਂ ਕਰ ਸਕਿਆ। ਅਸੀਂ ਰਿਟਜ਼ ਹੋਟਲ ਵਿੱਚ ਚੈੱਕ-ਇਨ ਕੀਤਾ ਅਤੇ ਆਰਾਮ ਕਰਨ ਲੱਗੇ। ਮੈਂ ਅਜੇ ਵੀ ਸੋਚਾਂ ਵਿੱਚ ਡੁੱਬੀ ਹੋਈ ਸਾਂ। ਮੇਰੀ ਚੰਗੀ ਕਿਸਮਤ ਨੂੰ ਮੇਰੇ ਪਿਤਾ ਜੀ ਦਾ ਹੈਦਰਾਬਾਦ ਵਿੱਚ ਦੋਸਤ ਮਿਸਟਰ ਕੋਹਲੀ ਵਿਚੋਲਾ ਬਣ ਕੇ ਦੋ ਦਿਲਾਂ ਵਿੱਚ ਪਿਆਰ ਦੇ ਤੀਰ ਚਲਾਉਣ ਆ ਪਹੁੰਚਿਆ। ਉਹ ਮੈਨੂੰ ਨਾਲ ਲੈ ਕੇ ਕਵਾਲਟੀ ਰੈਸਤੋਰਾਂ ਪਹੁੰਚ ਗਿਆ ਤਾਂ ਕਿ ਸੁਰਿੰਦਰ ਨੂੰ ਚੋਰੀ-ਛੁਪੇ ਮਿਲਿਆ ਜਾ ਸਕੇ। ਸੁਰਿੰਦਰ ਨੂੰ ਇਸ ਮੁਲਕਾਤ ਦੀ ਕੋਈ ਅਗੇਤੀ ਜਾਣਕਾਰੀ ਨਹੀਂ ਸੀ। ਇਸ ਮੌਕੇ ਮੈਂ ਮਾਨਸਿਕ ਤਣਾਅ ਵਿੱਚ ਹੋਣ ਕਰਕੇ ਮੇਰੇ ਦਿਲ ਦੀ ਧੜਕਣ ਤੇਜ਼ ਹੋ ਚੁੱਕੀ ਸੀ ਜਿਵੇਂ ਕੋਈ ਗੱਡੀ ਸਪਾਟ ਦੌੜਦੀ ਜਾ ਰਹੀ ਹੋਵੇ। ਘਬਰਾਹਟ ਵਿੱਚ ਡੁੱਬੀ ਮੈਂ ਅਠਾਰਾਂ ਸਾਲ ਦੀ ਅੱਲੜ ਕੁੜੀ ਆਪਣੇ ਹੋਣ ਵਾਲੇ ਮੰਗੇਤਰ ਦੀ ਝਲਕ ਪਾਉਣ ਲਈ ਉਤਾਵਲੀ ਹੋ ਰਹੀ ਸਾਂ।

ਆਖ਼ਰ ਵਿੱਚ ਉਹ ਘੜੀ ਆ ਹੀ ਗਈ ਜਦੋਂ ਸੁਰਿੰਦਰ ਦੁੱਧ ਚਿੱਟੇ ਚਮਕਦੇ ਕਮੀਜ਼ ਅਤੇ ਪੈਂਟਸ ਵਿੱਚ ਰੈਸਤੋਰਾਂ ਵਿੱਚ ਆਣ ਪਹੁੰਚਿਆ। ਉਹ 21 ਸਾਲ ਦਾ ਬੱਚਾ ਲੱਗ ਰਿਹਾ ਸੀ। 18 ਸਾਲ ਦੀ ਕੁੜੀ ਤਾਂ ਪਹਿਲਾਂ ਹੀ ਨੌਜਵਾਨ ਔਰਤ ਲੱਗਦੀ ਹੈ। ਮੇਰਾ ਪਹਿਲਾ ਪ੍ਰਭਾਵ ਇਹ ਸੀ ਕਿ ਮੈਂ ਸਾੜ੍ਹੀ ਨਹੀਂ ਪਹਿਨ ਸਕਾਂਗੀ ਕਿਉਂਕਿ ਸਾੜ੍ਹੀ ਪਹਿਨ ਕੇ ਮੈਂ ਸੁਰਿੰਦਰ ਤੋਂ ਵੱਡੀ ਉਮਰ ਦੀ ਜਾਪਾਂਗੀ। ਉਹਨਾਂ ਦਿਨਾਂ ਵਿੱਚ ਮੈਨੂੰ ਸਾੜ੍ਹੀ ਪਹਿਨਣ ਦਾ ਬਹੁਤ ਸ਼ੌਕ ਸੀ। ਇਸ ਮੁਲਾਕਾਤ ਤੋਂ ਬਾਅਦ ਮੈਂ ਇਸ ਰਿਸ਼ਤੇ ਲਈ ਰਜ਼ਾਮੰਦ ਹੋ ਗਈ। ਵੇਖਣ ਚਾਖਣ ਨੂੰ ਸੁਰਿੰਦਰ ਸੋਹਣਾ ਸੀ ਅਤੇ ਮੇਰੇ ਮਨ ਦਾ ਤੌਖਲਾ ਦੂਰ ਹੋ ਗਿਆ।

6 ਮਈ 1970 ਦੇ ਦਿਨ ਸਾਡੀ ਮੰਗਣੀ ਹੋ ਗਈ। ਮੇਰੇ ਮਾਸੂਮ ਦਿਲ ਅਤੇ ਦਿਮਾਗ਼ ਵਿੱਚ ਅਨੇਕਾਂ ਪਾਜ਼ਿਟਿਵ ਅਤੇ ਨੈਗੇਟਿਵ ਖ਼ਿਆਲ ਬਿਲੀਅਰਡ ਬਾਲਾਂ ਦੀ ਤਰ੍ਹਾਂ ਇੱਕੋ ਸਮੇਂ ਟੱਕਰਾਂ ਮਾਰ ਰਹੇ ਸਨ। ਮੇਰਾ ਅੰਦਾਜ਼ਾ ਹੈ ਕਿ ਵਿਚੋਲਿਆਂ ਰਾਹੀਂ ਕਰਵਾਈਆਂ ਗਈਆਂ ਅਜੇਹੀਆਂ ਸ਼ਾਦੀਆਂ ਵਿੱਚ ਐਸਾ ਹੋਣਾ ਸੁਭਾਵਿਕ ਹੈ। ਅੱਜ ਜਦੋਂ ਮੈਂ ਪਿੱਛੇ ਮੁੜ ਕੇ ਵੇਖਦੀ ਹਾਂ ਤਾਂ ਸੋਚਦੀ ਹਾਂ ਕਿ ਇਹ ਮੇਰਾ ਸਭ ਤੋਂ ਵਧੀਆ ਫ਼ੈਸਲਾ ਸੀ। ਮੈਨੂੰ ਸੁਰਿੰਦਰ ਤੋਂ ਵਧੀਆ ਪਤੀ, ਦੋਸਤ ਅਤੇ ਦਿਲਾਂ ਦਾ ਹਾਣੀ ਹੋਰ ਨਹੀਂ ਸੀ ਮਿਲ ਸਕਦਾ। ਇਹ ਗੱਲ ਮੈਂ ਪੂਰੀ ਸਪੱਸ਼ਟਤਾ ਅਤੇ ਹੋਸ਼ ਹਵਾਸ ਨਾਲ ਕਹਿੰਦੀ ਹਾਂ।

ਅਸੀਂ ਆਪਣੇ ਜੀਵਨ ਪੱਥ ਉਪਰ ਚੱਲਦੇ ਹੋਏ ਕਈ ਵਾਰ ਖੱਡਿਆਂ ਉਪਰੋਂ ਲੰਘੇ ਹਾਂ, ਗ਼ਲਤ ਮੋੜ ਵੀ ਕੱਟੇ ਹਨ ਪਰੰਤੂ ਠੀਕ ਰਸਤੇ ਉਪਰ ਹੀ ਚੱਲਦੇ ਰਹੇ ਹਾਂ।

ਅਜੇ ਇਸ ਸਫ਼ਰ 'ਤੇ ਇਕੱਠੇ ਚੱਲਦਿਆਂ ਕਈ ਮੀਲਾਂ ਦਾ ਸਫ਼ਰ ਬਾਕੀ ਹੈ। ਮੈਂ ਹਮੇਸ਼ਾਂ ਆਪਣੇ ਮਾਪਿਆਂ ਅਤੇ ਅੰਕਲ ਕੋਹਲੀ ਦਾ ਇਸ ਚੋਣ ਲਈ ਤਹਿ ਦਿਲੋਂ ਧੰਨਵਾਦ ਕਰਦੀ ਹਾਂ।

ਮੰਗਣੀ ਦੇ ਦਿਨ ਤੋਂ ਲੈ ਕੇ ਸ਼ਾਦੀ ਦੇ ਦਿਨ ਤੱਕ ਮੇਰੇ ਲਈ ਸਭ ਕੁਝ ਬਦਲ ਗਿਆ ਸੀ। ਸਾਡੇ ਰਿਸ਼ਤੇ ਦੀ ਸ਼ੁਰੂਆਤ ਹੋ ਚੁੱਕੀ ਸੀ। ਹਰ ਰੋਜ਼ ਸਵੇਰੇ ਸੱਤ ਵਜੇ ਸੁਰਿੰਦਰ ਬਿਨਾਂ ਨਾਗਾ ਮੈਨੂੰ ਟੈਲੀਫ਼ੋਨ ਕਾਲ ਕਰਦਾ। ਹਰ ਐਤਵਾਰ ਉਹ ਮੇਰੇ ਲਈ ਲਾਲ ਗੁਲਾਬ ਦਾ ਗੁਲਦਸਤਾ (bouquet) ਭੇਜਦਾ। ਇਹ ਸਿਲਸਿਲਾ ਪੂਰਾ ਸਾਲ ਭਰ ਚੱਲਦਾ ਰਿਹਾ। ਮੇਰਾ ਇਸ ਲੜਕੇ ਨਾਲ ਪਿਆਰ ਪੈਣਾ ਸ਼ੁਰੂ ਹੋ ਗਿਆ। ਪਿਆਰ ਦਾ ਕੈਸਾ ਜਾਦੂ ਹੈ, ਮੈਂ ਉਸ ਦੀ ਬੰਬਈ ਆ ਕੇ ਮਿਲਣ ਦੀ ਉਡੀਕ ਕਰਨ ਲੱਗੀ। ਮੈਂ ਬੀ.ਏ. ਦੇ ਆਖ਼ਰੀ ਸਾਲ ਵਿੱਚ ਪੜ੍ਹਦੀ ਸਾਂ ਜਿਸ ਕਰਕੇ ਸਾਡੀ ਸ਼ਾਦੀ ਲਈ ਇੰਤਜ਼ਾਰ ਕਰਨ ਦੀ ਲੋੜ ਪਈ। ਮੇਰੇ ਇਮਤਿਹਾਨ ਦੇ ਦੋ ਦਿਨ ਬਾਅਦ ਹੀ ਮੇਰੀ ਸ਼ਾਦੀ ਹੋ ਗਈ ਅਤੇ ਮੈਂ ਵਿਆਹੁਤਾ ਜੀਵਨ ਦੇ ਇਮਤਿਹਾਨ ਲਈ ਤਿਆਰ ਹੋਣਾ ਸ਼ੁਰੂ ਕਰ ਦਿੱਤਾ।

ਜਿਵੇਂ ਤੁਸੀਂ ਸਭ ਜਾਣਦੇ ਹੀ ਹੋ, ਸ਼ਾਦੀ ਦਾ ਪਹਿਲਾ ਸਾਲ ਹਮੇਸ਼ਾਂ ਮੁਸ਼ਕਲ ਹੁੰਦਾ ਹੈ, ਖ਼ਾਸ ਕਰਕੇ ਲੜਕੀ ਲਈ ਜੋ ਨਵੇਂ ਪ੍ਰੀਵਾਰ ਵਿੱਚ ਤਾਲ-ਮੇਲ ਕਰਨ ਲਈ ਮਜਬੂਰ ਹੁੰਦੀ ਹੈ। ਲੜਕੇ ਲਈ ਇਹ ਬਹੁਤੀ ਸਮੱਸਿਆ ਨਹੀਂ ਕਿਉਂਕਿ ਉਹ ਆਪਣੇ ਘਰ ਹੀ ਹੁੰਦਾ ਹੈ ਜਦ ਕਿ ਲੜਕੀ ਆਪਣੇ ਘਰ ਨਾਲੋਂ ਟੁੱਟ ਕੇ ਨਵੇਂ ਮਾਹੌਲ ਵਿੱਚ ਆ ਜਾਂਦੀ ਹੈ। ਜਦੋਂ ਅਸੀਂ ਸੁਰਿੰਦਰ ਦੇ ਪ੍ਰੀਵਾਰ ਦੇ ਘਰ ਵਿਜੇਵਾੜਾ ਪਹੁੰਚੇ ਤਾਂ ਦੂਜੇ ਦਿਨ ਹੀ ਮੈਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੋ ਗਿਆ ।ਅਸੀਂ ਨਾਸ਼ਤਾ ਕਰ ਰਹੇ ਸਾਂ ਜਿਸ ਵਿੱਚ ਇਡਲੀ, ਵੜਾ, ਡੋਸਾ ਪਰੋਸਿਆ ਗਿਆ ਸੀ। ਜਦੋਂ ਮੈਂ ਵੇਖਿਆ ਕਿ ਸੁਰਿੰਦਰ ਖਾਣ ਲੱਗਿਆਂ ਸਭ ਕੁਝ ਚਟਮ ਕਰੀ ਜਾ ਰਿਹਾ ਸੀ ਤਾਂ ਮੈਂ ਕਹਿਣੋਂ ਨਾ ਰਹਿ ਸਕੀ 'ਤੂੰ ਕਿੰਨਾ ਖਾ ਸਕਦਾ ਹੈਂ?'

ਮੇਰੇ ਬੋਲ ਹਵਾ ਵਿੱਚ ਲਟਕ ਰਹੇ ਸਨ। ਡਾਈਨਿੰਗ ਟੇਬਲ ਉਪਰ ਬੈਠੇ ਸਭ ਹੈਰਾਨ ਹੋ ਰਹੇ ਸਨ ਕਿ ਨਵੀਂ ਆਈ ਵਹੁਟੀ ਨੇ ਕੀ ਗੁਸਤਾਖ਼ੀ ਕੀਤੀ ਹੈ। ਸੁਰਿੰਦਰ ਵੀ ਮੇਰੀ ਟਿੱਪਣੀ ਸੁਣ ਕੇ ਬੁੜਕ ਪਿਆ। ਸ਼ਾਇਦ ਉਹ ਦੱਸਣਾ ਚਾਹੁੰਦਾ ਸੀ ਕਿ ਘਰ ਵਿੱਚ ਉਸ ਦੀ ਚੱਲਦੀ ਹੈ ਅਤੇ ਉਹ ਪਤਨੀ ਦਾ ਗ਼ੁਲਾਮ ਨਹੀਂ। ਮੈਨੂੰ ਵੀ ਗ਼ੁੱਸਾ ਆਇਆ ਪਰ ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ। 22 ਸਾਲ ਦੇ ਨੌਜਵਾਨ ਸੁਰਿੰਦਰ ਦੀ ਪ੍ਰੀਵਾਰ ਸਾਹਮਣੇ ਹੱਤਕ ਹੋਈ ਸੀ ਜਿਸ ਕਰਕੇ ਉਸ ਦੀ ਹਉਮੈ ਨੂੰ ਸੱਟ ਲੱਗੀ ਸੀ। ਮੈਂ ਯਕੀਨ ਨਾ ਕਰ ਸਕੀ ਜੋ ਇਨਸਾਨ ਕਮਰੇ ਦੀ ਚਾਰ ਦਿਵਾਰੀ ਵਿੱਚ ਏਨਾ ਨਰਮ ਸੁਭਾਅ ਹੈ, ਉਹ ਬਾਹਰ ਇਸ ਤਰ੍ਹਾਂ ਵਿਰੋਧ ਕਿਵੇਂ ਕਰ ਸਕਦਾ ਹੈ?

ਅਸੀਂ ਜਲਦੀ ਹੀ ਆਪਸੀ ਸਮਝੌਤਾ ਕਰ ਲਿਆ ਜੋ ਉਦੋਂ ਤੋਂ ਲੈ ਕੇ ਹੁਣ ਤੱਕ

ਠੀਕ ਨਿਭਿਆ ਹੈ। ਉਸ ਤੋਂ ਬਾਅਦ ਸੁਰਿੰਦਰ ਨੇ ਕਦੀ ਵੀ ਉੱਚੀ ਆਵਾਜ਼ ਵਿੱਚ ਨਹੀਂ ਬੋਲਿਆ, ਡਾਂਟਣਾ ਤਾਂ ਦੂਰ ਦੀ ਗੱਲ ਹੈ। ਅਸੀਂ ਇਕ ਦੂਜੇ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਅਤੇ ਕਦਮ ਕਦਮ ਚੱਲਦਿਆਂ ਆਪਣੀ ਸਾਂਝੀ ਮੰਜ਼ਿਲ ਵੱਲ ਵਧਣਾ ਸ਼ੁਰੂ ਕੀਤਾ। ਉਹ ਨਰਮ ਸੁਭਾਅ ਦਾ ਹੈ, ਆਪਣੇ ਕੰਮ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ, ਸੋਲ੍ਹਾਂ ਘੰਟੇ ਕੰਮ ਕਰ ਕੇ ਵੀ ਉਹ ਅੱਕਦਾ ਥੱਕਦਾ ਨਹੀਂ।

ਜਵਾਨੀ ਦੇ ਦਿਨਾਂ ਵਿੱਚ ਅਸੀਂ ਮੌਜ ਮਸਤੀ ਪਸੰਦ ਕਰਦੇ ਸਾਂ। ਇਕ ਵਾਰ ਹੈਦਰਾਬਾਦ ਸੇਲਿੰਗ ਕਲੱਬ ਵਿੱਚ ਨਾਚ ਕਰਦਿਆਂ ਉਹ ਮੈਨੂੰ ਕਹਿਣ ਲੱਗਾ : 'ਇਹ ਸਾਰੇ ਜੋੜੇ ਜੋ ਨਾਚ ਕਰ ਰਹੇ ਹਨ, ਮੈਂ ਇਨ੍ਹਾਂ ਦੇ ਮਾਪਿਆਂ ਨੂੰ ਜਾਣਦਾ ਹਾਂ।' ਮੈਨੂੰ ਉਸ ਦੀ ਇਹ ਟਿੱਪਣੀ ਬੜੀ ਅਜੀਬ ਲੱਗੀ। ਹੁਣ ਮੈਨੂੰ ਸਮਝ ਆ ਗਈ ਹੈ ਕਿ ਉਹ ਬਜ਼ੁਰਗਾਂ ਲਈ ਹਮਦਰਦੀ ਰੱਖਦਾ ਹੈ। ਉਸ ਦੀ ਦੂਜੀ ਖ਼ੂਬੀ ਅੰਤਰਮੁਖੀ ਰਹਿਣ ਦੀ ਹੈ ਅਤੇ ਵਿਖਾਵੇ ਤੋਂ ਬਚਦਾ ਹੈ । ਵਿਜੇਵਾੜਾ ਅਤੇ ਹੈਦਰਾਬਾਦ ਰਹਿੰਦਿਆਂ ਉਹ ਕਦੇ ਵੀ ਪਬਲਿਕ ਵਿੱਚ ਮੇਰਾ ਹੱਥ ਫੜ ਕੇ ਨਹੀਂ ਚੱਲਦਾ ਸੀ, ਸ਼ਾਇਦ ਇਹ ਉਥੋਂ ਦੀ ਕਲਚਰ ਹੋਵੇ। ਉਸ ਸਮੇਂ ਮੈਨੂੰ ਉਸ ਦਾ ਵਤੀਰਾ ਚੰਗਾ ਨਹੀਂ ਲੱਗਦਾ ਸੀ ਪਰੰਤੂ ਹੁਣ ਸਮਝ ਆ ਗਈ ਹੈ ਕਿ ਸਾਡਾ ਪਿਆਰ ਇਸ ਵਿਖਾਵੇ ਤੋਂ ਵਧੇਰੇ ਡੂੰਘਾ ਅਤੇ ਗੰਭੀਰ ਹੈ। ਹੁਣ ਜ਼ਮਾਨਾ ਬਦਲ ਗਿਆ ਹੈ ਅਤੇ ਉਸ ਨੂੰ ਮੇਰਾ ਪਬਲਿਕ ਵਿੱਚ ਹੱਥ ਫੜਨਾ ਬੁਰਾ ਨਹੀਂ ਲੱਗਦਾ।

ਸਾਡੀ ਬਹਿਸ ਵੀ ਹੁੰਦੀ ਰਹਿੰਦੀ ਹੈ ਪਰੰਤੂ ਮੈਂ ਮੰਨਦੀ ਹਾਂ ਕਿ ਉਹ ਸਮਝੌਤਾ ਕਰਨ ਵਿੱਚ ਪਹਿਲ ਕਰਦਾ ਹੈ। ਜਿਵੇਂ ਮੈਂ ਪਹਿਲਾਂ ਦੱਸ ਚੁੱਕੀ ਹਾਂ ਕਿ ਉਹ ਬਹੁਤ ਨਰਮ ਸੁਭਾਅ ਦਾ ਰਹਿਮਦਿਲ ਬੰਦਾ ਹੈ, ਜੋ ਮੱਖੀ ਵੀ ਨਹੀਂ ਮਾਰ ਸਕਦਾ। ਸ਼ੁਰੂ ਦੇ ਦਿਨਾਂ ਵਿੱਚ ਮੈਨੂੰ ਡਰ ਸੀ ਕਿ ਉਹ ਹੱਦ ਦਰਜੇ ਦਾ ਭਲਾਮਾਣਸ ਹੈ ਜੋ ਹਰ ਇਕ ਉਪਰ ਵਿਸ਼ਵਾਸ ਕਰ ਲੈਂਦਾ ਹੈ ਅਤੇ ਲੋਕ ਉਸ ਨਾਲ ਦਗ਼ਾ ਕਰ ਸਕਦੇ ਹਨ। ਹੁਣ ਮੈਨੂੰ ਪਤਾ ਹੈ ਕਿ ਉਸ ਪਾਸ ਛੇਵੀਂ ਸਮਝ ਹੈ ਅਤੇ ਕਾਰੋਬਾਰੀ ਪਕੜ, ਜਿਸ ਕਰਕੇ ਉਹ ਕਿਸੇ ਖ਼ਤਰੇ ਨੂੰ ਪਹਿਲਾਂ ਭਾਂਪ ਲੈਂਦਾ ਹੈ ਅਤੇ ਹੁਸ਼ਿਆਰ ਹੋ ਜਾਂਦਾ ਹੈ। ਜੇਕਰ ਕਿਹਾ ਜਾਵੇ ਕਿ ਸੁਰਿੰਦਰ ਦੇ ਕਰੈਕਟਰ ਨੂੰ ਇਕ ਕੈਪਸਿਊਲ (Capsule) ਵਿੱਚ ਬੰਦ ਕਰ ਕੇ ਪੇਸ਼ ਕਰਾਂ ਤਾਂ ਮੈਂ ਕਹਾਂਗੀ, 'ਉਹ ਪਿਆਰ ਕਰਨ ਵਾਲਾ, ਇਮਾਨਦਾਰ, ਸਾਧਾਰਣ ਅਤੇ ਬਗ਼ੈਰ ਕਿਸੇ ਵਲ-ਛਲ ਵਾਲਾ ਬੰਦਾ ਹੈ।' ਮੈਂ ਉਸ ਨੂੰ ਪੂਰਣ ਰੂਪ ਵਿੱਚ ਸਮਰਪਿਤ ਹੋ ਕੇ ਪਿਆਰ ਕਰਦੀ ਹਾਂ। ਮੈਂ ਉਸ ਵਾਂਗ ਦੋਸਤ, ਕੱਪੜੇ ਅਤੇ ਖਾਣ-ਪੀਣ ਦੀਆਂ ਆਦਤਾਂ ਨਹੀਂ ਬਦਲ ਸਕਦੀ। ਸਾਡੇ ਪ੍ਰੀਵਾਰ ਵਿੱਚ ਸਭ ਨੂੰ ਉਸ ਦਾ ਮਨਭਾਉਂਦਾ ਖਾਣਾ 'ਇਡਲੀ-ਡੋਸਾ-ਵੜਾ' ਪਸੰਦ ਆ ਰਿਹਾ ਹੈ ਜੋ ਹਰ ਸ਼ੁਕਰਵਾਰ ਨੂੰ ਬਰੰਚ ਵਿੱਚ ਸ਼ਾਮਲ ਹੁੰਦਾ ਹੈ।

ਸਾਲਾਂ ਦੇ ਸਾਥ ਉਪਰੰਤ ਅਸੀਂ ਹਰ ਮਸਲੇ ਬਾਰੇ ਵਿਚਾਰ ਕਰਦੇ ਹਾਂ। ਅਸੀਂ ਪਹਿਲੇ ਦਿਨ ਤੋਂ ਹੀ ਪਾਰਦਰਸ਼ੀ ਹਾਂ ਅਤੇ ਇਕ ਦੂਜੇ ਤੋਂ ਕੋਈ ਰਾਜ਼ ਛੁਪਾ ਕੇ ਨਹੀਂ ਰੱਖਦੇ। ਕੋਈ ਵਿਸ਼ਾ ਜਾਂ ਮਸਲਾ ਸ਼ੱਕ ਦੇ ਘੇਰੇ ਵਿੱਚ ਨਹੀਂ ਰੱਖਿਆ ਜਾਂਦਾ। ਕਾਮਯਾਬ ਸ਼ਾਦੀ ਲਈ ਵਿਸ਼ਵਾਸ ਦਾ ਹੋਣਾ ਜ਼ਰੂਰੀ ਹੈ। ਭਾਵੇਂ ਅਸੀਂ ਰਜ਼ਾਮੰਦ ਨਾ ਹੋਈਏ ਪਰ ਇਕ ਦੂਜੇ ਦੀ ਰਾਏ ਦਾ ਸਨਮਾਨ ਕਰਦੇ ਹਾਂ। ਪਰੌੜ ਅਵਸਥਾ ਵਿੱਚ ਪਹੁੰਚ ਕੇ ਤਜਰਬੇ ਤੋਂ ਬਹੁਤ ਕੁਝ ਸਿਖਿਆ ਹੈ 'ਜੋਸ਼ ਦੀ ਜਗ੍ਹਾ ਠਰ੍ਹੰਮੇ ਨੇ ਲੈ ਲਈ ਹੈ।'

ਗੁਰਦਵਾਰੇ ਦੇ ਬਣਨ ਨਾਲ ਸਾਡੀ ਸਾਰੀ ਜ਼ਿੰਦਗੀ ਹੀ ਬਦਲ ਗਈ ਹੈ। ਅਸੀਂ ਵਧੇਰੇ ਚੌਕਸ ਅਤੇ ਅੰਤਰਮੁਖੀ ਹੋ ਗਏ ਹਾਂ ਅਤੇ ਜੀਵਨ ਦੀ ਅਸਲੀਅਤ ਨੂੰ ਸਮਝਣ ਦਾ ਯਤਨ ਕਰ ਰਹੇ ਹਾਂ। ਸਾਡੀ ਰੁਚੀ ਸੇਵਾ ਦੇ ਕੰਮਾਂ ਵੱਲ ਵੱਧ ਰਹੀ ਹੈ ਤਾਂ ਕਿ ਦੂਸਰਿਆਂ ਦੇ ਜੀਵਨ ਵਿੱਚ ਆਸ ਦੀ ਕਿਰਨ ਪੈਦਾ ਕਰੀਏ। ਲੋਕਾਂ ਦੀ ਸੇਵਾ ਲਈ ਨਿਰਛਲ ਹੋ ਕੇ ਕੰਮ ਕਰਨਾ ਪੈਂਦਾ ਹੈ ਅਤੇ ਇਹ ਨਿਸ਼ਕਾਮ ਹੋਣੀ ਚਾਹੀਦੀ ਹੈ।

ਸੁਰਿੰਦਰ ਆਪਣੇ ਬਿਜ਼ਨੈਸ ਦੇ ਕੰਮਾਂ ਵਿੱਚ ਰੁਝਿਆ ਹੋਣ ਕਰਕੇ ਗੁਰਦਵਾਰੇ ਲਈ ਥੋੜ੍ਹਾ ਬਹੁਤ ਸਮਾਂ ਜ਼ਰੂਰ ਕੱਢਦਾ ਹੈ। ਇਸ ਦਾ ਪ੍ਰਬੰਧ ਮੇਰੀ ਦੇਖ-ਰੇਖ ਵਿੱਚ ਚੱਲ ਰਿਹਾ ਹੈ। ਉਹ ਕੰਮ ਤੋਂ ਥੱਕਿਆ ਹੋਇਆ ਮੁੜਦਾ ਹੈ ਅਤੇ ਬਿਸਤਰੇ 'ਤੇ ਲੇਟਣ ਸਾਰ ਸੌਂ ਜਾਂਦਾ ਹੈ। ਉਸ ਦਾ ਮੰਤਰ ਹੈ 'ਜਲਦੀ ਸੌਂ ਜਾਵੋ ਅਤੇ ਜਲਦੀ ਉਠੋ'। ਮੇਰੇ ਉਪਰ ਇਹ ਮੰਤਰ ਲਾਗੂ ਨਹੀਂ ਹੁੰਦਾ, ਮੈਂ ਦੇਰ ਰਾਤ ਸੌਂਦੀ ਹਾਂ ਅਤੇ ਦੇਰ ਨਾਲ ਉਠਦੀ ਹਾਂ। ਇਸ ਮਸਲੇ ਬਾਰੇ ਸਾਡਾ ਕੋਈ ਮੱਤਭੇਦ ਨਹੀਂ ਬਲਕਿ ਇਕ ਸਮਝੌਤਾ ਚੱਲਦਾ ਆ ਰਿਹਾ ਹੈ। ਭਲਾ ਹੋਵੇ ਆਈਪੈਡ ਅਤੇ ਨੈਟਫ਼ਲਿਕਸ ਦਾ ਜੋ ਮੇਰੇ ਮਨੋਰੰਜਨ ਦਾ ਸਾਧਨ ਹਨ।

ਬਿਜ਼ਨੈਸ ਵਿੱਚ ਰੁਝਿਆ ਹੋਣ ਕਰਕੇ ਸੁਰਿੰਦਰ ਨੂੰ ਸਫ਼ਰ ਵਿੱਚ ਰਹਿਣਾ ਪੈਂਦਾ ਹੈ ਅਤੇ ਉਹ ਘੁੰਮਣ-ਫਿਰਨ ਦਾ ਸ਼ੌਂਕ ਵੀ ਰੱਖਦਾ ਹੈ। ਉਸ ਦਾ ਕਹਿਣਾ ਹੈ, 'ਮੇਰੇ ਪੈਰਾਂ ਥੱਲੇ ਟਾਇਰ ਲੱਗੇ ਹੋਏ ਹਨ।' ਮੇਰੇ ਲਈ ਇਕ ਤਸੱਲੀ ਬਣੀ ਰਹਿੰਦੀ ਹੈ, ਉਹ ਦੁਨੀਆਂ ਵਿੱਚ ਕਿਧਰੇ ਵੀ ਹੋਵੇ, ਮੈਨੂੰ ਦੋ ਵਾਰੀ ਟੈਲੀਫ਼ੋਨ ਕਰਦਾ ਹੈ। ਇਕ ਵਾਰ ਸਵੇਰੇ ਉਠਣ ਸਾਰ ਅਤੇ ਦੂਜੀ ਵਾਰ ਰਾਤ ਨੂੰ ਸੌਣ ਵੇਲੇ। ਸ਼ਾਦੀ ਤੋਂ ਬਾਅਦ ਇਹ ਸਿਲਸਿਲਾ ਨਿਰੰਤਰ ਚੱਲਦਾ ਆ ਰਿਹਾ ਹੈ। ਸਾਡਾ ਪਿਆਰ ਕਿਸੇ ਟਾਈਮ-ਜ਼ੋਨ ਅਤੇ ਸਰਹੱਦ ਦਾ ਮੁਥਾਜ ਨਹੀਂ ਹੈ।

ਉਸ ਦੀ ਇਹ ਸਿਫ਼ਤ ਹੈ ਕਿ ਉਹ ਆਪਣੀ ਆਲੋਚਨਾ ਵੀ ਸੁਣ ਸਕਦਾ ਹੈ, ਜੇਕਰ ਇਸ ਦਾ ਮਕਸਦ ਉਸ ਨੂੰ ਸੁਧਾਰਣ ਦਾ ਹੋਵੇ। ਉਹ ਅਕਸਰ ਕਹਿੰਦਾ ਰਹਿੰਦਾ ਹੈ ਕਿ ਮੈਂ ਉਸ ਦੀ ਸਭ ਤੋਂ ਚੰਗੀ ਅਤੇ ਮਾੜੀ ਆਲੋਚਕ ਹਾਂ। ਮੈਂ ਜਿਹੜਾ ਕੰਮ ਕਰਨਾ ਚਾਹਾਂ, ਉਹ ਮੈਨੂੰ ਕਦੇ ਰੋਕਦਾ ਨਹੀਂ ਸਗੋਂ ਹੌਂਸਲਾ-ਅਫ਼ਜ਼ਾਈ ਕਰਦਾ ਹੈ। ਜੇਕਰ ਮੈਂ ਅੱਧੀ ਰਾਤ ਨੂੰ ਕੋਈ ਕਵਿਤਾ ਲਿਖਾਂ (ਜੋ ਮੇਰੀ ਆਦਤ ਬਣ ਚੁੱਕੀ ਹੈ) ਤਾਂ ਉਸ ਨੂੰ ਸੁੱਤੇ

ਪਏ ਨੂੰ ਹਲੂਣ ਕੇ ਜਗਾ ਦਿੰਦੀ ਹਾਂ ਅਤੇ ਚਾਹੁੰਦੀ ਹਾਂ ਕਿ ਉਹ ਮੇਰੀ ਕਵਿਤਾ ਨੂੰ ਸੁਣੇ। ਉਹ ਕਦੇ ਮੈਨੂੰ ਬੁਰਾ ਭਲਾ ਨਹੀਂ ਕਹਿੰਦਾ, ਕਵਿਤਾ ਸੁਣਦਾ ਹੈ ਅਤੇ ਆਖ਼ਰੀ ਪ੍ਰਸੰਸਾ ਵੀ ਪੇਸ਼ ਕਰਦਾ ਹੈ।

ਸੁਰਿੰਦਰ ਦੀ ਏਨੀ ਸਿਫ਼ਤ ਤੋਂ ਬਾਅਦ ਕੁਝ ਆਲੋਚਨਾ ਕਰਨੀ ਵੀ ਬਣਦੀ ਹੈ। ਉਹ ਜਿਉਂ ਜਿਉਂ ਵੱਡੀ ਉਮਰ ਦਾ ਹੋ ਰਿਹਾ ਹੈ ਤਿਉਂ ਤਿਉਂ ਗ਼ੁੱਸੇ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਖਿੱਝ ਜਾਂਦਾ ਹੈ। ਮੇਰਾ ਅੰਦਾਜ਼ਾ ਹੈ ਕਿ ਇਹ ਕੁਦਰਤੀ ਅਮਲ ਹੈ ਜੋ ਉਮਰ ਦੇ ਤਕਾਜ਼ੇ ਨਾਲ ਲਾਜ਼ਮੀ ਹੈ। ਮੇਰੀ ਉਸ ਦੇ ਚਿੜਚਿੜੇਪਨ ਦੀ ਸ਼ਿਕਾਇਤ ਜ਼ਾਹਰ ਕਰਦੀ ਹੈ ਕਿ ਉਹ ਬੁਢਾਪੇ ਵੱਲ ਕਦਮ ਵਧਾ ਰਿਹਾ ਹੈ।

ਪਿਤਾ ਦੇ ਰੂਪ ਵਿੱਚ ਉਹ ਆਪਣੇ ਪੁੱਤਰਾਂ ਤੋਂ ਬਲਿਹਾਰ ਜਾਂਦਾ ਹੈ । ਬਾਕੀ ਮਾਪਿਆਂ ਵਾਂਗ ਉਹ ਆਪਣੇ ਪੁੱਤਰਾਂ ਵਿੱਚ ਡਸਿਪਲਿਨ ਦੀ ਭਾਵਨਾ ਪ੍ਰਬਲ ਕਰਨੀ ਚਾਹੁੰਦਾ ਹੈ। ਇਸ ਕਰਕੇ ਹੀ ਉਸ ਨੇ ਬੱਚਿਆਂ ਨੂੰ ਯੂ.ਕੇ. ਦੇ ਸਭ ਤੋਂ ਚੰਗੇ ਬੋਰਡਿੰਗ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨ ਭੇਜਿਆ ਹੈ, ਜਿਵੇਂ ਕਿ ਰੱਗਬੀ ਸਕੂਲ, ਆਕਸਫ਼ੋਰਡ ਯੂਨੀਵਰਸਿਟੀ, ਲੰਡਨ ਸਕੂਲ ਆਫ਼ ਇਕਨਾਮਿਕਸ (LSE) ਅਤੇ ਮਾਨਚੈਸਟਰ ਯੂਨੀਵਰਸਿਟੀ। ਉਹ ਆਪਣੇ ਪੋਤਰਿਆਂ ਨੂੰ ਵੀ ਬਹੁਤ ਪਿਆਰ ਕਰਦਾ ਹੈ । ਜਦੋਂ ਉਹ ਉਨ੍ਹਾਂ ਨੂੰ ਕਿਸੇ ਗੱਲ ਤੋਂ ਟੋਕਦਾ ਹੈ ਤਾਂ ਸਾਨੂੰ ਯਾਦ ਕਰਵਾਉਣਾ ਪੈਂਦਾ ਹੈ ਕਿ ਇਹ ਬੱਚਿਆਂ ਦੀ ਸ਼ਰਾਰਤ ਕਰਨ ਦੀ ਉਮਰ ਹੈ।

ਸੁਰਿੰਦਰ ਦੀ ਇਕ ਕਮਜ਼ੋਰੀ ਹੈ ਕਿ ਉਹ ਟਕਰਾਉ ਦੀ ਸਥਿਤੀ ਤੋਂ ਘਬਰਾਉਂਦਾ ਹੈ। ਉਹ ਇਸ ਹਾਲਤ ਵਿੱਚ ਪਿੱਛੇ ਮੁੜ ਪੈਂਦਾ ਹੈ ਜਾਂ ਚੁੱਪ ਰਹਿੰਦਾ ਹੈ। ਕਈ ਵਾਰ ਲੋਕ ਇਸ ਦਾ ਫ਼ਾਇਦਾ ਉਠਾ ਜਾਂਦੇ ਹਨ। ਉਹ ਪੰਗਾ ਲੈਣ ਲਈ ਤਿਆਰ ਨਹੀਂ ਹੁੰਦਾ। ਉਹ ਸਿੱਧੇ ਰਾਹ ਚੱਲਣ ਦਾ ਆਦੀ ਹੈ ਅਤੇ ਤੁਰਦਾ ਰਹਿੰਦਾ ਹੈ, ਭਾਵੇਂ ਕੁੱਤੇ ਭੌਂਕਦੇ ਰਹਿਣ। ਲੋਕ ਉਸ ਦੀ ਕਮਜ਼ੋਰੀ ਸਮਝ ਕੇ ਈਰਖਾ ਕਰਦੇ ਹਨ ਪਰੰਤੂ ਮੈਂ ਉਸ ਦੀ ਤਾਕਤ ਸਮਝਦੀ ਹਾਂ। ਉਸ ਦਾ ਸਬਰ ਬਰਕਰਾਰ ਰਹਿੰਦਾ ਹੈ ਅਤੇ ਉਹ ਵਿਰੋਧੀਆਂ ਨੂੰ ਮਾਤ ਪਾਉਣ ਵਿੱਚ ਸਫਲ ਹੋ ਜਾਂਦਾ ਹੈ।

ਸੁਰਿੰਦਰ ਆਪਣੀ ਕੰਪਨੀ ਦੇ ਸਟਾਫ਼ ਲਈ ਹਰਮਨ ਪਿਆਰਾ 'ਬਾਸ' ਹੈ। ਉਹ ਸਾਰਿਆਂ ਨੂੰ ਆਪਣੇ ਪ੍ਰੀਵਾਰ ਦਾ ਹਿੱਸਾ ਸਮਝ ਕੇ ਮਿਹਰਬਾਨੀ ਨਾਲ ਪੇਸ਼ ਆਉਂਦਾ ਹੈ। ਬਿਜ਼ਨੈਸ ਵਿੱਚ ਵੀ ਉਹ ਮੁਕਾਬਲੇ ਦੀ ਰੀਸ ਨਹੀਂ ਕਰਦਾ। ਉਸ ਦਾ ਵਿਸ਼ਵਾਸ ਹੈ ਕਿਸਮਤ ਵਿੱਚ ਲਿਖਿਆ ਪ੍ਰਮਾਤਮਾ ਸਭ ਨੂੰ ਦੇ ਦਿੰਦਾ ਹੈ। ਆਮ ਤੌਰ 'ਤੇ ਉਹ ਬਿਜ਼ਨੈਸ ਦੀਆਂ ਫ਼ਾਇਲਾਂ ਘਰ ਲੈ ਕੇ ਨਹੀਂ ਆਉਂਦਾ ਪਰੰਤੂ ਜੇਕਰ ਕਿਸੇ ਮਸਲੇ ਉਪਰ ਮੇਰੀ ਰਾਏ ਦੀ ਲੋੜ ਮਹਿਸੂਸ ਕਰੇ ਤਾਂ ਅਸੀਂ ਰਲ ਕੇ ਵਿਚਾਰ-ਵਟਾਂਦਰਾ ਕਰ ਲੈਂਦੇ ਹਾਂ। ਅਜੇਹੇ ਮੌਕੇ ਮੈਂ ਆਪਣੀ ਰਾਏ ਉਸ ਉਪਰ ਥੋਪਦੀ ਨਹੀਂ ਅਤੇ ਫ਼ੈਸਲਾ ਉਸ ਉਪਰ ਹੀ ਛੱਡ ਦਿੰਦੀ ਹਾਂ।

ਸਾਡੀ ਜੀਵਨ ਯਾਤਰਾ ਵਿੱਚ ਗੁਰਦਵਾਰੇ ਦਾ ਬਣਨਾ ਇਸ ਤਰ੍ਹਾਂ ਹੈ ਜਿਵੇਂ ਕੇਕ ਉਪਰ ਆਈਸਿੰਗ (Icing on the Cake)। ਅਸੀਂ ਮਿਲ ਕੇ ਇਕ ਟੀਮ ਵਾਂਗ ਕੰਮ ਕੀਤਾ ਹੈ ਤਾਂ ਕਿ ਇਹ ਦੁਨੀਆਂ ਦਾ ਅਨੋਖਾ ਗੁਰਦਵਾਰਾ ਬਣ ਜਾਵੇ ਜਿਸ ਦੀ ਸੁੰਦਰਤਾ ਅਤੇ ਵਿਲੱਖਣਤਾ ਕਿਸੇ ਚਰਚਾ ਦੀ ਮੁਥਾਜ ਨਾ ਹੋਵੇ। ਇਹ ਸਹਿਜ ਸੁਭਾ ਇਸ ਦੇ ਆਰਕੀਟੈਕਚਰ ਤੋਂ ਲੱਭ ਪੈਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਗੁਰਦਵਾਰੇ ਵਿੱਚ ਹਰ ਬੰਦਾ ਬਗ਼ੈਰ ਕਿਸੇ ਵਿਤਕਰੇ ਦੇ ਸੁੱਖ, ਸ਼ਾਂਤੀ ਅਤੇ ਸਕੂਨ ਦਾ ਅਨੰਦ ਮਾਣ ਸਕੇ।

ਅਖ਼ੀਰ 'ਤੇ ਸਾਡੀਆਂ ਕਮੀਆਂ ਪੇਸ਼ੀਆਂ ਦੇ ਬਾਵਜੂਦ ਅਸੀਂ ਦੋਵੇਂ ਇਕ ਦੂਜੇ ਲਈ ਬਣੇ ਹਾਂ, ਸਾਡੀ ਮੰਜ਼ਿਲ ਸਾਂਝੀ ਹੈ ਅਤੇ ਆਦਰਸ਼ ਵੀ ਸਾਂਝਾ ਹੈ। ਅਸੀਂ ਭਾਵੇਂ ਬਹਿਸ ਕਰਦੇ ਹਾਂ ਅਤੇ ਲੜਦੇ ਝਗੜਦੇ ਵੀ ਹਾਂ ਪਰੰਤੂ ਅਸੀਂ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਹਾਂ ਅਤੇ ਜਿੰਨਾ ਚਿਰ ਜੀਵਨ ਸਾਥ ਹੈ ਇਹ ਪਿਆਰ ਦੀ ਭਾਵਨਾ ਬਰਕਰਾਰ ਰਹੇਗੀ। ਇਹੋ ਸ਼ਾਦੀ ਦੀ ਕਾਮਯਾਬੀ ਦਾ ਰਾਜ਼ ਹੈ। ਮੈਂ ਇਕ ਮਈ ਦੇ ਦਿਨ, ਰਿਟਜ਼ ਹੋਟਲ ਅਤੇ ਸ਼ਾਦੀ ਦੇ ਸਮੇਂ ਪਈ ਮੋਹਲੇਧਾਰ ਬਾਰਿਸ਼ ਦਾ ਧੰਨਵਾਦ ਕਰਦੀ ਹਾਂ। ਬਾਰਿਸ਼ ਨੇ ਸਾਡੇ ਜੀਵਨ ਲਈ ਇਕ ਸਬਕ ਵੀ ਦਿੱਤਾ। ਜੇਕਰ ਤੁਸੀਂ ਇਕ ਦੂਜੇ ਲਈ ਢਾਲ ਬਣ ਕੇ ਜੀਉਂਦੇ ਹੋ ਤਾਂ ਕੋਈ ਦੁੱਖ ਤਕਲੀਫ਼ ਤਹਾਨੂੰ ਜੀਵਨ ਵਿੱਚ ਝੰਜੋੜ ਨਹੀਂ ਸਕਦੀ।

ਇਹ ਕਵਿਤਾ ਸੁਰਿੰਦਰ ਦੇ ਜਨਮ ਦਿਨ ਉਪਰ ਭੇਟਾ ਕੀਤੀ ਗਈ:

1. ਹੁਣ ਮੈਂ ਕੀ ਆਖਾਂ, ਮੈਂ ਕਿੰਜ ਆਖਾਂ,
   ਮੈਂ ਕੀ ਕਰਾਂ, ਕਿੰਜ ਬਿਆਨ ਕਰਾਂ,
   ਮੈਂ ਕਿੰਨਾ ਤੈਨੂੰ ਪਿਆਰ ਕਰਾਂ।
2. ਤੂੰ ਜ਼ਿੰਦਗੀ ਦਾ ਹਮਸਾਇਆ,
   ਤੂੰ ਹੀ ਦਿਨ ਦਾ ਸੂਰਜ, ਰਾਤਾਂ ਦਾ ਚੰਨ ਰੁਸ਼ਨਾਇਆ।
   ਭਲਾ ਕਿਵੇਂ ਇਹ ਹੋ ਸਕਦਾ ਹੈ, ਬਿਨ ਮੂਰਤ ਦੇ ਹੋਵੇ ਕੋਈ ਸਾਇਆ।
3. ਜ਼ਿੰਦਗੀ ਦੀਆਂ ਔਖੀਆਂ ਸੌਖੀਆਂ ਰਾਹਾਂ ਵਿੱਚ,
   ਬਣ ਪਰਬਤ ਨਾਲ ਤੂੰ ਖੜਿਆ।
   ਚਿੱਤ ਕਰਦਾ ਤੈਨੂੰ ਸਭ ਕੁਝ ਦੇਵਾਂ,
   ਤੂੰ ਮੇਰੀ ਜਿੰਦ ਜਾਨ ਹੈ ਅੜਿਆ।
   ਤੇਰੇ ਹਰ ਇਕ ਬੋਲ ਦੇ ਉਤੋਂ,
   ਮੈਂ ਆਪਣਾ ਜੀਵਨ ਅਰਪਣ ਕਰਿਆ।
4. ਮੇਰੀ ਜ਼ਿੰਦਗੀ ਵਿੱਚ ਖ਼ਾਸ ਜਗ੍ਹਾ ਜੋ ਤੇਰੀ,
   ਕਰੇ ਬਿਆਨ ਐਸਾ ਲਫ਼ਜ਼ ਨਾ ਕੋਈ ਬਣਿਆ।

ਮੇਰੇ ਨਾਲੋਂ ਮੈਨੂੰ ਬਿਹਤਰ ਸਮਝੇਂ, ਤੂੰ ਮੇਰਾ ਜੀਵਨ ਸਾਥੀ ਹੈਂ ਅੜਿਆ।
ਜੌਹਰੀ ਵਾਂਗ ਤਰਾਸ਼ ਸੰਵਾਰ ਕੇ, ਤੂੰ ਮੈਨੂੰ ਪੱਥਰ ਤੋਂ ਹੀਰਾ ਕਰਿਆ।

5. ਜਦੋਂ ਤੇਰੇ ਵਿੱਚੋਂ ਲੱਭਿਆ ਤੈਨੂੰ, ਤਾਂ ਤੇਰਾ ਸੋਹਣਾ ਚਿਹਰਾ ਪੜ੍ਹਿਆ।
ਹੋਣਾ ਮਿਲਾਪ ਜਦ ਲਹਿਰ ਸਾਗਰ ਦਾ, ਕੋਈ ਐਸਾ ਸਮਾਂ ਜਦ ਬਣਿਆ।
ਅੱਖਾਂ ਬੰਦ ਹੋਣ ਤੋਂ ਪਹਿਲਾਂ, ਆਖ਼ਰੀ ਸਾਹ ਆਉਣ ਤੋਂ ਪਹਿਲਾਂ।
ਅਹਿਸਾਸ ਤੇਰੇ ਨੇ ਜਤਾਇਆ ਮੈਨੂੰ, ਤੂੰ ਮੇਰਾ ਜੀਵਨ ਸਾਥੀ ਸੀ ਅੜਿਆ।

6. ਸੋਚਾਂ ਵਿੱਚ ਡੂੰਘੀ ਗੱਲ ਹੈ ਕੋਈ, ਕੁਝ ਸਮਾਂ ਹੀ ਐਸਾ ਬਣਿਆ।
ਬੀਤ ਗਿਆ ਬਾਲਪਨ ਗਈ ਜਵਾਨੀ, ਜਰਾ ਆਣ ਬੂਹੇ 'ਤੇ ਖੜ੍ਹਿਆ।
ਬੱਸ ਇਕ ਰਾਖ ਦੀ ਮੁੱਠੀ ਖ਼ਾਤਰ, ਅਰਬਾਂ ਖਰਬਾਂ ਦਾ ਬਾਲਣ ਬਲਿਆ।

7. ਜ਼ਿੰਦਗੀ ਨੇ ਤਾਂ ਸਮਾਂ ਹੈ ਦਿੱਤਾ,
ਤੇਰੀ ਆਮਦ ਨਾਲ ਜੀਵਨ ਮੇਰਾ ਫੁੱਲ ਬਣ ਖਿੜਿਆ।
ਇੰਜ ਜਾਪੇ ਧਰਤੀ ਦੀ ਹਿੱਕ 'ਤੇ, ਇੰਦਰ ਧਨੁੱਸ਼ ਹੈ ਤਣਿਆ।

8. ਕੱਲਿਆਂ ਬਹਿ ਹਰ ਸੁਪਨਾ ਗੁੰਦਿਆ ਸੀ,
ਸੁਪਨਿਆਂ ਦਾ ਰਾਣੀਹਾਰ ਹੈ ਬਣਿਆ।
ਜਦ ਤੱਕਦੀ ਹਾਂ ਲੰਘੀ ਜ਼ਿੰਦਗੀ ਨੂੰ,
ਉਹਨਾਂ ਸੁਪਨਿਆਂ ਦਾ ਜਹਾਨ ਹੈ ਬਣਿਆ।

9. ਤੇਰੇ ਜਨਮ ਦੀਆਂ ਖ਼ੁਸ਼ੀਆਂ ਮਹਿਕ ਰਹੀਆਂ ਨੇ,
ਅੱਜ ਦਿਨ ਭਾਗਾਂ ਵਾਲਾ ਚੜ੍ਹਿਆ।
ਉਦੋਂ ਵੀ ਇਕੱਠੇ ਸੀ, ਅੱਜ ਵੀ ਇੱਕਠੇ ਹਾਂ,
ਜਿਵੇਂ ਸੰਝ ਸਵੇਰ ਦਾ ਸੰਗ ਵੇ ਅੜਿਆ।

10. ਹਰ ਦਮ ਰਹਿੰਦਾ ਚਾਅ ਇਹ ਦਿਲ ਨੂੰ
ਸੋਹਣੀ ਜਹੀ ਤਸਵੀਰ ਬਣਾਵਾਂ ਤੇਰੀ ਅੜਿਆ।
ਚੁੱਕਾਂ ਕਲਮ ਤੇ ਰੰਗ ਭਰ ਦੇਵਾਂ,
ਕੋਈ ਰੰਗ ਨਾ ਛੱਡਾਂ ਬਾਕੀ ਵੇ ਅੜਿਆ।

(ਕਵਿਤਾ ਦਾ ਪੰਜਾਬੀ ਅਨੁਵਾਦ : ਸੰਦੀਪ ਸਿੰਘ ਹੈੱਡ ਗ੍ਰੰਥੀ, ਗੁਰਦਵਾਰਾ ਦੁਬਈ)

— 0 —

ਅੰਤਿਕਾ (ੳ)

# ਪੁੱਤਰ ਜਸਜੀਵ ਦਾ ਆਪਣੇ ਪਾਪਾ ਬਾਰੇ ਉਲੇਖ

ਮੇਰੇ ਪਾਪਾ ਬਹੁਤ ਹੈਰਾਨਕੁੰਨ ਬੰਦਿਆਂ ਵਿੱਚ ਇਕ ਹਨ। ਜੇਕਰ ਉਹ ਕਿਸੇ ਯੂਨੀਫ਼ਾਰਮ (ਵਰਦੀ) ਵਿੱਚ ਹੋਣ ਤਾਂ ਇਹ ਸੂਪਰਮੈਨ (Superman) ਦੀ ਹੋਵੇਗੀ। ਉਸ ਦੀ ਕਮੀਜ਼ ਉਪਰ ਲਿਖਿਆ ਅੰਗਰੇਜ਼ੀ ਦਾ ਅੱਖਰ 'ਐਸ' ਉਸ ਦੇ ਨਾਮ ਸੁਰਿੰਦਰ ਤੋਂ ਇਲਾਵਾ ਹੋਰ ਕਈ ਲੱਛਣ ਵੀ ਪ੍ਰਗਟ ਕਰਦਾ ਹੈ ਜਿਵੇਂ ਸੂਪਰਮੈਨ, ਸੱਕਸੈਸਫੁਲ (ਕਾਮਯਾਬ), ਸੋਸ਼ਲ, ਸਪਿਰਚੂਅਲ, ਸੀਰੀਅਲ ਕਾਰੋਬਾਰੀ, ਸੈਲਫ਼ਲੈਸ (ਅਣ-ਸਵਾਰਥੀ), ਸੇਵੀ (Savvy) ਗੋਲਫ਼ਰ, ਅਤੇ ਸੂਪਰ-ਡੈਡ, ਜੋ ਉਸ ਲਈ ਸਭ ਤੋਂ ਵੱਧ ਢੁੱਕਵਾਂ ਹੈ। ਉਸ ਨੇ ਮੇਰੀ ਵਿਦਿਆ ਦਾ ਸਭ ਤੋਂ ਚੰਗਾ ਪ੍ਰਬੰਧ ਕੀਤਾ ਅਤੇ ਮੇਰੀਆਂ ਯੋਗਤਾਵਾਂ ਨੂੰ ਉਭਾਰਿਆ। ਗੋਲਫ਼ ਕੋਰਸ ਤੋਂ ਲੈ ਕੇ ਬਿਜ਼ਨੈਸ ਦੇ ਕੰਮਾਂ ਵਿੱਚ ਮੇਰੀ ਅਗਵਾਈ ਕੀਤੀ। ਮੈਂ ਰੱਬ ਤੋਂ ਇਸ ਤੋਂ ਵਧੀਆ ਪਾਪਾ ਨਹੀਂ ਮੰਗ ਸਕਦਾ ਸੀ ਜੇਕਰ ਮੈਨੂੰ ਚੋਣ ਕਰਨ ਦੀ ਖੁੱਲ੍ਹ ਵੀ ਹੁੰਦੀ।

ਇਕ ਅਦਭੁੱਤ ਵਾਕਿਆ ਜੋ ਮੇਰੀ ਯਾਦ ਦਾ ਹਿੱਸਾ ਬਣ ਗਿਆ ਹੈ, ਦੱਸਣ ਜਾ ਰਿਹਾ ਹਾਂ। ਜਦੋਂ ਮੈਂ ਲੰਡਨ ਵਿੱਚ ਕਾਰੋਬਾਰ ਕਰ ਰਿਹਾ ਸਾਂ, ਇਕ ਦਿਨ ਪਾਪਾ ਨੂੰ ਫ਼ੋਨ ਕਰ ਕੇ ਆਪਣੀ ਸਮੱਸਿਆ ਬਾਰੇ ਦੱਸਿਆ। ਮੈਂ ਕਿਹਾ ਕੈਸੀਨੋ ਵਿੱਚ ਜੂਆ ਖੇਡ ਕੇ ਮੈਂ ਕਾਫ਼ੀ ਸਾਰੀ ਰਕਮ ਹਾਰ ਗਿਆ ਹਾਂ। ਮੈਨੂੰ ਡਰ ਸੀ ਕਿ ਉਹ ਮੇਰੇ ਨਾਲ ਬਹੁਤ ਨਾਰਾਜ਼ ਹੋਣਗੇ। ਇਸ ਦੀ ਬਜਾਏ ਪਾਪਾ ਕਹਿਣ ਲੱਗਾ ਕਿ ਉਹ ਬਹੁਤ ਖ਼ੁਸ਼ ਹੈ ਕਿ ਤੂੰ ਹਾਰ ਗਿਆ ਹੈਂ। ਉਸ ਨੇ ਕਿਹਾ ਕਿ ਇਹ ਬਹੁਤ ਮਹਿੰਗਾ ਸਬਕ ਤੂੰ ਸਸਤੇ ਭਾਅ ਸਿੱਖ ਲਿਆ ਹੈ। ਉਸ ਨੇ ਮੈਨੂੰ ਸਮਝਾ ਦਿੱਤਾ ਕਿ ਜੂਆ ਖੇਡਣ ਤੋਂ ਤੌਬਾ ਕਰ ਲਵਾਂ ਤਾਂ ਚੰਗਾ ਹੋਵੇਗਾ ਕਿਉਂਕਿ ਇਸ ਵਿੱਚ ਹਾਰ ਹੋਣੀ ਲਾਜ਼ਮੀ ਹੈ। ਮੈਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਉਸ ਦੇ ਸੁਣੇ ਹੋਏ ਬੋਲਾਂ ਉਪਰ ਜਦੋਂ ਉਸ ਨੇ ਇਹ ਕਹਿ ਕੇ ਹੋਰ ਵੀ ਹੈਰਾਨ ਕਰ ਦਿੱਤਾ ਕਿ ਉਹ ਹਾਰੀ ਹੋਈ ਰਕਮ ਮੈਨੂੰ ਭੇਜ ਦੇਵੇਗਾ। ਵੇਖਿਆ ਜੇ ਕੈਸਾ ਕਮਾਲ ਦਾ ਹੈ ਮੇਰਾ ਡੈਡ?

? *ਜਦੋਂ ਸੁਰਿੰਦਰ ਬਾਰੇ ਸੋਚਦੇ ਹੋ ਤਾਂ ਉਸਦਾ ਕਿਹੜਾ ਲੱਛਣ ਤੁਹਾਡੇ ਦਿਲ ਨੂੰ ਛੂੰਹਦਾ ਹੈ?*

– ਇਕ ਸ਼ਬਦ ਰਾਹੀਂ ਬਿਆਨ ਕਰਨਾ ਹੋਵੇ ਤਾਂ ਇਹ ਗੁਣ ਉਸ ਦੀ 'ਨਿਮਰਤਾ' ਹੈ।

*ਹਾਸੇ ਵਾਲੀ ਘਟਨਾ:* ਅਸੀਂ ਚੀਨ ਵਿੱਚ ਡਿਨਰ ਕਰਨ ਲਈ ਰੈਸਤੋਰਾਂ ਵਿੱਚ

ਪਹੁੰਚ ਗਏ। ਸਾਡੇ ਮੇਜ਼ਬਾਨ ਨੇ ਪਾਪਾ ਲਈ ਮੀਟ ਮੰਗਾਇਆ ਅਤੇ ਦੱਸਿਆ ਕਿ ਇਹ ਮੀਟ ਉਸ ਦੇ ਫ਼ਾਰਮ ਤੋਂ ਮੰਗਵਾਇਆ ਗਿਆ ਹੈ। ਜਦੋਂ ਪਾਪਾ ਨੇ ਮੀਟ ਦੀ ਕਿਸਮ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਇਹ ਗਧੇ ਦਾ ਮੀਟ ਹੈ (ਉਸ ਨੇ ਫ਼ਾਰਮ 'ਤੇ ਗਧੇ ਪਾਲ ਰੱਖੇ ਸਨ)। ਪਾਪਾ ਨੇ ਬਗ਼ੈਰ ਕਿਸੇ ਹੀਲ-ਹੁੱਜਤ ਦੇ ਮੀਟ ਖਾ ਲਿਆ । ਉਹ ਨਹੀਂ ਚਾਹੁੰਦਾ ਸੀ ਕਿ ਸਾਡਾ ਮੇਜ਼ਬਾਨ ਕੋਈ ਹੋਰ ਤਕੱਲਫ਼ ਕਰੇ। ਪਾਪਾ ਨੇ ਨਾ ਚਾਹੁੰਦੇ ਹੋਏ ਵੀ ਮੀਟ ਦੀ ਸਿਫ਼ਤ ਕੀਤੀ। ਪਰੰਤੂ ਮੈਂ ਤਾਂ ਉਸ ਰਾਤ ਸ਼ਾਕਾਹਾਰੀ ਹੋ ਗਿਆ ਅਤੇ ਫਿਰ ਕਦੇ ਵੀ ਚੀਨ ਵਿੱਚ ਮੀਟ ਖਾਣ ਦੀ ਕੁਤਾਹੀ ਨਹੀਂ ਕੀਤੀ।

? *ਤੁਸੀਂ ਅਤੇ ਉਹ ਕਿਸ ਗੱਲ 'ਤੇ ਬਹੁਤ ਹੱਸਦੇ ਹੋ?*

– ਮੇਰੀ ਮਜ਼ਾਕ ਨਾ ਸਮਝਣ ਦੀ ਖ਼ਾਮੀ।

? *ਮਾੜੇ ਵਕਤ ਸੁਰਿੰਦਰ ਦਾ ਹੌਸਲਾ ਅਤੇ ਸਮੱਸਿਆ ਨਾਲ ਜੂਝਣ ਦੀ ਸਮਰੱਥਾ ਬਾਰੇ ਕੁਝ ਦੱਸੋ।*

– ਪਾਪਾ ਮਾੜੇ ਵਕਤ ਵੀ ਸ਼ਾਂਤ ਚਿੱਤ ਰਹਿੰਦਾ ਹੈ। ਉਹ ਸਮੱਸਿਆ ਦੇ ਹੱਲ ਬਾਰੇ ਸੋਚਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਅਣਸੁਖਾਵੀਂ ਸਥਿਤੀ ਥੋੜੇ ਚਿਰ ਲਈ ਹੈ ਅਤੇ ਇਸ ਦਾ ਜਲਦੀ ਹੱਲ ਲੱਭ ਜਾਵੇਗਾ। ਇਸ ਭਾਵਨਾ ਕਰਕੇ ਮਾੜਾ ਵਕਤ ਜ਼ਿਆਦਾ ਦੇਰ ਨਹੀਂ ਟਿਕਦਾ ਅਤੇ ਅਖ਼ੀਰ ਅੱਛਾ ਨਤੀਜਾ ਨਿਕਲ ਆਉਂਦਾ ਹੈ।

? *ਸੁਰਿੰਦਰ ਦਾ ਕੰਮ ਕਰਨ ਦਾ ਨਜ਼ਰੀਆ ਕੀ ਹੈ?*

– ਪਾਪਾ ਦੇ ਜੀਵਨ ਵਿੱਚ ਕੰਮ ਦੀ ਬਹੁਤ ਅਹਿਮੀਅਤ ਹੈ। ਉਹ ਦਿਨ ਰਾਤ ਕੰਮ ਵਿੱਚ ਜੁਟਿਆ ਰਹਿੰਦਾ ਹੈ ਅਤੇ ਸਖ਼ਤ ਮਿਹਨਤ ਕਰਦਾ ਹੈ। ਉਸ ਨੂੰ ਕੰਮ ਕਰਨ ਦਾ ਜਨੂੰਨ ਹੈ ਅਤੇ ਕੰਪਨੀ ਦੇ ਸਟਾਫ਼ ਨੂੰ ਆਪਣੇ ਪ੍ਰੀਵਾਰ ਦਾ ਹਿੱਸਾ ਹੀ ਸਮਝਦਾ ਹੈ।

? *ਉਸ ਦੀ ਦਰਿਆ ਦਿਲੀ ਬਾਰੇ ਚਾਨਣਾ ਪਾਓ?*

– ਪਾਪਾ ਕਈ ਸਮਾਜਿਕ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਦਾਹਰਣ ਲਈ, ਬੱਚਿਆਂ ਦੀ ਵਿਦਿਆ ਲਈ ਸਹੂਲਤ, ਆਪਣੇ ਕਾਲਜ ਦੀ ਵਿੱਤੀ ਸਹਾਇਤਾ ਅਤੇ ਲੋਕ ਭਲਾਈ ਦੇ ਹੋਰ ਕੰਮ।

? *ਸੁਰਿੰਦਰ ਦੀਆਂ ਕਾਰੋਬਾਰ ਕਰਨ ਦੀਆਂ ਖ਼ੂਬੀਆਂ ਜੋ ਤੁਸੀਂ ਪੁੱਤਰ ਹੋਣ ਦੇ ਨਾਤੇ ਵੇਖੀਆਂ ਹਨ?*

– ਉਹ ਬਹੁਤ ਇੱਜ਼ਤਦਾਰ ਬੰਦਾ ਹੈ ਅਤੇ ਆਪਣੇ ਜੀਵਨ ਵਿੱਚ ਕਿਸੇ ਨੂੰ ਧੋਖਾ ਨਹੀਂ ਦਿੰਦਾ। ਉਸ ਦਾ ਕਿਹਾ ਬਚਨ ਉਸ ਲਈ ਬਹੁਤ ਅਹਿਮੀਅਤ ਰੱਖਦਾ ਹੈ

ਅਤੇ ਉਹ ਹਰ ਹਾਲਤ ਵਿੱਚ ਆਪਣੀ ਦਿਆਨਤਦਾਰੀ ਉਤੇ ਕਾਇਮ ਰਹਿੰਦਾ ਹੈ।

? *ਉਹ ਬਿਜ਼ਨੈਸ ਵਿੱਚ ਕੈਸੀ ਭਾਵਨਾ ਰੱਖਦਾ ਹੈ?*

– ਉਹ ਨਾ ਤਾਂ ਭੋਲਾ ਬਣ ਕੇ ਬਿਜ਼ਨੈਸ ਕਰਦਾ ਹੈ ਅਤੇ ਨਾ ਹੀ ਧੱਕੜਸ਼ਾਹੀ ਕਰਦਾ ਹੈ। ਉਹ ਇਕ ਹੰਢੇ ਹੋਏ ਬਿਜ਼ਨੈਸਮੈਨ ਦੀ ਤਰ੍ਹਾਂ ਕਾਰੋਬਾਰ ਕਰਦਾ ਹੈ, ਮੁਨਾਫ਼ੇ ਦਾ ਖ਼ਿਆਲ ਰੱਖਦਾ ਹੈ ਅਤੇ ਚਾਹੁੰਦਾ ਹੈ ਕਿ ਗਾਹਕ ਮੁੜ ਮੁੜ ਉਸ ਨਾਲ ਬਿਜ਼ਨੈਸ ਕਰੇ।

? *ਸੁਰਿੰਦਰ ਗੋਲਫ਼ ਖੇਡਣ ਦਾ ਬਹੁਤ ਸ਼ੌਕੀਨ ਹੈ, ਖੇਡ ਵਿੱਚ ਤੁਹਾਡੇ ਨਾਲ ਕਿਵੇਂ ਪੇਸ਼ ਆਉਂਦਾ ਹੈ?*

– ਜਿਵੇਂ ਉਹ ਪ੍ਰੀਵਾਰ ਅਤੇ ਕੰਪਨੀ ਵਿੱਚ ਸੰਜੀਦਗੀ ਨਾਲ ਪੇਸ਼ ਆਉਂਦਾ ਹੈ, ਉਸੇ ਤਰ੍ਹਾਂ ਗੋਲਫ਼ ਖੇਡਣ ਲੱਗਿਆਂ ਵੀ ਉਹ ਗੋਲਫ਼ ਕੋਰਸ ਤੇ ਜੈਂਟਲਮੈਨ ਬਣ ਕੇ ਖੇਡ ਖੇਡਦਾ ਹੈ। ਜਦੋਂ ਜਿੱਤ ਜਾਵੇ ਤਾਂ ਤੁਹਾਨੂੰ ਚਿੜਾਉਂਦਾ ਨਹੀਂ ਅਤੇ ਜੇਕਰ ਹਾਰ ਜਾਵੇ ਤਾਂ ਗ਼ਮ ਨਹੀਂ ਕਰਦਾ। ਉਹ ਖੇਡ ਵਿੱਚ ਆਪਣੇ ਸਾਥੀ ਦਾ ਹੌਂਸਲਾ ਵਧਾਉਂਦਾ ਹੈ।

? *ਜਦੋਂ ਤੁਸੀਂ ਦੋਵੇਂ ਇਕੱਠੇ ਹੋਵੋ ਤਾਂ ਕਿਸ ਕਿਸਮ ਦਾ ਭੋਜਨ ਪਸੰਦ ਕਰਦੇ ਹੋ?*

– ਪਾਪਾ ਦਾ ਦਿਲ ਦਾ ਰਸਤਾ ਉਸ ਦੇ ਪੇਟ ਥਾਣੀਂ ਗੁਜ਼ਰਦਾ ਹੈ। ਉਹ ਖਾਣ ਦਾ ਸ਼ੌਕੀਨ ਹੈ। ਮੈਨੂੰ ਕਈ ਤਰ੍ਹਾਂ ਦੇ ਭੋਜਨ ਖਾਣ ਲਈ ਪ੍ਰੇਰਿਆ ਹੈ ਅਤੇ ਕਈਆਂ ਤੋਂ ਵਰਜਿਆ ਹੈ। ਸੂਸ਼ੀ (Sushi) ਖਾਣ ਦਾ ਮੇਰਾ ਪਹਿਲਾ ਤਜਰਬਾ ਉਦੋਂ ਹੋਇਆ ਜਦੋਂ ਪਾਪਾ ਨੇ ਆਪਣੇ ਹੱਥੀਂ ਘਰ ਵਿੱਚ ਸੂਸ਼ੀ ਤਿਆਰ ਕਰ ਕੇ ਖਵਾਈ ਅਤੇ ਮੈਨੂੰ ਚੰਗੀ ਲੱਗੀ। ਉਸ ਨੇ ਕੌੜਾ ਕਰੇਲਾ ਖਾਣ ਤੋਂ ਮੈਨੂੰ ਵਰਜਿਆ ਕਿਉਂਕਿ ਉਹ ਆਪ ਵੀ ਨਹੀਂ ਖਾਂਦਾ।

? *ਕੀ ਤੁਹਾਡੇ ਦੋਨਾਂ ਵਿੱਚ ਕਿਸੇ ਮਸਲੇ 'ਤੇ ਅਸਹਿਮਤੀ ਵੀ ਹੋ ਜਾਂਦੀ ਹੈ?*

– ਮੇਰੀ ਪਾਪਾ ਨਾਲ ਕਈ ਮਸਲਿਆਂ 'ਤੇ ਅਸਹਿਮਤੀ ਹੁੰਦੀ ਹੈ ਪਰੰਤੂ ਮੈਂ ਮਹਿਸੂਸ ਕੀਤਾ ਹੈ ਕਿ ਬਹੁਤੀ ਵਾਰ ਮੈਂ ਹੀ ਗ਼ਲਤ ਸਾਂ। ਮੈਨੂੰ ਸਿਰਫ਼ ਉਹ ਹੀ ਮਸਲੇ ਯਾਦ ਹਨ ਜਦੋਂ ਮੈਂ ਠੀਕ ਨਿਕਲਿਆ ਸਾਂ ਅਤੇ ਉਹ ਮੇਰੀ ਰਾਏ ਦੀ ਕਦਰ ਕਰ ਰਹੇ ਸਨ।

? *ਸੁਰਿੰਦਰ ਬਾਰੇ ਕੋਈ ਚੰਗੀ ਗੱਲ ਜੋ ਤੁਹਾਨੂੰ ਪਤਾ ਹੈ ਪਰ ਕਿਸੇ ਹੋਰ ਨੂੰ ਨਹੀਂ?*

– ਉਹ ਕਿਸੇ ਬਾਬਤ ਮਾੜੀ ਭਾਵਨਾ ਜਾਂ ਕਿੜ ਨਹੀਂ ਰੱਖਦੇ ਅਤੇ ਜੇ ਕੋਈ ਝਗੜਾ ਵੀ ਕਰੇ ਤਾਂ ਉਸ ਲਈ ਪ੍ਰਾਰਥਨਾ ਕਰਦੇ ਹਨ। ਉਹ ਬਾਬਾ ਫਰੀਦ ਦੇ ਸ਼ਬਦਾਂ ਦੀ ਪਾਲਣਾ ਕਰਦੇ ਹਨ: 'ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ'। ਉਸ ਦੇ ਪਸੰਦੀਦਾ ਬੋਲ ਹਨ : 'ਅਨੰਦ ਵਿੱਚ ਰਹੋ।'

? *ਜਦੋਂ ਸੁਰਿੰਦਰ ਨਾਲ ਸਫ਼ਰ 'ਤੇ ਜਾਂਦੇ ਹੋ ਤਾਂ ਕਿਵੇਂ ਮਹਿਸੂਸ ਕਰਦੇ ਹੋ?*

– ਉਹ ਬਹੁਤ ਦਲੇਰ ਬੰਦਾ ਹੈ ਅਤੇ ਨਵੇਂ ਦਿਸਹੱਦੇ ਵੇਖਣ ਦਾ ਸ਼ੌਕੀਨ ਹੈ। ਉਹ ਭਾਂਤ ਭਾਂਤ ਦੇ ਖਾਣੇ ਖਾਣ ਦਾ ਚਾਹਵਾਨ ਹੈ ਅਤੇ ਨਵੇਂ ਲੋਕਾਂ ਨਾਲ ਗੁਫ਼ਤਗੂ ਕਰ ਕੇ ਖ਼ੁਸ਼ ਹੁੰਦਾ ਹੈ। ਉਨ੍ਹਾਂ ਨਾਲ ਸਫ਼ਰ ਕਰਦਿਆਂ ਮੈਂ ਬਹੁਤ ਕੁਝ ਸਿੱਖਦਾ ਹਾਂ ਅਤੇ ਮਹਿਸੂਸ ਕਰਦਾ ਹਾਂ ਕਿ ਪਾਪਾ ਮੇਰੇ ਨਾਲੋਂ ਅਜੇ ਵੀ ਜਵਾਨ ਹਨ।

? *ਸੁਰਿੰਦਰ ਆਪਣੇ ਬਾਰੇ ਨੁਕਤਾਚੀਨੀ ਨੂੰ ਕਿਵੇਂ ਲੈਂਦਾ ਹੈ?*

– ਪਾਪਾ ਆਪਣੇ ਬਾਰੇ ਆਲੋਚਨਾ ਨੂੰ ਬਰਦਾਸ਼ਤ ਕਰ ਸਕਦਾ ਹੈ ਜੇਕਰ ਆਲੋਚਨਾ ਦੀ ਭਾਵਨਾ ਠੀਕ ਹੋਵੇ। ਉਹ ਆਪਣੀ ਗ਼ਲਤੀ ਸੁਧਾਰਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਉਹ ਹੰਕਾਰੀ ਬੰਦਾ ਨਹੀਂ ਅਤੇ ਲੋਕਾਂ ਦੀ ਚੰਗੀ ਰਾਏ ਨੂੰ ਪ੍ਰਵਾਨ ਕਰ ਲੈਂਦਾ ਹੈ। ਪਰੰਤੂ ਜੇਕਰ ਆਲੋਚਕ ਦੀ ਨੀਅਤ ਖੋਟੀ ਹੋਵੇ ਅਤੇ ਆਲੋਚਨਾ ਦਾ ਮਕਸਦ ਬੇਇੱਜ਼ਤੀ ਕਰਨਾ ਹੋਵੇ ਤਾਂ ਪਾਪਾ ਵੀ ਲੋਹਾ-ਲਾਖਾ ਹੋ ਜਾਂਦਾ ਹੈ।

? *ਲੋਕਾਂ ਉਪਰ ਸੁਰਿੰਦਰ ਦੇ ਪ੍ਰਭਾਵ ਬਾਰੇ ਕੀ ਰਾਏ ਹੈ?*

– ਉਹ ਆਪਣੇ ਸਾਥੀਆਂ ਨੂੰ ਉਤਸ਼ਾਹਤ ਕਰਦਾ ਹੈ ਅਤੇ ਨੁਕਸ ਨਹੀਂ ਕੱਢਦਾ। ਉਹ ਕਥਨੀ ਅਤੇ ਕਰਨੀ ਵਿੱਚ ਤਾਲਮੇਲ ਰੱਖਦਾ ਹੈ ਅਤੇ ਫੋਕੇ ਪ੍ਰਚਾਰ ਤੋਂ ਬਚ ਕੇ ਰਹਿੰਦਾ ਹੈ। ਉਸ ਦਾ ਇਹ ਗੁਣ ਲੋਕਾਂ ਨੂੰ ਪਸੰਦ ਹੈ ਕਿ ਉਹ ਆਪ ਇਕ ਪਰੈਕਟੀਕਲ ਬੰਦਾ ਹੈ। ਇਸ ਕਰਕੇ ਹੀ ਉਹ ਸਾਡਾ ਸਭ ਦਾ 'ਰੋਲ-ਮਾਡਲ' ਵੀ ਬਣਿਆ ਹੋਇਆ ਹੈ।

? *ਸੁਰਿੰਦਰ ਨਾਲ ਕੋਈ ਨਾ-ਭੁੱਲਣ ਵਾਲੀ ਯਾਦ ਸਾਂਝੀ ਕਰੋ?*

– ਮੈਂ ਹਮੇਸ਼ਾਂ ਯਾਦ ਰੱਖਦਾ ਹਾਂ ਕਿ ਜਦੋਂ ਉਹ ਮੈਨੂੰ ਬੋਰਡਿੰਗ ਸਕੂਲ ਵਿੱਚ ਪਹਿਲੀ ਵਾਰ ਛੱਡ ਕੇ ਵਾਪਸ ਮੁੜ ਰਹੇ ਸਨ। ਮੇਰੇ ਲਈ ਸੰਦੇਸ਼ ਸੀ ਕਿ ਮੈਂ ਹੌਂਸਲੇ ਨਾਲ ਰਹਾਂ, ਪ੍ਰਾਰਥਨਾ ਕਰਿਆ ਕਰਾਂ ਜਿਸ ਨਾਲ ਸਭ ਕੰਮ ਰਾਸ ਹੋ ਜਾਣਗੇ। ਜਦੋਂ ਉਹ ਕਾਰ ਵਿੱਚ ਬੈਠ ਕੇ ਚੱਲ ਪਏ ਤਾਂ ਨੇੜਿਉਂ ਹੀ ਮੁੜ ਆਏ ਅਤੇ ਮੇਰੇ ਗਲ ਲੱਗ ਕੇ ਰੋਣ ਲੱਗੇ।

? *ਜੇਕਰ ਤੁਸੀਂ ਸੁਰਿੰਦਰ ਦਾ ਸ਼ੁਕਰੀਆ ਕਰਨਾ ਹੋਵੇ ਤਾਂ ਉਹ ਕਿਹੜੀ ਗੱਲ ਹੋਵੇਗੀ?*

– ਮੇਰੇ ਨਾਲ ਹਮੇਸ਼ਾਂ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ ਅਤੇ ਮੇਰੇ ਹਰ ਕੰਮ ਵਿੱਚ ਅਗਵਾਈ ਕਰਨ ਲਈ।

? *ਸੁਰਿੰਦਰ ਦਾ ਕਿਹੜਾ ਗੁਣ ਹੈ ਜੋ ਤੁਸੀਂ ਵੀ ਅਪਨਾਉਣਾ ਚਾਹੁੰਦੇ ਹੋ?*

– ਮੇਰੇ ਪਾਪਾ ਬਹੁਤ ਹੀ ਧਾਰਮਿਕ ਬਿਰਤੀ ਵਾਲੇ ਹਨ। ਉਹ ਆਪਣੇ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਕਰਨ ਲਈ ਹਮੇਸ਼ਾਂ ਸਮਾਂ ਕੱਢ ਲੈਂਦੇ ਹਨ ਭਾਵੇਂ ਕਾਰੋਬਾਰ ਵਿੱਚ ਕਿੰਨੇ ਵੀ ਮਸਰੂਫ਼ ਕਿਉਂ ਨਾ ਹੋਣ।

? *ਉਦਾਹਰਣ ਦੇ ਕੇ ਦੱਸੋ ਸੁਰਿੰਦਰ ਦੇ ਸਦਾਚਾਰ ਉਪਰ ਧਾਰਮਿਕ ਬਿਰਤੀ ਦਾ ਕੀ ਪ੍ਰਭਾਵ ਹੈ?*

– ਉਹ ਸਭ ਵਿੱਚ ਪ੍ਰਮਾਤਮਾ ਨੂੰ ਵੇਖਦਾ ਹੈ ਅਤੇ ਸਭ ਦੀ ਰੱਬ ਦੇ ਬੰਦੇ ਜਾਣ ਕੇ ਇੱਜ਼ਤ ਕਰਦਾ ਹੈ। ਉਹ ਕਿਸੇ ਨਾਲ ਧੋਖਾ ਕਰ ਕੇ ਮਾਇਆ ਨਹੀਂ ਕਮਾਉਣੀ ਚਾਹੁੰਦਾ। ਉਹ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਮੰਨਦਾ ਹੈ ਜਿਸ ਕਰਕੇ ਆਪਣੇ ਇਸ਼ਟ ਨਾਲ ਧੋਖਾ ਨਹੀਂ ਕਰ ਸਕਦਾ। ਬਹੁਤ ਵਾਰੀ ਐਸੇ ਮੌਕੇ ਆਏ ਜਦੋਂ ਪਾਪਾ ਕੁਝ ਹੇਰ-ਫੇਰ ਕਰ ਕੇ ਵੱਡੀ ਰਕਮ ਦਾ ਮੁਨਾਫ਼ਾ ਕਮਾ ਸਕਦਾ ਸੀ। ਪਰੰਤੂ ਉਸ ਨੇ ਠੀਕ ਰਾਹ ਚੁਣਿਆ ਅਤੇ ਘੱਟ ਮੁਨਾਫ਼ਾ ਲੈਣਾ ਹੀ ਠੀਕ ਸਮਝਿਆ। ਇਨ੍ਹਾਂ ਸਦਾਚਾਰਕ ਗੁਣਾਂ ਕਰਕੇ ਹੀ ਪਾਪਾ ਦੀ ਇੰਡਸਟਰੀ ਵਿੱਚ ਪ੍ਰਤਿਸ਼ਠਾ ਕਾਇਮ ਹੈ।

? *ਸੁਰਿੰਦਰ ਦੀ ਕਾਮਯਾਬੀ ਵਿੱਚ ਤੁਹਾਡੀ ਮਾਂ ਬੱਬਲਜ਼ ਦਾ ਕੀ ਰੋਲ ਹੈ?*

– ਮੇਰੀ ਮਾਂ ਹਮੇਸ਼ਾਂ ਪਾਪਾ ਦੀ ਜੀਵਨ ਸਾਥਣ ਬਣ ਕੇ ਬਿਜ਼ਨੈਸ ਵਿੱਚ ਵੀ ਸਲਾਹਕਾਰ ਦਾ ਰੋਲ ਅਦਾ ਕਰਦੀ ਹੈ। ਜਦੋਂ ਕਦੇ ਵੀ ਪਾਪਾ ਨੂੰ ਕਿਸੇ ਗੁੰਝਲਦਾਰ ਸਥਿਤੀ ਦਾ ਟਾਕਰਾ ਕਰਨਾ ਪੈ ਜਾਵੇ ਤਾਂ ਉਹ ਮੇਰੀ ਮਾਂ ਨਾਲ ਸਲਾਹ-ਮਸ਼ਵਰਾ ਕਰ ਕੇ ਕੋਈ ਹੱਲ ਕੱਢ ਲੈਂਦਾ ਹੈ। ਔਖੇ ਸੌਖੇ ਮੌਕਿਆਂ ਉਪਰ ਦੋਵੇਂ ਮੋਢੇ ਨਾਲ ਮੋਢਾ ਜੋੜ ਕੇ ਚੱਲਦੇ ਹਨ। ਮੇਰੀ ਮਾਂ ਦਾ ਅਨੁਭਵੀ ਹੋਣਾ ਪਾਪਾ ਲਈ ਇਕ ਤੋਹਫ਼ਾ ਹੈ। ਉਹ ਇਸ ਦੀ ਵਰਤੋਂ ਕਰ ਕੇ ਮਾੜੇ ਅਤੇ ਚੰਗੇ ਕਾਰੋਬਾਰੀਆਂ ਦੀ ਪਛਾਣ ਕਰ ਲੈਂਦਾ ਹੈ।

? *ਸੁਰਿੰਦਰ ਦੇ ਜੀਵਨ ਵਿੱਚੋਂ ਉਸ ਦੇ ਡਸਿਪਲਿਨ ਦੀਆਂ ਉਦਾਹਰਣਾਂ ਦਿਉ?*

– ਘਰ ਪਰਤਣ ਤੋਂ ਪਹਿਲਾਂ ਉਸ ਦਾ ਦਫ਼ਤਰ ਦਾ ਮੇਜ਼ ਫ਼ਾਈਲਾਂ ਤੋਂ ਖ਼ਾਲੀ ਹੁੰਦਾ ਹੈ। ਉਹ ਆਪਣੀ ਪ੍ਰਾਰਥਨਾ ਤੋਂ ਕਦੇ ਵੀ ਅਵੇਸਲਾ ਨਹੀਂ ਹੁੰਦਾ ਭਾਵੇਂ ਕਿੰਨੀ ਜਲਦੀ ਏਅਰਪੋਰਟ 'ਤੇ ਪਹੁੰਚਣਾ ਹੋਵੇ। ਉਹ ਆਪਣੀ ਖਾਣੇ ਦੀ ਪਲੇਟ ਉਪਰ ਭੋਜਨ ਦੀ ਬਰਬਾਦੀ ਨਹੀਂ ਕਰਦਾ। ਦੁਬਈ ਵਿੱਚ ਰਹਿੰਦਿਆਂ ਉਹ ਸ਼ਰਾਬ ਦਾ ਸੇਵਨ ਨਹੀਂ ਕਰਦਾ। ਕੀ ਪਤਾ ਕਿਸ ਸਮੇਂ ਗੁਰਦਵਾਰੇ ਜਾਣਾ ਪੈ ਜਾਵੇ? ਉਹ ਆਪਣੇ ਈ-ਮੇਲ ਅਤੇ ਹੋਰ ਡਾਕ ਦਾ ਨਿਪਟਾਰਾ ਕਰਦਾ ਹੈ, ਉਸ ਦਿਨ ਨਹੀਂ ਤਾਂ ਅਗਲੇ ਦਿਨ ਜ਼ਰੂਰ ਹੀ।

— 0 —

ਅੰਤਿਕਾ (ਅ)

# ਸੁਣੋ ਲੋਕ ਕੀ ਕਹਿੰਦੇ ਹਨ?

ਲੋਕ ਕਹਿੰਦੇ ਹਨ 'ਮੇਰਾ ਨਾਮ ਸੁਰਿੰਦਰ ਹੈ ਜੋ ਅੰਗਰੇਜ਼ੀ ਵਿੱਚ 'ਸੁਰੰਡਰ' ਲਿਖਿਆ ਜਾਂਦਾ ਹੈ ਪਰੰਤੂ ਮੈਂ 'ਅਧੀਨਗੀ' ਨਹੀਂ ਮੰਨਦਾ।' ਲੋਕਾਂ ਦੀ ਰਾਏ ਜਾਨਣ ਲਈ ਮੈਂ ਇਕ ਪ੍ਰਸ਼ਨ ਸੂਚੀ (Questionnaire) ਤਿਆਰ ਕੀਤੀ ਜੋ ਆਪਣੇ ਪ੍ਰੀਵਾਰ ਦੇ ਮੈਂਬਰਾਂ ਅਤੇ ਹੋਰ ਦੋਸਤਾਂ ਨੂੰ ਭੇਜੀ ਤਾਂ ਕਿ ਉਹ ਬਿਨਾਂ ਕਿਸੇ ਝਿਜਕ ਦੇ ਮੇਰੇ ਬਾਰੇ ਆਪਣੀ ਰਾਏ ਲਿਖ ਕੇ ਭੇਜ ਸਕਣ। ਇਸ ਦਾ ਮਕਸਦ ਆਪਣੀ ਹਉਮੈ ਨੂੰ ਪੱਠੇ ਪਾਉਣਾ ਨਹੀਂ ਸੀ ਬਲਕਿ ਆਪਣੇ ਚੰਗੇ ਅਤੇ ਮਾੜੇ ਗੁਣਾਂ ਬਾਰੇ ਜਾਣਕਾਰੀ ਹਾਸਲ ਕਰਨਾ ਸੀ। ਲੋਕਾਂ ਨੇ ਇਸ ਰਾਏ-ਸ਼ੁਮਾਰੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜੋ ਮੇਰੇ ਲਈ ਗੌਰਵ ਵਾਲੀ ਗੱਲ ਹੈ।

**ਗੁੰਥਰ ਵਰਨਰ:** ਸੁਰਿੰਦਰ ਦੇ ਖ਼ਾਸ ਭਰੋਸੇਯੋਗ ਮਿੱਤਰ ਦਾ ਕਹਿਣਾ ਹੈ ਕਿ ਜਦੋਂ ਉਸਦਾ ਬਿਜ਼ਨੈਸ ਸਾਥੀ 'ਊ ਲੀ' ਵਿੱਛੜ ਗਿਆ ਤਾਂ ਸੁਰਿੰਦਰ ਨੇ ਔਖੇ ਸਮੇਂ ਪੂਰੀ ਮੱਦਦ ਕੀਤੀ। ਅਸੀਂ ਅੱਸੀਵਿਆਂ ਵਿੱਚ ਮਿਲੇ ਜਦੋਂ ਮੈਂ ਦੁਬਈ ਵਿੱਚ ਸਪੇਅਰ ਪਾਰਟਸ ਅਤੇ ਟਾਇਰਾਂ ਦੇ ਕਾਰੋਬਾਰ ਲਈ ਪਹੁੰਚਿਆ ਸੀ। ਬਹੁਤ ਵਾਰੀ ਮੈਂ ਉਸ ਦੇ ਘਰ ਠਹਿਰ ਕੇ ਪ੍ਰੀਵਾਰ ਦੀ ਪ੍ਰਾਹੁਣਚਾਰੀ ਦਾ ਅਨੰਦ ਮਾਣਿਆ। ਸੁਰਿੰਦਰ ਬਹੁਤ ਹੌਂਸਲੇ ਵਾਲਾ ਬੰਦਾ ਹੈ ਅਤੇ ਹਰ ਸਮੱਸਿਆ ਲਈ ਉਸ ਕੋਲ ਪਰੈਕਟੀਕਲ ਪਹੁੰਚ ਹੈ। ਉਹ ਮੈਨੂੰ ਪਿਛਲੇ ਪੰਜਾਹ ਸਾਲਾਂ ਵਿੱਚ ਸਭ ਤੋਂ ਵੱਧ ਇਮਾਨਦਾਰ ਬਿਜ਼ਨੈਸਮੈਨ ਲੱਭਿਆ ਹੈ। ਯੂ.ਐਸ.ਏ. ਕਾਰੋਬਾਰ ਸ਼ੁਰੂ ਕਰਨ ਸਮੇਂ ਇਕ ਸਮੱਸਿਆ ਪੈਦਾ ਹੋਈ ਸੀ ਜੋ ਅਸੀਂ ਸੁਲਝਾ ਲਈ। ਅਸੀਂ ਦੋਵਾਂ ਨੇ ਕਈ ਮਹਾਂਦੀਪਾਂ ਦੀ ਯਾਤਰਾ ਕੀਤੀ ਹੈ। ਸੁਰਿੰਦਰ ਇਕ ਚੰਗਾ ਸਾਥੀ ਸਿੱਧ ਹੋਇਆ ਹੈ ਅਤੇ ਆਪਣੀ ਆਲੋਚਨਾ ਨੂੰ ਸਹਿ ਲੈਂਦਾ ਹੈ।

**ਗੁਰਬਖ਼ਸ਼ ਸਿੰਘ:** ਵੀਹ ਸਾਲਾਂ ਤੋਂ ਸੁਰਿੰਦਰ ਦਾ ਦੋਸਤ ਹੈ। ਉਸ ਦੀ ਠੋਸ ਰਾਏ ਹੈ ਕਿ ਦੁਬਈ ਵਿੱਚ ਬੜੀਆਂ ਅੜਚਨਾਂ ਦੇ ਬਾਵਜੂਦ ਇਕ ਸ਼ਾਨਦਾਰ ਗੁਰਦਵਾਰਾ ਕਾਇਮ ਕਰਨਾ ਸੁਰਿੰਦਰ ਦੀ ਧਾਰਮਿਕ ਲਗਨ ਦਾ ਪ੍ਰਤੀਕ ਹੈ। ਇਸ ਕਾਰਜ ਵਿੱਚ ਬੱਬਲਜ਼ ਦੀ ਪੂਰੀ ਸ਼ਮੂਲੀਅਤ ਰਹੀ ਹੈ। ਗੁਰਦਵਾਰਾ ਉਹਨਾਂ ਦੇ ਜੀਵਨ ਦਾ ਇਕ ਮੀਲ-ਪੱਥਰ ਬਣ ਗਿਆ ਹੈ। ਇੱਥੇ ਹਰ ਬੰਦਾ ਬਗ਼ੈਰ ਕਿਸੇ ਵਿਤਕਰੇ ਦੇ ਆਪਣੇ ਇਸ਼ਟ ਨਾਲ ਜੁੜ ਸਕਦਾ ਹੈ ਅਤੇ ਸ਼ਾਂਤ ਮਾਹੌਲ ਦਾ ਅਨੰਦ ਮਾਣ ਸਕਦਾ ਹੈ। ਅਸੀਂ ਗੋਲਫ਼ ਕੋਰਸ ਉਪਰ ਵੀ ਮਿਲਦੇ ਰਹਿੰਦੇ ਸਾਂ ਜਿੱਥੇ ਉਸ ਦੇ ਗੁਣਾਂ, ਜਿਵੇਂ ਵਕਤ ਦੀ ਪਾਬੰਦੀ, ਹਲੀਮੀ, ਵਿਸ਼ਵਾਸ, ਕਿਰਪਾ ਅਤੇ ਇਮਾਨਦਾਰੀ ਦਾ ਪਤਾ ਲੱਗਿਆ ।

**ਡਾਕਟਰ ਪਰਵਿੰਦਰ ਸਿੰਘ ਪਸਰੀਚਾ** ਦੀ ਨਿਰਪੱਖ ਰਾਏ ਹੈ ਕਿ ਸੁਰਿੰਦਰ ਇਕ ਆਦਰਸ਼ਕ ਬੰਦਾ ਹੈ ਜਿਸ ਨੇ ਵਿਦੇਸ਼ ਵਿੱਚ ਪਹੁੰਚ ਕੇ ਆਪਣੀ ਬਿਜ਼ਨੈਸ ਐਮਪਾਇਰ (ਸਲਤਨਤ) ਕਾਇਮ ਕੀਤੀ ਹੈ। ਉਹ ਪੱਕਾ ਸਿੱਖ ਹੈ ਪਰੰਤੂ ਦੂਜੇ ਧਰਮਾਂ ਦਾ ਅਧਿਐਨ ਕਰਨਾ ਉਸ ਦਾ ਸ਼ੌਕ ਹੈ। ਉਹ ਪੁਰਾਣੀਆਂ ਕਦਰਾਂ-ਕੀਮਤਾਂ ਵਿੱਚ ਯਕੀਨ ਰੱਖਦਾ ਹੈ। ਉਹ ਚੰਗਾ ਦੋਸਤ ਹੈ ਅਤੇ ਹਰ ਹਾਲਤ ਵਿੱਚ ਵਿਸ਼ਵਾਸ ਕੀਤਾ ਜਾ ਸਕਦਾ ਹੈ। ਉਸ ਦਾ ਹਾਸਾ ਕੁਦਰਤੀ ਹੈ ਅਤੇ ਔਖੀ ਸਥਿਤੀ ਵਿੱਚ ਵੀ ਆਪਣਾ ਤਵਾਜ਼ਨ ਕਾਇਮ ਰੱਖਦਾ ਹੈ।

ਮੈਂ ਇਕ ਤਜਰਬਾ ਸਾਂਝਾ ਕਰਨਾ ਚਾਹੁੰਦਾ ਹਾਂ ਜਿਸ ਤੋ ਸੁਰਿੰਦਰ ਦੀ ਦਿਆਨਤਦਾਰੀ ਦੀ ਪ੍ਰਤੱਖ ਝਲਕ ਮਿਲ ਜਾਵੇਗੀ। ਮੈਂ ਹੋਣਹਾਰ ਗ਼ਰੀਬ ਬੱਚਿਆਂ ਦੀ ਪੇਸ਼ਾ-ਮੁਖੀ (Professional) ਵਿਦਿਆ ਲਈ ਇਕ ਮਿਸ਼ਨ ਬਣਾਇਆ ਹੋਇਆ ਹੈ। ਅਸੀਂ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਬਿਦਰ (ਕਰਨਾਟਕਾ) ਵਿੱਚ ਦਸ ਗ਼ਰੀਬ ਵਿਦਿਆਰਥੀਆਂ ਦੀ ਪੜ੍ਹਾਈ ਦਾ ਖ਼ਰਚਾ ਪ੍ਰਦਾਨ ਕਰਦੇ ਹਾਂ। ਸੁਰਿੰਦਰ ਅਤੇ ਕੁਝ ਹੋਰ ਧਨਾਢ ਸਿੱਖਾਂ ਨੇ ਮਾਇਆ ਦੇ ਕੇ ਮੇਰੀ ਮੱਦਦ ਕੀਤੀ। ਕੁਝ ਸਾਲਾਂ ਬਾਅਦ ਬਾਕੀ ਤਾਂ ਸਭ ਸਾਥ ਛੱਡ ਗਏ ਅਤੇ ਸਾਰਾ ਬੋਝ ਸੁਰਿੰਦਰ ਨੇ ਆਪਣੇ ਮੋਢਿਆਂ ਉਪਰ ਚੁੱਕ ਲਿਆ । ਉਸ ਨੇ ਕਿਹਾ ਕੋਈ ਗੱਲ ਨਹੀਂ ਮੈਂ ਇਕੱਲਾ ਹੀ ਸਭ ਦੀ ਮੱਦਦ ਕਰਾਂਗਾ। ਮੈਂ ਉਸ ਦੀ ਖੁੱਲ੍ਹ-ਦਿਲੀ ਅਤੇ ਕੁਰਬਾਨੀ ਵੇਖ ਕੇ ਹੈਰਾਨ ਰਹਿ ਗਿਆ ਅਤੇ ਉਹ ਮੇਰੇ ਸਤਿਕਾਰ ਦਾ ਪਾਤਰ ਬਣ ਗਿਆ।

ਕਈ ਲੋਕ ਉਸ ਦੇ ਚੰਗੇ ਸੁਭਾਅ ਦਾ ਨਜਾਇਜ਼ ਫ਼ਾਇਦਾ ਉਠਾਣਾ ਚਾਹੁੰਦੇ ਹਨ। ਮੈਂ ਅਤੇ ਬੱਬਲਜ਼ ਉਸ ਨੂੰ ਅਜੇਹੀ ਸਥਿਤੀ ਵਿੱਚੋਂ ਬਾਹਰ ਕੱਢ ਲੈਂਦੇ ਹਾਂ ਅਤੇ ਉਸ ਦੇ ਭੋਲੇਪਣ ਦਾ ਮੌਜੂ ਉਡਾਉਂਦੇ ਹਾਂ। ਬੱਬਲਜ਼ ਮੇਰੀ ਛੋਟੀ ਭੈਣ ਵਾਂਗ ਹੈ। ਉਹ ਬਹੁਤ ਵਧੀਆ ਖਾਣਾ ਬਣਾਉਂਦੀ ਹੈ ਅਤੇ ਮੈਂ ਰੈਸਤੋਰਾਂ ਵਿੱਚ ਖਾਣ ਦੀ ਬਜਾਏ ਦੁਬਈ ਜਾਂ ਬੰਬਈ ਉਸ ਦੇ ਘਰ ਹੀ ਭੋਜਨ ਕਰਨ ਲਈ ਹਾਜ਼ਰ ਹੁੰਦਾ ਹਾਂ। ਸੁਰਿੰਦਰ ਮੇਰੇ ਜੀਵਨ ਦੇ ਦਸ ਜਿਗਰੀ ਦੋਸਤਾਂ ਵਿੱਚ ਇਕ ਹੈ।

**ਸੀਗਰੇਡ ਸਕਲਕਸ** ਆਪਣੀ ਪਹਿਲੀ ਮੀਟਿੰਗ ਦਾ ਜ਼ਿਕਰ ਮਖ਼ੌਲੀਆ ਲਹਿਜੇ ਵਿੱਚ ਕਰਦਾ ਹੈ। ਕੋਰਟ ਵਿੱਚ ਪੇਸ਼ੀ ਤੋਂ ਬਾਅਦ ਅਸੀਂ ਮਿਲੇ ਕਿਉਂਕਿ ਸੁਰਿੰਦਰ ਦੀ ਵੋਲਵੋ ਕਾਰ ਦਾ ਊਠ ਨਾਲ ਐਕਸੀਡੈਂਟ ਹੋ ਗਿਆ ਸੀ। ਉਹ ਮੇਰਾ ਬਿਜ਼ਨੈਸ ਦਾ ਸਾਥੀ ਅਤੇ ਵਿਸ਼ਵਾਸ ਯੋਗ ਮਿੱਤਰ ਬਣ ਗਿਆ। ਮੈਂ ਜਾਣਦਾ ਹਾਂ ਕਿ ਉਹ ਕਾਮਯਾਬ ਬਿਜ਼ਨੈਸਮੈਨ ਅਤੇ ਪ੍ਰੀਵਾਰਿਕ ਬੰਦਾ ਹੈ ਜਿਸ ਦੀ ਹੱਸਮੁਖਤਾ ਇਕ ਹੋਰ ਵਧੀਆ ਲੱਛਣ ਹੈ।

ਇਕ ਵਾਰ ਜਦੋਂ ਉਹ ਨੈਦਰਲੈਂਡ ਆ ਰਿਹਾ ਸੀ ਤਾਂ ਏਅਰਪੋਰਟ ਉਪਰ ਉਸਦਾ

ਬੈਗ ਚੋਰੀ ਹੋ ਗਿਆ। ਉਸ ਨੇ ਇਸ ਚੋਰੀ ਨੂੰ ਸਹਿਜ ਸੁਭਾਅ ਹੀ ਲਿਆ ਅਤੇ ਕੋਈ ਵਾ-ਵੇਲਾ ਨਾ ਕੀਤਾ ਅਤੇ ਨਾ ਹੀ ਕੋਈ ਘਬਰਾਹਟ। ਉਸ ਦੀ ਖੁੱਲ੍ਹ-ਦਿਲੀ ਲਾ-ਜਵਾਬ ਹੈ। ਉਸ ਦੇ ਬੱਚਿਆਂ ਦੀਆਂ ਸ਼ਾਦੀਆਂ ਅਤੇ ਮੇਰਾ ਸੱਠਵਾਂ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਇਆ ਗਿਆ। ਅਸੀਂ ਜਦੋਂ ਵੀ ਮਿਲੀਏ, ਇਕ ਨਿੱਘੀ ਜੱਫੀ ਜ਼ਰੂਰੀ ਹੈ ਅਤੇ ਬਾਅਦ ਵਿੱਚ ਇੰਡੀਅਨ ਜਾਂ ਲੈਬਾਨੀਜ਼ ਖਾਣਾ ਪਰੋਸਿਆ ਜਾਂਦਾ ਹੈ। ਸਾਡੀ ਦੋਸਤੀ ਅਤੇ ਕਾਰੋਬਾਰ ਦੀ ਸਾਂਝ ਨੂੰ ਇਕੱਤੀ ਸਾਲ ਹੋ ਗਏ ਹਨ ਅਤੇ ਮੈਂ ਆਸ ਕਰਦਾ ਹਾਂ ਕਿ ਅਗਲੇ ਇਕੱਤੀ ਸਾਲ ਵੀ ਇਹ ਤੋੜ ਨਿਭੇਗੀ।

**ਸਰਦਾਰ ਸਿੰਘ ਕੰਧਾਰੀ** ਬਿਨਾਂ ਝਿਜਕ ਕਹਿ ਰਹੇ ਹਨ ਕਿ ਸੁਰਿੰਦਰ ਨੇ ਆਪਣੀ ਤੀਖਣ ਬੁੱਧੀ ਦੀ ਵਰਤੋਂ ਕਰ ਕੇ ਆਪਣੇ ਪਿਤਾ-ਪੁਰਖੀ ਬਿਜ਼ਨੈਸ ਅਤੇ ਕਦਰਾਂ-ਕੀਮਤਾਂ ਨੂੰ ਅੱਗੇ ਵਧਾਇਆ ਹੈ। ਉਸ ਦੇ ਦਾਦਾ ਸਿਰਦਾਰ ਆਤਮਾ ਸਿੰਘ, ਪਿਤਾ ਹਰਬੰਸ ਸਿੰਘ ਅਤੇ ਚਾਚਾ ਕੁਲਦੀਪ ਸਿੰਘ ਉਸਦੀਆਂ ਪ੍ਰਾਪਤੀਆਂ ਵੇਖ ਕੇ ਮਾਣ ਮਹਿਸੂਸ ਕਰਦੇ ਹੋਣਗੇ। ਬੱਬਲਜ਼ ਜੀ ਸੁਰਿੰਦਰ ਦੀ ਜ਼ਿੰਦਗੀ ਵਿੱਚ ਇਕ ਵੱਡਾ ਪ੍ਰੇਰਨਾ ਸਰੋਤ ਹੈ। ਮੇਰੀ ਪ੍ਰਾਰਥਨਾ ਹੈ ਕਿ ਰੱਬ ਇਸ ਜੋੜੀ ਨੂੰ ਸਦਾ ਖ਼ੁਸ਼ੀਆਂ ਬਖ਼ਸ਼ੇ। ਸੁਰਿੰਦਰ ਦੇ ਸਹੁਰਾ ਸਾਹਿਬ, ਕੁਲਦੀਪ ਸਿੰਘ ਚੱਢਾ, ਵੀ ਉਨ੍ਹਾਂ ਦੇ ਖ਼ੈਰ-ਖ਼ਵਾਹ ਬਣੇ ਹੋਏ ਹਨ।

**ਮਿਸਟਰ ਆਰ.ਐਨ.ਆਰ. ਗਾਂਧੀ** ਸੀਅਟ ਟਾਇਰਾਂ ਦੀ ਕੰਪਨੀ ਦੇ ਪਰੈਜ਼ੀਡੈਂਟ ਰਹਿ ਚੁੱਕੇ ਹਨ। ਉਸ ਦਾ ਸੁਰਿੰਦਰ ਦੇ ਜੀਵਨ ਵਿੱਚ ਬਹੁਤ ਡੂੰਘਾ ਪ੍ਰਭਾਵ ਪਿਆ ਹੈ। ਗਾਂਧੀ ਜੀ ਦਾ ਕਹਿਣਾ ਹੈ ਕਿ ਮੈਂ ਸੁਰਿੰਦਰ ਨੂੰ ਲਗਭਗ ਸੱਠ ਸਾਲਾਂ ਤੋਂ ਜਾਣਦਾ ਹਾਂ। ਉਸ ਨੇ ਕਾਰੋਬਾਰੀ ਜਗਤ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ ਅਤੇ ਵਿਦੇਸ਼ ਵਿੱਚ ਜਾ ਕੇ ਇਕ ਮਾਣਮੱਤੀ ਕੰਪਨੀ ਸਥਾਪਿਤ ਕੀਤੀ ਹੈ। ਇਸ ਪ੍ਰਾਪਤੀ ਲਈ ਉਸ ਨੇ ਸਖ਼ਤ ਮਿਹਨਤ ਕੀਤੀ ਹੈ ਅਤੇ ਦੂਰ-ਦ੍ਰਿਸ਼ਟੀ ਦਾ ਸਹਾਰਾ ਲਿਆ ਹੈ। ਉਸ ਨੇ ਆਪਣੇ ਮੁਲਾਜ਼ਮਾਂ ਨੂੰ ਬਰਾਬਰੀ ਦਾ ਦਰਜਾ ਦਿੱਤਾ ਹੈ। ਮੇਰੇ ਉਸ ਦੇ ਪਿਤਾ ਜੀ ਨਾਲ ਨਿੱਜੀ ਸਬੰਧ ਸਨ। ਇਕ ਵਾਰ ਵਿਜੇਵਾੜਾ ਵਿੱਚ ਮੇਰੇ ਲਈ ਡਿਨਰ ਦਾ ਪ੍ਰਬੰਧ ਕੀਤਾ ਗਿਆ। ਉਸ ਵਿੱਚ ਨੌਜਵਾਨ ਸੁਰਿੰਦਰ ਵੀ ਸ਼ਾਮਲ ਸੀ। ਉਸ ਨੂੰ ਸੀਨੀਅਰਜ਼ ਤੋਂ ਸਿੱਖਣ ਦਾ ਸ਼ੌਕ ਸੀ। ਮੈਂ ਉਸ ਦਿਨ ਹੀ ਅੰਦਾਜ਼ਾ ਲਗਾ ਲਿਆ ਕਿ ਸੁਰਿੰਦਰ ਸਿੰਘ ਵੱਡਾ ਹੋ ਕੇ ਇੰਡਸਟਰੀ ਦਾ ਲੀਡਰ ਬਣੇਗਾ।

ਇਕ ਵਾਕਿਆ ਯਾਦ ਆਉਂਦਾ ਹੈ ਜਦੋਂ ਸੁਰਿੰਦਰ ਦੀ ਮਿਹਰਬਾਨੀ ਦਾ ਨਿੱਜੀ ਤਜਰਬਾ ਵੀ ਹੋਇਆ। ਨਾਈਜੀਰੀਆ ਵਿੱਚ ਮੇਰੇ ਨਾਲ ਦੁਖਾਂਤ ਦੀ ਘਟਨਾ ਵਾਪਰ ਗਈ, ਜਦੋਂ ਸੁਰਿੰਦਰ ਮੇਰੀ ਮੱਦਦ ਲਈ ਬਹੁੜਿਆ। ਇਹ ਉਸ ਦੀ ਫ਼ਰਾਖ਼ਦਿਲੀ ਦੀ ਸੁੰਦਰ ਉਦਾਹਰਣ ਹੈ। ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਬੜੀ ਲਗਨ ਅਤੇ ਪ੍ਰਤਿਬੱਧਤਾ

ਨਾਲ ਨਿਭਾਉਂਦਾ ਹੈ। ਉਸ ਨੇ ਮੇਰੇ ਛੋਟੇ ਭਰਾ ਨੂੰ ਨਾਈਜੀਰੀਆ ਵਿੱਚ ਨੌਕਰੀ ਦੇ ਕੇ ਮੇਰਾ ਫ਼ਿਕਰ ਦੂਰ ਕਰ ਦਿੱਤਾ ਅਤੇ ਕੋਈ ਅਹਿਸਾਨ ਵੀ ਨਹੀਂ ਜਤਾਇਆ।

ਮੇਰਾ ਉਸ ਦੇ ਪ੍ਰੀਵਾਰ ਨਾਲ ਡੂੰਘਾ ਰਿਸ਼ਤਾ ਨਾਤਾ ਹੈ। ਉਹ ਸੱਚੀ ਮੁੱਚੀ ਪੰਜਾਬ ਦਾ ਹੀਰਾ ਹੈ ਬਲਕਿ ਸਾਰੇ ਭਾਰਤ ਦਾ ਵੀ। ਬੱਬਲਜ਼ ਉਸ ਦਾ ਸੱਚਾ ਸਹਾਰਾ ਹੈ। ਉਹ ਇਕ ਚੰਗੀ ਕਵਿੱਤਰੀ ਹੈ ਅਤੇ ਪੜ੍ਹੀ-ਲਿਖੀ ਔਰਤ ਹੈ। ਉਹ ਹਮੇਸ਼ਾਂ ਉਸ ਦੇ ਨਾਲ ਖੜ੍ਹੀ ਹੈ ਅਤੇ ਹਰੇਕ ਦੁੱਖ-ਸੁੱਖ ਦੀ ਭਾਈਵਾਲ ਹੈ।

**ਦੂਸਦੀ ਸਮੱਥਕੋਚਰਨ**: ਸੁਰਿੰਦਰ ਦਾ ਪੁਰਾਣਾ ਦੋਸਤ ਅਤੇ ਜਮਾਤੀ ਹੈ ਜਿਸ ਦੀ ਰਾਏ ਹੈ ਕਿ ਅਸੀਂ ਤਿੰਨ ਚਾਰ ਸਾਲ ਲੋਇਲਾ ਕਾਲਜ ਮਦਰਾਸ ਵਿੱਚ ਇਕੱਠੇ ਰਹੇ। ਮੈਨੂੰ ਪਹਿਲੀ ਮੁਲਾਕਾਤ ਤਾਂ ਯਾਦ ਨਹੀਂ ਪਰੰਤੂ ਇਹ ਯਾਦ ਹੈ ਕਿ ਮੈਂ ਉਸ ਦੀ ਪਗੜੀ ਅਤੇ ਖੁੱਲ੍ਹੇ-ਡੁੱਲੇ ਹਾਸੇ ਕਰਕੇ ਉਸ ਵੱਲ ਖਿੱਚਿਆ ਗਿਆ ਅਤੇ ਉਹ ਸ਼ਾਇਦ ਮੇਰੇ ਥਾਈਲੈਂਡ ਤੋਂ ਇਕੱਲਾ ਵਿਦਿਆਰਥੀ ਹੋਣ ਕਰਕੇ। ਹੋਸਟਲ ਵਿੱਚ ਮੈਂ ਯੂਰਪੀਨ ਮੈਸ ਵਿੱਚ ਖਾਣਾ ਪਸੰਦ ਕਰਦਾ ਸੀ ਕਿਉਂਕਿ ਸਰਵਿਸ ਪਲੇਟਾਂ ਵਿੱਚ ਹੁੰਦੀ ਸੀ ਜਦ ਕਿ ਇੰਡੀਅਨ ਮੈੱਸ ਵਿੱਚ ਕੇਲੇ ਦੇ ਪੱਤੇ ਉਪਰ ਭੋਜਨ ਪਰੋਸਿਆ ਜਾਂਦਾ ਸੀ। ਸੁਰਿੰਦਰ ਇੰਡੀਅਨ ਮੈੱਸ ਤੋਂ ਮੇਰੇ ਕੋਲ ਅਕਸਰ ਆ ਜਾਇਆ ਕਰਦਾ । ਇਸ ਤਰ੍ਹਾਂ ਉਹ ਖਾਣੇ ਦੀ ਕੁਆਲਟੀ ਚੈੱਕ ਕਰਦਾ ਰਹਿੰਦਾ ਅਤੇ ਸੁਧਾਰ ਬਾਰੇ ਸੋਚਦਾ ਕਿਉਂਕਿ ਉਹ ਸਾਡੀ ਕਾਲਜ ਯੂਨੀਅਨ ਦਾ ਪ੍ਰਧਾਨ ਸੀ। ਉਸ ਦੀ ਪ੍ਰਧਾਨਗੀ ਦੌਰਾਨ ਜਿੰਨੇ ਚੰਗੇ ਕੰਮ ਕਾਲਜ ਵਿੱਚ ਹੋਏ, ਉਨੇ ਪਹਿਲਾਂ ਕਦੇ ਨਹੀਂ ਸਨ ਹੋਏ। ਇਹ ਸੁਰਿੰਦਰ ਦੇ ਚੰਗੇ ਲੀਡਰ ਹੋਣ ਦੀ ਕਰਾਮਾਤ ਸੀ।

ਜਦੋਂ ਉਹ ਦੁਬਈ ਜਾ ਕੇ ਕਾਰੋਬਾਰ ਕਰਨ ਲੱਗਾ ਅਤੇ ਕਾਮਯਾਬ ਬਿਜ਼ਨੈਸਮੈਨ ਬਣ ਗਿਆ ਤਾਂ ਉਸ ਨੇ ਮੈਨੂੰ ਕਿਵੇਂ ਨਾ ਕਿਵੇਂ ਲੱਭ ਲਿਆ। ਅਸੀਂ ਫਿਰ ਇਕ ਦੂਜੇ ਨੂੰ ਚੰਗੇ ਦੋਸਤਾਂ ਵਾਂਗ ਮਿਲਣਾ ਸ਼ੁਰੂ ਕਰ ਦਿੱਤਾ। ਇਉਂ ਜਾਪਦਾ ਹੈ ਸੁਰਿੰਦਰ ਦਾ ਕੋਈ ਦੁਸ਼ਮਨ ਨਹੀਂ। ਉਹ ਲੋਕਾਂ ਦੇ ਕੰਮ ਆ ਕੇ ਖ਼ੁਸ਼ ਹੁੰਦਾ ਹੈ ਅਤੇ ਇਵਜ਼ ਵਿੱਚ ਕੁਝ ਨਹੀਂ ਭਾਲਦਾ। ਉਹ ਮੈਨੂੰ ਸੰਜੀਦਾ ਵੇਖ ਕੇ ਛੇੜਦਾ ਹੈ, 'ਤੂੰ ਇੰਨਾ ਚੁੱਪਚਾਪ ਅਤੇ ਸੋਚਵਾਨ ਕਿਉਂ ਜਾਪਦਾ ਹੈਂ ?'

ਉਹ ਕਾਰੋਬਾਰੀ ਕੰਮਾਂ ਵਿੱਚ ਮਾਹਿਰ ਹੈ। ਦੂਸਰੀ ਪਾਰਟੀ ਨੂੰ ਲੱਗਦਾ ਹੈ ਕਿ ਉਹ ਠੱਗਿਆ ਜਾ ਸਕਦਾ ਹੈ। ਉਹ ਚੁੱਪ-ਚਾਪ ਤਜਵੀਜ਼ਾਂ ਸੁਣਦਾ ਰਹਿੰਦਾ ਹੈ ਫਿਰ ਐਸੀ ਪਲਟੀ ਮਾਰਦਾ ਹੈ ਕਿ ਦੂਜੇ ਦੰਗ ਰਹਿ ਜਾਂਦੇ ਹਨ। ਅਸੀਂ ਧਾਰਮਿਕ ਮਸਲਿਆਂ ਉਪਰ ਇਕ ਦੂਜੇ ਦੇ ਪੂਰਕ ਹਾਂ ਅਤੇ ਫ਼ਾਲਤੂ ਬਹਿਸ ਵਿੱਚ ਨਹੀਂ ਉਲਝਦੇ। ਸਾਡੀ ਮੁਲਾਕਾਤ ਦਾ ਸਮਾਂ ਏਨਾ ਘੱਟ ਹੁੰਦਾ ਹੈ ਕਿ ਅਸੀਂ ਵਿਚਾਰਾਂ ਦੀ ਵਿਰੋਧਤਾ ਵਿੱਚ ਪੈਂਦੇ ਹੀ ਨਹੀਂ। ਘੁੰਮ ਫਿਰ ਕੇ ਅਤੇ ਹੱਸ ਖੇਡ ਕੇ ਸਮਾਂ ਬਤੀਤ ਕਰ ਲੈਂਦੇ ਹਾਂ।

ਸੁਰਿੰਦਰ ਸਭ ਤੋਂ ਵਧੀਆ ਪਤੀ ਹੈ ਜਿਸ ਲਈ ਹਰ ਔਰਤ ਤਮੰਨਾ ਕਰ ਸਕਦੀ ਹੈ। ਉਹ ਬੱਚਿਆਂ ਲਈ ਸਭ ਤੋਂ ਵਧੀਆ ਪਿਤਾ ਹੈ ਜੋ ਕੋਈ ਬੱਚਾ ਆਪਣੇ ਲਈ ਚਾਹੁੰਦਾ ਹੈ। ਕੰਪਨੀ ਦੇ ਮੁਲਾਜ਼ਮਾਂ ਲਈ ਸਮਝਦਾਰ 'ਬਾਸ' (Boss) ਹੈ ਜੋ ਉਹਨਾਂ ਦੇ ਉਪਰ ਭਰੋਸਾ ਰੱਖਦਾ ਹੈ। ਉਹ ਚੰਗੀ ਦੌੜ ਦਾ ਘੋੜਾ ਹੈ ਅਤੇ ਕਦੇ ਅੱਕਦਾ ਥੱਕਦਾ ਨਹੀਂ।

**ਕ੍ਰਿਸ਼ਨਾ ਭੂਪਤੀ** ਉਸ ਦਾ ਕਾਲਜ ਵੇਲੇ ਦਾ ਜਮਾਤੀ ਸੁਰਿੰਦਰ ਲਈ ਕੀ ਭਾਵਨਾ ਰੱਖਦਾ ਹੈ, ਇਸ ਵਾਕਿਆ ਤੋਂ ਪਤਾ ਚੱਲ ਜਾਵੇਗਾ: 'ਜਦੋਂ ਮੈਂ ਖਾੜੀ ਦੇ ਦੇਸ਼ਾਂ ਵਿੱਚ ਕੁਝ ਚਿਰ ਕੰਮ ਕਰਨ ਤੋਂ ਬਾਅਦ ਭਾਰਤ ਪਰਤਣ ਦੀ ਸੋਚ ਰਿਹਾ ਸਾਂ ਤਾਂ ਸੁਰਿੰਦਰ ਨੂੰ ਮੇਰੇ ਇਰਾਦੇ ਦਾ ਪਤਾ ਚੱਲ ਗਿਆ ਅਤੇ ਉਹ ਮਿਲਣ ਆ ਗਿਆ। ਉਸ ਨੇ ਮੈਨੂੰ ਚੈੱਕ ਲਿਖ ਕੇ ਦਿੱਤਾ ਅਤੇ ਕਿਹਾ ਕਿ ਇੰਨੀ ਰਕਮ ਹੋਰ ਪਾ ਕੇ ਮੈਂ ਇਥੇ ਹੀ ਆਪਣੀ ਮਨਮਰਜ਼ੀ ਦਾ ਹੋਰ ਕੋਈ ਕੰਮ ਸ਼ੁਰੂ ਕਰ ਸਕਦਾ ਹਾਂ। ਪਹਿਲਾਂ ਮੈਂ ਸੋਚਿਆ ਉਹ ਮੇਰੀ ਅਕਲ ਦਾ ਕਾਇਲ ਹੈ ਜਿਸ ਕਰਕੇ ਆਪਣਾ ਕਾਰੋਬਾਰੀ ਸਾਥੀ ਬਣਾ ਰਿਹਾ ਹੈ। ਪਰੰਤੂ ਇਹ ਮੇਰੀ ਗ਼ਲਤ ਸੋਚਣੀ ਸੀ। ਸੁਰਿੰਦਰ ਤਾਂ ਮੇਰੇ ਭਲੇ ਦੀ ਸੋਚ ਕੇ ਮੱਦਦ ਕਰ ਰਿਹਾ ਸੀ ਕਿ ਬਿਜ਼ਨੈਸ ਬਦਲਣ ਕਰਕੇ ਮੈਂ ਅਸੁਰੱਖਿਅਤ ਮਹਿਸੂਸ ਨਾ ਕਰਾਂ। ਮੈਂ ਉਸ ਦੀ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਸਾਂ।'

ਸੁਰਿੰਦਰ ਨੇ ਬਿਜ਼ਨੈਸ ਵਿੱਚ ਕਈ ਵੱਡੇ ਖ਼ਤਰੇ ਵੀ ਮੁੱਲ ਲਏ ਹਨ ਪਰੰਤੂ ਉਸ ਦਾ ਠਰ੍ਹੰਮਾ ਹਮੇਸ਼ਾਂ ਕਾਇਮ ਰਹਿੰਦਾ ਹੈ। ਉਹ ਹੋਰ ਖੇਤਰਾਂ ਵਿੱਚ ਵੀ ਅਚੰਭਾ ਪੈਦਾ ਕਰਦਾ ਹੈ। ਉਹ ਕਿਤਾਬੀ ਕੀੜਾ ਬਣ ਕੇ ਕਾਲਜ ਵਿੱਚ ਪੜ੍ਹਦਾ ਰਿਹਾ ਅਤੇ ਇਹ ਕੰਮ ਆਪਣੇ ਸਕੂਟਰ ਦੀ ਸਵਾਰੀ ਵੇਲੇ ਵੀ ਕਰਦਾ। ਕਾਲਜ ਦੀ ਹਾਕੀ ਟੀਮ ਵਿੱਚ ਉਹ ਸੈਂਟਰ-ਫ਼ਾਰਵਰਡ ਦੀ ਪੋਜੀਸ਼ਨ 'ਤੇ ਖੇਡਦਾ ਅਤੇ ਬਾਕੀ ਸਾਥੀਆਂ ਦੀ ਹੌਸਲਾ-ਅਫ਼ਜ਼ਾਈ ਕਰਦਾ ਰਹਿੰਦਾ। ਸਿਖਰ ਦੀ ਘਟਨਾ ਉਦੋਂ ਵਾਪਰੀ ਜਦੋਂ ਲੋਇਲਾ ਕਾਲਜ ਦਾ ਇਕੱਲਾ ਸਿਰਦਾਰ ਕਾਲਜ ਯੂਨੀਅਨ ਦਾ ਪ੍ਰਧਾਨ ਬਣ ਗਿਆ, ਉਹ ਵੀ ਉਸ ਸਮੇਂ ਜਦੋਂ ਤਾਮਿਲਨਾਡੂ ਵਿੱਚ ਐਂਟੀ ਹਿੰਦੀ ਬਗ਼ਾਵਤ ਚੱਲ ਰਹੀ ਸੀ। ਕਮਾਲ ਇਹ ਸੀ ਕਿ ਉਸ ਨੇ ਲੋਕਲ ਵਿਦਿਆਰਥੀ ਨੂੰ ਹਰਾਇਆ ਸੀ।

ਸਾਡੀ ਪਚਵੰਜਾਂ ਸਾਲਾਂ ਦੀ ਦੋਸਤੀ ਵਿੱਚ ਕਈ ਯਾਦ ਰੱਖਣ ਵਾਲੀਆਂ ਘਟਨਾਵਾਂ ਹਨ ਪਰੰਤੂ ਮੈਂ ਇਕ-ਅੱਧ ਦਾ ਹੀ ਹੋਰ ਜ਼ਿਕਰ ਕਰਾਂਗਾ ਕਿ ਹੋਸਟਲ ਵਿੱਚ ਰਹਿੰਦਿਆਂ ਸੁਰਿੰਦਰ ਦੀ ਹਾਕੀ ਖੇਡਦਿਆਂ ਬਾਂਹ ਟੁੱਟ ਗਈ। ਮੈਂ ਉਸ ਦੀ ਮੱਦਦ ਲਈ ਉਸ ਦੇ ਕਮਰੇ ਵਿੱਚ ਜਾਂਦਾ ਤਾਂ ਕਿ ਉਹ ਨਾਸ਼ਤਾ ਕਰਨ ਤੋਂ ਪਹਿਲਾਂ ਆਪਣੇ ਕੇਸ ਸੁਕਾ ਲਵੇ। ਫਿਰ ਮੈਂ ਉਸ ਦੇ ਸਿਰ 'ਤੇ ਪੱਗ ਬੰਨ੍ਹ ਦਿੰਦਾ। ਇਕ ਦਿਨ ਬਗ਼ੈਰ ਸੋਚੇ ਸਮਝੇ ਮੈਂ ਬੱਝੀ ਹੋਈ ਪੱਗ ਨੂੰ ਹਵਾ ਵਿੱਚ ਉਛਾਲ ਮਾਰਿਆ। ਸੁਰਿੰਦਰ ਆਪਣਾ ਗ਼ੁੱਸਾ ਤਾਂ

ਪੀ ਗਿਆ ਪਰੰਤੂ ਉਸ ਨੇ ਮੈਨੂੰ ਅੱਗੇ ਤੋਂ ਸਾਵਧਾਨ ਕਰ ਦਿੱਤਾ ਕਿ ਕਿਸੇ ਸਿਰਦਾਰ ਦੀ ਪੱਗ ਦੀ ਕੀ ਮਹੱਤਤਾ ਹੁੰਦੀ ਹੈ।

ਉਸ ਦੀ ਦਰਿਆ-ਦਿਲੀ ਦੀਆਂ ਬਹੁਤ ਉਦਾਹਰਣਾਂ ਮਿਲ ਜਾਣਗੀਆਂ। ਅਸੀਂ ਦੋਵੇਂ ਸੋਲ੍ਹਾਂ ਸਾਲ ਦੇ ਹਮ-ਉਮਰ ਅਤੇ ਹਮ-ਜਮਾਤੀ ਸਾਂ। ਉਹ ਹਾਕੀ ਦਾ ਖਿਡਾਰੀ ਸੀ ਅਤੇ ਮੈਂ ਲਾਅਨ-ਟੈਨਿਸ ਦਾ। ਜਦੋਂ ਮੈਂ ਮੈਚ ਖੇਡਣ ਲਈ ਅਮਰੀਕਾ ਪਹਿਲੀ ਵਾਰ ਜਾ ਰਿਹਾ ਸੀ ਤਾਂ ਸੁਰਿੰਦਰ ਮੈਨੂੰ ਹੋਰ ਸਾਥੀਆਂ ਨਾਲ ਵਿਦਾ ਕਰਨ ਆਇਆ। ਉਸ ਨੇ ਮੈਨੂੰ ਆਪਣੀ ਐਚ ਐਮ ਟੀ (HMT) ਦੀ ਘੜੀ ਉਤਾਰ ਕੇ ਤੋਹਫ਼ੇ ਵਜੋਂ ਦਿੱਤੀ ਅਤੇ ਕਿਹਾ ਤੇਰੇ ਕੰਮ ਆਵੇਗੀ ਸਮਾਂ ਦੇਖਣ ਲਈ। ਉਹਨਾਂ ਦਿਨਾਂ ਵਿੱਚ ਐਚ.ਐਮ.ਟੀ. ਦੀਆਂ ਘੜੀਆਂ ਬੜੇ ਸ਼ੌਂਕ ਨਾਲ ਪਹਿਨੀਆਂ ਜਾਂਦੀਆਂ ਸਨ।

**ਰੈਗ ਬਾਂਡ:** ਬਾਂਡ ਇੰਟਰਨੈਸ਼ਨਲ ਦਾ ਜੋ ਯੂ.ਕੇ. ਵਿੱਚ ਸਾਡਾ ਵਿਤਰੇਕਾ ਹੈ, ਸੁਰਿੰਦਰ ਦੀ ਵਿਆਖਿਆ ਇਕ ਸ਼ਬਦ ਰਾਹੀਂ ਕਰਦਾ ਹੈ: 'ਉਹ ਸਥਿਤੀ ਮੁਤਾਬਕ ਢਲਣਯੋਗ ਹੈ।' ਇਕ ਵਾਕਿਆ ਯਾਦ ਹੈ ਜਦੋਂ ਅਸੀਂ ਬੈਂਕਾਕ ਵਿੱਚ ਡਿਨਰ ਕਰ ਰਹੇ ਸਾਂ ਤਾਂ ਫ਼ੈਕਟਰੀ ਦੀਆਂ ਕੁੜੀਆਂ ਨਾਲ ਸ਼ੈਮਪੇਨ (Champagne) ਪੀਣ ਦਾ ਮੁਕਾਬਲਾ ਹੋ ਗਿਆ। ਮੈਂ ਇਸ ਮੁਕਾਬਲੇ ਵਿੱਚ ਸਭ ਤੋਂ ਮਾੜਾ ਨਿਕਲਿਆ।

ਮੇਰੀ ਸੁਰਿੰਦਰ ਨਾਲ ਤੀਹ ਸਾਲ ਪਹਿਲਾਂ ਰੱਬ-ਸਬੱਬੀਂ ਮੀਟਿੰਗ ਹੋ ਗਈ ਜਦੋਂ ਅਸੀਂ ਹੋਟਲ ਵਿੱਚ ਨਾਸ਼ਤਾ ਕਰਨ ਲਈ ਇੱਕੋ ਮੇਜ਼ ਉਪਰ ਬੈਠ ਗਏ। ਮੈਂ ਸ਼ਾਇਦ ਜਨਰਲ ਟਾਇਰ ਕੰਪਨੀ ਦੇ ਟ੍ਰਿੱਪ ਉਪਰ ਆਇਆ ਹੋਇਆ ਸਾਂ। ਅਸੀਂ ਪੱਕੇ ਦੋਸਤ ਬਣ ਗਏ ਅਤੇ ਜਦੋਂ ਕਦੇ ਵੀ ਅਸੀਂ ਖਾਣੇ ਦੇ ਮੇਜ਼ ਉਪਰ ਇਕੱਠੇ ਹੁੰਦੇ ਹਾਂ ਤਾਂ ਉਸ ਨੂੰ ਰੁੱਥ ਕਰਿਸ ਰੈਸਤੋਰਾਂ ਵਿੱਚ ਖਾਧੇ 'ਸਟੀਕ' (Steek) ਦੀ ਯਾਦ ਕਰਵਾਉਂਦਾ ਹਾਂ। ਮੈਂ ਉਸ ਨਾਲ ਹਰ ਕੰਮ ਵਿੱਚ ਰਜ਼ਾਮੰਦ ਹੁੰਦਾ ਹਾਂ ਸ਼ਾਇਦ ਟਾਇਰਾਂ ਦੀ ਕੀਮਤ ਉਪਰ ਨਹੀਂ, ਜੋ ਕਿ ਦੋਸਤਾਂ ਵਿੱਚ ਚੱਲਦਾ ਰਹਿੰਦਾ ਹੈ। ਮੈਂ ਉਸ ਨੂੰ ਯਾਦ ਕਰਵਾਉਂਦਾ ਹਾਂ ਕਿ ਉਹ ਆਪਣੀ ਨੁਕਤਾਚੀਨੀ ਨੂੰ ਸਹਾਰ ਲੈਂਦਾ ਹੈ। ਕਿਉਂਕਿ ਉਹ ਜਾਣਦਾ ਹੈ ਕਿ ਮੈਂ ਹਮੇਸ਼ਾਂ ਠੀਕ ਹੁੰਦਾ ਹਾਂ।

**ਡਾਕਟਰ ਗੁਰਸ਼ਰਨ ਸਿੰਘ (ਬੰਟੀ) ਅਤੇ ਡਾਕਟਰ ਮਨਿੰਦਰ ਕੌਰ (ਮਿੰਨੀ)** ਪ੍ਰੀਵਾਰ ਵਾਂਗ ਹਨ ਅਤੇ ਉਹ ਸੁਰਿੰਦਰ ਬਾਰੇ ਕੁਝ ਕਹਿਣ ਤੋਂ ਪਹਿਲਾਂ ਭਾਵੁਕ ਹੋ ਜਾਂਦੇ ਹਨ। ਬੰਟੀ ਦਾ ਕਹਿਣਾ ਹੈ ਕਿ ਸੁਰਿੰਦਰ ਵੀਰ ਜੀ ਨੂੰ ਇਕ ਸੌ ਸ਼ਬਦਾਂ ਵਿੱਚ ਬਿਆਨ ਕਰਨਾ ਅਸੰਭਵ ਹੈ। ਅਸੀਂ ਇਕ ਦੂਜੇ ਨੂੰ 1995 ਤੋਂ ਜਾਣਦੇ ਹਾਂ ਜਦੋਂ ਮੇਰੀ ਮਿੰਨੀ ਨਾਲ ਸ਼ਾਦੀ ਹੋਈ ਸੀ। ਸੁਰਿੰਦਰ ਹਮੇਸ਼ਾਂ ਹਲੀਮੀ ਵਿੱਚ ਰਹਿੰਦਾ ਹੈ ਅਤੇ ਸੱਚ ਦਾ ਸਾਥ ਦਿੰਦਾ ਹੈ। ਉਹ ਮੱਦਦ ਕਰਨ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਜਦੋਂ ਮੇਰੇ ਸਹੁਰਾ ਸਾਹਿਬ ਦੀ ਵਪਾਰਕ ਜਾਇਦਾਦ ਉਪਰ ਧੋਖੇਬਾਜ਼ ਕਿਰਾਏਦਾਰ ਨੇ ਕਬਜ਼ਾ ਕਰ ਲਿਆ

ਤਾਂ ਸੁਰਿੰਦਰ ਨੇ ਵੱਡੀ ਰਕਮ ਤਾਰ ਕੇ ਉਸ ਤੋਂ ਖਹਿੜਾ ਛੁਡਾਇਆ। ਮੈਂ ਉਸਦਾ ਇਹ ਅਹਿਸਾਨ ਕਦੀ ਨਹੀਂ ਭੁੱਲਾਂਗਾ।

ਇਕ ਵਾਰ ਮੈਂ ਕਿਸੇ ਕਾਨਫ਼ਰੰਸ ਤੋਂ ਵਾਪਸ ਪਰਤ ਰਿਹਾ ਸਾਂ ਕਿ ਵੀਰ ਜੀ ਉਸੇ ਜਹਾਜ਼ ਵਿੱਚ ਟੱਕਰ ਪਏ। ਉਹ ਬਿਜ਼ਨੈਸ ਕਲਾਸ ਵਿੱਚ ਸਫ਼ਰ ਕਰ ਰਹੇ ਸਨ ਅਤੇ ਮੇਰੀ ਸੀਟ ਇਕਾਨੋਮੀ ਕਲਾਸ ਵਿੱਚ ਸੀ। ਸਾਰਾ ਸਫ਼ਰ ਉਹ ਮੇਰੇ ਨਾਲ ਬੈਠ ਕੇ ਗੱਲਬਾਤ ਕਰਦੇ ਰਹੇ ਅਤੇ ਬਿਜ਼ਨੈਸ ਕਲਾਸ ਦੀ ਸੁੱਖ ਸਹੂਲਤ ਦਾ ਤਿਆਗ ਕਰ ਦਿੱਤਾ। ਬਹੁਤ ਘੱਟ ਲੋਕ ਇਸ ਤਰ੍ਹਾਂ ਦਾ ਵਿਉਹਾਰ ਕਰਦੇ ਹਨ। ਮੈਂ ਵੀਰ ਜੀ ਦੀ ਸਾਦਗੀ ਦਾ ਕਾਇਲ ਹੋ ਗਿਆ। ਸੰਖੇਪ ਵਿੱਚ ਕਹਿਣਾ ਹੋਵੇ ਤਾਂ ਵੀਰ ਜੀ ਸਰਬ ਗੁਣ ਸੰਪੰਨ ਹੈ।

ਸੁਰਿੰਦਰ ਦੀ ਕਜ਼ਨ (Cousin) ਮਿੰਨੀ ਦਾ ਕਹਿਣਾ ਹੈ ਕਿ ਵੀਰ ਜੀ ਨੂੰ ਮੈਂ ਹਰ ਤਰ੍ਹਾਂ ਆਪਣਾ ਭਰਾ ਮੰਨਦੀ ਹਾਂ। ਕਜ਼ਨ ਹੋਣ ਕਰਕੇ ਅਸੀਂ ਇਕੱਠੇ ਵਧੇ ਫੁੱਲੇ ਹਾਂ ਅਤੇ ਮੈਂ ਬਚਪਨ ਤੋਂ ਹੀ ਉਸ ਨੂੰ ਪਿਆਰ ਕਰਦੀ ਸਾਂ। ਇਸ ਦਾ ਇਕ ਕਾਰਨ ਤਾਂ ਸਾਡਾ ਦੋਵਾਂ ਦਾ ਸਾਂਝਾ ਜਨਮ ਦਿਨ 5 ਸਤੰਬਰ ਹੈ (ਭਾਵੇਂ ਮੈਂ ਉਮਰ ਵਿੱਚ ਵੀਰ ਜੀ ਤੋਂ 19 ਸਾਲ ਛੋਟੀ ਹਾਂ)। ਉਹ ਮੈਨੂੰ ਗੋਦੀ ਚੁੱਕ ਕੇ ਕੇਕ ਕੱਟਣ ਲਈ ਕਹਿੰਦਾ। ਵੱਡੇ ਹੋ ਕੇ ਅਸੀਂ ਅਲਹਿਦਾ ਹੋ ਗਏ ਪਰੰਤੂ ਜਨਮ ਦਿਨ 'ਤੇ ਵੀਰ ਜੀ ਦੀਆਂ ਮੁਬਾਰਕਾਂ ਮਿਲ ਜਾਂਦੀਆਂ ਹਨ। ਜਦੋਂ ਮੈਂ ਡਾਕਟਰੀ ਦੀ ਪੜ੍ਹਾਈ ਕਰਦੀ ਸੀ ਤਾਂ ਮੇਰਾ ਮੂਡ ਠੀਕ ਕਰਨ ਲਈ ਵੀਰ ਜੀ ਦਾ ਫ਼ੋਨ ਆ ਜਾਂਦਾ। ਉਹ ਮੈਨੂੰ ਛੇੜਦੇ ਹੋਏ ਕਹਿੰਦੇ, 'ਡਾਕਟਰ, ਲੋਕਾਂ ਦੀਆਂ ਜੇਬਾਂ ਕੱਟਣੀਆਂ ਕਦੋਂ ਸ਼ੁਰੂ ਕਰੇਂਗੀ।'

ਵੀਰ ਜੀ ਦੇ ਕਈ ਖ਼ਾਸ ਲੱਛਣ ਹਨ। ਉਹ ਸਚਿਆਈ ਨੂੰ ਸਭ ਤੋਂ ਵੱਧ ਮਾਨਤਾ ਦਿੰਦੇ ਹਨ ਅਤੇ ਮਾਇਆ ਤੋਂ ਨਿਰਮੋਹ ਅਤੇ ਨਿਰਲੇਪ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਉਪਰ ਭਾਈ ਗੁਰਦਾਸ ਦਾ ਕਥਨ ਢੁੱਕਦਾ ਹੈ : 'ਗੁਰਸਿਖੁ ਮਾਇਆ ਵਿਚਿ ਉਦਾਸੀ'। ਹੁਣ ਉਹ 70 ਸਾਲ ਦਾ ਹੋ ਗਿਆ ਹੈ। ਯਕੀਨ ਨਹੀਂ ਆਉਂਦਾ ਕਿ ਵੀਰ ਜੀ ਏਨੀ ਸਖ਼ਤ ਮਿਹਨਤ ਕਿਵੇਂ ਕਰ ਲੈਂਦੇ ਹਨ। ਅੱਜ ਕੱਲ੍ਹ ਵੀਰ ਜੀ ਦਾ ਰੁਝਾਨ ਆਪਣੇ ਤਜਰਬੇ ਅਤੇ ਹੋਰ ਵਿਸ਼ਿਆਂ ਬਾਰੇ ਲਿਖਣ ਲਈ ਹੈ।

**ਐਂਡਰੀਊ ਵਿਟਲਾ** (Andrew Whitelaw) ਦਾ ਕਹਿਣਾ ਹੈ ਕਿ ਮੈਂ ਸੁਰਿੰਦਰ ਨੂੰ ਪਹਿਲੀ ਵਾਰ ਗੋਲਫ਼ ਕਲੱਬ ਵਿਚ ਉਸਤਾਦ ਦੇ ਤੌਰ 'ਤੇ ਮਿਲਿਆ ਅਤੇ ਫਿਰ ਇਹ ਸਿਲਸਿਲਾ ਕਈ ਸਾਲ ਤੱਕ ਚੱਲਦਾ ਰਿਹਾ, ਮੇਰਾ ਗੋਲਫ਼ ਦਾ ਡਾਇਰੈਕਟਰ ਅਤੇ ਬਾਅਦ ਵਿੱਚ ਕਲੱਬ ਦਾ ਜਨਰਲ ਮੈਨੇਜਰ ਬਣਨ ਕਰਕੇ। ਉਸ ਦੀ ਦਰਿਆ-ਦਿਲੀ ਦੀ ਪ੍ਰਸਿੱਧੀ ਕਾਇਮ ਹੈ ਅਤੇ ਉਹ ਗੋਲਫ਼ ਕਲੱਬ ਦੇ ਸਟਾਫ਼ ਦੀ ਬਿਹਤਰੀ ਲਈ ਸਭ ਤੋਂ ਅੱਗੇ ਹੋ ਕੇ ਮੱਦਦ ਕਰਦਾ ਹੈ। ਉਸ ਨਾਲ ਗੋਲਫ਼ ਕੋਰਸ 'ਤੇ ਹੋਈਆਂ ਮੀਟਿੰਗਾਂ ਵਿਚ ਫ਼ਾਲਡੋ ਕੋਰਸ 'ਤੇ ਹੋਈ ਘਟਨਾ ਬਹੁਤ ਹੀ ਦਿਲਚਸਪ ਹੈ। ਉਸ ਨੇ ਮੈਨੂੰ ਇੰਡੀਅਨ

ਰਸੋਈ ਦੇ ਸਵਾਦੀ ਖਾਣਿਆਂ ਨਾਲ ਜਾਣ-ਪਹਿਚਾਣ ਕਰਵਾਈ ਹੈ ਜਿਸ ਦਾ ਜ਼ਾਇਕਾ ਮੈਂ ਕਦੇ ਨਹੀਂ ਭੁੱਲ ਸਕਦਾ।

**ਆਰ ਪ੍ਰਸਾਦ** ਲੋਇਲਾ ਕਾਲਜ ਵਿੱਚ ਸੁਰਿੰਦਰ ਦਾ ਜਮਾਤੀ ਹੋਇਆ ਕਰਦਾ ਸੀ (1964-67) ਜੋ ਉਸ ਦੇ ਕਈ ਚਿਹਰਿਆਂ ਬਾਰੇ ਜਾਣਦਾ ਹੈ ।ਸੁਰਿੰਦਰ ਵਿਦਿਆਰਥੀ ਜੀਵਨ ਦੌਰਾਨ ਵੀ ਆਪਣੇ ਮਾਪਿਆਂ, ਭਰਾਵਾਂ, ਭੈਣਾਂ ਅਤੇ ਚਾਚੇ-ਚਾਚੀਆਂ ਨਾਲ ਚੰਗਾ ਸਲੂਕ ਕਰਦਾ ਸੀ। ਬਾਅਦ ਵਿੱਚ ਆਪਣੀ ਪਤਨੀ ਅਤੇ ਬੱਚਿਆਂ ਨਾਲ ਵੀ ਚੰਗੇ ਪਤੀ ਅਤੇ ਬਾਪ ਵਾਂਗ ਪੇਸ਼ ਆਉਂਦਾ ਰਿਹਾ ਹੈ। ਜੋ ਮੈਨੂੰ ਰੀਪੋਰਟ ਮਿਲੀ ਹੈ ਉਸ ਤੋਂ ਸਪਸ਼ਟ ਹੁੰਦਾ ਹੈ ਕਿ ਸੁਰਿੰਦਰ ਧਾਰਮਿਕ ਬੰਦਾ ਹੈ ਅਤੇ ਲੋੜਵੰਦਾਂ ਦੀ ਮਾਇਕ ਸਹਾਇਤਾ ਵੀ ਕਰਦਾ ਹੈ। ਉਹ ਆਪਣੇ ਕਾਰੋਬਾਰ ਵਿੱਚ ਰੁੱਝਿਆ ਹੋਣ ਦੇ ਬਾਵਜੂਦ ਵੀ ਕੁਝ ਚੋਣਵੇਂ ਦੋਸਤਾਂ ਨਾਲ ਸੰਬੰਧ ਕਾਇਮ ਰੱਖਦਾ ਹੈ।

ਅਸੀਂ 1964 ਵਿੱਚ ਲੋਇਲਾ ਕਾਲਜ ਦੇ ਬੀ.ਕਾਮ. ਕੋਰਸ ਵਿੱਚ ਦਾਖ਼ਲ ਹੋਏ ਸਾਂ ਅਤੇ ਇੱਕੋ ਬੈਂਚ 'ਤੇ ਬੈਠਣ ਦਾ ਮੌਕਾ ਮਿਲਿਆ। ਉਹਨਾਂ ਦਿਨਾਂ ਦੀਆਂ ਯਾਦਾਂ ਅਸੀਂ ਮਿਲ ਕੇ ਸਾਂਝੀਆਂ ਕਰਦੇ ਹਾਂ। ਸੁਰਿੰਦਰ ਮਾਸਾਹਾਰੀ ਹੈ ਅਤੇ ਮੈਂ ਸ਼ਾਕਾਹਾਰੀ ਹਾਂ। ਜਦੋਂ ਉਹ ਮੇਰੇ ਪਾਸ ਮਾਦੂਰਾਈ (Madurai) ਆਇਆ ਤਾਂ ਮੈਨੂੰ ਛੁਰੀ ਕਾਂਟੇ ਦੀ ਵਰਤੋਂ ਸਿਖਾ ਗਿਆ।

ਸੁਰਿੰਦਰ ਈਮਾਨਦਾਰ ਅਤੇ ਪੂਰਾ ਖਰਾ ਬੰਦਾ ਹੈ। ਇਕ ਵਾਰ ਉਸ ਨੇ ਆਪਣੇ ਦਿਲ ਦੀ ਗੱਲ ਮੇਰੇ ਨਾਲ ਸਾਂਝੀ ਕੀਤੀ, ਜਦੋਂ ਅਸੀਂ ਚਨੱਈ ਡਿਨਰ ਕਰ ਰਹੇ ਸਾਂ। ਜਦੋਂ ਉਹ ਪਹਿਲੀ ਵਾਰ ਬੱਚਿਆਂ ਨੂੰ ਮਿਲਣ ਲਈ ਲੰਡਨ ਦੇ ਬੋਰਡਿੰਗ ਸਕੂਲ ਗਿਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਸ ਨੇ ਆਪਣੇ ਪੁੱਤਰਾਂ ਨੂੰ ਦੂਰ ਕਰ ਦਿੱਤਾ ਹੈ। ਮੈਂ ਉਸ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਉਹ ਇਕ ਕਾਮਯਾਬ ਬਿਜ਼ਨੈਸਮੈਨ ਬਣ ਕੇ ਵੀ ਮੇਰੇ ਨਾਲ ਦੋਸਤੀ ਰੱਖਦਾ ਹੈ ਅਤੇ ਜਦੋਂ ਚਨੱਈ ਆਉਂਦਾ ਹੈ ਤਾਂ ਸੰਪਰਕ ਕਾਇਮ ਕਰਦਾ ਹੈ।

**ਮਾਰਕ ਸਟੀਵਨਸਨ** (Mark Stevenson) ਕਹਿੰਦਾ ਹੈ ਕਿ ਸੁਰਿੰਦਰ ਵੀਹ ਸਾਲਾਂ ਤੋਂ ਮੇਰਾ ਕਾਰੋਬਾਰੀ ਸਾਥੀ, ਬਾਸ (Boss) ਅਤੇ ਦੋਸਤ ਬਣਿਆ ਚਲਿਆ ਆ ਰਿਹਾ ਹੈ ।'ਮੈਂ ਸੁਰਿੰਦਰ ਨੂੰ ਪਹਿਲੀ ਵਾਰ ਅਣ-ਕਿਆਸੇ ਤਰੀਕੇ ਨਾਲ ਮਿਲਿਆ। ਮੇਰੀ ਪੁਰਾਣੀ ਕੰਪਨੀ ਦਾ 'ਅਲ ਦੋਬੋਈ' ਗਰੁੱਪ ਨਾਲ ਸਾਂਝਾ ਕਾਰੋਬਾਰ ਸੀ। ਮੈਂ ਆਪਣੇ ਅਮਰੀਕਨ ਪਰੈਜ਼ੀਡੈਂਟ ਨਾਲ ਸਫ਼ਰ ਕਰ ਰਿਹਾ ਸਾਂ ਜਦੋਂ ਉਸ ਨੇ ਮੈਨੂੰ ਇਕ ਅਣਜਾਣੇ ਸਿੱਖ ਨਾਲ ਮਿਲਾਇਆ। ਉਸ ਨੇ ਮੈਨੂੰ ਕਿਹਾ, 'ਤੂੰ ਬ੍ਰਿਟਿਸ਼ ਹੈਂ ਅਤੇ ਉਹ ਇੰਡੀਅਨ ਹੈ ਅਤੇ ਤੁਹਾਡੀ ਆਪਸ ਵਿੱਚ ਖ਼ੂਬ ਬਣੇਗੀ ਕਿਉਂਕਿ ਤੁਹਾਡੇ ਦੋਹਾਂ ਦੇ ਦੇਸ਼ਾਂ ਵਿਚਕਾਰ ਡੂੰਘਾ ਇਤਿਹਾਸਕ ਸਬੰਧ ਰਿਹਾ ਹੈ।'

ਇਸ ਮੁਲਾਕਾਤ ਨੂੰ ਵੀਹ ਸਾਲ ਬੀਤ ਗਏ ਹਨ ਅਤੇ ਅਸੀਂ ਸਾਂਝਾ ਕਾਰੋਬਾਰ ਕਰਦੇ ਹੋਏ ਚੰਗੇ ਦੋਸਤ ਵੀ ਬਣ ਕੇ ਰਹੇ ਹਾਂ। ਮੈਂ ਇਸ ਸਿੱਖ ਸਿਰਦਾਰ ਨਾਲ ਆਪਣੀ ਅਚਨਚੇਤ ਮੀਟਿੰਗ ਨੂੰ ਸਭ ਤੋਂ ਵੱਧ ਅਹਿਮੀਅਤ ਦਿੰਦਾ ਹਾਂ। ਕੇਵਲ ਮੇਰੀ ਪਤਨੀ ਨਾਲ ਹੋਈ ਪਹਿਲੀ ਮੀਟਿੰਗ ਇਸ ਤੋਂ ਉਪਰ ਮੰਨੀ ਜਾ ਸਕਦੀ ਹੈ। ਇਸ ਤੋਂ ਵੱਧ ਮੈਂ ਹੋਰ ਕੀ ਕਹਿ ਸਕਦਾ ਹਾਂ ਸੁਰਿੰਦਰ ਬਾਰੇ।

ਸੁਰਿੰਦਰ ਦੇ ਬਹੁਤ ਗੁਣ ਹਨ ਅਤੇ ਉਹ ਅਜੇ ਵੀ ਵਿਰਾਸਤੀ ਕਦਰਾਂ-ਕੀਮਤਾਂ ਸਾਂਭੀ ਰੱਖਦਾ ਹੈ। ਉਹ ਬਿਜ਼ਨੈਸ ਵਿੱਚ ਸਮਰਪਣ ਅਤੇ ਵਿਸ਼ਵਾਸ ਦੀ ਭਾਵਨਾ ਨੂੰ ਤਰਜੀਹ ਦਿੰਦਾ ਹੈ ਕਿਉਂਕਿ ਇਹ ਉਸ ਦੇ ਜੀਵਨ ਦਾ ਅਸੂਲ ਬਣ ਚੁੱਕੇ ਹਨ। ਉਹ ਆਪਣੇ ਕਾਰੋਬਾਰੀ ਸਾਥੀਆਂ ਅਤੇ ਗਾਹਕਾਂ ਨਾਲ ਇਸ ਤਰ੍ਹਾਂ ਪੇਸ਼ ਆਉਂਦਾ ਹੈ ਕਿ ਉਹ ਉਸਦੇ ਮੁਰੀਦ ਬਣ ਜਾਂਦੇ ਹਨ। ਉਹ ਅਕਸਰ ਕਹਿੰਦਾ ਹੈ : 'ਜੇਕਰ ਤੁਸੀਂ ਬਿਜ਼ਨੈਸ ਵਿੱਚ ਅੱਗੇ ਨਹੀਂ ਵੱਧ ਰਹੇ ਤਾਂ ਸਮਝੋ ਕਿ ਤੁਸੀਂ ਪੱਤਣ ਵੱਲ ਜਾ ਰਹੇ ਹੋ।' ਉਸ ਦੇ ਖ਼ੂਨ ਵਿੱਚ ਬਿਜ਼ਨੈਸ ਜਮਾਂਦਰੂ ਗੁਣ ਹੈ ਅਤੇ ਉਹ ਕਿਸੇ ਚੰਗੇ ਮੌਕੇ ਨੂੰ ਖੁੰਝਣ ਨਹੀਂ ਦਿੰਦਾ।

ਸੁਰਿੰਦਰ ਇਕ ਵਾਰ ਮੇਰੀ ਫ਼ੈਕਟਰੀ ਵੇਖਣ ਆਇਆ। ਉਹ ਮਸ਼ੀਨਾਂ ਵੇਖਣ ਦੀ ਬਜਾਏ ਪਹਿਲਾਂ ਫ਼ੈਕਟਰੀ ਦੇ ਟਾਇਲਟ ਵੇਖਣ ਗਿਆ। ਉਸ ਨੇ ਮੈਨੂੰ ਦੱਸਿਆ ਕਿ ਉਹ ਫ਼ੈਕਟਰੀ ਦੇ ਕੰਮ ਦੀ ਕੁਆਲਟੀ ਅਤੇ ਕਾਮਿਆਂ ਦੀ ਭਲਾਈ ਟਾਇਲਟ ਵੇਖ ਕੇ ਜੱਜ ਕਰ ਲੈਂਦਾ ਹੈ। ਮੈਂ ਉਸ ਦੀ ਰਾਏ ਨਾਲ ਸਹਿਮਤੀ ਰੱਖਦਾ ਹਾਂ। ਮੈਂ ਤੇ ਸੁਰਿੰਦਰ ਹਮ-ਉਮਰ ਹਾਂ ਅਤੇ ਨਵੀਂ ਪੀੜ੍ਹੀ ਉਪਰ ਤਨਜ਼ ਕਰਦੇ ਹਾਂ।

ਸੁਰਿੰਦਰ ਨਾਲ ਸਫ਼ਰ ਕਰਨਾ ਮਜ਼ੇਦਾਰ ਅਤੇ ਦਿਲਚਸਪ ਤਜਰਬਾ ਹੁੰਦਾ ਹੈ। ਕੁਝ ਸਾਲ ਪਹਿਲਾਂ ਅਸੀਂ ਦੋਵੇਂ ਚੀਨ ਦੀ ਯਾਤਰਾ ਲਈ ਗਏ ਤਾਂ ਕਿ ਉਥੇ ਕਾਰੋਬਾਰ ਸ਼ੁਰੂ ਕੀਤਾ ਜਾ ਸਕੇ। ਚੀਨ ਦੀ ਰਵਾਇਤ ਹੈ ਕਿ ਆਪਣੇ ਕਾਰੋਬਾਰੀ ਸਾਥੀ ਨਾਲ ਬਿਜ਼ਨੈਸ ਦਾ ਸੌਦਾ ਕਰਨ ਲਈ ਡਿਨਰ ਉਪਰ 'ਟੋਸਟ' (Toast) ਪੇਸ਼ ਕੀਤਾ ਜਾਂਦਾ ਹੈ। ਅਸੀਂ ਦੋਵੇਂ ਮਜਬੂਰੀ ਵੱਸ ਸ਼ਰਾਬ ਗਟਾਕਦੇ ਰਹੇ ਅਤੇ ਸੌਣ ਲਈ ਹੋਟਲ ਪਰਤ ਆਏ। ਸਵੇਰੇ ਨਾਸ਼ਤੇ ਉਪਰ ਮੈਂ ਤਾਂ ਅਜੇ ਉਨੀਂਦਰੇ ਦਾ ਝੰਬਿਆ ਹੋਇਆ ਸਾਂ ਅਤੇ ਖਾਣ ਨੂੰ ਮਨ ਨਹੀਂ ਸੀ ਕਰਦਾ ਪਰੰਤੂ ਸੁਰਿੰਦਰ ਤਿਆਰ-ਬਰ-ਤਿਆਰ ਹੋ ਕੇ ਮੀਟਿੰਗ ਲਈ ਤਿਆਰ ਹੋ ਚੁੱਕਾ ਸੀ ਅਤੇ ਆਮਲੇਟ ਵਾਲਾ ਪੂਰਾ ਨਾਸ਼ਤਾ ਕਰ ਰਿਹਾ ਸੀ। ਮੈਂ ਸਮਝ ਗਿਆ ਕਿ ਉਸ ਦਾ ਪੇਟ ਲੋਹੇ ਦਾ ਬਣਿਆ ਹੈ ਅਤੇ ਉਹ ਮੁਸ਼ਕਲ ਸਥਿਤੀਆਂ ਨੂੰ ਵੀ ਸਹਿਜ ਸੁਭਾਅ ਹੈਂਡਲ ਕਰ ਸਕਦਾ ਹੈ।

**ਅਰਸ਼ੀ ਚੱਢਾ ਅਤੇ ਸਿਮਰਨ ਚੱਢਾ:** ਸਮਾਂ ਉਡਦਾ ਜਾ ਰਿਹਾ ਹੈ। ਮੈਨੂੰ ਯਾਦ ਹੈ ਜਦੋਂ 1970 ਦੇ ਅਖ਼ੀਰ ਜਾਂ 1971 ਦੇ ਸ਼ੁਰੂ ਵਿੱਚ ਮੈਂ ਹੈਦਰਾਬਾਦ ਏਅਰਪੋਰਟ 'ਤੇ ਉਤਰੀ ਸਾਂ। ਇਹ ਲਫ਼ਜ਼ਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ ਕਿ ਸੁਰਿੰਦਰ ਮੇਰਾ ਇਕ

ਖ਼ਾਸਮ ਖ਼ਾਸ ਭਰਾ ਹੈ। ਇਸ ਅੰਧੇਰੀ ਦੁਨੀਆਂ ਵਿੱਚ ਉਹ ਮੇਰੇ ਲਈ ਚਾਨਣ ਮੁਨਾਰਾ ਹੈ। ਜਦੋਂ ਮੈਨੂੰ ਕੁਝ ਸੁੱਝਦਾ ਨਹੀਂ ਕਿ ਕੀ ਕਰਾਂ ਤਾਂ ਸੁਰਿੰਦਰ ਮੇਰੀ ਮੱਦਦ ਕਰ ਕੇ ਅਗਵਾਈ ਕਰਦਾ ਹੈ। ਅਸੀਂ ਸਾਰੇ ਉਸ ਨੂੰ ਦਿਲੋਂ ਪਿਆਰ ਕਰਦੇ ਹਾਂ।

ਮੈਨੂੰ ਉਸ ਨੇ ਬਿਜ਼ਨੈਸ ਕਰਨ ਦਾ ਤੌਰ-ਤਰੀਕਾ ਸਿਖਾਇਆ ਜੋ ਮੇਰੇ ਕੰਮ ਆਇਆ। ਉਹ ਕਿਸੇ ਨੂੰ ਨਾਂਹ ਨਹੀਂ ਕਰਦਾ ਅਤੇ ਜੀਵਨ ਵਿੱਚ ਪਾਜ਼ਿਟਿਵ ਰਵੱਈਆ ਰੱਖਦਾ ਹੈ। ਉਹ ਕਿਸੇ ਕੰਮ ਨੂੰ ਪੂਰਾ ਕਰਨ ਲਈ ਜਨੂੰਨ ਦੀ ਹੱਦ ਤੱਕ ਚਲਾ ਜਾਂਦਾ ਹੈ ਅਤੇ ਦੁਬਈ ਦਾ ਗੁਰਦਵਾਰਾ ਇਸ ਦੀ ਜਿਉਂਦੀ ਜਾਗਦੀ ਉਦਾਹਰਣ ਹੈ।

**ਸਿਰੀਨਿਵਾਸ ਰਾਜਕੁਮਾਰ** : ਲੋਇਲਾ ਕਾਲਜ ਦਾ ਸਾਥੀ ਹੈ ਜਿਸ ਦਾ ਕਹਿਣਾ ਹੈ ਕਿ ਸਾਡਾ ਸਬੰਧ ਪੰਜਾਹ ਸਾਲ ਪੁਰਾਣਾ ਹੈ ਜੋ ਲੋਇਲਾ ਕਾਲਜ ਤੋਂ ਸ਼ੁਰੂ ਹੋਇਆ ਅਤੇ ਅੱਜ ਤੱਕ ਕਾਇਮ ਹੈ। ਕਿਸਮਤ ਦਾ ਐਸਾ ਖੇਲ ਸਮਝੋ ਕਿ ਅਸੀਂ ਦੋਵੇਂ ਆਪੋ-ਆਪਣੇ ਕਾਰੋਬਾਰ ਕਰਨ ਲਈ ਦੁਬਈ ਆ ਪਹੁੰਚੇ।

ਕਾਲਜ ਦੇ ਦਿਨਾਂ ਦੀ ਗੱਲ ਕਰੀਏ ਤਾਂ ਸੁਰਿੰਦਰ ਇਕੱਲਾ ਸਿਰਦਾਰ ਹੋਣ ਦੇ ਬਾਵਜੂਦ ਤਾਮਿਲਨਾਡੂ ਦੇ ਇਕ ਮੰਨੇ ਪ੍ਰਮੰਨੇ ਕਾਲਜ ਦੀ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ ਚੁਣਿਆ ਗਿਆ। ਇਹ ਉਸ ਦੀ ਲੀਡਰਸ਼ਿਪ ਦੇ ਗੁਣਾਂ ਦੀ ਮਿਸਾਲ ਹੈ। ਅਸੀਂ ਹੈਰਾਨ ਸਾਂ ਕਿ ਇਕ ਵੱਖਰੀ ਪਹਿਚਾਣ ਦਾ ਬੰਦਾ ਜੋ ਲੋਕਲ ਭਾਸ਼ਾ ਤੋਂ ਵੀ ਅਣਜਾਣ ਹੈ ਕਿਵੇਂ ਏਨੀ ਵੱਡੀ ਜਿੱਤ ਪ੍ਰਾਪਤ ਕਰ ਗਿਆ।

ਇਕ ਯਾਦ, ਜੋ ਹਮੇਸ਼ਾਂ ਮੇਰੇ ਜ਼ਿਹਨ ਵਿੱਚ ਰਹਿੰਦੀ ਹੈ, ਦਾ ਜ਼ਿਕਰ ਕਰਨਾ ਬਣਦਾ ਹੈ। ਸੁਰਿੰਦਰ ਪੱਕਾ ਸਿੱਖ ਹੋਣ ਕਰਕੇ ਆਪਣੇ ਧਾਰਮਿਕ ਅਕੀਦੇ ਕਾਰਨ ਹਰ ਰੋਜ਼ ਪਗੜੀ ਬੰਨ੍ਹਿਆ ਕਰਦਾ ਸੀ। ਉਸ ਪਾਸ ਕਈ ਰੰਗਾਂ ਦੀਆਂ ਪਗੜੀਆਂ ਸਨ। ਹੋਸਟਲ ਦੇ ਕਿਊਬੀਕਲ (Cubicle) ਕਮਰੇ ਬਹੁਤ ਛੋਟੇ ਸਨ ਜਿਸ ਕਰਕੇ ਪੱਗ ਧੋ ਕੇ ਸੁਕਾਉਣੀ ਔਖੀ ਸੀ। ਅਸੀਂ ਹਰ ਰੋਜ਼ ਉਸ ਦੀ ਮੱਦਦ ਕਰਦੇ। ਬਰਾਂਡੇ ਵਿੱਚ ਰੰਗ ਬਰੰਗੀਆਂ ਪੱਗਾਂ ਦਾ ਨਜ਼ਾਰਾ ਦਿਲ ਨੂੰ ਮੋਹ ਲੈਂਦਾ ਸੀ।

ਚਾਲ੍ਹੀ ਸਾਲ ਪਹਿਲਾਂ ਜਦੋਂ ਮੈਂ ਦੁਬਈ ਵਿੱਚ ਬਿਜ਼ਨੈਸ ਕਰਨ ਆਇਆ ਤਾਂ ਮੇਰੀ ਸੁਰਿੰਦਰ ਤੋਂ ਬਗ਼ੈਰ ਕੋਈ ਹੋਰ ਜਾਣ-ਪਹਿਚਾਣ ਨਹੀਂ ਸੀ। ਉਸ ਨੇ ਹਰ ਕਦਮ 'ਤੇ ਮੇਰੀ ਅਗਵਾਈ ਕੀਤੀ ਅਤੇ ਹੌਂਸਲਾ ਵਧਾਇਆ। ਮੈਂ ਉਸ ਦਾ ਸ਼ੁਕਰੀਆ ਅਦਾ ਕਰਦਾ ਹਾਂ।

**ਜੁਨੇਦ ਆਦਿਲ** ਦਾ ਕਹਿਣਾ ਹੈ ਕਿ ਮੈਂ ਬਾਰਾਂ ਸਾਲ ਪਹਿਲਾਂ ਦੁਬਈ ਛੱਡ ਕੇ ਅਮਰੀਕਾ ਚਲਾ ਗਿਆ ਅਤੇ ਚਾਰ ਜਾਂ ਪੰਜ ਵਾਰੀ ਉਸ ਨੂੰ ਮਿਲਿਆ ਹੋਵਾਂਗਾ। ਇਕ ਵਾਰ ਜਦੋਂ ਮੈਂ ਦੁਬਈ ਆ ਕੇ ਸੁਰਿੰਦਰ ਨੂੰ ਫ਼ੋਨ ਕੀਤਾ ਤਾਂ ਉਹ ਜ਼ਿੱਦ ਕਰਨ ਲੱਗਾ ਕਿ ਤੂੰ ਸ਼ਾਮ ਨੂੰ ਸਾਡੀ ਪਾਰਟੀ ਵਿੱਚ ਆ ਕੇ ਮਿਲ। ਮੇਰੇ ਬਹਾਨਿਆਂ ਦਾ ਉਸ ਉਪਰ ਕੋਈ

ਅਸਰ ਨਾ ਹੋਇਆ ਅਤੇ ਮੈਨੂੰ ਜਾਣਾ ਪਿਆ। ਮੈਂ ਅਤੇ ਮੇਰਾ ਦੋਸਤ ਇੰਟਰਕਾਨ ਹੋਟਲ ਵਿੱਚ ਪਹੁੰਚ ਗਏ ਜਿੱਥੇ ਉਹ ਆਪਣੀ ਕੰਪਨੀ ਦੇ ਮੁਲਾਜ਼ਮਾਂ ਨੂੰ ਦਾਅਵਤ ਦੇ ਰਿਹਾ ਸੀ। ਮਸਰੂਫ਼ ਹੋਣ ਦੇ ਬਾਵਜੂਦ ਉਸ ਨੇ ਮੇਰੇ ਲਈ ਸਮਾਂ ਕੱਢਿਆ ਅਤੇ ਹਾਲ ਚਾਲ ਪੁੱਛਦਾ ਰਿਹਾ। ਮੈਨੂੰ ਹੈਰਾਨੀ ਹੋਈ ਜਦੋਂ ਉਸ ਨੇ ਕੰਪਨੀ ਦੇ ਮੁਲਾਜ਼ਮਾਂ ਨਾਲ ਜਾਣ-ਪਹਿਚਾਣ ਕਰਵਾਉਣ ਤੋਂ ਬਾਅਦ ਮੇਰੇ ਹੱਥੋਂ ਇਨਾਮ ਦਿਵਾਏ ਅਤੇ ਮੇਰਾ ਖ਼ਾਸ ਤੌਰ 'ਤੇ ਸਵਾਗਤ ਕੀਤਾ ਗਿਆ।

ਮੇਰੀ ਸੁਰਿੰਦਰ ਨਾਲ ਵਾਕਫ਼ੀ ਪੰਜਾਹ ਸਾਲ ਪੁਰਾਣੀ ਹੈ। ਉਸ ਨੇ ਪੇਸ਼ਕਸ਼ ਕੀਤੀ ਕਿ ਪੰਜਾਹ ਸਾਲਾ ਬਰਸੀ 2018 ਵਿੱਚ ਰਲ ਕੇ ਮਨਾਈ ਜਾਵੇਗੀ। ਇਕ ਅਜੀਬੋ-ਗ਼ਰੀਬ ਵਾਕਿਆ ਯਾਦ ਆਇਆ ਹੈ। ਬਹੁਤ ਸਾਲ ਪਹਿਲਾਂ ਮੈਂ ਅਤੇ ਸੁਰਿੰਦਰ ਰੋਮਾਨੀਆਂ ਦੀ ਰਾਜਧਾਨੀ ਬੁੱਕਾਰੈਸਟ ਗਏ। ਜਦੋਂ ਅਸੀਂ ਹੋਟਲ ਦੀ ਬਾਰ 'ਤੇ ਡਰਿੰਕ ਲੈ ਰਹੇ ਸਾਂ ਤਾਂ ਇਕ ਰੋਮਾਨੀਅਨ ਕੁੜੀ ਸਾਡੇ ਕੋਲ ਆ ਕੇ ਕਹਿੰਦੀ : 'ਕੀ ਤੁਸੀਂ ਮੇਰਾ ਰਾਜ ਕਪੂਰ ਦੀ ਫ਼ਿਲਮ ਦਾ ਇਕ ਹਿੰਦੀ ਗਾਣਾ ਸੁਣ ਸਕਦੇ ਹੋ?' ਅਸੀਂ ਹਾਂ ਕਰ ਦਿੱਤੀ। ਜਦੋਂ ਉਹ ਗਾ ਰਹੀ ਸੀ ਤਾਂ ਅਸੀਂ ਹੈਰਾਨ ਹੋ ਰਹੇ ਸਾਂ ਕਿ ਉਸ ਦੀ ਭਾਸ਼ਾ ਅਤੇ ਲਹਿਜਾ ਬਿਲਕੁਲ ਰਾਜਕਪੂਰ ਵਰਗਾ ਹੀ ਸੀ।

**ਭਰਤ ਧਾਬੋਲਕਰ** ਕੰਧਾਰੀ ਪ੍ਰੀਵਾਰ ਦਾ ਇਕ ਖ਼ਾਸ ਹਿੱਸਾ ਬਣ ਚੁੱਕਾ ਹੈ ਅਤੇ ਉਸ ਦੀਆਂ ਖਰੀਆਂ ਗੱਲਾਂ ਕੁਝ ਇਸ ਤਰ੍ਹਾਂ ਹਨ ਕਿ ਐਲਫ਼ਿਨਸਟਨ ਕਾਲਜ ਬੰਬਈ ਵਿੱਚ ਇਕ ਸੋਹਣੀ ਸੁਨੱਖੀ ਅਤੇ ਹੁਸ਼ਿਆਰ ਕੁੜੀ ਗਰਿੰਦਰ ਕੌਰ ਪੜ੍ਹਿਆ ਕਰਦੀ ਸੀ। ਕਾਲਜ ਦੇ ਲਗਭਗ ਅੱਧੇ ਮੁੰਡੇ ਉਸ ਦੇ ਹੁਸਨ ਦੇ ਦੀਵਾਨੇ ਸਨ ਪਰੰਤੂ ਉਹ ਆਪਣੇ ਪਿਆਰ ਦਾ ਇਜ਼ਹਾਰ ਕਰਨ ਤੋਂ ਗੁਰੇਜ਼ ਕਰਦੇ ਸਨ। ਕਾਰਨ ਸਪੱਸ਼ਟ ਸੀ ਉਹ ਕਿਸੇ ਸਰਦਾਰਨੀ ਨਾਲ ਪੰਗਾ ਲੈਣ ਨੂੰ ਤਿਆਰ ਨਹੀਂ ਸਨ ਅਤੇ ਇਸ ਤੋਂ ਵੀ ਵੱਧ ਜਦੋਂ ਉਹ ਸਰਦਾਰਨੀ ਇਮਪੋਰਟਡ ਫ਼ੀਅਟ ਕਾਰ 'ਤੇ ਸਵਾਰ ਹੋ ਕੇ ਕਾਲਜ ਆਉਂਦੀ ਹੋਵੇ।

ਇਕ ਦਿਨ ਕਾਲਜ ਦੀ ਕੰਟੀਨ ਵਿੱਚ ਉਚਾ, ਲੰਮਾ ਅਤੇ ਸੁਨੱਖਾ ਸਿਰਦਾਰ ਮੁੰਡਾ ਗਰਿੰਦਰ ਨੂੰ ਮਿਲਣ ਆਇਆ (ਸਾਡੇ ਲਈ ਉਹ ਗਰਿੰਦਰ ਹੈ ਜੋ ਨਾਮ ਉਸ ਲਈ ਢੁੱਕਵਾਂ ਹੈ, ਬੱਬਲਜ਼ ਸਾਨੂੰ ਓਪਰਾ ਲੱਗਦਾ ਹੈ)। ਫਿਰ ਉਸ ਦਾ ਆਉਣਾ-ਜਾਣਾ ਲੱਗਾ ਰਿਹਾ। ਸਾਨੂੰ ਕਿਆਸ ਹੋ ਗਿਆ ਕਿ ਇਹ ਸਿਰਦਾਰ ਗਰਿੰਦਰ ਦਾ ਮੰਗੇਤਰ ਹੈ। ਅਸੀਂ ਸਾਰੇ ਸੁਰਿੰਦਰ ਨੂੰ ਨਫ਼ਰਤ ਕਰਨ ਲੱਗੇ ਕਿਉਂਕਿ ਉਹ ਸਾਡੇ ਕਾਲਜ ਦੀ ਸਭ ਤੋਂ ਸੋਹਣੀ ਕੁੜੀ ਨੂੰ ਵਿਆਹ ਕੇ ਲੈ ਜਾਵੇਗਾ। ਅਖ਼ੀਰ ਉਹ ਦਿਨ ਵੀ ਆ ਗਿਆ ਜਦੋਂ ਇਹਨਾਂ ਦੋਨਾਂ ਦੀ ਸ਼ਾਦੀ ਹੋ ਗਈ ਅਤੇ ਅਸੀਂ ਹੱਕੇ ਬੱਕੇ ਰਹਿ ਗਏ।

ਕੁਝ ਸਾਲਾਂ ਬਾਅਦ ਮੈਂ ਸੁਰਿੰਦਰ ਨੂੰ ਮਿਲਿਆ ਅਤੇ ਕਾਲਜ ਦੇ ਦਿਨਾਂ ਦੇ ਸਾਰੇ ਗਿਲੇ-ਸ਼ਿਕਵੇ ਮਿੰਟਾਂ ਸਕਿੰਟਾਂ ਵਿੱਚ ਦੂਰ ਹੋ ਗਏ। ਜਦੋਂ ਉਹ ਬੰਬਈ ਆਉਂਦੇ ਤਾਂ ਮੈਨੂੰ

ਮਿਲਣ ਦਾ ਮੌਕਾ ਮਿਲ ਜਾਂਦਾ। ਮੈਂ ਉਸ ਦੇ ਚੰਗੇ ਸੁਭਾਅ ਅਤੇ ਚਰਿੱਤਰ ਦੇ ਗੁਣਾਂ ਤੋਂ ਇੰਨਾ ਪ੍ਰਭਾਵਿਤ ਹੋਇਆ ਹਾਂ ਕਿ ਮੈਂ ਸੋਚਦਾ ਹਾਂ ਕਿ ਜੇਕਰ ਮੇਰੀ ਆਪਣੀ ਧੀ ਹੁੰਦੀ ਤਾਂ ਸੁਰਿੰਦਰ ਵਰਗਾ ਮੁੰਡਾ ਲੱਭਦਾ। ਸੁਰਿੰਦਰ ਆਪਣਾ ਜਨਮ ਦਿਨ ਗੋਲਡਨ ਟੈਂਪਲ ਪਹੁੰਚ ਕੇ ਮਨਾਉਂਦਾ ਹੈ। ਉਹ ਧਾਰਮਿਕ ਬਿਰਤੀ ਵਾਲਾ ਬੰਦਾ ਹੈ ਅਤੇ ਉਸ ਨੇ ਮੱਧ ਪੂਰਬੀ ਦੇਸ਼ਾਂ ਦੇ ਐਨ ਵਿਚਕਾਰ ਦੁਨੀਆਂ ਦਾ ਸਭ ਤੋਂ ਸੁੰਦਰ ਗੁਰਦਵਾਰਾ ਕਾਇਮ ਕਰ ਦਿੱਤਾ ਹੈ।

ਸੁਰਿੰਦਰ ਦੁਬਈ ਦਾ ਕਾਮਯਾਬ ਬਿਜ਼ਨੈਸਮੈਨ ਬਣ ਚੁੱਕਾ ਹੈ। ਉਸ ਦੇ ਵਤੀਰੇ ਵਿੱਚ ਕਾਰੋਬਾਰੀਆਂ ਵਾਲੀ ਹੈਂਕੜ ਨਹੀਂ। ਉਹ ਬਹੁਤ ਹੀ ਸੰਵੇਦਨਸ਼ੀਲ ਬੰਦਾ ਹੈ ਜੋ ਕਿਸੇ ਦਾ ਦਰਦ ਵੇਖ ਕੇ ਸਹਿ ਨਹੀਂ ਸਕਦਾ। ਉਸ ਦੀਆਂ ਅੱਖਾਂ ਵਿੱਚ ਅੱਥਰੂ ਝਲਕ ਪੈਂਦੇ ਹਨ। ਹੋਰ ਮੈਂ ਕੀ ਕਹਿ ਸਕਦਾ ਹਾਂ? ਸੁਰਿੰਦਰ ਮੇਰੇ ਦੋਸਤ ਅੱਜ ਅਸੀਂ ਤੈਨੂੰ ਓਨਾ ਹੀ ਪਿਆਰ ਕਰਦੇ ਹਾਂ ਜਿੰਨਾ ਤੈਨੂੰ ਕਾਲਜ ਦੇ ਦਿਨਾਂ ਵਿੱਚ ਨਫ਼ਰਤ ਕਰਨ ਲੱਗ ਪਏ ਸਾਂ ਕਿਉਂਕਿ ਤੂੰ ਸਾਡੀ ਹੀਰ ਨੂੰ ਵਿਆਹ ਕੇ ਲੈ ਗਿਆ ਸੀ।

**ਅੰਜੂ ਕੰਧਾਰੀ** ਜੋ ਕੰਧਾਰੀ ਪ੍ਰੀਵਾਰ ਵਿੱਚ ਵੱਡੀ ਨੂੰਹ ਬਣ ਕੇ ਆਈ ਸੀ ਕੁਝ ਇਸ ਤਰ੍ਹਾਂ ਕਹਿ ਰਹੀ ਹੈ: ਅੱਜ ਤੋਂ ਚੌਦਾਂ ਸਾਲ ਪਹਿਲਾਂ ਮੈਂ ਇਸ ਦੁਰਲੱਭ ਇਨਸਾਨ ਨੂੰ ਮਿਲੀ। ਉਦੋਂ ਉਹ ਮੇਰਾ ਸਹੁਰਾ ਸਾਹਿਬ ਸੀ ਅੱਜ ਉਹ ਮੇਰਾ ਪਿਤਾ ਬਣ ਚੁੱਕਾ ਹੈ ਜੋ ਆਪਣੇ ਪਿਆਰ ਅਤੇ ਸਤਿਕਾਰ ਨਾਲ ਸਾਡੀ ਹੌਂਸਲਾ-ਅਫ਼ਜ਼ਾਈ ਕਰ ਰਿਹਾ ਹੈ। ਸਾਡਾ ਮੇਲ ਤਾਂ ਵਿਆਹ ਤੋਂ ਬਾਅਦ ਹੋਇਆ ਪਰੰਤੂ ਮੇਰਾ ਓਪਰਾਪਨ ਜਲਦੀ ਹੀ ਦੂਰ ਹੋ ਗਿਆ ਜਦੋਂ ਪਾਪਾ ਦੀ ਮਿਲਣਸਾਰ ਰੁਚੀ ਨੇ ਸਾਰੇ ਡਰ ਦੂਰ ਕਰ ਦਿੱਤੇ। ਪਾਪਾ ਜੀ ਜੀਵਨ ਦੇ ਹਰ ਖੇਤਰ ਵਿੱਚ ਇਕ ਕਾਮਯਾਬ ਇਨਸਾਨ ਹਨ। ਉਹ ਆਪਣੀ ਕਾਮਯਾਬੀ ਉਪਰ ਫ਼ਖ਼ਰ ਮਹਿਸੂਸ ਕਰਦੇ ਹਨ ਪਰੰਤੂ ਹੈਂਕੜਬਾਜ਼ ਨਹੀਂ ਬਣੇ। ਉਹ ਹਰ ਇਕ ਦੀ ਗੱਲ ਸੁਣਦੇ ਹਨ। ਅਸੀਂ ਕਹਿੰਦੇ ਹਾਂ ਕਿ ਤੁਸੀਂ ਛੁੱਟੀਆਂ ਦਾ ਅਨੰਦ ਮਾਣੋ ਪਰੰਤੂ ਉਹ ਸਾਡੀ ਇਕ ਨਹੀਂ ਸੁਣਦੇ। ਜਦੋਂ ਕੋਈ ਲੋਕ-ਹਿਤੈਸ਼ੀ ਕੰਮ ਆ ਜਾਵੇ ਤਾਂ ਉਹ ਝੱਟ ਤਿਆਰ ਹੋ ਕੇ ਲੋੜਵੰਦ ਦੀ ਸਹਾਇਤਾ ਲਈ ਪਹੁੰਚ ਜਾਂਦੇ ਹਨ। ਉਹ ਕਹਿੰਦੇ ਹਨ ਕਿ ਹਰ ਬੰਦੇ ਵਿੱਚ ਰੱਬ ਵੱਸਦਾ ਹੈ ਅਤੇ ਬੰਦੇ ਨੂੰ ਨਾਰਾਜ਼ ਕਰਨਾ ਰੱਬ ਨੂੰ ਨਾਰਾਜ਼ ਕਰਨਾ ਹੈ।

ਪਾਪਾ ਜੀ ਹੁਣ ਵਧੇਰੇ ਲੋਕ-ਭਲਾਈ ਦੇ ਕੰਮਾਂ ਵਿੱਚ ਲੱਗੇ ਹੋਏ ਹਨ। ਉਹਨਾਂ ਦੀ ਇਸ ਐਕਟੀਵਿਟੀ ਕਰ ਕੇ ਕੰਧਾਰੀ ਪ੍ਰੀਵਾਰ ਦਾ ਮਾਨ-ਸਤਿਕਾਰ ਵਧਿਆ ਹੈ। ਉਹ ਲੋਕ-ਭਲਾਈ ਦੇ ਕੰਮ ਨਿਸ਼ਕਾਮ ਹੋ ਕੇ ਕਰਦੇ ਹਨ ਅਤੇ ਫੋਕੀ ਵਾਹ-ਵਾਹ ਖੱਟਣ ਲਈ ਨਹੀਂ ਕਰਦੇ। ਉਹਨਾਂ ਦਾ ਰੁਟੀਨ ਸਵੇਰੇ ਸ਼ੁਰੂ ਹੋ ਜਾਂਦਾ ਹੈ ਅਤੇ ਘਰ ਪਰਤਣ ਤੋਂ ਪਹਿਲਾਂ ਸਾਰੇ ਕੰਮ ਨਿਪਟਾ ਕੇ ਮੁੜਦੇ ਹਨ। ਇਹੋ ਕਾਰਨ ਹੈ ਕਿ ਉਹ ਰਾਤ ਭਰ ਗੂੜ੍ਹੀ ਨੀਂਦ ਦਾ ਅਨੰਦ ਮਾਣ ਸਕਦੇ ਹਨ।

ਸਿੱਖਾਂ ਲਈ ਦੁਬਈ ਵਿੱਚ ਕੋਈ ਧਾਰਮਿਕ ਸਥਾਨ ਨਹੀਂ ਸੀ। ਪਾਪਾ ਨੇ ਭੱਜ ਨੱਠ ਕਰਕੇ ਇਹ ਕੰਮ ਨੇਪਰੇ ਚਾੜ੍ਹਿਆ ਹੈ ਅਤੇ ਇੰਡੀਅਨ ਲੋਕਾਂ ਲਈ ਗੁਰਦਵਾਰਾ ਕਾਇਮ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਪਾਪਾ ਜੀ ਅਮਨ ਦੇ ਅਲੰਬੜਦਾਰ ਹਨ ਅਤੇ ਹਰ ਸਾਲ ਵਿਸ਼ਵ ਅਮਨ ਦਿਨ ਗੁਰਦਵਾਰੇ ਵਿੱਚ ਮਨਾਉਂਦੇ ਹਨ। ਔਖੇ ਸਮੇਂ ਉਹ ਪ੍ਰਮਾਤਮਾ ਉਪਰ ਭਰੋਸਾ ਰੱਖਦੇ ਹਨ। ਆਪਣੇ ਪੋਤਰਿਆਂ ਨੂੰ ਸਿਖਾਉਂਦੇ ਹਨ ਕਿ ਦਿਨ ਦੀ ਸ਼ੁਰੂਆਤ ਤੋਂ ਪਹਿਲਾਂ ਕਹੋ, 'ਗੁੱਡ ਮਾਰਨਿੰਗ ਗਾਡ, ਥੈਂਕੂ ਗਾਡ ਅਤੇ ਲਵ ਯੂ ਗਾਡ'। ਸੰਖੇਪ ਵਿੱਚ ਇਹ ਫ਼ਾਰਮੂਲਾ ਪਾਪਾ ਜੀ ਦੇ ਜੀਵਨ ਦਾ ਰਾਜ਼ ਹੈ।

**ਦਰਸ਼ਨ ਕੋਹਲੀ :** ਸੁਰਿੰਦਰ ਦੀ ਭੈਣ ਹੈ ਜੋ ਉਸ ਨੂੰ ਅੰਦਰੋਂ-ਬਾਹਰੋਂ ਪੂਰੀ ਤਰ੍ਹਾਂ ਜਾਣਦੀ ਹੈ। ਉਸ ਦਾ ਕਹਿਣਾ ਹੈ ਕਿ ਸੁਰਿੰਦਰ ਸਾਡੇ ਸਾਰੇ ਅੱਠਾਂ ਭੈਣਾਂ ਭਰਾਵਾਂ ਤੋਂ ਵੱਡਾ ਹੈ। ਅਸੀਂ ਪੰਜ ਭੈਣਾਂ ਅਤੇ ਤਿੰਨ ਭਰਾ ਹਾਂ। ਉਹ ਸਾਡੇ ਸਾਰਿਆਂ ਲਈ ਇਕ ਰੋਲ-ਮਾਡਲ ਹੈ। ਉਹ ਬਹੁਤ ਭਾਵੁਕ ਕਿਸਮ ਦਾ ਬੰਦਾ ਹੈ। ਜਦੋਂ ਉਹ ਕਾਲਜ ਵਿਚ ਦਾਖ਼ਲ ਹੋ ਕੇ ਸਾਥੋਂ ਦੂਰ ਚਲਾ ਗਿਆ ਤਾਂ ਮੈਨੂੰ ਹੋਸਟਲ ਵਿੱਚੋਂ ਖ਼ਤ ਲਿਖਦਾ ਰਹਿੰਦਾ। ਇਕ ਵਾਰ ਉਸ ਨੇ ਲਿਖ ਭੇਜਿਆ, 'ਮੈਂ ਖ਼ੂਨ ਸੇ ਲਿਖਤਾ ਹੂੰ, ਸਿਆਹੀ ਮੱਤ ਸਮਝਣਾ।'

ਕਾਲਜ ਦੇ ਦਿਨਾਂ ਵਿੱਚ ਆਪਣੇ ਬਾਕੀ ਸਾਥੀਆਂ ਤੋਂ ਉਲਟ ਉਹ ਧਰਮ ਵੱਲ ਰੁਝਾਨ ਰੱਖਦਾ ਸੀ। ਛੁੱਟੀਆਂ ਵਿੱਚ ਉਹ ਆਪਣੇ ਦਾਦਾ ਜੀ ਦੇ ਨਾਲ ਗੁਰਧਾਮਾਂ ਦੀ ਯਾਤਰਾ ਕਰਿਆ ਕਰਦਾ ਸੀ। ਉਹ ਦੁਬਈ ਵਿੱਚ ਜਾਣਿਆ-ਪਹਿਚਾਣਿਆ ਚਿਹਰਾ ਬਣ ਚੁੱਕਾ ਹੈ ਜੋ ਉਸ ਦੇ ਬਿਜ਼ਨੈਸ ਦੀ ਚੜ੍ਹਤ ਕਰਕੇ ਹੋਇਆ ਹੈ। ਹੁਣ ਗੁਰਦਵਾਰੇ ਦੀ ਸਥਾਪਤੀ ਉਸ ਦੇ ਜੀਵਨ ਦਾ ਟੀਚਾ ਪੂਰਾ ਕਰਨ ਵਾਲੀ ਗੱਲ ਹੈ।

ਬੱਬਲਜ਼ ਮੇਰੀ ਪਿਆਰੀ ਭਰਜਾਈ ਹੈ ਜੋ ਸੁਰਿੰਦਰ ਲਈ ਤਾਕਤ ਦਾ ਥੰਮ੍ਹ ਬਣ ਗਈ ਹੈ। ਦਰਅਸਲ, ਉਸ ਦੇ ਵਿਆਹ ਤੋਂ ਪਹਿਲਾਂ ਕੁੜੀ ਨੂੰ ਪਸੰਦ ਕਰਨ ਵਾਲਿਆਂ ਵਿੱਚ ਮੈਂ ਵੀ ਸ਼ਾਮਲ ਸਾਂ। ਮੈਂ ਆਪਣੇ ਪਿਤਾ ਜੀ ਅਤੇ ਚਾਚੀ ਜੀ ਦੇ ਨਾਲ ਬੱਬਲਜ਼ ਨੂੰ ਵੇਖਣ ਬੰਬਈ ਗਈ। ਸਾਡੇ ਸਾਰਿਆਂ ਨੇ ਉਸ ਨੂੰ ਇਕਦਮ ਪਸੰਦ ਕਰ ਲਿਆ ਸੀ।

**ਤਨਵੀਰ ਕਾਂਜੀ :** ਤਨਵੀਰ ਦੁਬਈ ਦਾ ਵਿਗਿਆਪਨ ਗੁਰੂ ਹੈ ਅਤੇ ਉਹ ਸੁਰਿੰਦਰ ਨੂੰ ਪਿਛਲੇ ਚਾਲ੍ਹੀ ਸਾਲਾਂ ਤੋਂ ਜਾਣਦਾ ਹੈ। ਤਨਵੀਰ ਦਾ ਕਹਿਣਾ ਹੈ ਕਿ ਅਸੀਂ ਦੋਵੇਂ ਦੁਬਈ ਵਿੱਚ ਨਵੇਂ ਪਹੁੰਚੇ ਸਾਂ ਅਤੇ ਆਪਣੇ ਬਿਜ਼ਨੈਸ ਸ਼ੁਰੂ ਕਰਨ ਲਈ ਜੱਦੋ-ਜਹਿਦ ਕਰ ਰਹੇ ਸਾਂ। ਅਸੀਂ ਚੰਗੇ ਦੋਸਤ ਬਣ ਗਏ ਬਲਕਿ 'ਫ਼ੈਮਿਲੀ ਫ਼ਰੈਂਡਜ਼'।

ਨਵੇਂ ਬਣੇ ਅਮੀਰਾਂ ਤੋਂ ਉਲਟ ਸੁਰਿੰਦਰ ਆਪਣੇ ਦੋਸਤਾਂ, ਕੰਪਨੀ ਦੇ ਮੁਲਾਜ਼ਮਾਂ ਅਤੇ ਸਮਾਜਿਕ ਬੰਦਿਆਂ ਨਾਲ ਹਲੀਮੀ ਨਾਲ ਪੇਸ਼ ਆਉਂਦਾ ਹੈ। ਉਹ ਧਾਰਮਿਕ ਅਕੀਦੇ ਵਾਲਾ ਬੰਦਾ ਹੈ ਅਤੇ ਅੰਤਰ-ਧਾਰਮਿਕ ਇਕਸੁਰਤਾ (Interfaith Harmony) ਵਿੱਚ ਵਿਸ਼ਵਾਸ ਰੱਖਦਾ ਹੈ ਜੋ ਸਮਾਜ ਦੇ ਭਲੇ ਲਈ ਇਕ ਜ਼ਰੂਰੀ ਮੁੱਦਾ ਹੈ। ਸੁਰਿੰਦਰ ਵਰਗੇ

ਬਹੁਤ ਘੱਟ ਬੰਦੇ ਹਨ ਜੋ ਸਮੇਂ ਦੀ ਰੇਤ ਉਪਰ ਆਪਣੀ ਪੈੜ ਦੇ ਨਿਸ਼ਾਨ ਛੱਡ ਕੇ ਜਾਂਦੇ ਹਨ। ਮੇਰੀ ਪਤਨੀ ਪ੍ਰਭਾ ਅਤੇ ਮੈਂ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦੇ ਹਾਂ ਕਿ ਸਾਡੀ ਸੁਰਿੰਦਰ ਅਤੇ ਬੱਬਲਜ਼ ਨਾਲ ਪ੍ਰੀਵਾਰਿਕ ਦੋਸਤੀ ਹੈ।'

**ਅਸ਼ੋਕ ਸਰਦਾਨਾ** : ਆਪਣੀਆਂ ਯਾਦਾਂ ਤਾਜ਼ੀਆਂ ਕਰਦਿਆਂ ਹੋਇਆਂ ਕਹਿੰਦੇ ਹਨ ਕਿ ਮੈਨੂੰ ਯਾਦ ਹੈ ਜਦੋਂ 1979 ਵਿੱਚ ਮੈਂ ਸੁਰਿੰਦਰ ਦਾ ਬੀਮਾ ਕਰਨ ਉਸ ਦੇ ਸ਼ੋ-ਰੂਮ ਵਿੱਚ ਫ਼ੋਨ ਕਰ ਕੇ ਪਹੁੰਚਿਆ ਸੀ। ਸਾਡੀ ਭਾਵੇਂ ਇਹ ਪਹਿਲੀ ਮੁਲਾਕਾਤ ਸੀ ਪਰੰਤੂ ਸੁਰਿੰਦਰ ਨੇ ਤੁਰੰਤ ਪੰਜਾਹ ਹਜ਼ਾਰ ਡਾਲਰ ਦੀ ਪਾਲਸੀ ਖ਼ਰੀਦ ਲਈ ਜੋ ਉਸ ਵੇਲੇ ਬਹੁਤ ਵੱਡੀ ਪਾਲਸੀ ਮੰਨੀ ਜਾਂਦੀ ਸੀ। ਜਦੋਂ ਮੈਂ ਕੰਟੀਨੈਂਟਲ ਕੰਪਨੀ ਸ਼ੁਰੂ ਕਰਨ ਦੀ ਤਿਆਰੀ ਕਰ ਰਿਹਾ ਸੀ ਅਤੇ ਅਸੀਂ ਰਾਇਲ ਅਬਜ਼ਾਰ ਹੋਟਲ ਵਿੱਚ ਅਚਨਚੇਤ ਲੰਚ 'ਤੇ ਮਿਲੇ ਸੀ। ਸੁਰਿੰਦਰ ਨੇ ਕਿਹਾ, 'ਤੂੰ ਕੰਪਨੀ ਸ਼ੁਰੂ ਕਰ, ਮੈਂ ਤੇਰਾ ਪਹਿਲਾ ਗਾਹਕ ਬਣਾਂਗਾ।' ਅੱਜ ਅਸੀਂ ਮੱਧ ਪੂਰਬ (Middle East) ਵਿੱਚ ਸਭ ਤੋਂ ਵੱਡੀ ਕੰਪਨੀ ਦੇ ਮਾਲਕ ਹਾਂ।

ਸੁਰਿੰਦਰ ਦੀਆਂ ਸਾਲਾਨਾ ਦੀਵਾਲੀ ਪਾਰਟੀਆਂ ਤਿੰਨ ਦਹਾਕਿਆਂ ਤੋਂ ਧੁੰਮਾਂ ਪਾ ਰਹੀਆਂ ਹਨ। ਦਸ ਨਵੰਬਰ ਨੂੰ ਦੀਵਾਲੀ ਪਾਰਟੀ ਸੀ ਜੋ ਮੇਰਾ ਜਨਮ ਦਿਨ ਹੈ। ਸੁਰਿੰਦਰ ਨੇ ਮੇਰੇ ਲਈ ਕੇਕ ਮੰਗਵਾ ਕੇ ਮੇਰੇ ਜਨਮ ਦਿਨ ਦੀ ਖ਼ੁਸ਼ੀ ਮਨਾਈ ਜੋ ਸਾਡੇ ਸਭ ਲਈ ਇਕ ਅਚੰਭਾ ਸੀ। ਅਜੇਹੇ ਦੋਸਤ ਦੁਨੀਆਂ ਵਿੱਚ ਘੱਟ ਹੀ ਮਿਲਦੇ ਹਨ ਜੋ ਦੂਜੇ ਦੀ ਖ਼ੁਸ਼ੀ ਨੂੰ ਆਪਣੀ ਸਮਝਣ।

ਜਦੋਂ ਮੇਰੇ ਪੁੱਤਰ ਅਕਸ਼ੇ ਦੀ ਸ਼ਾਦੀ ਜੈਪੁਰ ਹੋਣੀ ਮਿਥੀ ਗਈ ਤਾਂ ਮੈਂ ਆਪਣੀ ਪਤਨੀ ਨੂਤਨ ਨੂੰ ਕਿਹਾ, 'ਸੁਰਿੰਦਰ ਅਤੇ ਬੱਬਲਜ਼ ਇੰਨੇ ਥੋੜੇ ਨੋਟਿਸ ਉਪਰ ਸ਼ਾਦੀ ਵਿੱਚ ਸ਼ਾਮਲ ਨਹੀਂ ਹੋਣਗੇ।' ਅਸੀਂ ਹੈਰਾਨ ਰਹਿ ਗਏ ਜਦੋਂ ਸੁਰਿੰਦਰ ਨੇ ਦੱਸਿਆ ਕਿ ਉਹ ਤਾਂ ਜੈਪੁਰ ਦੀਆਂ ਦੋ ਟਿਕਟਾਂ ਵੀ ਖ਼ਰੀਦ ਚੁੱਕੇ ਹਨ। ਉਹ ਸ਼ਾਦੀ ਵਿੱਚ ਸ਼ਾਮਲ ਹੋਏ ਅਤੇ ਸਾਡੇ ਨਾਲ ਆਪਣੀ ਮਿੱਤਰਤਾ ਅਤੇ ਪਿਆਰ ਸਾਂਝਾ ਕੀਤਾ।

**ਗੁਨੀਤਾ ਚੱਢਾ** ਵੀ ਸੁਰਿੰਦਰ ਦੀ ਰਿਸ਼ਤੇਦਾਰ ਹੈ ਜੋ ਕਹਿਣਾ ਚਾਹੁੰਦੀ ਹੈ ਕਿ ਸੁਰਿੰਦਰ ਵੀਰ ਜੀ ਮੇਰੇ ਵੱਡੇ ਭਰਾ ਵਾਂਗ ਹਨ ਜੋ ਖੁੱਲ੍ਹ-ਦਿਲੀ ਅਤੇ ਦਿਆਨਤਦਾਰੀ ਦੀ ਮੂਰਤੀ ਹਨ। ਉਸ ਨੇ ਸਿੱਧ ਕਰ ਦਿੱਤਾ ਹੈ ਕਿ ਕਾਮਯਾਬੀ ਉਹਨਾਂ ਦੇ ਕਦਮ ਚੁੰਮਦੀ ਹੈ ਜੋ ਪਾਜ਼ਿਟਿਵ ਸੋਚ ਨਾਲ ਪਾਜ਼ਿਟਿਵ ਐਕਸ਼ਨ ਵਿੱਚ ਯਕੀਨ ਰੱਖਦੇ ਹਨ। ਉਹ ਵਾਰਤਾਲਾਪ ਕਰਨ ਵਿੱਚ ਮਾਹਿਰ ਹੈ ਅਤੇ ਆਪਣੇ ਹਾਸਰਸੀ ਅੰਦਾਜ਼ ਵਿੱਚ ਤੁਹਾਨੂੰ ਕੀਲ ਕੇ ਰੱਖਦਾ ਹੈ। ਉਸ ਦੀ ਇਕ ਹੋਰ ਖ਼ੂਬੀ ਹੈ ਕਿ ਉਹ ਹਰ ਕੰਮ ਵਿੱਚ ਮੁਹਾਰਤ ਰੱਖਦਾ ਹੈ, ਚਾਹੇ ਬਿਜ਼ਨੈਸ ਹੋਵੇ ਜਾਂ ਕੋਈ ਹੋਰ ਦੁਨਿਆਵੀ ਕੰਮ-ਕਾਜ । ਨਾ-ਮੁਮਕਿਨ ਸ਼ਬਦ ਉਸ ਦੀ ਡਿਕਸ਼ਨਰੀ ਵਿੱਚ ਨਹੀਂ ਮਿਲਦਾ ਜਿਸ ਦੀ ਇਕ ਮਿਸਾਲ ਹੇਠਾਂ ਪੇਸ਼ ਕਰ ਰਹੀ ਹਾਂ।

1996 ਵਿੱਚ ਮੈਂ ਦੁਬਈ ਦਾ ਸਫ਼ਰ ਕੀਤਾ ਅਤੇ ਏਅਰਪੋਰਟ 'ਤੇ ਜਾ ਉਤਰੀ। ਇਮੀਗ੍ਰੇਸ਼ਨ ਕਾਊਂਟਰ 'ਤੇ ਪਹੁੰਚੀ ਤਾਂ ਉਹ ਕਹਿਣ ਲੱਗੇ ਕਿ ਮੇਰਾ ਪਾਸਪੋਰਟ ਤਾਂ ਖ਼ਤਮ ਹੋ ਚੁੱਕਾ ਹੈ। ਨਵਾਂ ਪਾਸਪੋਰਟ ਬਣਾਉਣ ਲਈ ਮੈਨੂੰ ਅਗਲੀ ਵਾਪਸੀ ਉੜਾਨ 'ਤੇ ਇੰਡੀਆ ਵਾਪਸ ਜਾਣਾ ਪਵੇਗਾ। ਜਦੋਂ ਸੁਰਿੰਦਰ ਵੀਰ ਜੀ ਨੂੰ ਮੇਰੀ ਸਮੱਸਿਆ ਦਾ ਪਤਾ ਲੱਗਾ ਤਾਂ ਝੱਟ ਹਰਕਤ ਵਿੱਚ ਆ ਗਏ। ਉਹਨਾਂ ਇੰਡੀਅਨ ਕੌਂਸਲ ਜਨਰਲ ਨੂੰ ਇਤਲਾਹ ਭੇਜ ਕੇ ਮੇਰੇ ਪਾਸਪੋਰਟ ਦੀ ਮਿਆਦ ਵਧਾ ਦਿੱਤੀ ਅਤੇ ਇੰਮੀਗ੍ਰੇਸ਼ਨ ਕਾਊਂਟਰ 'ਤੇ ਹੀ ਮੇਰਾ ਮਸਲਾ ਹੱਲ ਹੋ ਗਿਆ । ਕੀ ਕੋਈ ਹੋਰ ਅਜਿਹਾ ਉਪਰਾਲਾ ਕਰ ਸਕਦਾ ਹੈ?'

**ਅਮਨ ਚੱਢਾ** ਉਸ ਦੀ ਪਤਨੀ ਦਾ ਛੋਟਾ ਭਰਾ ਹੋਣ ਕਰਕੇ ਸਾਲਾ ਲੱਗਦਾ ਹੈ। ਉਸ ਦੇ ਵਿਚਾਰ ਵਿੱਚ ਸੁਰਿੰਦਰ ਇਕ ਚਾਹਵਾਨ ਗੋਲਫ਼ਰ ਹੈ, ਧਾਰਮਿਕ ਬੰਦਾ ਹੈ ਅਤੇ ਦੋਸਤਾਂ ਦਾ ਦੋਸਤ ਹੈ। ਉਹ ਆਪਣੇ ਬਿਜ਼ਨੈਸ ਦਾ ਮਾਹਿਰ ਹੈ ਅਤੇ ਮਿੱਥੇ ਹੋਏ ਦਿਸਹੱਦੇ ਉਤੇ ਪਹੁੰਚ ਕੇ ਹੀ ਸਾਹ ਲੈਂਦਾ ਹੈ। ਆਪਣੀ ਕੰਪਨੀ ਦੇ ਮੁਲਾਜ਼ਮਾਂ ਨੂੰ ਟਾਰਗੈਟ (Target) ਹਾਸਲ ਕਰਨ ਲਈ ਪ੍ਰੇਰਦਾ ਹੈ ਅਤੇ ਲੋੜ ਪੈਣ 'ਤੇ ਖਿਚਾਈ ਵੀ ਕਰਦਾ ਹੈ।

2016 ਵਿੱਚ ਉਹ ਜਰਮਨੀ ਜਾ ਰਿਹਾ ਸੀ। ਏਅਰਪੋਰਟ ਪਹੁੰਚ ਕੇ ਪਤਾ ਲੱਗਿਆ ਕਿ ਉਸ ਦਾ ਪਾਸਪੋਰਟ ਗੁੰਮ ਗਿਆ ਹੈ। ਉਸ ਨੂੰ ਵਾਪਸ ਭੇਜਿਆ ਗਿਆ ਤਾਂ ਕਿ ਇੰਡੀਆ ਜਾ ਕੇ ਆਪਣਾ ਨਵਾਂ ਪਾਸਪੋਰਟ ਤਿਆਰ ਕਰਵਾ ਸਕੇ। ਉਸ ਦਾ ਮੰਨਣਾ ਸੀ ਕਿ ਇੰਡੀਅਨ ਨੌਕਰਸ਼ਾਹੀ ਬਹੁਤ ਢਿੱਲੀ ਹੈ ਅਤੇ ਕੰਮ ਲਟਕਾ ਦੇਵੇਗੀ। ਹੋਇਆ ਇਸ ਦੇ ਉਲਟ, ਪਾਸਪੋਰਟ ਤਾਂ ਕੁਝ ਦਿਨਾਂ ਵਿੱਚ ਬਣ ਕੇ ਆ ਗਿਆ ਪਰੰਤੂ ਯੂ.ਏ.ਈ. ਐਂਬੈਸੀ ਵਾਲਿਆਂ ਨੇ ਵੀਜ਼ਾ ਦੇਣ ਵਿੱਚ ਕਈ ਦਿਨ ਚੱਕਰ ਲਗਵਾਏ। ਸੁਰਿੰਦਰ ਹਰ ਰੋਜ਼ ਸਵੇਰੇ ਤਿਆਰ ਹੋ ਕੇ ਸਾਮਾਨ ਪੈਕ ਕਰਦਾ ਅਤੇ ਸ਼ਾਮ ਨੂੰ ਫਿਰ ਖੋਲ੍ਹਦਾ। ਉਹ ਬਹੁਤ ਪਰੇਸ਼ਾਨ ਸੀ ਕਿ ਦੁਬਈ ਕੰਪਨੀ ਦਾ ਨੁਕਸਾਨ ਹੋ ਰਿਹਾ ਹੈ। ਉਸ ਦੇ ਦਿਲ ਪ੍ਰਚਾਵੇ ਲਈ ਹੈਦਰਾਬਾਦੀ 'ਹਿਮਾਇਤ' ਅੰਬਾਂ ਨਾਲ ਸੇਵਾ ਕੀਤੀ ਜਾ ਰਹੀ ਸੀ, ਜੋ ਉਸ ਨੂੰ ਬਹੁਤ ਪਸੰਦ ਹਨ। ਆਖ਼ਰ ਵੀਜ਼ਾ ਮਿਲ ਗਿਆ ਅਤੇ ਉਹ ਬੰਬਈ ਤੋਂ ਦੁਬਈ ਪਹੁੰਚ ਗਿਆ।

ਸੁਰਿੰਦਰ ਫ਼ੈਸਲੇ ਲੈਣ ਵਿੱਚ ਢਿੱਲ ਨਹੀਂ ਕਰਦਾ। ਅੱਜਕੱਲ੍ਹ ਉਹ ਲੋਕ-ਭਲਾਈ ਅਤੇ ਸੇਵਾ ਦੇ ਕੰਮਾਂ ਵਿੱਚ ਮਗਨ ਰਹਿੰਦਾ ਹੈ। ਗੋਲਡਨ ਟੈਂਪਲ ਦੇ ਲੰਗਰ ਹਾਲ ਵਿੱਚ ਸਫ਼ਾਈ ਦੇ ਕੰਮ ਲਈ ਉਸ ਨੇ ਮਸ਼ੀਨਾਂ ਦਾਨ ਕੀਤੀਆਂ ਹਨ।

ਮੈਂ ਉਸ ਦੇ ਕੰਮ ਅਤੇ ਸਮਾਜਿਕ ਮਿਲਵਰਤਣ ਦੀ ਤਾਰੀਫ਼ ਸੁਣੀ ਹੈ। ਉਹ ਆਪ ਸਮੇਂ ਦਾ ਪਾਬੰਦ ਹੈ ਅਤੇ ਹਰ ਰੋਜ਼ ਪਾਜ਼ਿਟਿਵ ਭਾਵਨਾ ਨਾਲ ਕੰਮ ਸ਼ੁਰੂ ਕਰਦਾ ਹੈ। ਜੇਕਰ ਉਸ ਦਾ ਵੱਸ ਚੱਲੇ ਤਾਂ 102 ਡਿਗਰੀ ਸੈਂਟੀਗਰੇਡ ਬੁਖ਼ਾਰ ਵਿੱਚ ਵੀ ਡਿਊਟੀ 'ਤੇ ਹਾਜ਼ਰ ਹੋ ਜਾਵੇਗਾ। ਉਸ ਦੀ ਕਾਮਯਾਬੀ ਪਿੱਛੇ ਮੇਰੀ ਭੈਣ ਬੱਬਲਜ਼ ਦਾ ਵੀ ਹੱਥ

ਹੈ। ਉਹ ਸੁਰਿੰਦਰ ਦੀ ਸਲਾਹਕਾਰ ਅਤੇ ਦੁੱਖ-ਸੁੱਖ ਦੀ ਭਾਈਵਾਲ ਹੈ। ਸੁਰਿੰਦਰ ਇਕ ਦੁਰਲੱਭ ਪਤੀ ਹੈ ਜਿਸ ਨੇ ਮੇਰੀ ਭੈਣ ਨੂੰ ਖ਼ੁਸ਼ੀ ਭਰਿਆ ਜੀਵਨ ਸਾਥ ਮੁਹੱਈਆ ਕਰਵਾਇਆ ਹੈ।

**ਰੋਮਿੰਦਰ ਚੰਡੋਕ**: ਸੁਰਿੰਦਰ ਦੀ ਛੋਟੀ ਭੈਣ ਹੈ। ਉਸ ਦੇ ਵਿਚਾਰ ਵੀ ਸੁਣੋ: ਮੇਰੇ ਅਤੇ ਸੁਰਿੰਦਰ ਵਿੱਚ ਬਾਰਾਂ ਸਾਲ ਦਾ ਫ਼ਰਕ ਹੈ। ਇਸ ਉਮਰ ਦੇ ਫ਼ਰਕ ਕਰਕੇ ਮੇਰੀ ਉਸ ਨਾਲ ਡੂੰਘੀ ਵਾਕਫ਼ੀਅਤ ਕਈ ਸਾਲਾਂ ਬਾਅਦ ਹੋਈ ਕਿਉਂਕਿ ਜਦੋਂ ਮੈਂ ਵਿਜੇਵਾੜਾ ਸਕੂਲ ਵਿੱਚ ਪੜ੍ਹਦੀ ਸਾਂ ਤਾਂ ਉਹ ਕਾਲਜ ਪਾਸ ਕਰ ਕੇ ਹੈਦਰਾਬਾਦ ਬਿਜ਼ਨੈਸ ਸ਼ੁਰੂ ਕਰ ਬੈਠਾ ਸੀ। ਮੈਨੂੰ ਉਹ ਭਰਾ ਨਾਲੋਂ ਵੱਧ ਪਿਤਾ-ਸਮਾਨ ਜਾਪਦਾ ਹੈ। ਸੁਰਿੰਦਰ ਦੀਆਂ ਆਦਤਾਂ ਅਤੇ ਸੁਭਾਅ ਸਾਡੇ ਪਾਪਾ ਜੀ (ਪਿਤਾ ਜੀ) ਨਾਲ ਮਿਲਦਾ ਹੈ। ਉਸ ਨੂੰ ਪਿੰਨੀਆਂ ਅਤੇ ਮਠਿਆਈ ਖਾਣ ਦਾ ਸ਼ੌਂਕ ਹੈ ਜਿਵੇਂ ਪਾਪਾ ਜੀ ਨੂੰ ਸੀ।

ਹੁਣ ਜਦੋਂ ਮੈਂ ਸੁਰਿੰਦਰ ਨੂੰ ਜਾਣ ਲਿਆ ਹੈ ਤਾਂ ਕਹਿ ਸਕਦੀ ਹਾਂ ਕਿ ਉਹ ਸਭ ਤੋਂ ਵਧੀਆ ਵੀਰ ਹੈ ਜੋ ਆਪਣੀਆਂ ਭੈਣਾਂ ਦੀ ਕਦਰ ਕਰਦਾ ਹੈ ਅਤੇ ਲੋੜ ਪੈਣ ’ਤੇ ਤੁਰੰਤ ਹਾਜ਼ਰ ਹੋ ਜਾਂਦਾ ਹੈ। ਮੈਂ ਬਹੁਤ ਫ਼ਖ਼ਰ ਮਹਿਸੂਸ ਕਰਦੀ ਹਾਂ ਕਿ ਮੈਂ ਸੁਰਿੰਦਰ ਦੀ ਸਕੀ ਭੈਣ ਹਾਂ। ਉਹ ਬਹੁਤ ਮਜ਼ਬੂਤ ਇਰਾਦੇ ਵਾਲਾ ਅਤੇ ਬਲਵਾਨ ਇੱਛਾ ਸ਼ਕਤੀ ਦਾ ਮਾਲਕ ਹੈ। ਮੇਰੇ ਦਾਦਾ ਜੀ ਦੀ ਤਮੰਨਾ ਸੀ ਕਿ ਸੁਰਿੰਦਰ ਇਕ ਗੁਰਦਵਾਰਾ ਬਣਾਏ। ਉਸ ਨੇ ਦਾਦਾ ਜੀ ਦੀ ਇੱਛਾ ਪੂਰੀ ਕਰ ਕੇ ਦੁਨੀਆਂ ਭਰ ਵਿੱਚ ਆਪਣੇ ਲਈ ਜੱਸ ਖੱਟਿਆ ਹੈ। ਇਸ ਕਾਰਜ ਵਿੱਚ ਮੇਰੀ ਭਰਜਾਈ ਬੱਬਲਜ਼ ਨੇ ਵੀਰ ਜੀ ਦਾ ਪੂਰਾ ਸਾਥ ਦਿੱਤਾ ਹੈ।

**ਰਵੀ ਕੰਧਾਰੀ** ਵੀ ਸੁਰਿੰਦਰ ਦੀ ਛੋਟੀ ਭੈਣ ਹੈ। ਉਹ ਕਈ ਸਾਲ ਆਪਣੇ ਭਰਾ ਨਾਲ ਨਰਾਜ਼ ਰਹੀ ਕਿਉਂਕਿ ਰਵੀ ਦੇ ਜੀਵਨ ਵਿੱਚ ਕੁਝ ਅਜੇਹੀਆਂ ਘਟਨਾਵਾਂ ਵਾਪਰੀਆਂ ਜਿਸ ਕਰਕੇ ਭੈਣ ਅਤੇ ਭਰਾ ਵਿੱਚ ਵਿੱਥ ਪੈ ਗਈ। ਹੁਣ ਇਹ ਵਿੱਥ ਦੂਰ ਹੋ ਗਈ ਹੈ ਅਤੇ ਰਵੀ ਸੁਰਿੰਦਰ ਬਾਰੇ ਸਾਰੇ ਗਿਲੇ ਸ਼ਿਕਵੇ ਭੁੱਲ ਚੁੱਕੀ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਮੈਂ ਅਜੇ ਛੋਟੀ ਉਮਰ ਦੀ ਸੀ, ਸੁਰਿੰਦਰ ਬੋਰਡਿੰਗ ਸਕੂਲ ਅਤੇ ਫਿਰ ਕਾਲਜ ਦੇ ਹੋਸਟਲ ਵਿੱਚ ਰਹਿਣ ਲੱਗ ਪਿਆ ਜਿਸ ਕਰਕੇ ਸਾਡਾ ਮਿਲਾਪ ਘੱਟ ਹੀ ਹੁੰਦਾ ਸੀ। ਅਸੀਂ ਉਸ ਦੀਆਂ ਛੁੱਟੀਆਂ ਦਾ ਇੰਤਜ਼ਾਰ ਕਰਦੇ ਰਹਿੰਦੇ ਸਾਂ। ਮੈਨੂੰ ਇਕ ਵਾਕਿਆ ਯਾਦ ਆ ਗਿਆ ਹੈ ਜਦੋਂ ਉਸ ਨੇ ਮੇਰੇ ਕੋਲੋਂ ਪਾਣੀ ਮੰਗਿਆ ਅਤੇ ਮੈਂ ਕਿਹਾ, ‘ਮੈਂ ਤਾਂ ਵਿਹਲੀ ਨਹੀਂ, ਮੈਂ ਤਾਂ ਹਵਾ ਖਾ ਰਹੀ ਹਾਂ।’

ਅਸੀਂ ਦੱਖਣੀ ਭਾਰਤ ਵਿੱਚ ਜੰਮੇ ਪਲੇ ਹਾਂ ਜਿਸ ਕਰਕੇ ਸਾਊਥ ਇੰਡੀਅਨ ਫ਼ੂਡ ਪਸੰਦ ਕਰਦੇ ਹਾਂ। ਸੁਰਿੰਦਰ ਨੂੰ ਪਨੀਰ ਦੀ ਸਬਜ਼ੀ ਅਤੇ ਪਰੌਂਠੇ ਬਹੁਤ ਪਸੰਦ ਸਨ ਜਿਸ ਕਰਕੇ ਸਾਡੇ ਬੀਬੀ ਜੀ (ਸਾਡੀ ਮਾਂ) ਹਮੇਸ਼ਾਂ ਤਿਆਰ ਰੱਖਦੇ ਸਨ। ਸੁਰਿੰਦਰ ਅਤੇ ਬੱਬਲਜ਼

ਦੋਵੇਂ ਹੀ ਲੋਕ-ਸੇਵਾ ਵਿੱਚ ਰੁੱਝੇ ਹੋਏ ਹਨ, ਖ਼ਾਸ ਕਰਕੇ ਜਦੋਂ ਦਾ ਦੁਬਈ ਗੁਰਦਵਾਰਾ ਬਣ ਚੁੱਕਾ ਹੈ। ਮੇਰਾ ਵੀਰ ਬੜਾ ਸਖੀ-ਸੁਭਾਅ ਦਾ ਮਾਲਕ ਹੈ ਅਤੇ ਮੈਂ ਚਾਹੁੰਦੀ ਹਾਂ ਕਿ ਉਸ ਦੇ ਪ੍ਰੀਵਾਰ ਨਾਲ ਹੋਰ ਚੰਗਾ ਸਮਾਂ ਬਤੀਤ ਕਰਾਂ।

**ਐਸ. ਲਖਸ਼ਮੀਨਰਾਇਨ** ਕਾਲਜ ਦੇ ਦਿਨਾਂ ਦਾ ਦੋਸਤ ਹੈ ਅਤੇ ਬਿਜ਼ਨੈਸ ਵਿੱਚ ਸਾਥੀ ਹੈ। ਉਸ ਦੇ ਵਿਚਾਰ ਸੁਣੋ: ਮੇਰੀ ਸੁਰਿੰਦਰ ਨਾਲ ਬਹੁਤ ਬਣਦੀ ਹੈ ਕਿਉਂਕਿ ਉਹ ਸੰਵੇਦਨਸ਼ੀਲ, ਦਿਆਲੂ ਅਤੇ ਦੂਜਿਆਂ ਦੀ ਪ੍ਰਵਾਹ ਕਰਨ ਵਾਲਾ ਬੰਦਾ ਹੈ। ਉਹ ਜਮਾਂਦਰੂ ਲੀਡਰ ਹੈ ਅਤੇ ਹਰ ਮੁਸ਼ਕਲ ਸਥਿਤੀ ਵਿੱਚ ਵੀ ਕਾਮਯਾਬ ਹੋ ਕੇ ਨਿਕਲਦਾ ਹੈ। 1966 ਵਿੱਚ ਲੋਇਲਾ ਕਾਲਜ ਦੀ ਸਟੂਡੈਂਟਸ ਕੌਂਸਿਲ ਦਾ ਪ੍ਰਧਾਨ ਬਣ ਕੇ ਉਸ ਨੇ ਸਭ ਨੂੰ ਅਚੰਭਿਤ ਕਰ ਦਿੱਤਾ ਸੀ। ਦੂਜਾ ਅਚੰਭਾ ਦੁਬਈ ਵਿੱਚ ਗੁਰਦਵਾਰਾ ਬਣਵਾ ਕੇ ਕੀਤਾ ਹੈ। ਇਹ ਦੋਵੇਂ ਉਦਾਹਰਣਾਂ ਉਸ ਦੀ ਲੀਡਰਸ਼ਿਪ ਕੁਆਲਟੀ ਦੇ ਸਬੂਤ ਹਨ।

ਅਸੀਂ ਲੋਇਲਾ ਕਾਲਜ ਦੇ ਦਿਨਾਂ ਨੂੰ ਯਾਦ ਕਰ ਕੇ ਅਜੇ ਵੀ ਹੱਸਦੇ ਹਾਂ। ਸੁਰਿੰਦਰ ਸਾਡੇ ਕਾਲਜ ਦੀ ਅਲੂਮਨੀ (Alumni) ਅਸੋਸੀਏਸ਼ਨ ਦਾ ਵੀ ਕਰਤਾ ਧਰਤਾ ਹੈ। ਉਹ ਸਾਡੀ ਕਾਲਜ ਹਾਕੀ ਟੀਮ ਦਾ ਕਪਤਾਨ ਹੋਇਆ ਕਰਦਾ ਸੀ। ਜਦੋਂ ਪੰਤਾਲੀ ਸਾਲਾਂ ਬਾਅਦ ਲੋਇਲਾ ਕਾਲਜ ਦੇ 1967 ਬੈਚ ਦੇ ਵਿਦਿਆਰਥੀਆਂ ਦੀ ਮੀਟਿੰਗ ਹੋਈ ਤਾਂ ਸੁਰਿੰਦਰ ਨਾਲ ਬੱਬਲਜ਼ ਨੂੰ ਵੀ ਮਿਲਣ ਦਾ ਮੌਕਾ ਮਿਲਿਆ। ਉਹ ਏਨੀ ਮਿਲਾਪੜੀ ਹੈ, ਸਾਨੂੰ ਲੱਗ ਰਿਹਾ ਸੀ ਜਿਵੇਂ ਬਹੁਤ ਚਿਰਾਂ ਦੇ ਦੋਸਤ ਹੋਈਏ। ਮੈਂ ਸੁਰਿੰਦਰ ਨਾਲ ਕਦੇ ਸਫ਼ਰ ਨਹੀਂ ਕੀਤਾ ਪਰੰਤੂ ਉਸ ਨੂੰ ਮਿਲਣ ਦੇ ਮੌਕੇ ਬਣ ਜਾਂਦੇ ਹਨ ਜਦੋਂ ਉਹ ਆਪਣੇ ਸਫ਼ਰ ਦੌਰਾਨ ਮੈਨੂੰ ਆ ਟੱਕਰਦਾ ਹੈ। ਮੈਂ ਉਸ ਦੀ ਪ੍ਰਾਹੁਣਾਚਾਰੀ ਅਤੇ ਖੁੱਲ੍ਹ-ਦਿਲੀ ਦਾ ਪ੍ਰਸੰਸਕ ਹਾਂ। ਮੈਂ ਉਚੀ ਸੁਰ ਵਿੱਚ ਆਪਣੇ ਦੋਸਤ ਦੀ ਸਿਫ਼ਤ ਕਰਨਾ ਚਾਹੁੰਦਾ ਹਾਂ ਕਿ ਉਹ ਬਿਲਕੁਲ ਬਦਲਿਆ ਨਹੀਂ।

**ਮੈਰੀ ਵਾਂਗ** (Merry Wang) ਦਾ ਸੁਨੇਹਾ ਮਿਲਿਆ ਹੈ ਜੋ ਸੁਰਿੰਦਰ ਨੂੰ ਗੁਣਾਂ ਦਾ ਗੁਥਲਾ ਦੱਸ ਰਿਹਾ ਹੈ। ਮੈਂ ਉਸ ਦੀ ਕਹੀ ਗੱਲ ਕਦੇ ਨਹੀਂ ਭੁੱਲ ਸਕਦਾ। ਉਹ ਕਹਿੰਦਾ ਤੇਰਾ ਨਾਮ ਸੁਰਿੰਦਰ ਹੈ ਪਰੰਤੂ ਤੂੰ ਕਿਸੇ ਅੱਗੇ ਹਥਿਆਰ ਨਹੀਂ ਸੁੱਟਦਾ (ਅੰਗਰੇਜ਼ੀ ਵਿੱਚ ਸੁਰਿੰਦਰ ਆਪਣਾ ਨਾਮ Surrender ਲਿਖਦਾ ਹੈ)।

ਇਕ ਵਾਰ ਮੈਂ ਚੀਨ 'ਮੈਰੀ ਵਾਂਗ' ਨਾਲ ਮੁਲਾਕਾਤ ਕਰਨ ਦਾ ਸਮਾਂ ਮਿਥ ਲਿਆ ਪਰੰਤੂ ਮੈਨੂੰ ਅਚਨਚੇਤ ਅਸਟ੍ਰੇਲੀਆ ਜਾਣਾ ਪੈ ਗਿਆ ਅਤੇ ਅਸੀਂ ਮਿਲ ਨਾ ਸਕੇ। 2014 ਵਿੱਚ ਜਦੋਂ ਜਰਮਨੀ ਦੇ ਐਸਨ (Essen) ਸ਼ਹਿਰ ਵਿੱਚ ਸ਼ੋਅ ਹੋ ਰਿਹਾ ਸੀ ਤਾਂ ਉਹ ਮੇਰੇ ਬੂਥ 'ਤੇ ਆ ਕੇ ਪੁੱਛ-ਗਿੱਛ ਕਰਨ ਲੱਗਾ। ਮੈਂ ਸਮਝ ਗਿਆ ਕਿ ਏਹੋ 'ਮੈਰੀ ਵਾਂਗ' ਹੈ। ਉਹ ਮੈਨੂੰ ਪੈਂਦੀ ਸੱਟੇ ਹੀ ਕਹਿੰਦਾ, 'ਤੂੰ ਮਾੜੀ ਕੁੜੀ ਹੈਂ।' ਮੈਂ ਹੈਰਾਨ ਹੋ ਗਿਆ ਸਾਂ ਕਿ ਉਹ ਮੈਨੂੰ ਮਾੜੀ ਕੁੜੀ ਕਿਉਂ ਕਹਿ ਰਿਹਾ ਹੈ? ਮੈਂ ਸਮਝ ਗਿਆ ਕਿ ਮੈਂ ਅਸਟ੍ਰੇਲੀਆ

ਜਾਣ ਕਰਕੇ ਆਪਣੀ ਮੁਲਾਕਾਤ ਕੈਂਸਲ ਕਰ ਦਿੱਤੀ ਸੀ ਜਿਸ ਕਰਕੇ ਉਹ ਮੈਨੂੰ 'ਮਾੜੀ ਕੁੜੀ' ਕਹਿ ਰਿਹਾ ਹੈ। ਆਪਣੀ ਗ਼ਲਤੀ ਦਾ ਅਹਿਸਾਸ ਕਰਕੇ ਮੈਂ ਮੁਆਫ਼ੀ ਮੰਗ ਲਈ ਅਤੇ ਅਸੀਂ ਦੋਸਤ ਬਣ ਗਏ।

ਸੁਰਿੰਦਰ ਬਹੁਤ ਮਿਹਨਤੀ ਬੰਦਾ ਹੈ ਅਤੇ ਨਵੇਂ ਵਿਚਾਰਾਂ ਦਾ ਕਦਰਦਾਨ ਹੈ। ਜਦੋਂ ਅਸੀਂ ਆਪਸ ਵਿੱਚ ਸਹਿਮਤ ਨਹੀਂ ਹੁੰਦੇ ਤਾਂ ਵੀ ਇਕ ਦੂਜੇ ਦੇ ਵਿਚਾਰਾਂ ਦੀ ਕਦਰ ਕਰਦੇ ਹਾਂ। ਉਸ ਦੀ ਇਮਾਨਦਾਰੀ ਲਾ-ਜਵਾਬ ਹੈ। ਜਦੋਂ ਅਸੀਂ ਇਕੱਠੇ ਸਫ਼ਰ ਕਰਦੇ ਹਾਂ ਤਾਂ ਪਤਾ ਨਹੀਂ ਲੱਗਦਾ ਸਮਾਂ ਕਿਵੇਂ ਲੰਘ ਗਿਆ। ਅਸੀਂ ਬਿਜ਼ਨੈਸ ਕਰਕੇ ਸਾਥੀ ਹਾਂ ਪਰੰਤੂ ਉਮਰ ਦੇ ਫ਼ਰਕ ਦੇ ਬਾਵਜੂਦ ਚੰਗੇ ਮਿੱਤਰ ਵੀ ਹਾਂ। ਸੁਰਿੰਦਰ ਮੇਰੇ ਪਾਪਾ ਦੀ ਤਰ੍ਹਾਂ ਹੈ ਅਤੇ ਮੈਂ ਉਸ ਤੋਂ ਕਈ ਸਬਕ ਸਿੱਖੇ ਹਨ। ਉਹ ਇਕ ਚੰਗਾ ਪਤੀ, ਚੰਗਾ ਬਾਪ, ਚੰਗਾ ਦੋਸਤ ਅਤੇ ਚੰਗਾ ਬਿਜ਼ਨੈਸ ਸਾਥੀ ਹੈ। ਮੈਂ ਉਸ ਨੂੰ ਦੱਸਣਾ ਚਾਹੁੰਦਾ ਹਾਂ : 'ਮੈਂ ਬੁਰੀ ਕੁੜੀ ਨਹੀਂ ਹਾਂ।'

**ਕਰਿਸਤੀ ਚੇਰੀਅਨ** (Christie Cherian) ਵੀ ਲੋਇਲਾ ਕਾਲਜ ਦਾ ਜਮਾਤੀ ਹੈ। ਉਹ ਕਹਿੰਦਾ ਹੈ ਕਿ 1965 ਤੋਂ ਲੈ ਕੇ ਹੁਣ ਤੱਕ ਅਸੀਂ ਕਦੇ ਕਦਾਈਂ ਦੁਬਈ ਜਾਂ ਚਨੱਈ ਵਿੱਚ ਮਿਲਦੇ ਰਹਿੰਦੇ ਹਾਂ। ਜਦੋਂ ਸੁਰਿੰਦਰ ਲੋਇਲਾ ਕਾਲਜ ਦਾ ਪਰੈਜ਼ੀਡੈਂਟ ਚੁਣਿਆ ਗਿਆ ਤਾਂ ਮੈਂ ਉਸ ਦੇ ਨਾਲ ਸੈਕਟਰੀ ਚੁਣਿਆ ਗਿਆ ਸਾਂ। ਇਸ ਕਰਕੇ ਹੀ ਮੈਨੂੰ ਸੁਰਿੰਦਰ ਨਾਲ ਪੂਰਾ ਸਾਲ ਕੰਮ ਕਰਨਾ ਪਿਆ ਅਤੇ ਉਸ ਦੇ ਕੁਦਰਤੀ ਲੀਡਰ ਹੋਣ ਦਾ ਅਹਿਸਾਸ ਹੋਇਆ। ਅਸੀਂ ਲੋਇਲਾ ਕਾਲਜ ਵਿੱਚ ਮੈਗਾ-ਕਨਸਰਟ ਕਰਵਾਇਆ ਜਿਸ ਵਿੱਚ ਮਿਊਜ਼ਿਕ ਦੇ ਮੰਨੇ ਪ੍ਰਮੰਨੇ ਬੈਂਡ ਬੁਲਾਏ ਗਏ। ਸੂਵੀਨੀਰ ਲਈ ਬਹੁਤ ਖ਼ਰਚਾ ਹੋ ਗਿਆ ਜਿਸ ਦਾ ਪ੍ਰਬੰਧ ਸੁਰਿੰਦਰ ਨੇ ਕਰ ਲਿਆ। ਕਾਲਜ ਦਾ ਪ੍ਰਿੰਸੀਪਲ ਸਾਡੀ ਮੱਦਦ ਕਰ ਰਿਹਾ ਸੀ ਅਤੇ ਯੂਨੀਅਨ ਦਾ ਬਜਟ ਖ਼ਰਚ ਕਰਨ ਦੀ ਪੂਰੀ ਖੁੱਲ੍ਹ ਦੇ ਰੱਖੀ ਸੀ ਜਿਸ ਕਰਕੇ ਅਸੀਂ ਦੋਵੇਂ ਮਨੋਰੰਜਨ ਦੇ ਪ੍ਰੋਗਰਾਮ ਕਰਦੇ ਰਹਿੰਦੇ ਸਾਂ।

ਸੁਰਿੰਦਰ ਕਾਲਜ ਦੇ ਦਿਨਾਂ ਵਿੱਚ ਵੀ ਟੀਮ ਬਣਾ ਕੇ ਕੰਮ ਕਰਨ ਦਾ ਚਾਹਵਾਨ ਸੀ। ਵਲੰਟੀਅਰ ਉਸ ਦੇ ਇਸ਼ਾਰੇ ਦੀ ਉਡੀਕ ਕਰਦੇ ਸਨ ਅਤੇ ਕੰਮ ਨਿਪਟਾ ਦਿੰਦੇ ਸਨ। ਮੇਰਾ ਵਿਸ਼ਵਾਸ ਹੈ ਉਸ ਦੀ ਇਹ ਟ੍ਰੇਨਿੰਗ ਬਾਅਦ ਵਿੱਚ ਬਿਜ਼ਨੈਸ ਚਲਾਉਣ ਵਿੱਚ ਕੰਮ ਆਈ ਹੋਵੇਗੀ। ਉਸ ਨੂੰ ਬਿਜ਼ਨੈਸ ਵਿੱਚ ਅਥਾਹ ਕਾਮਯਾਬੀ ਵੀ ਮਿਲੀ ਹੈ।

2008 ਵਿੱਚ ਸੁਰਿੰਦਰ ਨੇ ਸੱਠਵਾਂ ਜਨਮ ਦਿਨ ਅੰਮ੍ਰਿਤਸਰ ਵਿੱਚ ਮਨਾਇਆ। ਮੈਂ ਆਪਣੀ ਪਤਨੀ ਰੋਜ਼ਮੇਰੀ ਨਾਲ ਉਸ ਦੇ ਜਨਮ ਦਿਨ ਦੇ ਜਸ਼ਨ ਵਿੱਚ ਸ਼ਾਮਲ ਹੋਇਆ। ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਮੌਜੂਦਗੀ ਵਿੱਚ ਘਿਰਿਆ ਹੋਣ ਦੇ ਬਾਵਜੂਦ ਉਹ ਸਾਡੀ ਪੂਰੀ ਆਉ-ਭਗਤ ਕਰ ਰਿਹਾ ਸੀ। ਅਸੀਂ ਦੁਬਈ ਉਸ ਦੇ ਘਰ,

ਦਫ਼ਤਰ ਅਤੇ ਚਨੱਈ ਵਿੱਚ ਪ੍ਰਾਹੁਣਾਚਾਰੀ ਦਾ ਅਨੰਦ ਮਾਣਿਆ ਹੈ। ਬੱਬਲਜ਼ ਉਸ ਦੇ ਲਈ ਅਮੁੱਲ ਸਾਥਣ ਹੈ ਜੋ ਸਾਰੇ ਕੰਮਾਂ ਵਿੱਚ ਮੱਦਦ ਕਰਦੀ ਹੈ।

ਸੁਰਿੰਦਰ ਇਕ ਸ਼ਰਧਾਵਾਨ ਸਿੱਖ ਹੈ ਜਿਸ ਨੇ ਦੁਬਈ ਵਿੱਚ ਗੁਰਦਵਾਰਾ ਤਿਆਰ ਕਰਵਾਇਆ ਹੈ। ਉਹ ਦੁਬਈ ਦੇ ਸਿੱਖਾਂ ਦਾ ਲੀਡਰ ਬਣ ਕੇ ਉਭਰਿਆ ਹੈ ਜਿਸ ਨੇ ਆਪਣੀ ਸੋਚ ਅਤੇ ਸਮਝ ਨਾਲ ਸਰਕਾਰ ਤੋਂ ਜ਼ਮੀਨ ਪ੍ਰਾਪਤ ਕੀਤੀ ਅਤੇ ਜ਼ਬੇਲ ਅਲੀ ਵਿੱਚ ਇਕ ਆਲੀਸ਼ਾਨ 'ਗੁਰੂ ਨਾਨਕ ਦਰਬਾਰ' ਗੁਰਦਵਾਰਾ ਸਥਾਪਿਤ ਕਰ ਦਿੱਤਾ ਹੈ।

**ਤਰਲੋਚਨ ਸਿੰਘ** (ਘੱਟ-ਗਿਣਤੀਆਂ ਕਮਿਸ਼ਨ ਦੇ ਪੂਰਵ-ਚੇਅਰਮੈਨ ਅਤੇ ਰਾਜ ਸਭਾ ਮੈਂਬਰ) ਦਾ ਕਹਿਣਾ ਹੈ ਕਿ ਜਦੋਂ ਉਹ ਗਿਆਨੀ ਜ਼ੈਲ ਸਿੰਘ, ਭਾਰਤ ਦੇ ਪ੍ਰੈਜ਼ੀਡੈਂਟ, ਨਾਲ 1983 ਵਿੱਚ ਅਰਬ ਦੇਸ਼ਾਂ ਦੇ ਦੌਰੇ 'ਤੇ ਗਏ ਸਨ ਤਾਂ ਉਥੇ ਦੇ ਸਿੱਖਾਂ ਨੇ ਗੁਰਦਵਾਰੇ ਲਈ ਮੰਗ ਰੱਖੀ ਸੀ। ਗਿਆਨੀ ਜ਼ੈਲ ਸਿੰਘ ਨੂੰ 'ਅਮੀਰ-ਉਲ-ਹਿੰਦ' ਕਹਿ ਕੇ ਸਤਿਕਾਰਿਆ ਗਿਆ। ਗਿਆਨੀ ਜੀ ਨੇ ਉਥੋਂ ਦੇ ਬਾਦਸ਼ਾਹ ਨੂੰ ਸਿੱਖਾਂ ਦੇ ਧਾਰਮਿਕ ਅਸਥਾਨ ਲਈ ਪ੍ਰੇਰਿਆ ਸੀ ਪ੍ਰੰਤੂ ਕੋਈ ਗੱਲ ਸਿਰੇ ਨਾ ਚੜ੍ਹੀ। 1998 ਦੇ ਦੱਖਣੀ ਅਫ਼ਰੀਕਾ ਵਿੱਚ ਹੋਏ ਸਰਬ ਧਰਮ ਸੰਮੇਲਨ ਵਿੱਚ ਵੀ ਇਸ ਮੰਗ ਬਾਰੇ ਚਰਚਾ ਹੋਈ ਪ੍ਰੰਤੂ ਇਸਲਾਮੀ ਦੇਸ਼ਾਂ ਦੇ ਨੁਮਾਇੰਦਿਆਂ ਨੇ ਕੋਈ ਹੁੰਗਾਰਾ ਨਾ ਭਰਿਆ।

ਮੈਂ ਸੁਰਿੰਦਰ ਸਿੰਘ ਕੰਧਾਰੀ ਦੇ ਇਸ ਅਦੁੱਤੀ ਕਾਰਨਾਮੇ ਦੀ ਬਹੁਤ ਸ਼ਲਾਘਾ ਕਰਦਾ ਹਾਂ ਜਿਸ ਨੇ ਅਣਥੱਕ ਮਿਹਨਤ ਅਤੇ ਆਪਣੇ ਰਸੂਖ਼ ਦੇ ਬਲਬੂਤੇ ਦੁਬਈ ਦੇ ਹੁਕਮਰਾਨ ਤੋਂ ਗੁਰੂ ਨਾਨਕ ਦਰਬਾਰ ਗੁਰਦਵਾਰੇ ਲਈ ਜ਼ਮੀਨ ਹਾਸਲ ਕਰ ਲਈ। ਇਸ ਗੁਰਦਵਾਰੇ ਦੀ ਅਤੀ ਸੁੰਦਰ ਇਮਾਰਤ ਹੈ ਜਿਸ ਦੇ ਮੈਂ ਦੀਦਾਰ ਕੀਤੇ ਹਨ। ਇਸ ਗੁਰਦਵਾਰੇ ਦੀ ਸ਼ੋਭਾ ਸਾਰੀ ਦੁਨੀਆਂ ਵਿੱਚ ਫੈਲ ਰਹੀ ਹੈ। ਇਹ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਵੀਆਂ ਸੇਧਾਂ ਪ੍ਰਦਾਨ ਕਰੇ, ਇਹ ਮੇਰੀ ਦਿਲੀ ਤਮੰਨਾ ਹੈ। ਸੁਰਿੰਦਰ ਅਤੇ ਬੱਬਲਜ਼ ਦੋਵੇਂ ਹੀ ਵਧਾਈ ਦੇ ਪਾਤਰ ਹਨ।

— 0 —

ਅੰਤਿਕਾ (ੲ)

# ਸੁਰਿੰਦਰ ਸਿੰਘ ਕੰਧਾਰੀ ਅਤੇ ਪ੍ਰੀਵਾਰ ਦੀਆਂ ਦਾਨ-ਪਾਤਰ ਸੰਸਥਾਵਾਂ

## ਯੂ.ਏ.ਈ. ਵਿੱਚ

1. ਰਾਸ਼ੀਦ ਪੀਡੀਆਟ੍ਰਿਕ ਸੈਂਟਰ (Rashid Paediatric Centre)
2. ਐਮੀਰੇਟਸ ਅਸੋਸੀਏਸ਼ਨ ਆਫ਼ ਵਿਜ਼ੂਲੀ ਡਿਸਏਬਲਡ (Emirates Association of Visually Disabled)
3. ਖ਼ੋਰਫ਼ਕਨ ਕਲੱਬ ਫ਼ਾਰ ਡਿਸਏਬਲਡ (Khorfakkan Club For the Disabled)
4. ਐਸ.ਐਨ.ਐਫ਼. ਡਿਵੈਲਪਮੈਂਟ ਸੈਂਟਰ (SNF Development Center)

## ਭਾਰਤ ਵਿੱਚ

1. ਗੁਰੂ ਨਾਨਕ ਦੇਵ ਇੰਜੀਨੀਰਿੰਗ ਕਾਲਜ ਬਿਦਰ : 10 ਵਿਦਿਆਰਥੀਆਂ ਦੀ ਪੜ੍ਹਾਈ ਲਈ ਵਜ਼ੀਫ਼ੇ (Scholarship Sponsorship at Bidar)
2. ਮਦਰਾਸ ਚੈਰੀਟੇਬਲ ਟਰੱਸਟ ਦਾ ਇੰਨਰਵੀਲ ਕਲੱਬ ਲੜਕੀਆਂ ਦੀ ਪੜ੍ਹਾਈ ਲਈ (Education Sponsorship for Girls)
3. ਸਰਦਾਰਨੀ ਹਰਬੰਸ ਕੌਰ ਚੈਰੀਟੇਬਲ ਟਰੱਸਟ ਦਿੱਲੀ : 1984 ਤੋਂ ਦੰਗਾ-ਪੀੜਤ ਬੱਚਿਆਂ ਦੀ ਪੜ੍ਹਾਈ ਲਈ ਸਾਲਾਨਾ ਮੱਦਦ।
4. ਬਿਰਦ ਕੇਸਰੀ ਰੋਮੇਸ਼ ਚੰਦਰ ਟਰੱਸਟ ਦਿੱਲੀ : ਬਜ਼ੁਰਗਾਂ ਦੀ ਸਹਾਇਤਾ ਲਈ।
5. ਏਕਲ ਵਿਦਿਆਲਿਆ : ਇੰਡੀਆ ਦੇ ਪੇਂਡੂ ਸਕੂਲਾਂ ਲਈ ਮੱਦਦ (Sponsoring Schools in Rural India)
6. ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ, ਪੰਜਾਬ : ਵਿਦਿਆਰਥੀਆਂ ਲਈ ਵਜ਼ੀਫ਼ੇ।

ਅੰਤਿਕਾ (ਸ)

# ਇਨਾਮਾਂ ਅਤੇ ਸਨਮਾਨਾਂ ਦੀ ਸੂਚੀ
# (Awards and Honours)


ਸੁਰਿੰਦਰ ਸਿੰਘ ਕੰਧਾਰੀ ਦੇ ਇਨਾਮਾਂ ਦੀ ਸੂਚੀ ਲੰਮੀ ਹੈ। ਇਥੇ ਕੁਝ ਮਹੱਤਵਪੂਰਣ ਇਨਾਮਾਂ ਅਤੇ ਹੋਰ ਮਿਲੇ ਸਤਿਕਾਰਾਂ ਦਾ ਜ਼ਿਕਰ ਕੀਤਾ ਜਾਵੇਗਾ।

1. 21 ਅਕਤੂਬਰ 2012 ਨੂੰ ਯੂ.ਕੇ. 'ਵਰਲਡ ਸਿੱਖ ਐਵਾਰਡਜ਼' ਵਲੋਂ ਕੰਧਾਰੀ ਨੂੰ ਲੰਡਨ ਵਿੱਚ ਹੋਏ ਸਮਾਗਮ ਵਿੱਚ 'ਸਿੱਖਸ ਇਨ ਸੇਵਾ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਸ ਦੀ ਨਿਸ਼ਕਾਮ ਸੇਵਾ ਨੂੰ ਮੁੱਖ ਰੱਖ ਕੇ ਦਿੱਤਾ ਗਿਆ ਜੋ ਉਸ ਨੇ ਮੱਧ-ਏਸ਼ੀਆ ਵਿੱਚ ਮਨਜ਼ੂਰ-ਸ਼ੁਦਾ ਗੁਰਦਵਾਰਾ ਬਣਵਾ ਕੇ ਕੀਤੀ।
2. 2014 ਵਿੱਚ ਬਰਿਟਿਸ਼ ਸਿੱਖ ਅਸੋਸੀਏਸ਼ਨ ਨੇ ਕੰਧਾਰੀ ਨੂੰ ਸਿੱਖੀ ਦੀ ਸੇਵਾ ਲਈ :Sikh Jewel Award˘ ਨਾਲ ਸਨਮਾਨਿਤ ਕੀਤਾ ਗਿਆ।
3. 3 ਫ਼ਰਵਰੀ 2016 ਨੂੰ 'ਹਿਜ਼ ਹਾਈਨੈਸ' ਸ਼ੇਖ਼ ਨ੍ਹਾਇਨ ਮਬਾਰਕ ਅਲ ਨ੍ਹਾਇਨ ਦੀ ਛਤਰ ਛਾਇਆ ਹੇਠ ਸੁਰਿੰਦਰ ਸਿੰਘ ਕੰਧਾਰੀ ਨੇ ਗੁਰੂ ਨਾਨਕ ਦਰਬਾਰ ਗੁਰਦਵਾਰਾ ਦੁਬਈ ਵਿੱਚ ਪਹਿਲਾ ਸਾਲਾਨਾ ਵਿਸ਼ਵ ਅੰਤਰ-ਧਰਮ ਸਦਭਾਵਨਾ ਦਿਵਸ (World Interfaith Harmony Day) ਮਨਾਇਆ ਜਿਸ ਵਿੱਚ ਵਿਸ਼ਵ ਭਰ ਤੋਂ ਬੁਲਾਰੇ ਅਤੇ ਡੈਲੀਗੇਟ ਸ਼ਾਮਲ ਹੋਏ।
4. 2016 ਦੀ ਇੰਡੀਅਨ ਬਿਜ਼ਨੈਸ ਪ੍ਰੋਫ਼ੈਸ਼ਨਲ ਕੌਂਸਿਲ ਦੁਬਈ ਦੇ ਸਿਖਰ ਸੰਮੇਲਨ ਵਿੱਚ ਕੰਧਾਰੀ ਨੂੰ :Business Excellence Award 2016˘ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸ਼ੇਖ਼ ਨ੍ਹਾਇਨ ਮਬਾਰਕ ਅਲ ਨ੍ਹਾਇਨ, ਜੋ ਯੂ.ਏ.ਈ. ਦੇ ਸਭਿਆਚਾਰ, ਯੂਥ ਅਤੇ ਸਮਾਜਿਕ ਭਲਾਈ ਦੇ ਮੰਤਰੀ ਸਨ, ਵਲੋਂ ਪੇਸ਼ ਕੀਤਾ ਗਿਆ।
5. ਅਪ੍ਰੈਲ 2016 ਦੀ ਵਿਸਾਖੀ ਵੇਲੇ ਕੰਧਾਰੀ ਨੂੰ :Punjabi Icon Award˘ ਨਾਲ ਸਨਮਾਨਿਤ ਕੀਤਾ ਗਿਆ। ਇਹ ਇਨਾਮ ਪੰਜਾਬੀ ਕਲਚਰਲ ਹੈਰੀਟੇਜ਼ ਬੋਰਡ ਵਲੋਂ ਉਸ ਦੀਆਂ ਗਲੋਬਲ ਕਾਰਪੋਰੇਟ ਸੈਕਟਰ ਵਿੱਚ ਕੀਤੀਆਂ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਦਿੱਤਾ ਗਿਆ।

6. 11 ਦਸੰਬਰ 2016 ਨੂੰ ਐਨ.ਡੀ.ਟੀ.ਵੀ. ਨੇ ਕੰਧਾਰੀ ਨੂੰ ਗਲਫ਼ ਇੰਡੀਅਨ ਐਕਸਾਲੈਂਸ ਐਵਾਰਡ (Gulf Indian Excellence Award) ਨਾਲ ਸਨਮਾਨਿਤ ਕੀਤਾ ਜੋ ਉਸ ਦੀ ਬਿਜ਼ਨੈਸ ਲੀਡਰਸ਼ਿੱਪ ਕਰਕੇ ਦਿੱਤਾ ਗਿਆ।
7. 11 ਅਪ੍ਰੈਲ 2017 ਨੂੰ ਪੰਜਾਬ ਅਸੋਸੀਏਸ਼ਨ ਵਲੋਂ ਕੰਧਾਰੀ ਨੂੰ 'ਪੰਜਾਬੀ ਗੌਰਵ ਐਵਾਰਡ' ਦੇ ਕੇ ਸਨਮਾਨਿਆ ਗਿਆ। ਇਹ ਉਸ ਦੀਆਂ ਪੰਜਾਬੀ ਲੋਕਾਂ ਪ੍ਰਤੀ ਨਿਸ਼ਕਾਮ ਸੇਵਾ ਦੀ ਭਾਵਨਾ ਨੂੰ ਮੁੱਖ ਰੱਖ ਕੇ ਦਿੱਤਾ ਗਿਆ।
8. 13 ਅਪ੍ਰੈਲ 2017 ਨੂੰ ਗੁਰੂ ਨਾਨਕ ਦਰਬਾਰ ਗੁਰਦਵਾਰੇ ਵਿੱਚ 101 ਕੌਮਾਂ ਦੇ 600 ਤੋਂ ਵਧੀਕ ਡੈਲੀਗੇਟਾਂ ਨੇ ਰਲ ਕੇ ਨਾਸ਼ਤਾ ਕੀਤਾ। ਇਹ ਘਟਨਾ ਗਿਨੀਜ਼ ਵਰਲਡ ਰੀਕਾਰਡ ਵਿੱਚ ਸ਼ਾਮਲ ਹੋ ਚੁੱਕੀ ਹੈ।
9. 71ਵੇਂ ਆਜ਼ਾਦੀ ਦਿਵਸ ਦੇ ਮੌਕੇ 14 ਅਗਸਤ 2017 ਨੂੰ ;Jewels of Punjab˘ ਐਵਾਰਡ ਨਾਲ ਸਨਮਾਨਿਆ ਗਿਆ। ਇਹ ਐਵਾਰਡ ਵਿਸ਼ਵ ਪੰਜਾਬੀ ਸੰਸਥਾ ਵਲੋਂ ਆਯੋਜਿਤ ਕੀਤਾ ਗਿਆ ਅਤੇ ਭਾਰਤ ਦੇ ਪੂਰਵ-ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਹੱਥੋਂ ਦਿਵਾਇਆ ਗਿਆ।
10. 14 ਸਤੰਬਰ 2017 ਦੇ ਦਿਨ ਗੁਰੂ ਨਾਨਕ ਦਰਬਾਰ ਵਿੱਚ ਯੂ.ਐਨ. ਅੰਤਰ-ਰਾਸ਼ਟਰੀ ਅਮਨ ਦਿਨ ਮਨਾਇਆ ਗਿਆ। ਇਹ ਦਿਨ UNDP ਅਤੇ ਯੂ.ਏ.ਈ. ਦੇ ਸਦਭਾਵਨਾ ਮਨਿਸਟਰ ਦੀ ਮਿਲ-ਵਰਤਣ ਨਾਲ ਮਨਾਇਆ ਗਿਆ। ਅੰਤਰ-ਰਾਸ਼ਟਰੀ ਅਮਨ ਦਿਨ ਵਿਸ਼ਵ ਭਰ ਵਿੱਚ 21 ਸਤੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਾ ਮਕਸਦ ਵਿਸ਼ਵ ਭਰ ਦੇ ਦੇਸ਼ਾਂ ਵਿੱਚ ਅਮਨ-ਸ਼ਾਂਤੀ ਬਹਾਲ ਕਰਨਾ ਹੈ।
11. 30 ਅਕਤੂਬਰ 2017 ਕੰਧਾਰੀ ਯੂਨਾਨ ਦੇ ਸ਼ਹਿਰ ਏਥਨਜ਼ ਵਿੱਚ ਹੋਈ ਦੂਜੀ ਏਥਨਜ਼ ਅੰਤਰ-ਰਾਸ਼ਟਰੀ ਕਾਨਫ਼ਰੰਸ ਵਿੱਚ ਸ਼ਾਮਲ ਹੋਇਆ ਸੀ। ਉਹ ਯੂ.ਏ.ਈ. ਦੀ ਸਰਕਾਰ ਵਲੋਂ ਭੇਜੀ ਗਈ ਡੈਲੀਗੇਸ਼ਨ ਦਾ ਮੈਂਬਰ ਸੀ।
12. 18 ਮਾਰਚ ਨੂੰ ਗੁਰੂ ਨਾਨਕ ਦਰਬਾਰ ਗੁਰਦਵਾਰਾ ਵਿੱਚ 'ਵਿਸ਼ਵ ਸਿੱਖ ਵਾਤਾਵਰਣ' ਦਿਨ ਮਨਾਇਆ ਗਿਆ ਜੋ ਗੁਰੂ ਹਰਿ ਰਾਏ ਸਾਹਿਬ ਦੇ ਜਨਮ ਦਿਨ ਨੂੰ ਸਮਰਪਿਤ ਹੈ। ਇਸ ਮੌਕੇ 2083 ਬੂਟੇ ਦਿੱਲੀ ਪ੍ਰਾਈਵੇਟ ਸਕੂਲ ਦੇ ਬੱਚਿਆਂ ਨੂੰ ਵੰਡੇ ਗਏ। ਇਹ ਘਟਨਾ ਵੀ ਗਿਨੀਜ਼ ਵਰਲਡ ਰੀਕਾਰਡ ਵਿੱਚ ਸ਼ਾਮਲ ਹੋ ਚੁੱਕੀ ਹੈ।
13. 16 ਜੂਨ 2018 ਦੇ ਦਿਨ ਸੁਰਿੰਦਰ ਸਿੰਘ ਕੰਧਾਰੀ ਨੂੰ ਭਾਰਤ ਨਿਰਮਾਣ ਫ਼ਾਊਂਡੇਸ਼ਨ ਨੇ ਲਿਟਰੇਰੀ ਐਕਸਾਲੈਂਸ ਦੇ ਸਨਮਾਨ ਨਾਲ ਪ੍ਰੋਸਤਾਹਿਤ ਕੀਤਾ।

14. 24 ਜੂਨ 2018 ਦੇ ਦਿਨ ਰੀਪਬਲਿਕ ਟੀ.ਵੀ. ਗਲਫ਼ ਇੰਡੀਅਨ ਲੀਡਰਸ਼ਿਪ ਦੇ ਸਿਖਰ ਸੰਮੇਲਨ ਵਿੱਚ ਕੰਧਾਰੀ ਦੀਆਂ ਕਾਮਯਾਬੀਆਂ ਸਦਕਾ ਸਨਮਾਨ ਕੀਤਾ ਗਿਆ।
15. 5 ਅਗਸਤ 2018 ਨੂੰ ਲੋਇਲਾ ਅਲੂਮਨੀ ਅਸੋਸੀਏਸ਼ਨ ਵਲੋਂ ਸੁਰਿੰਦਰ ਸਿੰਘ ਕੰਧਾਰੀ ਨੂੰ :Global Loyolite of the Year˘ ਦੇ ਤਗ਼ਮੇ ਨਾਲ ਸਨਮਾਨਿਆ ਗਿਆ।

— 0 —



ਲੋਇਲਾ ਕਾਲਜ ਮਦਰਾਸ ਦਾ ਵਿਦਿਆਰਥੀ ਸੁਰਿੰਦਰ ਕੰਧਾਰੀ



ਸੁਰਿੰਦਰ ਆਪਣੇ ਮਾਪਿਆਂ ਦੇ ਨਾਲ





ਅਲ-ਦੋਬੋਈ ਟਾਇਰ ਕੰਪਨੀ ਦਾ 1976 ਵਾਲਾ ਦਫ਼ਤਰ



ਸੁਰਿੰਦਰ ਦੇ ਪਿਤਾ ਅਤੇ ਚਾਚੇ ਜੋ ਉਸ ਦੇ ਪੱਥ-ਪ੍ਰਦਰਸ਼ਕ ਰਹੇ



ਰੂਹ ਦੀਆਂ ਗਹਿਰਾਈਆਂ ਤੋਂ ਬਾਬੇ ਨਾਨਕ ਤੋਂ ਅਸ਼ੀਰਵਾਦ ਲੈਂਦਿਆਂ



ਬੱਬਲਜ਼ ਅਤੇ ਸੁਰਿੰਦਰ ਵਿਆਹ ਦੇ ਪਵਿੱਤਰ ਬੰਧਨ ਤੋਂ ਬਾਅਦ



ਬੱਬਲਜ਼ ਅਤੇ ਸੁਰਿੰਦਰ ਨਾਚ ਦੀ ਮੁਦਰਾ ਵਿਚ



ਗੁਰੂ ਨਾਨਕ ਦਰਬਾਰ ਗੁਰਦਵਾਰੇ ਦਾ ਰਾਤ ਦਾ ਦ੍ਰਿਸ਼



ਮੇਰੇ ਸੁਪਨਿਆਂ ਦਾ ਗੁਰਦਵਾਰਾ : ਬਾਹਰਲਾ ਸੁੰਦਰ ਨਜ਼ਾਰਾ




ਗੁਰੂ ਨਾਨਕ ਦਰਬਾਰ ਗੁਰਦਵਾਰੇ ਦਾ ਅੰਦਰਲਾ ਦ੍ਰਿਸ਼



ਗੁਰੂ ਨਾਨਕ ਦਰਬਾਰ ਅੰਦਰ ਲੰਗਰ ਹਾਲ ਦਾ ਨਜ਼ਾਰਾ



ਗੁਰੂ ਨਾਨਕ ਦਰਬਾਰ ਗੁਰਦਵਾਰੇ ਦਾ ਪ੍ਰਕਾਸ਼ ਅਸਥਾਨ



ਯੂ.ਏ.ਈ. ਦੇ ਧਾਰਮਿਕ ਸਦਭਾਵਨਾ ਮਨਿਸਟਰ ਸ਼ੇਖ਼ ਨ੍ਹਾਇਨ ਮੁਬਾਰਕ-ਅਲ-ਨ੍ਹਾਇਨ
ਦੀ ਮੌਜੂਦਗੀ ਵਿੱਚ ਕੰਧਾਰੀ ਪ੍ਰੀਵਾਰ ਅਤੇ ਹੋਰ ਵਿਸ਼ੇਸ਼ ਮਹਿਮਾਨ



ਪੂਰਵ-ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸੁਰਿੰਦਰ ਕੰਧਾਰੀ ਨੂੰ
'ਜਿਊਲ ਆਫ਼ ਇੰਡੀਆ' ਦੇ ਐਵਾਰਡ ਨਾਲ ਸਨਮਾਨਿਤ ਕਰਦੇ ਹੋਏ



ਸੁਰਿੰਦਰ ਅਤੇ ਬੱਬਲਜ਼ ਭਾਰਤ ਦੇ ਪਰੈਜ਼ੀਡੈਂਟ ਗਿਆਨੀ ਜ਼ੈਲ ਸਿੰਘ ਦੇ ਨਾਲ



ਸੁਰਿੰਦਰ ਅਤੇ ਬੱਬਲਜ਼ ਬਜਾਜ ਗਰੁੱਪ ਦੇ ਮੁਖੀ ਰਾਹੁਲ ਬਜਾਜ ਅਤੇ
ਐਕਸਪੋਰਟ ਮੈਨੇਜਰ ਅਜੈ ਭਾਰਗਵ ਨਾਲ



ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਸਵਾਗਤ ਕਰਦੇ ਹੋਏ
ਸੁਰਿੰਦਰ ਅਤੇ ਬੱਬਲਜ਼



ਬਾਬਾ ਸੇਵਾ ਸਿਘ ਅਤੇ ਸੁਰਿੰਦਰ ਸਿੰਘ ਕੰਧਾਰੀ
ਡਾਇਰੈਕਟਰ ਮਿਰਜ਼ਾ ਅਲ ਸਿਆਮ ਨੂੰ ਕਿਰਪਾਨ ਭੇਂਟ ਕਰਦੇ ਹੋਏ



ਰਾਸ-ਅਲ-ਖੈਮਾ ਦੇ ਹੁਕਮਰਾਨ ਸ਼ੇਖ਼ ਸਉਦ ਬਿਨ ਸਕਰ ਅਲ ਕਾਸੀਮੀ ਦੇ ਸਵਾਗਤ ਵਿੱਚ



ਯੂ.ਕੇ. ਸਿੱਖ ਜਿਊਲ ਐਵਾਰਡ 2014
ਸੁਰਿੰਦਰ ਸਿੰਘ ਕੰਧਾਰੀ, ਰਮੀ ਰੰਗੜ ਅਤੇ ਯੂ.ਕੇ. ਦੀ ਪ੍ਰਧਾਨ ਮੰਤਰੀ ਤਰੇਸਾ ਮੇਅ



ਦੁਬਈ ਦੇ ਇਸਲਾਮੀ ਮਾਮਲਿਆਂ ਅਤੇ ਚੈਰੀਟੇਬਲ ਮਹਿਕਮੇ ਦੇ ਅਹਿਮਦ ਅਲ ਮੁਹੀਰ,
ਭਾਰਤੀ ਰਾਜਦੂਤ ਨਵਦੀਪ ਸਿੰਘ ਸੂਰੀ ਅਤੇ ਭਾਈ ਚਮਨਜੀਤ ਸਿੰਘ ਦੇ ਨਾਲ



ਸੁਰਿੰਦਰ ਦੇ ਦਾਦਾ ਆਤਮਾ ਸਿੰਘ ਚੌਧਰੀ ਅਤੇ ਦਾਦੀ ਭਾਗਵੰਤੀ ਕੌਰ



ਲੋਇਲਾ ਕਾਲਜ ਮਦਰਾਸ ਦੇ ਸਾਥੀਆਂ ਦੀ ਸੰਗਤ ਵਿੱਚ




ਆਪਣੇ ਚੀਨੀ ਮਿੱਤਰ ਵਾਂਗ ਫੈਂਗ ਨਾਲ



ਚੀਨ ਦੀ ਹਕੂਕ ਕੰਪਨੀ ਦੇ ਐਸ.ਐਚ. ਸੂਹ ਨਾਲ ਸਦੀਵੀ ਮਿੱਤਰਤਾ




ਏਮੀਰੇਟਸ ਗੋਲਫ਼ ਕਲੱਬ ਵਿਚ ਸੁਰਿੰਦਰ ਕੰਧਾਰੀ ਦੇ 60ਵੇਂ ਜਨਮ ਦਿਨ ਦਾ ਨੋਟਿਸ




ਸੁਰਿੰਦਰ ਕੰਧਾਰੀ ਵਿਸ਼ਵ ਚੈਂਪੀਅਨ ਗੋਲਫ਼ਰ ਰੋਰੀ ਮੈਕਲਰੋਏ ਦੇ ਨਾਲ




ਗੋਲਫ਼ ਖਿਡਾਰੀ ਐਰਨ ਐਲਸ ਨਾਲ ਮੈਚ ਜਿੱਤ ਕੇ




ਸੁਰਿੰਦਰ ਅਤੇ ਬੱਬਲਜ਼ ਕੰਧਾਰੀ ਯੂ.ਏ.ਈ. ਦੇ ਧਾਰਮਿਕ ਸਦਭਾਵਨਾ ਮਨਿਸਟਰ
ਸ਼ੇਖ਼ ਨ੍ਹਾਇਨ ਮੁਬਾਰਕ-ਅਲ-ਨ੍ਹਾਇਨ ਨੂੰ ਗਿਨੀਜ਼ ਵਰਲਡ ਰਿਕਾਰਡ ਦੀ ਕਾਪੀ ਭੇਟ ਕਰਦੇ ਹੋਏ




ਸ਼ੇਖਾ ਲੁਬਨਾ ਅਲ ਕਸੀਮੀ ਨੂੰ ਗਿਨੀਜ਼ ਵਰਲਡ ਰਿਕਾਰਡ ਦੀ ਕਾਪੀ ਭੇਟ ਕਰਦੇ ਹੋਏ




ਯੂ. ਏ. ਈ. ਦੇ ਵਾਤਾਵਰਣ ਮਨਿਸਟਰ ਥਾਨੀ ਬਿਨ ਅਹਿਮਦ ਅਲ ਜ਼ੇਊਦੀ ਨੂੰ
ਗਿਨੀਜ਼ ਵਰਲਡ ਰਿਕਾਰਡ ਦੀ ਕਾਪੀ ਭੇਟ ਕਰਦਿਆਂ




ਪ੍ਰੋਫ਼ੈਸਰ ਹਰਦੇਵ ਸਿੰਘ ਵਿਰਕ ਅਤੇ ਸੁਰਿੰਦਰ ਸਿੰਘ ਕੰਧਾਰੀ



ਬੱਬਲਜ਼ ਕੰਧਾਰੀ ਨਾਲ ਪ੍ਰੋਫ਼ੈਸਰ ਵਿਰਕ ਅਤੇ ਰਣਜੀਤ ਵਿਰਕ




ਸੁਰਿੰਦਰ ਕੰਧਾਰੀ ਦੁਬਈ ਦੇ ਹੁਕਮਰਾਨ ਸ਼ੇਖ਼ ਮੁਹੰਮਦ ਬਿਨ ਰਸ਼ੀਦ ਅਲ ਮਕਤੂਮ
ਅਤੇ ਭਾਰਤ ਦੇ ਪੂਰਵ ਪ੍ਰੈਜ਼ੀਡੈਂਟ ਪ੍ਰਨਾਬ ਮੁਖਰਜੀ ਨਾਲ




ਦਿੱਲੀ ਪ੍ਰਾਈਵੇਟ ਸਕੂਲ ਵਿਚ ਭਾਰਤ ਦੇ ਕੌਂਸਲ ਜਨਰਲ ਵਿਪੁਲ ਨੂੰ
ਗਿਨੀਜ਼ ਸਰਟੀਫ਼ਿਕੇਟ ਦੀ ਕਾਪੀ ਭੇਟ ਕਰਦਿਆਂ




2017 ਵਿੱਚ 101 ਕੌਮਾਂ ਦੇ ਨੁਮਾਇੰਦਿਆਂ ਗੁਰਦਵਾਰਾ ਗੁਰੂ ਨਾਨਕ ਦਰਬਾਰ ਦੁਬਈ ਵਿੱਚ ਨਾਸ਼ਤਾ ਕੀਤਾ।
ਇਹ ਘਟਨਾ ਗਿਨੀਜ਼ ਵਰਲਡ ਰਿਕਾਰਡ ਬਣ ਗਈ ਹੈ।




ਦਿੱਲੀ ਪ੍ਰਾਈਵੇਟ ਸਕੂਲ ਦੁਬਈ ਵਿੱਚ 2000 ਤੋਂ ਵੱਧ ਬੂਟੇ ਵੰਡ ਕੇ ਗਿਨੀਜ਼ ਵਰਲਡ ਰੀਕਾਰਡ ਬੁੱਕ ਵਿੱਚ ਇਕ ਹੋਰ ਐਂਟਰੀ



ਸੁਰਿੰਦਰ ਸਿੰਘ ਕੰਧਾਰੀ ਵਿਜੇਵਾੜਾ ਵਿੱਚ ਜੰਮਿਆ ਪਲਿਆ, ਹੈਦਰਾਬਾਦ ਅਤੇ ਮਦਰਾਸ ਵਿੱਚ ਪੜ੍ਹਿਆ ਅਤੇ ਦੁਬਈ ਵਿੱਚ 'ਅਲ ਦੋਬੋਈ' ਕੰਪਨੀ ਦਾ ਮਾਲਕ ਹੈ। ਉਹ 1976 ਵਿੱਚ ਦੁਬਈ ਟਾਇਰਾਂ ਦੇ ਕਾਰੋਬਾਰ ਲਈ ਗਿਆ ਸੀ। ਅੱਜ ਕੱਲ੍ਹ ਉਸ ਦੀ ਕੰਪਨੀ ਵਿੱਚ 2000 ਮੁਲਾਜ਼ਮ ਕੰਮ ਕਰਦੇ ਹਨ ਅਤੇ ਦਸ ਦੇਸ਼ਾਂ ਵਿੱਚ ਬਰਾਂਚਾਂ ਕਾਇਮ ਹਨ। ਸੁਰਿੰਦਰ ਦੀ ਆਤਮ ਕਥਾ ਉਸ ਦੇ ਕਾਰੋਬਾਰ ਅਤੇ ਜੀਵਨ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਪੇਸ਼ ਕਰਦੀ ਹੈ। ਉਸ ਦੇ ਦਾਦਾ ਜੀ ਦਾ ਹੁਕਮ ਸੀ ਕਿ ਵੱਡਾ ਹੋ ਕੇ ਸੁਰਿੰਦਰ ਇਕ ਸ਼ਾਨਦਾਰ ਗੁਰਦਵਾਰਾ ਕਾਇਮ ਕਰੇ। ਜਨਵਰੀ 2012 ਵਿੱਚ 'ਗੁਰੂ ਨਾਨਕ ਦਰਬਾਰ' ਗੁਰਦਵਾਰਾ ਦੁਬਈ ਵਿੱਚ ਸਥਾਪਿਤ ਕਰ ਕੇ ਸੁਰਿੰਦਰ ਨੇ ਆਪਣੇ ਦਾਦਾ ਜੀ ਦਾ ਸੁਪਨਾ ਸਾਕਾਰ

ਪ੍ਰੋ: ਹਰਦੇਵ ਸਿੰਘ ਵਿਰਕ ਪੇਸ਼ੇ ਵਲੋਂ ਇਕ ਭੌਤਿਕ ਵਿਗਿਆਨੀ ਹੈ। ਉਸ ਨੂੰ ਸਿੱਖ ਧਰਮ ਦੇ ਅਧਿਐਨ ਵਿੱਚ ਡੂੰਘੀ ਦਿਲਚਸਪੀ ਹੈ। ਆਪਣੀ ਖੋਜ ਦੇ ਸਬੰਧ ਵਿੱਚ ਉਸ ਨੇ 50 ਦੇਸ਼ਾਂ ਦੀ ਯਾਤਰਾ ਕੀਤੀ ਹੈ। ਫ਼ਰਵਰੀ 2020 ਵਿੱਚ ਦੁਬਈ ਜਾਣ ਦਾ ਮੌਕਾ ਬਣ ਗਿਆ ਅਤੇ ਗੁਰੂ ਨਾਨਕ ਦਰਬਾਰ ਗੁਰਦਵਾਰੇ ਦੇ ਖੁੱਲ੍ਹੇ ਦਰਸ਼ਨ- ਦੀਦਾਰ ਕੀਤੇ। ਸੁਰਿੰਦਰ ਅਤੇ ਉਸ ਦੀ ਪਤਨੀ ਬੱਬਲਜ਼ ਨਾਲ ਮੁਲਾਕਾਤ ਹੋਈ ਅਤੇ ਇਸ ਦੇ ਸਿੱਟੇ ਵਜੋਂ 'ਮੇਰੇ ਸੁਪਨਿਆਂ ਦਾ ਗੁਰਦਵਾਰਾ' ਪੁਸਤਕ ਪੰਜਾਬੀ ਬੋਲੀ ਵਿੱਚ ਛਾਪਣ ਦੀ ਤਿਆਰੀ ਸ਼ੁਰੂ ਹੋਈ। ਇਸ ਦਾ ਅਨੁਵਾਦ ਮੂਲ ਪੁਸਤਕ ਦੀ ਭਾਵਨਾ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ।

